Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Travelopod Flights Lower Than Online
Discounted Flights To INDIA
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:
SALE: $350 OFF
For Special Sale Fares
Call Now: 1-800-674-3868
5* Ratings & 24x7 Service
EXTRA $50 OFF with Promo Code: FLY50
HURRY! Book Now & Save Big on Your Flights to India!

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 24; June 14, 2025
20451 N. Plum Grove Rd., Palatine, IL 60074
Ph:847-359-0746, Fax:847-705-9388

# ਫ਼ੌਜ ਮੁਖੀ ਨੂੰ ਸਾਕਾ ਨੀਲਾ ਤਾਰਾ ਨਾ ਕਰਨ ਦੀ ਦਿੱਤੀ ਗਈ ਸੀ ਸਲਾਹ

## ਤਤਕਾਲੀ ਏ.ਡੀ.ਜੀ.ਐੱਮ.ਓ. ਵਲੋਂ ਅਹਿਮ ਖ਼ੁਲਾਸਾ

**ਨਵੀਂ ਦਿੱਲੀ:** ਸਾਬਕਾ ਫ਼ੌਜ ਮੁਖੀ ਜਨਰਲ ਵੀ.ਐਨ. ਸ਼ਰਮਾ (ਸੇਵਾਮੁਕਤ) ਨੇ ਇਕ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ ਕਿ ਡੀ. ਜੀ. ਐਮ. ਓ. ਨੇ ਤਤਕਾਲੀ ਫ਼ੌਜ ਮੁਖੀ ਜਨਰਲ ਏ.ਐਸ. ਵੈਦਿਆ ਨੂੰ ਸਲਾਹ ਦਿੱਤੀ ਸੀ ਕਿ ਭਾਰਤੀ ਫ਼ੌਜ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਹਰਿਮੰਦਰ ਸਾਹਿਬ ਤੋਂ ਕੱਢਣ ਲਈ ਕਿਸੇ ਵੀ ਕਾਰਵਾਈ 'ਚ ਸ਼ਾਮਿਲ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਇਸ ਨੂੰ ਇਕ ਰਾਜਨੀਤਿਕ -ਚਾਲ ਕਰਾਰ ਦਿੱਤਾ ਸੀ। ਜਨਰਲ ਵੀ.ਐਨ. ਸ਼ਰਮਾ ਨੇ ਇਹ ਬਿਆਨ ਸਾਬਕਾ ਫ਼ੌਜ ਜੱਜ ਐਡਵੋਕੇਟ ਜਨਰਲ ਮੇਜਰ ਜਨਰਲ ਨੀਲੇਂਦਰ ਕੁਮਾਰ ਨੂੰ ਯੂਟਿਊਬ ਚੈਨਲ ਲੈਕਸ ਕੌਂਸਿਲੀਅਮ ਫਾਊਂਡੇਸ਼ਨ 'ਤੇ ਦਿੱਤੇ ਇਕ ਇੰਟਰਵਿਊ 'ਚ ਦਿੱਤਾ। ਇਹ ਇੰਟਰਵਿਊ ਸਾਕਾ ਨੀਲਾ ਤਾਰਾ ਦੀ 41ਵੀਂ ਵਰ੍ਹੇਗੰਢ ਤੋਂ ਇਕ ਦਿਨ ਪਹਿਲਾਂ 5 ਜੂਨ ਨੂੰ ਚੈਨਲ 'ਤੇ ਅਪਲੋਡ ਕੀਤਾ ਗਿਆ ਸੀ।

**ਐਮ.ਓ. ਡਾਇਰੈਕਟੋਰੇਟ ਨੇ ਜਨਰਲ ਵੈਦਿਆ ਨੂੰ ਕਿਹਾ ਸੀ ਕਿ ਤੁਸੀਂ ਇਕ ਸੰਵਿਧਾਨਕ ਅਥਾਰਟੀ ਹੋ। ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਸੰਵਿਧਾਨ ਦੀ ਉਲੰਘਣਾ ਨਾ ਹੋਵੇ। ਇਸ ਲਈ ਉਨ੍ਹਾਂ ਨੂੰ ਸੁਪਰੀਮ ਕੋਰਟ ਜਾਣ ਦੀ ਵੀ ਸਲਾਹ ਦਿੱਤੀ ਗਈ ਸੀ।**





95 ਸਾਲਾ ਜਨਰਲ ਵੀ.ਐਨ. ਸ਼ਰਮਾ, ਜਦੋਂ ਸਾਕਾ ਨੀਲਾ ਤਾਰਾ ਸ਼ੁਰੂ ਕੀਤਾ ਗਿਆ ਸੀ ਤਾਂ ਐਡੀਸ਼ਨਲ ਡਾਇਰੈਕਟਰ ਜਨਰਲ ਮਿਲਟਰੀ ਕਾਰਵਾਈਆਂ (ਏ. ਡੀ. ਜੀ. ਐਮ. ਓ.) ਵਜੋਂ ਸੇਵਾ ਨਿਭਾਅ ਰਹੇ ਸਨ। ਉਸ ਸਮੇਂ ਲੈਫ਼ਟੀਨੈਂਟ ਜਨਰਲ ਸੀ.ਐਨ. ਸੋਮਨਾ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ (ਡੀ.ਜੀ.ਐੱਮ. ਓ..) ਸਨ, ਜਦੋਂ ਕਿ ਮੇਜਰ ਜਨਰਲ (ਬਾਅਦ 'ਚ ਲੈਫ਼ਟੀਨੈਂਟ ਜਨਰਲ) ਵੀ.ਕੇ. ਨਾਇਰ ਡਾਇਰੈਕਟੋਰੇਟ 'ਚ ਦੂਜੇ ਏ.ਡੀ.ਜੀ.ਐਮ.ਓ. ਸਨ। ਸੋਮੰਨਾ ਤੇ ਨਾਇਰ ਦੋਵਾਂ ਦੀ ਕਈ ਸਾਲ ਪਹਿਲਾਂ ਮੌਤ ਹੋ ਗਈ। ਜਨਰਲ ਵੀ.ਐਨ. ਸ਼ਰਮਾ ਨੇ ਇੰਟਰਵਿਊ 'ਚ ਕਿਹਾ ਸੀ ਕਿ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਚਾਹੁੰਦੀ ਸੀ ਕਿ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਾਰਵਾਈ ਕਰੇ ਕਿਉਂਕਿ ਪੰਜਾਬ ਪੁਲਿਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਨਰਲ ਵੀ.ਐਨ. ਸ਼ਰਮਾ ਯਾਦ ਕਰਦੇ ਹਨ ਕਿ ਅਰੁਣ ਵੈਦਿਆ ਨੂੰ ਪ੍ਰਧਾਨ ਮੰਤਰੀ ਦਫ਼ਤਰ ਬੁਲਾਇਆ ਗਿਆ ਤੇ ਕਿਹਾ ਗਿਆ ਕਿ ਸੰਤ ਭਿੰਡਰਾਂਵਾਲੇ ਨੂੰ ਹਟਾ ਦੇਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਬਹੁਤ ਪ੍ਰਸਿੱਧੀ ਹੋ ਰਹੀ ਸੀ। ਜਨਰਲ ਵੈਦਿਆ ਨੇ ਇਸ ਨੂੰ ਸਵੀਕਾਰ ਕਰ ਲਿਆ। ਇਸ ਤੋਂ ਬਾਅਦ ਐਮ.ਓ. ਡਾਇਰੈਕਟੋਰੇਟ ਨੇ ਜਨਰਲ ਵੈਦਿਆ ਨੂੰ ਕਿਹਾ ਸੀ ਕਿ ਤੁਸੀਂ ਇਕ ਸੰਵਿਧਾਨਕ ਅਥਾਰਟੀ ਹੋ। ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਸੰਵਿਧਾਨ ਦੀ ਉਲੰਘਣਾ ਨਾ ਹੋਵੇ। ਇਸ ਲਈ ਉਨ੍ਹਾਂ ਨੂੰ ਸੁਪਰੀਮ ਕੋਰਟ ਜਾਣ ਦੀ ਵੀ ਸਲਾਹ ਦਿੱਤੀ ਗਈ ਸੀ। ਜਨਰਲ ਵੈਦਿਆ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕੋਲ ਵਾਪਸ ਗਏ ਤੇ ਉਨ੍ਹਾਂ ਨੂੰ ਐਮ.ਓ. ਡਾਇਰੈਕਟੋਰੇਟ ਦਾ ਵਿਚਾਰ ਦੱਸਿਆ, ਜਿਸ ਮਗਰੋਂ ਤਤਕਾਲੀ ਪ੍ਰਧਾਨ ਮੰਤਰੀ ਨੇ ਪੱਛਮੀ ਫ਼ੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਕੇ. ਸੁੰਦਰਜੀ ਨਾਲ ਸੰਪਰਕ ਕੀਤਾ। ਜਦੋਂ ਐਮ.ਓ. ਡਾਇਰੈਕਟੋਰੇਟ ਨੇ ਜਨਰਲ ਸੁੰਦਰਜੀ ਨੂੰ ਇਸ ਮੁੱਦੇ 'ਤੇ ਚਰਚਾ ਲਈ ਸੱਦਿਆ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਤੁਹਾਡੇ 'ਚ ਕੋਈ ਦਿਲਚਸਪੀ ਨਹੀਂ, ਮੈਨੂੰ ਮੇਰੇ ਹੁਕਮ ਮਿਲ ਗਏ ਹਨ ਤੇ ਮੈਂ ਇਹ ਕਰਨ ਜਾ ਰਿਹਾ ਹਾਂ। ਜਨਰਲ ਵੀ.ਐਨ. ਸ਼ਰਮਾ ਨੇ ਦੱਸਿਆ ਕਿ ਜਨਰਲ ਸੁੰਦਰਜੀ ਵਲੋਂ ਮੇਜਰ ਜਨਰਲ ਕੇ.ਐਸ. ਬਰਾੜ ਦੀ ਕਮਾਨ ਹੇਠ 9 ਡਵੀਜ਼ਨ ਦੀ ਚੋਣ ਇਸੇ ਲਈ ਕੀਤੀ ਸੀ, ਕਿਉਂਕਿ ਉਹ ਚਾਹੁੰਦੇ ਸਨ ਕਿ ਸਿੱਖ ਸਾਕਾ ਨੀਲਾ ਤਾਰਾ ਕਰਵਾਉਣ ਤੇ ਜ਼ਮੀਨੀ ਪੱਧਰ 'ਤੇ ਅਸਲ ਕਾਰਵਾਈ 'ਚ ਹਿੱਸਾ ਲੈਣ।

# ਸਿੰਧੂ ਜਲ ਸਮਝੌਤੇ ਬਾਰੇ ਵਾਰਤਾ ਅਤਿਵਾਦ ਸੰਬੰਧੀ ਚਿੰਤਾਵਾਂ ਦੇ ਹੱਲ ਤੋਂ ਬਾਅਦ

**ਨਵੀਂ ਦਿੱਲੀ:** ਸੂਤਰਾਂ ਨੇ ਦੱਸਿਆ ਹੈ ਕਿ ਭਾਰਤ ਸਿੰਧੂ ਜਲ ਸਮਝੌਤੇ (ਆਈ. ਡਬਲਯੂ. ਟੀ.) 'ਤੇ ਪਾਕਿਸਤਾਨ ਨਾਲ ਉਦੋਂ ਤੱਕ ਗੱਲਬਾਤ ਨਹੀਂ ਕਰੇਗਾ ਜਦੋਂ ਤੱਕ ਨਵੀਂ ਦਿੱਲੀ ਦੀਆਂ ਅੱਤਵਾਦ ਸੰਬੰਧੀ ਚਿੰਤਾਵਾਂ ਦਾ ਹੱਲ ਨਹੀਂ ਹੁੰਦਾ ਤੇ ਸਮਝੌਤਾ ਪੂਰੀ ਤਰ੍ਹਾਂ ਨਹੀਂ ਹੋ ਜਾਂਦਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਜਲ ਸਰੋਤ ਸਕੱਤਰ ਸਈਦ ਅਲੀ



ਮੂਰਤਜ਼ਾ ਨੇ ਕਈ ਵਾਰ ਸੰਪਰਕ ਕੀਤਾ ਹੈ ਤੇ ਭਾਰਤ ਨੂੰ ਸਿੰਧੂ ਜਲ ਸਮਝੌਤੇ (ਆਈ.ਡਬਲਯੂ.ਟੀ.) ਨੂੰ ਰੱਦ ਕਰਨ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

ਆਪਣੇ ਭਾਰਤੀ ਹਮਰੁਤਬਾ ਦੇਬਾਸ਼ੀ ਮੁਖਰਜੀ ਨੂੰ ਕਈ ਪੱਤਰਾਂ 'ਚ ਮੁਰਤਜ਼ਾ ਨੇ ਨਵੀਂ ਦਿੱਲੀ ਦੁਆਰਾ. ਉਠਾਏ ਗਏ ਖਾਸ ਇਤਰਾਜ਼ਾਂ 'ਤੇ ਚਰਚਾ ਕਰਨ ਲਈ ਆਪਣੀ ਸਰਕਾਰ ਦੀ ਤਿਆਰੀ ਵਾਰ-ਵਾਰ ਪ੍ਰਗਟ ਕੀਤੀ ਹੈ। ਸੂਤਰਾਂ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੇ ਕਿਸੇ ਵੀ ਪੱਤਰ ਦਾ ਜਵਾਬ ਨਹੀਂ ਦਿੱਤਾ ਹੈ। ਤੇ ਜਦੋਂ ਤੱਕ ਨਵੀਂ ਦਿੱਲੀ ਦੀਆਂ ਅੱਤਵਾਦ ਸੰਬੰਧੀ ਚਿੰਤਾਵਾਂ ਦਾ ਹੱਲ ਨਹੀਂ ਹੁੰਦਾ ਤੇ ਸਮਝੌਤਾ ਪੂਰੀ ਤਰ੍ਹਾਂ ਨਹੀਂ ਹੋ ਜਾਂਦਾ, ਉਦੋਂ ਤੱਕ ਗੁਆਂਢੀ ਦੇਸ਼ ਨਾਲ ਕਿਸੇ ਵੀ ਤਰ੍ਹਾਂ ਗੱਲਬਾਤ ਨਹੀਂ ਕਰੇਗਾ।

GOLDEN STATE REALITY
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਸਿੱਖ ਸੰਗਤਾਂ ਦਾ ਜਥਾ ਪਾਕਿਸਤਾਨ ਭੇਜਣ ਲਈ ਯਤਨ ਅਰੰਭੇ ਜਾਣ: ਗਾਖਲ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪੰਜ ਤਖਤਾਂ ਦੇ ਜਥੇਦਾਰ ਸਾਹਿਬਾਨ ਅਤੇ ਬਾਬਾ ਹਰਨਾਮ ਸਿੰਘ ਧੁੰਮਾਂ ਨੂੰ ਕੀਤੀ ਬੇਨਤੀ

ਵਾਟਸਨਵਿੱਲ (ਬਿਊਰੋ): ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਪ੍ਰੈੱਸ ਬਿਆਨ



ਜਾਰੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪੰਜ ਤਖਤਾਂ ਦੇ ਜਥੇਦਾਰ ਸਾਹਿਬਾਨ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾਂ ਸਮੇਤ ਸਭਨਾਂ ਨੂੰ ਬੇਨਤੀ ਕੀਤੀ ਹੈ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ 16 ਜੂਨ, 2025 ਨੂੰ ਲਾਹੌਰ (ਪਾਕਿਸਤਾਨ) ਵਿਖੇ ਮਨਾਏ ਜਾ ਰਹੇ ਸ਼ਹੀਦੀ ਪੁਰਬ 'ਤੇ ਸੰਗਤਾਂ ਦਾ ਜਥਾ ਪਾਕਿਸਤਾਨ ਭੇਜਣ ਦੇ ਯਤਨ ਜ਼ਰੂਰ ਅਰੰਭੇ ਜਾਣ। ਉਨ੍ਹਾਂ ਇਹ ਵੀ ਬੇਨਤੀ ਕੀਤੀ ਕਿ ਉਹ ਆਪ ਵੀ ਲਾਹੌਰ ਵਿਖੇ ਹੋ ਰਹੇ ਸਮਾਗਮਾਂ 'ਚ ਹਾਜ਼ਰੀ ਲਗਵਾਉਣ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਮਨੁੱਖਤਾ ਨੂੰ ਬਚਾਉਣ ਲਈ ਲਾਸਾਨੀ ਕੁਰਬਾਨੀ ਦਿੱਤੀ ਸੀ ਨਾ ਕਿ ਕਿਸੇ ਖਾਸ ਧਰਮ ਲਈ, ਸੋ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਜਿਸ ਜਗ੍ਹਾ ਉਨ੍ਹਾਂ ਸ਼ਹਾਦਤ ਦਿੱਤੀ ਸੀ ਉਸ ਜਗ੍ਹਾ 'ਤੇ ਜਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ।

# ਰਵਨੀਤ ਸਿੱਧੂ ਨੇ ਕੈਨੇਡਾ ਵਿਚ ਰਚਿਆ ਇਤਿਹਾਸ

**ਟੋਰਾਂਟੋ:** ਮੋਗਾ ਜ਼ਿਲ੍ਹੇ ਦੇ ਪਿੰਡ ਮਾਛੀਕੇ ਨਾਲ ਸਬੰਧਤ, ਟੋਰਾਂਟੋ (ਕੈਨੇਡਾ) ਵਿਚ ਵਸਦੀ ਸ. ਤਰਸੇਮ ਸਿੰਘ ਸਿੱਧੂ ਦੀ ਧੀ ਡਾ. ਰਵਨੀਤ ਕੌਰ ਸਿੱਧੂ ਨੇ ਵਿਗਿਆਨਕ ਖੋਜ ਦੇ ਖੇਤਰ ਵਿਚ ਆਪਣੇ ਮਾਪਿਆਂ ਅਤੇ ਭਾਰਤੀ ਸਮਾਜ ਦਾ ਸਿਰ ਉੱਚਾ ਕਰ ਦਿੱਤਾ ਹੈ। Yersinia pestis (ਪਲੇਗ) ਬੈਕਟੀਰੀਆ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਘਾਤਕਤਾ ਪਿੱਛੇ ਲੁਕੇ ਜੀਨ-ਵਿਕਾਸ ਦੀ ਗੁੱਥੀ ਨੂੰ ਸੁਲਝਾਉਣ ਵਾਲੀ ਟੀਮ ਵਿਚ ਉਹ ਸਾਂਝੀ ਲੇਖਕ ਵਜੋਂ ਸ਼ਾਮਲ ਹੈ। ਅਧਿਐਨ ਦੌਰਾਨ, ਰਵਨੀਤ ਸਿੱਧੂ ਨੇ ਡੈੱਨਮਾਰਕ ਤੋਂ ਮਿਲੇ ਪੁਰਾਤਨ ਡੀ.ਐਨ.ਏ. ਸੈਂਪਲਜ਼ ਵਿਚ ਇਹ ਨੋਟ ਕੀਤਾ ਕਿ ਮਹਾਂਮਾਰੀ ਦੇ ਇੱਕ ਸੌ ਸਾਲ ਬਾਅਦ, Y. pestis ਦੇ ਜਨੋਮ ਵਿਚੋਂ pla ਨਾਂ ਦਾ ਇੱਕ ਜੀਨ ਅਚਾਨਕ ਗਾਇਬ ਹੋ ਗਿਆ।



ਇਹ ਖੋਜ ਲੰਬੇ ਅਧਿਐਨ ਦੀ ਸ਼ੁਰੂਆਤ ਸੀ। ਉਨ੍ਹਾਂ ਨੇ ਹਜ਼ਾਰਾਂ ਸਾਲ ਪੁਰਾਣੀ ਡੀ.ਐਨ.ਏ. ਦੀ ਕੜੀ-ਕੜੀ ਜੋੜ ਕੇ ਸਮਝਣ ਦੀ ਕੋਸ਼ਿਸ਼ ਕੀਤੀ ਕਿ ਇਹ ਜੀਨ ਕਿਵੇਂ ਅਤੇ ਕਿਉਂ ਗਾਇਬ ਹੋਇਆ। ਇਹ ਖੋਜ ਜਰਨਲ 'Science' ਵਰਗੇ ਅੰਤਰਰਾਸ਼ਟਰੀ ਪੱਧਰ ਦੇ ਵਿਗਿਆਨਕ ਜਰਨਲ ਵਿਚ ਪ੍ਰਕਾਸ਼ਿਤ ਹੋਈ ਅਤੇ ਦੁਨੀਆ ਭਰ ਦੇ ਅਖ਼ਬਾਰਾਂ ਨੇ ਇਸ ਨੂੰ ਆਪਣੇ ਪੰਨਿਆਂ 'ਤੇ ਥਾਂ ਦਿੱਤੀ। ਜਦੋਂ ਆਮ ਘਰਾਂ ਦੇ ਬੱਚੇ ਵਿਗਿਆਨ ਅਤੇ ਗਲੋਬਲ ਰਿਸਰਚ ਦੀਆਂ ਨਵੀਆਂ ਉਚਾਈਆਂ ਨੂੰ ਛੂਹੰਦੇ ਹਨ, ਤਾਂ ਉਹ ਸਿਰਫ ਆਪਣੇ ਪਰਿਵਾਰ ਨਹੀਂ, ਸਾਰੀ ਕੌਮ ਲਈ ਮਾਣ ਬਣਦੇ ਹਨ। ਇਸ ਸ਼ਾਨਦਾਰ ਪ੍ਰਾਪਤੀ ਲਈ ਸਿੱਧੂ ਪਰਿਵਾਰ ਨੂੰ ਪੂਰੇ ਪੰਜਾਬੀ ਭਾਈਚਾਰੇ ਵੱਲ ਮੁਬਾਰਕਾਂ ਅਤੇ ਹੋਰ ਵਧੇਰੇ ਸਫਲਤਾਵਾਂ ਲਈ ਸ਼ੁਭਕਾਮਨਾਵਾਂ ਮਿਲ ਰਹੀਆਂ ਹਨ। ***– ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***


**ਘਰ ਵਿਚ ਕੰਮ ਕਰਨ ਲਈ ਲੇਡੀ ਹੈਲਪਰ ਦੀ ਲੋੜ**

ਓਕਲੈਂਡ (ਕੈਲੀਫੋਰਨੀਆ) ਵਿਚ ਬਜ਼ੁਰਗਾਂ ਦੀ ਦੇਖਭਾਲ ਅਤੇ ਘਰ ਦੇ ਕੰਮ (ਕਿਚਨ, ਲੌਂਡਰੀ) ਕਰਨ ਲਈ ਲੇਡੀ ਹੈਪਲਰ ਦੀ ਲੋੜ ਹੈ।


*ਰਹਿਣ ਲਈ ਅਲੱਗ ਕਮਰੇ ਅਤੇ ਬਾਥਰੂਮ ਦਾ ਪ੍ਰਬੰਧ ਹੋਵੇਗਾ।
*ਤਨਖਾਹ ਤਜਰਬੇ ਦੇ ਆਧਾਰ 'ਤੇ

ਚਾਹਵਾਨ ਸੰਪਰਕ ਕਰਨ:
650-773-4087 (ਵ੍ਹਟਸਐਪ ਕਾਲ ਨੂੰ ਪਹਿਲ)
ਜਾਂ ਈ-ਮੇਲ ਕਰੋ: *suhailr@gmail.com*



**Homeopathicvibes**

**Harminder Singh Gill**
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
**Ph: (408) 737-7100**
www.homeopathicvibes.com
*We sell and ship homeopathic remedies through out North America.*



**ਵਿਸਕਾਨਸਿਨ ਵਿਚ ਗੈਸ ਸਟੇਸ਼ਨ ਤੇ ਲਿਕਰ ਸਟੋਰ ਵਿਕਾਊ**

**Gas Station with Convenience and Liquor Store is on Sale**

Branded Corner Gas Station with Convenience and Liquor Store with Real Estate Included in Janesville Wisconsin Priced to sell.
*Average Monthly C-store/Liquor Sales: $75000-85000
*Price is Negotiable - $1M, 25K + Inventory
Kindly contact by email or phone at
thinkbigworksmallbusinessgroup@gmail.com
or Whatsapp at 402-500-0005



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**



ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997




Personal Injury and Wrongful Death Attorneys

Case Results*

$10 MILLION Motorcycle vs. Truck Collision


$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366. 19-22

US citizen Nai girl 27, 5'6" is looking for a suitable match. She has done DMD (Doctor of Dental medicine) and never married. Seeking an educated and well settled boy in the USA. Preference to same caste. Please contact at: 937-776-6474 17-20

Jatt Sikh family seeking a suitable match for their USA citizen girl 30, 5'5''. Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Seeking Amritdhari (dastar wearing/ready to wear) and educated girl for issueless, innocent divorce Gursikh boy, well settled in the US. 1987 born, 5' -11" tall, MS degree holder, works as Engineering Manager. Green card petition approved in 2016. Homeowner in San Francisco, Bay Area, California since 2021. Please contact us at +1-510-399-4085 or +91-98993-79442 (whatsapp) or cjsingh55@gmail.com 24-27

Thind family looking for a suitable match for their US Born 27, 5'4" Son. He is a software engineer & lives in Chicago. He is vegetarian, does not smoke, no drinking. Looking for a vegetarian, family type girl with height 5 or 5'2" inches. Please contact us at: +1-630-201-5714 23-26

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com 23-26

Verma family seeks a compatible match for their 34 years (1991 born), 5'11" son , U.S citizen. Cast no bar. Serious enquiries only. Please Contact us at +1224-595-9926 or Email: inderjeetverma08@gmail.com 20-23

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178 19-26

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
To Advertise In Punjab Times
Call: 847-359-0746

# ਜਾਸੂਸੀ ਦੇ ਦੋਸ਼ 'ਚ ਗ੍ਰਿਫ਼ਤਾਰ ਯੂ-ਟਿਊਬਰ ਜਸਬੀਰ ਸਿੰਘ ਦੇ ਹੈਰਾਨੀਜਨਕ ਖੁਲਾਸੇ

**ਮੋਹਾਲੀ:** ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤੇ ਗਏ ਯੂ-ਟਿਊਬਰ ਜਸਬੀਰ ਸਿੰਘ ਤੋਂ ਪੁੱਛਗਿੱਛ ਦੌਰਾਨ ਕਈ ਹੈਰਾਨੀਜਨਕ ਖੁਲਾਸੇ ਸਾਹਮਣੇ ਆਏ ਹਨ। ਜਸਬੀਰ ਸਿੰਘ ਫਿਲਹਾਲ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੀ ਪੁਲਿਸ ਰਿਮਾਂਡ 'ਤੇ ਹੈ।



ਜਸਬੀਰ ਦੀ ਜਿਸ ਮਹਿਲਾ ਮਿੱਤਰ ਦਾ ਨਾਂ ਸਾਹਮਣੇ ਆਇਆ ਸੀ, ਉਸ ਨੂੰ ਵੀ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਪੁੱਛਗਿੱਛ ਲਈ ਬੁਲਾਇਆ ਤੇ ਕਈ ਘੰਟਿਆਂ ਤਕ ਉਸ ਤੋਂ ਪੁੱਛਗਿੱਛ ਕੀਤੀ ਗਈ।

ਸੂਤਰਾਂ ਅਨੁਸਾਰ, ਜਲੰਧਰ ਦੀ ਰਹਿਣ ਵਾਲੀ 32 ਸਾਲ ਦੀ ਇਸ ਮਹਿਲਾ ਮਿੱਤਰ ਨੇ ਦੱਸਿਆ ਕਿ ਜਸਬੀਰ ਸਿੰਘ ਉਸ ਨੂੰ ਦਿੱਲੀ ਤਿੰਨ-ਚਾਰ ਵਾਰ ਲੈ ਕੇ ਗਿਆ ਸੀ ਅਤੇ ਉੱਥੇ ਕਈ ਲੋਕਾਂ ਨਾਲ ਮਿਲਵਾਇਆ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਇਹ ਮਹਿਲਾ ਮਿੱਤਰ ਪਾਕਿਸਤਾਨ-ਡੇਅ ਦੇ ਪ੍ਰੋਗਰਾਮ 'ਚ ਵੀ ਜਸਬੀਰ ਨਾਲ ਸ਼ਾਮਲ ਹੋਈ ਸੀ। ਸੂਤਰਾਂ ਨੇ ਦੱਸਿਆ ਕਿ ਇਸ ਪ੍ਰੋਗਰਾਮ 'ਚ ਸਿਰਫ਼ ਡਿਜੀਟਲ ਸੱਦਾ ਪੱਤਰ ਵਾਲਿਆਂ ਨੂੰ ਹੀ ਅੰਦਰ ਆਉਣ ਦੀ ਇਜਾਜ਼ਤ ਸੀ ਪਰ ਦਾਨਿਸ਼ ਨਾਲ ਨੇੜਤਾ ਕਾਰਨ ਜਸਬੀਰ ਨੂੰ ਦਾਖਲੇ ਦੀ ਇਜਾਜ਼ਤ ਮਿਲ ਗਈ ਸੀ, ਜਿਸ ਕਾਰਨ ਉਹ ਆਪਣੀ ਮਹਿਲਾ ਮਿੱਤਰ ਨੂੰ ਵੀ ਪ੍ਰੋਗਰਾਮ 'ਚ ਨਾਲ ਲੈ ਗਿਆ ਸੀ।

### ਡਾਊਨਲੋਡ ਕੀਤੀਆਂ ਸੀ ਕਈ ਐਪਲੀਕੇਸ਼ਨਾਂ

ਯੂ-ਟਿਊਬਰ ਦੇ ਲੈਪਟਾਪ ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਆਈ.ਐੱਸ.ਆਈ. ਏਜੰਟ ਨੇ ਤਿੰਨ ਤੋਂ ਚਾਰ ਐਪਲੀਕੇਸ਼ਨਾਂ ਡਾਊਨਲੋਡ ਕੀਤੀਆਂ ਸਨ। ਜਯੋਤੀ ਮਲਹੋਤਰਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਯੂ-ਟਿਊਬਰ ਨੇ ਆਪਣੇ ਲੈਪਟਾਪ ਦੀਆਂ ਕਈ ਐਪਲੀਕੇਸ਼ਨਾਂ ਡਿਲੀਟ ਕਰ ਦਿੱਤੀਆਂ ਸਨ। ਫੋਰੈਂਸਿਕ ਟੀਮ ਉਨ੍ਹਾਂ ਐਪਲੀਕੇਸ਼ਨਾਂ ਦਾ ਡਾਟਾ ਰਿਕਵਰ ਕਰਨ 'ਚ ਜੁਟੀ ਹੋਈ ਹੈ ਤੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੂੰ ਉਮੀਦ ਹੈ ਕਿ ਡਾਟਾ ਰਿਕਵਰ ਹੋਣ ਨਾਲ ਕਈ ਵੱਡੇ ਖੁਲਾਸੇ ਹੋ ਸਕਦੇ ਹਨ।

## ਮਹਿਲਾ ਮਿੱਤਰ ਨਾਲ ਲੰਮੇ ਸਮੇਂ ਤੋਂ ਜੁੜਿਆ ਸੀ ਜਸਬੀਰ

ਪੁਲਿਸ ਨੇ ਮਹਿਲਾ ਮਿੱਤਰ ਦੇ ਫੋਨ ਤੇ ਸੋਸ਼ਲ ਮੀਡੀਆ ਅਕਾਊਂਟਸ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ 'ਚ ਹੁਣ ਤਕ ਸਾਹਮਣੇ ਆਇਆ ਹੈ ਕਿ ਯੂ-ਟਿਊਬਰ ਜਸਬੀਰ ਪਿਛਲੇ ਕਾਫੀ ਸਮੇਂ ਤੋਂ ਇਸ ਮਹਿਲਾ ਮਿੱਤਰ ਦੀ ਵਿੱਤੀ ਮਦਦ ਵੀ ਕਰ ਰਿਹਾ ਸੀ। ਇਹ ਫੰਡਿੰਗ ਕਿਉਂ ਤੇ ਕਿਸ ਦੇ ਕਹਿਣ 'ਤੇ ਕੀਤੀ ਜਾ ਰਹੀ ਸੀ, ਇਸ ਬਾਰੇ ਵੀ ਮਹਿਲਾ ਮਿੱਤਰ ਦੇ ਬੈਂਕ ਅਕਾਊਂਟਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਆਈ.ਐੱਸ.ਆਈ. ਤੇ ਫ਼ੌਜੀ ਅਧਿਕਾਰੀਆਂ ਨਾਲ ਸੰਪਰਕ

ਜਸਬੀਰ ਦੇ ਫੋਨ ਤੋਂ ਮਿਲੇ 150 ਪਾਕਿਸਤਾਨੀ ਸੰਪਰਕ ਨੰਬਰਾਂ 'ਚੋਂ ਜ਼ਿਆਦਾਤਰ ਆਈ.ਐੱਸ.ਆਈ. ਅਤੇ ਪਾਕਿਸਤਾਨੀ ਫ਼ੌਜ ਦੇ ਅਧਿਕਾਰੀਆਂ ਦੇ ਹਨ, ਜਿਨ੍ਹਾਂ ਨਾਲ ਜਸਬੀਰ ਸਿੰਘ ਗੱਲਬਾਤ ਕਰਦਾ ਸੀ। ਪੁੱਛਗਿੱਛ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਪਾਕਿਸਤਾਨ ਦੇ ਲੋਕ ਉਸ ਨੂੰ ਜ਼ਿਆਦਾਤਰ ਪਾਕਿਸਤਾਨ ਦੀਆਂ ਚੰਗੀਆਂ ਵੀਡੀਓਜ਼ ਪਾਉਣ ਤੇ ਉਨ੍ਹਾਂ ਦੀ ਵੱਧ ਤੋਂ ਵੱਧ ਪ੍ਰੋਮੋਸ਼ਨ ਕਰਨ ਲਈ ਕਹਿੰਦੇ ਸਨ। ਖ਼ਾਸ ਗੱਲ ਇਹ ਹੈ ਕਿ ਉਸ ਨੂੰ ਯੂਥ ਨੂੰ ਵੱਧ ਤੋਂ ਵੱਧ ਆਪਣੇ ਨਾਲ ਸ਼ਾਮਲ ਕਰਨ ਲਈ ਵੀ ਕਿਹਾ ਗਿਆ ਸੀ। ਜਾਂਚ 'ਚ ਇਹ ਵੀ ਖੁਲਾਸਾ ਹੋਇਆ ਹੈ ਕਿ ਪਾਕਿਸਤਾਨ ਦਾ ਮੁੱਖ ਧਿਆਨ ਭਾਰਤ ਦੇ ਨੌਜਵਾਨਾਂ 'ਤੇ ਹੈ। ਸੂਤਰਾਂ ਅਨੁਸਾਰ, ਜਾਂਚ 'ਚ ਸਾਹਮਣੇ ਆਇਆ ਹੈ ਕਿ ਦਾਨਿਸ਼ ਖ਼ਾਸ ਤੌਰ 'ਤੇ ਲੜਕੀਆਂ ਨੂੰ ਆਪਣੇ ਨਾਲ ਜ਼ਿਆਦਾ ਸ਼ਾਮਲ ਕਰਨ ਦੀ ਇੱਛਾ ਰੱਖਦਾ ਸੀ।

# ਮੱਧ ਪ੍ਰਦੇਸ਼ ਦੇ ਹਸਪਤਾਲ 'ਚ ਕੁੱਤੇ ਦੇ ਮੂੰਹ 'ਚੋਂ ਛੁਡਵਾਈ ਨਵਜੰਮੇ ਬੱਚੇ ਦੀ ਲਾਸ਼

**ਮਹੂ (ਮੱਧ ਪ੍ਰਦੇਸ਼):** ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲ੍ਹੇ ਦੇ ਇਕ ਸਰਕਾਰੀ ਹਸਪਤਾਲ ਦੇ ਟਾਇਲਟ ਨੇੜੇ ਇਕ ਅਵਾਰਾ ਕੁੱਤਾ ਇਕ ਮਰੇ ਹੋਏ ਨਵਜੰਮੇ ਬੱਚੇ ਨੂੰ ਆਪਣੇ ਜਬਾੜਿਆਂ 'ਚ ਚੁੱਕ ਕੇ ਲੈ ਜਾਂਦਾ ਹੋਇਆ ਦੇਖਿਆ ਗਿਆ। ਜਿਸ ਤੋਂ ਬਾਅਦ ਇਕ ਸੁਰੱਖਿਆ ਗਾਰਡ ਨੇ ਬੱਚੀ ਨੂੰ ਕੁੱਤੇ ਦੇ ਮੂੰਹ ਚੋਂ ਛੁਡਵਾਇਆ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਲ੍ਹਾ ਹੈਡਕੁਆਰਟਰ ਤੋਂ 25 ਕਿਲੋਮੀਟਰ ਦੂਰ ਸਥਿਤ ਮਹੂ ਦੇ ਸਿਵਲ ਹਸਪਤਾਲ 'ਚ ਇਹ ਘਟਨਾ ਵਾਪਰੀ। ਸੀ.ਸੀ.ਟੀ.ਵੀ. ਫੁਟੇਜ ਦੇ ਅਨੁਸਾਰ ਇਹ ਘਟਨਾ 1.30 ਵਜੇ ਤੋਂ 2 ਵਜੇ ਦੇ ਵਿਚਕਾਰ ਵਾਪਰੀ। ਇਸ ਸਮੇਂ ਦੌਰਾਨ ਇਕ ਛੋਟੀ ਲੜਕੀ ਨੂੰ ਟਾਇਲਟ 'ਚ ਜਾਂਦੇ ਦੇਖਿਆ ਗਿਆ। ਜਾਂਚ ਤੋਂ ਪਤਾ ਲੱਗਾ ਕਿ 17 ਸਾਲਾ ਕੁੜੀ ਇੱਥੇ ਪੇਟ ਦਰਦ ਦੀ ਸ਼ਿਕਾਇਤ ਕਰਦੀ ਆਈ ਸੀ ਤੇ ਸ਼ੱਕ ਹੈ ਕਿ ਕੁੜੀ ਨੇ ਟਾਇਲਟ 'ਚ ਇਕ ਬੱਚੇ ਨੂੰ ਜਨਮ ਦਿੱਤਾ। ਜਿਸ ਮਗਰੋਂ ਉਹ ਇਕ ਅਣਪਛਾਤੇ ਆਦਮੀ ਨਾਲ ਹਸਪਤਾਲ ਤੋਂ ਭੱਜ ਗਈ।

# 144 ਨਸ਼ਾ ਤਸਕਰ 6.7 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ

**ਚੰਡੀਗੜ੍ਹ:** 'ਯੁੱਧ ਨਸ਼ੇ ਵਿਰੁੱਧ' ਦੇ 99ਵੇਂ ਦਿਨ ਪੰਜਾਬ ਪੁਲਿਸ ਨੇ ਐਤਵਾਰ ਨੂੰ 144 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਤੋਂ 67 ਕਿਲੋਗ੍ਰਾਮ ਹੈਰੋਇਨ ਅਤੇ 440 ਕਿਲੋਗ੍ਰਾਮ ਭੁੱਕੀ ਬਰਾਮਦ ਕੀਤੀ ਗਈ। 99 ਦਿਨਾਂ ਵਿਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 16,492 ਹੋ ਗਈ ਹੈ। ਇਹ ਕਾਰਵਾਈ ਰਾਜ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿਚ ਇਕੋ ਸਮੇਂ ਕੀਤੀ ਗਈ। ਵਿਸ਼ੇਸ਼ ਡੀਜੀਪੀ ਅਮਨ ਕਾਨੂੰਨ ਅਰਪਿਤ ਸ਼ੁਕਲਾ ਨੇ ਦੱਸਿਆ ਕਿ 88 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿਚ 479 ਸਥਾਨਾਂ 'ਤੇ ਛਾਪੇ ਮਾਰੇ, ਜਿਸ ਦੌਰਾਨ ਰਾਜ ਭਰ ਵਿਚ 107 ਐਫਆਈਆਰ ਦਰਜ ਕੀਤੀਆਂ ਗਈਆਂ। ਉਨ੍ਹਾਂ ਨੇ ਕਿਹਾ ਕਿ ਦਿਨ ਭਰ ਚੱਲੇ ਇਸ ਆਪਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 541 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ। ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਐਡਿਕਸ਼ਨ ਅਤੇ ਪ੍ਰੀਵੇਂਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਮੁਕਤੀ' ਦੇ ਹਿੱਸੇ ਵਜੋਂ ਅੱਜ 89 ਵਿਅਕਤੀਆਂ ਨੂੰ ਨਸ਼ਾ ਮੁਕਤੀ ਅਤੇ ਪੁਨਰਵਾਸ ਇਲਾਜ ਲਈ ਰਾਜ਼ੀ ਕੀਤਾ ਹੈ।




# ਪੁਲਿਸ ਵੱਲੋਂ ਪੱਤਰਕਾਰਾਂ ਨੂੰ ਪਰੇਸ਼ਾਨ ਕੀਤੇ ਜਾਣ ਦੀ ਜਮਹੂਰੀ ਅਧਿਕਾਰ ਸਭਾ ਵਲੋਂ ਨਿਖੇਧੀ

**ਬਠਿੰਡਾ:** ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਲੋਕ ਪੱਖੀ ਪੱਤਰਕਾਰਾਂ ਤੋਂ ਪੁਲਿਸ ਵੱਲੋਂ ਕੀਤੀ ਜਾ ਰਹੀ ਜਬਰੀ ਪੁੱਛਗਿੱਛ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਪ੍ਰੈਸ ਦੀ ਆਜ਼ਾਦੀ ਤੇ ਹਮਲਾ ਕਰਾਰ ਦਿੱਤਾ ਹੈ। ਇਸ ਸਬੰਧੀ ਬਿਆਨ ਜਾਰੀ ਕਰਦਿਆਂ ਪ੍ਰਿੰਸੀਪਲ ਬੱਗਾ ਸਿੰਘ ਜ਼ਿਲ੍ਹ ਪ੍ਰਧਾਨ, ਅਵਤਾਰ ਸਿੰਘ ਸਕੱਤਰ ਅਤੇ ਡਾ.ਅਜੀਤਪਾਲ ਸਿੰਘ ਪ੍ਰੈਸ ਸਕੱਤਰ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਹ ਸਪਸ਼ਟ ਦਸਣਾ ਕਰਨਾ ਚਾਹੀਦਾ ਕਿ ਇਹ ਪੁੱਛ ਗਿੱਛ ਕਿਉਂ ਹੋ ਰਹੀ ਹੈ ਕਿਉਂਕਿ ਪੁੱਛ ਗਿੱਛ ਦੌਰਾਨ ਉਹੀ ਸਵਾਲ ਜੋ 2023 ਦੇ ਵਿਚ ਪੁੱਛੇ ਗਏ,ਉਹੀ ਹੁਣ ਮਿੰਟੂ ਗੁਰੂਸਰੀਆ, ਸੁਖਵਿੰਦਰ ਸਿੱਧੂ, ਮਨਿੰਦਰ ਲੋਕ ਆਵਾਜ,ਬਖਸ਼ੀਸ਼ ਆਜਾਦ, ਸੰਦੀਪ ਤੇ ਗੁਰਪ੍ਰੀਤ ਖੁੱਡੀ ਕਲਾਂ ਤੋਂ ਪੁੱਛੇ ਜਾ ਰਹੇ ਜੋ ਅਸਿੱਧੇ ਤੌਰ ਤੇ ਇਹ ਕਹਿਣ ਦੀ ਕੋਸਿਸ਼ ਹੈ ਵੀ ਤੁਸੀਂ ਚੁੱਪ ਰਹੋ ਨਹੀਂ ਤੁਹਾਡੇ ਤੇ ਕੋਈ ਕੇਸ ਪਾ ਕੇ ਤੁਹਾਨੂੰ ਜੇਹਲ ਭੇਜ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਕਈ ਪੱਤਰਕਾਰਾਂ ਨੂੰ ਫੋਨ ਕਰਕੇ ਤੇ ਕਈਆਂ ਨੂੰ ਅਧਿਕਾਰੀ ਆਪਣੇ ਕੋਲ ਸੱਦ ਕੇ ਸਵਾਲ ਜਵਾਬ ਪੁੱਛ ਰਹੇ ਹਨ ਅਤੇ ਡੋਜੀਅਰ ਤਿਆਰ ਕੀਤੇ ਜਾ ਰਹੇ ਹਨ। ਸਭਾ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਇਹਨਾਂ ਪੱਤਰਕਾਰਾਂ ਦੇ ਨਾਲ ਹੈ ਕਿਉਂਕਿ ਇਹ ਪ੍ਰੈਸ ਦੀ ਜੁਬਾਨਬੰਦੀ ਕਰਨ ਦੀ ਕੋਸ਼ਿਸ਼ ਹੈ।

# ਸ਼੍ਰੋਮਣੀ ਕਮੇਟੀ ਬਾਰੇ ਭਗਵੰਤ ਮਾਨ ਦੀ ਟਿੱਪਣੀ 'ਤੇ ਧਾਮੀ ਦਾ ਪ੍ਰਤੀਕਰਮ



**ਅੰਮ੍ਰਿਤਸਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸ਼੍ਰੋਮਣੀ ਕਮੇਟੀ ਨੂੰ 'ਸ਼੍ਰੋਮਣੀ ਗੋਲਕ ਪ੍ਰਬੰਧਕ ਕਮੇਟੀ' ਆਖਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਦੀ ਇਹ ਟਿੱਪਣੀ ਨਿਰਾਧਾਰ, ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਅਤੇ ਸਿੱਖ ਕੌਮ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਦੀ ਬੇਅਦਬੀ ਕਰਨ ਵਾਲੀ ਹੈ। ਇਸ ਨੇ ਭਗਵੰਤ ਮਾਨ ਦੀ ਬੌਧਿਕ ਕੰਗਾਲੀ ਦਾ ਸਬੂਤ ਦੇਣ ਦੇ ਨਾਲ ਨਾਲ ਉਸ ਦੀ ਹਉਮੈ ਅਤੇ ਹੌਲੇ ਪੱਧਰ ਦੀ ਪਹੁੰਚ ਨੂੰ ਵੀ ਉਜਾਗਰ ਕੀਤਾ ਹੈ।

ਇਕ ਬਿਆਨ ਰਾਹੀ ਧਾਮੀ ਨੇ ਕਿਹਾ ਕਿ ਅਕਾਲੀ ਲਹਿਰ ਨੇ ਸਦਾ ਸਿੱਖਾਂ ਤੇ ਪੰਜਾਬ ਦੀ ਭਲਾਈ ਲਈ ਲੜਾਈਆਂ ਲੜੀਆਂ। ਅਕਾਲੀ ਯੋਧਿਆਂ ਨੇ ਨਾ ਕੇਵਲ ਦੇਸ਼ ਦੀ ਆਜ਼ਾਦੀ ਲਈ ਆਪਣਾ ਖ਼ੂਨ ਵਹਾਇਆ, ਸਗੋਂ ਐਮਰਜੈਂਸੀ ਵਰਗੇ ਅਧਿਕਾਰ ਖੋਹਣ ਵਾਲੇ ਦੌਰਾਂ 'ਚ ਵੀ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਲਈ ਅਣਥੱਕ ਨਾਲ ਸੰਘਰਸ਼ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਇਹ ਇਤਿਹਾਸ ਪੜ੍ਹੇ ਕਿ ਅਕਾਲੀ ਤਾਂ ਗੋਲਕਾਂ ਦੀ ਰਖਵਾਲੀ- ਲਈ ਆਪਣਾ ਸਭ ਕੁਝ ਕੁਰਬਾਨ ਕਰਦੇ ਆਏ ਹਨ। ਧਾਮੀ ਨੇ ਕਿਹਾ ਕਿ ਸੱਚ ਤਾਂ ਇਹ ਹੈ ਕਿ ਭਗਵੰਤ ਮਾਨ ਤਾਂ ਖੁਦ ਪੰਜਾਬ ਨੂੰ ਪਰਵਾਸੀਆਂ ਹੱਥੋਂ ਲੁਟਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨਾ ਸਿਰਫ ਧਾਰਮਿਕ ਪ੍ਰਬੰਧਕ ਸੰਸਥਾ ਹੈ, ਸਗੋਂ ਸਮਾਜਿਕ ਅਤੇ ਸਿੱਖਿਆ ਖੇਤਰ 'ਚ ਵੀ ਇਕ ਆਦਰਸ਼ ਹੈ।

# ਛੇ ਕਿੱਲੋ ਹੈਰੋਇਨ ਸਮੇਤ ਦੋ ਨਸ਼ਾ ਤਸਕਰ ਗ੍ਰਿਫ਼ਤਾਰ

**ਅੰਮ੍ਰਿਤਸਰ:** ਘਰਿੰਡਾ ਥਾਣਾ ਪੁਲਿਸ ਨੇ ਐਤਵਾਰ ਸਵੇਰੇ ਅਟਾਰੀ ਇਲਾਕੇ ਤੋਂ ਹੈਰੋਇਨ ਦੀ ਤਸਕਰੀ ਦੇ ਦੋਸ਼ ਵਿਚ ਦੋ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿਚੋਂ ਛੇ ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਘਰਿੰਡਾ ਥਾਣੇ ਵਿਚ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਐਸਪੀ (ਡੀ) ਆਦਿਤਿਆ ਵਾਰੀਅਰ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਭੈਣੀ ਰਾਜਪੂਤਾਂ ਪਿੰਡ ਦੇ ਰਹਿਣ ਵਾਲੇ ਗੁਰਦਿੱਤ ਸਿੰਘ ਉਰਫ ਕਾਲੂ ਅਤੇ ਲਾਹੌਰੀ ਮੱਲ ਪਿੰਡ ਦੇ ਰਹਿਣ ਵਾਲੇ ਕੈਪਟਨ ਸਿੰਘ। ਹੈਰੋਇਨ ਦੀ ਤਸਕਰੀ ਵਿਚ ਸ਼ਾਮਲ ਹਨ। ਇਸ ਆਧਾਰ 'ਤੇ ਪੁਲਿਸ ਨੇ ਅਟਾਰੀ ਇਲਾਕੇ ਵਿਚ ਨਾਕਾਬੰਦੀ ਕੀਤੀ।

ਮੁਲਜ਼ਮਾਂ ਨੂੰ ਸ਼ੱਕੀ ਹਾਲਾਤਾਂ ਵਿਚ ਮੋਟਰਸਾਈਕਲ 'ਤੇ ਆਉਂਦੇ ਦੇਖਿਆ ਗਿਆ ਅਤੇ ਰੁਕਣ ਦਾ ਇਸ਼ਾਰਾ ਕੀਤਾ ਗਿਆ। ਜਦੋਂ ਮੁਲਜ਼ਮਾਂ ਨੂੰ ਰੋਕਿਆ ਗਿਆ ਅਤੇ ਤਲਾਸ਼ੀ ਦੌਰਾਨ ਇਕ ਬੈਗ ਵਿਚੋਂ ਛੇ ਕਿਲੋ ਹੈਰੋਇਨ ਬਰਾਮਦ ਹੋਈ।

ਮੁਲਜ਼ਮਾਂ ਨੇ ਪੁੱਛਗਿੱਛ ਵਿਚ ਮੰਨਿਆ ਹੈ ਕਿ ਉਹ ਸਰਾਏ ਅਮਾਨਤ ਖਾਨ ਥਾਣੇ ਅਧੀਨ ਪੈਂਦੇ ਪਿੰਡ ਨੌਸ਼ਹਿਰਾ ਦੇ ਵਸਨੀਕ ਗੁਰੂ ਦਰਜੀ ਨੂੰ ਨਸ਼ੀਲੇ ਪਦਾਰਥਾਂ ਦੀ ਇਹ ਖੇਪ ਸਪਲਾਈ ਕਰਨ ਜਾ ਰਹੇ ਸਨ। ਕੈਪਟਨ ਸਿੰਘ ਅਤੇ ਗੁਰਦਿੱਤ ਸਿੰਘ ਦੇ ਕਬਜ਼ੇ ਵਿਚੋਂ ਪੁਲਿਸ ਵੱਲੋਂ ਬਰਾਮਦ ਕੀਤੇ ਗਏ ਦੋ ਮੋਬਾਈਲ ਫੋਨਾਂ ਨੇ ਵੀ ਕਈ ਰਾਜ਼ ਉਜਾਗਰ ਕੀਤੇ ਹਨ।



ਪੁਲਿਸ ਗ੍ਰਿਫਤਾਰ ਮੁਲਜ਼ਮਾਂ ਦੇ ਪੁਰਾਣੇ ਰਿਕਾਰਡ ਦੀ ਵੀ ਜਾਂਚ ਕਰਨ ਵਿਚ ਰੁੱਝੀ ਹੋਈ ਹੈ। ਗੁਰੂ ਦਰਜੀ ਦੇ ਪਿਛੋਕੜ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਦੋਵਾਂ ਮੁਲਜ਼ਮਾਂ ਨੇ ਨਸ਼ਿਆਂ ਤੋਂ ਕਮਾਏ ਪੈਸੇ ਤੋਂ ਕਿੰਨੀ ਜਾਇਦਾਦ ਬਣਾਈ ਹੈ।

ਐਸਪੀ ਨੇ ਕਿਹਾ ਕਿ ਜਲਦੀ ਹੀ ਮੁਲਜ਼ਮਾਂ ਦੀਆਂ ਜਾਇਦਾਦਾਂ ਦਾ ਪਤਾ ਲਗਾਉਣ ਅਤੇ ਢਾਹੁਣ ਲਈ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਐਸਪੀ ਨੇ ਕਿਹਾ ਕਿ ਰਾਜਾਸਾਂਸੀ ਥਾਣੇ ਦੀ ਪੁਲਿਸ ਵੱਲੋਂ ਕੈਪਟਨ ਸਿੰਘ ਖ਼ਿਲਾਫ਼ ਚੋਰੀ ਦੇ ਦੋਸ਼ ਵਿਚ ਪਹਿਲਾਂ ਹੀ ਕੇਸ ਦਰਜ ਕੀਤਾ ਜਾ ਚੁੱਕਾ ਹੈ।

# ਰਾਹੁਲ ਗਾਂਧੀ ਨੇ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਵਿਚ ਧਾਂਦਲੀ ਦੇ ਦੋਸ਼ ਦੁਹਰਾਏ

**''ਮੈਚ-ਫਿਕਸਿੰਗ ਵਾਲੀਆਂ ਚੋਣਾਂ ਕਿਸੇ ਵੀ ਜਮਹੂਰੀਅਤ ਲਈ ਜ਼ਹਿਰ ਹਨ।''**



**ਨਵੀਂ ਦਿੱਲੀ:** ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਹੈ ਕਿ 2024 ਦੀਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਲੋਕਤੰਤਰ ਵਿੱਚ ਗੜਬੜੀ ਦਾ ਬਲੂਪ੍ਰਿੰਟ ਸਨ। ਉਨ੍ਹਾਂ ਕਿਹਾ ਕਿ- ਇਹ ਮੈਚ ਫਿਕਸਿੰਗ ਹੁਣ ਬਿਹਾਰ ਵਿੱਚ ਵੀ ਦੁਹਰਾਈ ਜਾਵੇਗੀ ਅਤੇ ਫਿਰ ਉਨ੍ਹਾਂ ਥਾਵਾਂ 'ਤੇ ਵੀ ਇਹੀ ਕੀਤਾ ਜਾਵੇਗਾ, ਜਿੱਥੇ-ਜਿੱਥੇ ਭਾਰਤੀ ਜਨਤਾ ਪਾਰਟੀ ਹਾਰ ਰਹੀ ਹੋਵੇਗੀ। ਕਾਂਗਰਸੀ ਆਗੂ ਨੇ ਇੰਡੀਅਨ ਐਕਸਪ੍ਰੈੱਸ ਵਿੱਚ ਲਿਖੇ ਲੇਖ ਵਿੱਚ ਦੋਸ਼ ਲਗਾਇਆ ਕਿ ਇਹ ਚੋਣਾਂ 'ਮੈਚ ਫਿਕਸਿੰਗ'' ਸਨ, ਜੋ ਬਿਹਾਰ ਵਿਧਾਨ ਸਭਾ ਚੋਣਾਂ ਅਤੇ ਜਿੱਥੇ ਕਿਤੇ ਭਾਜਪਾ ਹਾਰ ਰਹੀ ਹੈ, ਉੱਥੇ ਮੁੜ ਤੋਂ ਦੁਹਰਾਈ ਜਾਵੇਗੀ। ਐਕਸ ਉੱਤੇ ਪਾਈ ਪੋਸਟ ਵਿੱਚ ਉਨ੍ਹਾਂ ਕਿਹਾ, ''ਮੇਰਾ ਲੇਖ ਦਰਸਾਉਂਦਾ ਹੈ ਕਿ ਪੜਾਅ ਦਰ ਪੜਾਅ ਇਹ ਕਿਵੇਂ ਹੋਇਆ।

''ਪਹਿਲਾ ਕਦਮ: ਚੋਣ ਕਮਿਸ਼ਨ ਦੀ ਨਿਯੁਕਤੀ ਵਾਲੀ ਕਮੇਟੀ ਵਿੱਚ ਹੇਰਾਫੇਰੀ।

ਦੂਜਾ ਕਦਮ: ਵੋਟਰ ਸੂਚੀਆਂ ਵਿੱਚ ਫ਼ਰਜ਼ੀ ਵੋਟਰ ਸ਼ਾਮਲ ਕਰਨਾ।

ਤੀਜਾ ਕਦਮ: ਵੋਟਰਾਂ ਦੀ ਗਿਣਤੀ ਵਧਾਉਣਾ।

ਚੌਥਾ ਕਦਮ: ਭਾਜਪਾ ਨੂੰ ਜਿੱਥੇ ਜਿੱਤਣ ਦੀ ਲੋੜ ਹੈ ਉੱਥੇ ਫ਼ਰਜ਼ੀ ਵੋਟਿੰਗ ਨੂੰ ਨਿਸ਼ਾਨਾ ਬਣਾਉਣਾ ਅਤੇ

ਪੰਜਵਾਂ ਕਦਮ: ਸਬੂਤ ਲੁਕਾਉਣਾ।'' ਰਾਏਬਰੇਲੀ ਤੋਂ ਸੰਸਦ ਮੈਂਬਰ ਨੇ ਕਿਹਾ, ''ਇਹ ਸਮਝਣਾ ਔਖਾ ਨਹੀਂ ਹੈ ਕਿ ਭਾਜਪਾ ਮਹਾਰਾਸ਼ਟਰ ਵਿੱਚ ਐਨੀ ਬੇਚੈਨ ਕਿਉਂ ਸੀ ਪਰ ਹੇਰਾਫੇਰੀ/ਤਿਗਮੜਬਾਜ਼ੀ ਮੈਚ ਫਿਕਸਿੰਗ ਵਾਂਗ ਹੈ- ਧੋਖਾਧੜੀ ਕਰਨ ਵਾਲੀ ਧਿਰ ਖੇਡ ਜਿੱਤ ਸਕਦੀ ਹੈ ਪਰ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਏਗੀ ਅਤੇ ਚੋਣ ਨਤੀਜਿਆਂ ਵਿੱਚ ਲੋਕਾਂ ਦੇ ਭਰੋਸੇ ਨੂੰ ਢਾਹ ਲਾਏਗੀ। ਸਾਰੇ ਭਾਰਤੀਆਂ ਨੂੰ ਸਬੂਤ ਦੇਖਣੇ ਚਾਹੀਦੇ ਹਨ। ਖੁਦ ਫ਼ੈਸਲਾ ਕਰੋ। ਜਵਾਬ ਮੰਗੋ।''

ਗਾਂਧੀ ਨੇ ਚਿਤਾਵਨੀ ਦਿੱਤੀ ਕਿ ਮਹਾਰਾਸ਼ਟਰ ਵਾਲੀ 'ਮੈਚ ਫਿਕਸਿੰਗ' ਅੱਗੇ ਬਿਹਾਰ (ਜਿੱਥੇ ਇਸ ਸਾਲ ਦੇ ਅੰਤ ਵਿੱਚ ਚੋਣਾਂ ਹੋਣੀਆਂ ਹਨ) ਤੋਂ ਇਲਾਵਾ ਉਨ੍ਹਾਂ ਥਾਵਾਂ 'ਤੇ ਵੀ ਨਜ਼ਰ ਆਏਗੀ ਜਿੱਥੇ ਭਾਜਪਾ ਚੋਣਾਂ ਹਾਰ ਰਹੀ ਹੈ। ਉਨ੍ਹਾਂ ਕਿਹਾ, ''ਮੈਚ-ਫਿਕਸਿੰਗ ਵਾਲੀਆਂ ਚੋਣਾਂ ਕਿਸੇ ਵੀ ਜਮਹੂਰੀਅਤ ਲਈ ਜ਼ਹਿਰ ਹਨ।''

# ਅਤਿਵਾਦ ਖ਼ਿਲਾਫ਼ ਜੰਗ 'ਚ ਅਮਰੀਕਾ ਨੇ ਭਾਰਤ ਨੂੰ ਦਿੱਤੀ ਹਮਾਇਤ



**ਵਾਸ਼ਿੰਗਟਨ:** ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਕ੍ਰਿਸਟੋਫਰ ਲੈਂਡਾਊ ਨੇ ਕਿਹਾ ਹੈ ਕਿ ਅਤਿਵਾਦ ਖ਼ਿਲਾਫ਼ ਭਾਰਤ ਦੀ ਜੰਗ 'ਚ ਉਨ੍ਹਾਂ ਦਾ ਮੁਲਕ ਡਟ ਕੇ ਖੜ੍ਹਾ ਹੈ। ਪਹਿਲਗਾਮ 'ਚ ਦਹਿਸ਼ਤੀ ਹਮਲੇ ਅਤੇ ਅਪਰੇਸ਼ਨ ਸਿੰਧੂਰ ਬਾਰੇ ਭਾਰਤ ਦਾ ਸਟੈਂਡ ਸਪੱਸ਼ਟ ਕਰਨ ਲਈ ਇਥੇ ਕਾਂਗਰਸੀ ਆਗੂ ਸ਼ਸ਼ੀ ਥਰੂਰ ਦੀ ਅਗਵਾਈ ਹੇਠ ਆਏ ਸਰਬ-ਪਾਰਟੀ ਵਫ਼ਦ ਨਾਲ ਗੱਲਬਾਤ ਕਰਦਿਆਂ ਲੈਂਡਾਊ ਨੇ ਉਕਤ ਗੱਲ ਆਖੀ। ਭਾਰਤੀ ਵਫ਼ਦ ਨੇ ਸ਼ੁੱਕਰਵਾਰ ਨੂੰ ਲੈਂਡਾਊ ਨਾਲ ਮੁਲਾਕਾਤ ਕੀਤੀ ਸੀ। ਭਾਰਤੀ ਵਫ਼ਦ ਦਾ ਅਮਰੀਕਾ ਦੌਰਾ ਮੁਕੰਮਲ ਹੋ ਗਿਆ ਹੈ। ਭਾਰਤੀ ਸਫ਼ਾਰਤਖਾਨੇ ਨੇ 'ਐਕਸ' 'ਤੇ ਕਿਹਾ, 'ਡਾਕਟਰ ਸ਼ਸ਼ੀ ਥਰੂਰ ਦੀ ਅਗਵਾਈ ਹੇਠਲੇ ਸਰਬ-ਪਾਰਟੀ ਸੰਸਦੀ ਵਫ਼ਦ ਦੀ ਅਮਰੀਕੀ ਉਪ ਵਿਦੇਸ਼ ਮੰਤਰੀ ਲੈਂਡਾਊ ਨਾਲ ਗੱਲਬਾਤ ਵਧੀਆ ਰਹੀ। ਭਾਰਤੀ ਵਫ਼ਦ ਨੇ ਪਹਿਲਗਾਮ ਦਹਿਸ਼ਤੀ ਹਮਲੇ ਅਤੇ ਅਪਰੇਸ਼ਨ ਸਿੰਧੂਰ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ।'' ਲੈਂਡਾਊ ਨੇ 'ਐਕਸ' 'ਤੇ ਪੋਸਟ 'ਚ ਭਾਰਤੀ ਸੰਸਦੀ ਨੁਮਾਇੰਦਿਆਂ ਨਾਲ ਮੀਟਿੰਗ ਵਧੀਆ ਰਹਿਣ ਦਾ ਦਾਅਵਾ ਕਰਦਿਆਂ ਕਿਹਾ ਕਿ ਅਮਰੀਕਾ ਅਤਿਵਾਦ ਖ਼ਿਲਾਫ਼ ਜੰਗ 'ਚ ਭਾਰਤ ਨਾਲ ਡਟ ਕੇ ਖੜ੍ਹਾ ਹੈ। ਇਸ ਤੋਂ ਇਲਾਵਾ ਅਮਰੀਕਾ-ਭਾਰਤ ਰਣਨੀਤਕ, ਵਪਾਰ ਅਤੇ ਵਣਜ ਸਬੰਧਾਂ ਬਾਰੇ ਵੀ ਵਿਚਾਰ ਵਟਾਂਦਰਾ ਹੋਇਆ। ਵਫ਼ਦ ਨੇ ਵਿਦੇਸ਼ ਸਬੰਧਾਂ ਬਾਰੇ ਅਮਰੀਕੀ ਸੈਨੇਟ ਦੀ ਕਮੇਟੀ ਦੇ ਮੈਂਬਰ ਸੈਨੇਟਰ ਕਿਸ ਵਾਨ ਹੋਲੈਨ ਨਾਲ ਵੀ ਮੁਲਾਕਾਤ ਕੀਤੀ। ਥਰੂਰ ਨੇ ਇਕ ਹੋਰ ਮੈਂਬਰ ਸੈਨੇਟਰ ਕੋਰੀ ਬੁੱਕਰ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪਹਿਲਗਾਮ ਹਮਲੇ ਬਾਰੇ ਜਾਣਕਾਰੀ ਦਿੱਤੀ। ਵਫ਼ਦ - 'ਚ ਸੰਸਦ ਮੈਂਬਰ ਸਰਫ਼ਰਾਜ਼ ਅਹਿਮਦ, ਜੀ. ਹਰੀਸ਼ ਮਧੁਰ ਬਾਲਯੋਗੀ, ਸਮਾਕ ਮਟੀ ਤ੍ਰਿਪਾਠੀ, ਭੁਬਨੇਸ਼ਵਰ ਕਾਲਿਤਾ, ਤੇਜਸਵੀ ਸੂਰਿਆ ਤੇ ਤਰਨਜੀਤ ਸਿੰਘ ਸੰਧੂ ਵੀ ਸ਼ਾਮਲ ਸਨ।

# ਹੁਣ ਮਾਸਿਕ ਅਤੇ ਸਾਲਾਨਾ ਆਧਾਰ 'ਤੇ ਭਰਨੀ ਪਵੇਗੀ ਜੀ.ਐੱਸ ਟੀ. ਰਿਟਰਨ

**ਨਵੀਂ ਦਿੱਲੀ:** ਜੀ.ਐੱਸ.ਟੀ. ਟੈਕਸਦਾਤਾ ਹੁਣ ਮੂਲ ਫਾਈਲਿੰਗ ਦੀ ਤੈਅ ਮਿਤੀ ਤੋਂ ਤਿੰਨ ਸਾਲ ਬਾਅਦ ਜੁਲਾਈ ਤੋਂ ਮਾਸਿਕ ਤੇ ਸਾਲਾਨਾ ਜੀ.ਐੱਸ.ਟੀ.ਰਿਟਰਨ ਦਾਖ਼ਲ ਨਹੀਂ ਕਰ ਸਕਣਗੇ। ਜੁਲਾਈ 2025 ਦੀ ਟੈਕਸ ਮਿਆਦ ਦਾ ਅਰਥ ਹੈ ਕਿ ਟੈਕਸਦਾਤਾ ਇਸ ਸਾਲ ਅਗਸਤ ਵਿੱਚ ਮਾਸਿਕ ਰਿਟਰਨ ਦਾਖ਼ਲ ਕਰਨਗੇ। ਵਸਤੂ ਤੇ ਸੇਵਾ ਕਰ ਨੈੱਟਵਰਕ (ਜੀਐੱਸਟੀਐੱਨ) ਨੇ ਐਡਵਾਈਜ਼ਰੀ ਵਿੱਚ ਕਿਹਾ ਕਿ ਟੈਕਸਦਾਤਾ ਫਾਈਲਿੰਗ ਦੀ ਤੈਅ ਮਿਤੀ ਤੋਂ ਤਿੰਨ ਸਾਲਾਂ ਦੀ ਸਮਾਪਤੀ 'ਤੇ ਜੀ.ਐੱਸ.ਟੀ.ਆਰ-1, ਜੀ.ਐੱਸ.ਟੀਆਰ-3ਬੀ, ਜੀ.ਐੱਸ.ਟੀ.ਆਰ4,ਜੀ.ਐੱਸ.ਟੀ.ਆਰ-5,ਜੀ.ਐੱਸ.ਟੀ.ਆਰ-5ਏ, ਜੀ ਐੱਸ.ਟੀ.ਆਰ-6, ਜੀ.ਐੱਸ.ਟੀ ਆਰ-7, ਜੀ.ਐੱਸ. ਟੀ.ਆਰ-8 ਅਤੇ ਜੀ.ਐੱਸ.ਟੀ.ਆਰ-9 ਦਾਖ਼ਲ ਨਹੀਂ ਕਰ ਸਕਣਗੇ। ਐਡਵਾਈਜ਼ਰੀ ਵਿੱਚ ਕਿਹਾ ਗਿਆ ਹੈ, ''ਤਿੰਨ ਸਾਲਾਂ ਦੀ ਮਿਆਦ ਖਤਮ ਹੋਣ ਮਗਰੋਂ ਰਿਟਰਨ ਭਰਨ 'ਤੇ ਰੋਕ ਲਾ ਦਿੱਤੀ ਜਾਵੇਗੀ। ਇਹ ਪਾਬੰਦੀ ਜੁਲਾਈ 2025 ਦੀ ਟੈਕਸ ਮਿਆਦ ਤੋਂ ਜੀਐੱਸਟੀ ਪੋਰਟਲ 'ਤੇ ਲਾਗੂ ਕੀਤੀ ਜਾਵੇਗੀ।''




ਉਸ ਨੇ ਟੈਕਸ ਦੇਣ ਵਾਲਿਆਂ ਨੂੰ ਸਲਾਹ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਹੁਣ ਤੱਕ ਜੀਐੱਸਟੀ ਰਿਟਰਨ ਦਾਖ਼ਲ ਨਹੀਂ ਕੀਤੀ ਤਾਂ ਉਹ ਆਪਣੇ ਰਿਕਾਰਡਾਂ ਨਾਲ ਮਿਲਾਨ ਕਰ ਲੈਣ ਅਤੇ ਜਲਦੀ ਤੋਂ ਜਲਦੀ ਆਪਣੇ ਜੀਐੱਸਟੀ ਰਿਟਰਨ ਦਾਖ਼ਲ ਕਰਨ।

# 'ਚੋਣ ਕਮਿਸ਼ਨ ਨੂੰ ਬਦਨਾਮ ਕਰਨਾ ਬੇਤੁਕਾ'




**ਨਵੀਂ ਦਿੱਲੀ:** ਮਹਾਰਾਸ਼ਟਰ ਵਿੱਚ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਧਾਂਦਲੀ ਦੇ ਦਾਅਵਿਆਂ ਨੂੰ ਖਾਰਜ ਕਰਦੇ ਹੋਏ ਚੋਣ ਕਮਿਸ਼ਨ ਦੇ ਸੂਤਰਾਂ ਨੇ ਅੱਜ ਕਿਹਾ ਕਿ ਵੋਟਰਾਂ ਵੱਲੋਂ ਆਸ ਮੁਤਾਬਕ ਚੋਣ ਨਤੀਜੇ ਨਾ ਮਿਲਣ ਤੋਂ ਬਾਅਦ ਚੋਣ ਕਮਿਸ਼ਨ ਨੂੰ ਬਦਨਾਮ ਕਰਨਾ ਪੂਰੀ ਤਰ੍ਹਾਂ ਬੇਤੁਕਾ ਹੈ। ਸੂਤਰਾਂ ਨੇ ਕਿਹਾ ਕਿ ਕਿਸੇ ਵੱਲੋਂ ਪ੍ਰਸਾਰਿਤ ਕੋਈ ਵੀ ਗਲਤ ਸੂਚਨਾ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵੱਲੋਂ ਨਿਯੁਕਤ ਹਜ਼ਾਰਾਂ ਪ੍ਰਤੀਨਿਧਾਂ ਦੀ ਬਦਨਾਮੀ ਕਰਨ ਵਾਲੀ ਅਤੇ ਚੋਣ ਅਮਲੇ ਦਾ ਹੌਸਲਾ ਤੋੜਨ ਵਾਲੀ ਹੁੰਦੀ ਹੈ, ਜੋ ਕਿ ਇਸ ਵਿਸ਼ਾਲ ਅਮਲ ਲਈ ਅਣਥੱਕ ਮਿਹਨਤ ਕਰਦੇ ਹਨ। ਇਸੇ ਦੌਰਾਨ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਧਾਂਦਲੀ ਦੇ ਦੋਸ਼ਾਂ ਨੂੰ ਚੋਣ ਪੈਨਲ ਦੇ ਸੂਤਰਾਂ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਚੋਣ ਕਮਿਸ਼ਨ 'ਤੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਟਾਲ-ਮਟੋਲ ਕਰਨਾ ਨਹੀਂ, ਸਗੋਂ ਸੱਚ ਬੋਲਣਾ ਇਸ ਦੀ ਭਰੋਸੇਯੋਗਤਾ ਕਾਇਮ ਰੱਖੇਗਾ। ਰਾਹੁਲ ਨੇ ਐੱਕਸ 'ਤੇ ਕਿਹਾ, 'ਚੋਣ ਕਮਿਸ਼ਨ ਸੰਵਿਧਾਨਕ ਸੰਸਥਾ ਹੈ। ਵਿਚੋਲਿਆਂ ਨੂੰ ਬਿਨਾਂ ਦਸਤਖਤ ਕੀਤੇ ਟਾਲ-ਮਟੋਲ ਵਾਲੇ ਪੱਤਰ ਜਾਰੀ ਕਰਨਾ ਗੰਭੀਰ ਸਵਾਲਾਂ ਦੇ ਜਵਾਬ ਦੇਣ ਦਾ ਤਰੀਕਾ ਨਹੀਂ ਹੈ। ਉਨ੍ਹਾਂ ਕਿਹਾ, 'ਜੇ ਤੁਹਾਡੇ ਕੋਲ ਲੁਕਾਉਣ ਲਈ ਕੁਝ ਨਹੀਂ ਹੈ, ਤਾਂ ਮੇਰੇ ਲੇਖ ਵਿਚਲੇ ਸਵਾਲਾਂ ਦੇ ਜਵਾਬ ਦਿਓ?


# ਪੁਲਿਸ ਨੇ 'ਟਿੰਡਰ' ਤੋਂ ਅੰਮ੍ਰਿਤਪਾਲ ਨਾਲ ਜੁੜੇ ਸ਼ੱਕੀ ਖ਼ਾਤੇ ਬਾਰੇ ਵੇਰਵੇ ਮੰਗੇ

**ਚੰਡੀਗੜ੍ਹ:** ਪੰਜਾਬ ਪੁਲੀਸ ਨੇ ਡੇਟਿੰਗ ਐਪ 'ਟਿੰਡਰ' ਤੋਂ ਅਕਾਊਂਟ ਬਾਰੇ ਜਾਣਕਾਰੀ ਮੰਗੀ ਹੈ, ਜਿਸ ਦੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਹੋਣ ਦਾ ਸ਼ੱਕ ਹੈ। ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਸਿੱਖ ਕਾਰਕੁਨ ਦੀ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਹੈ। 'ਟਿੰਡਰ ਨੂੰ ਭੇਜੇ ਪੱਤਰ ਵਿੱਚ ਫਰੀਦਕੋਟ ਪੁਲੀਸ ਨੇ ਕਿਹਾ ਕਿ ਉਹ ਸਿੱਖ ਕਾਰਕੁਨ ਗੁਰਪ੍ਰੀਤ ਸਿੰਘ ਹਰੀ ਨੌਂ ਕਤਲ ਕਾਂਡ ਦੀ ਜਾਂਚ ਕਰ ਰਹੀ ਹੈ। ਹਰੀ ਨੌਂ ਦੀ ਪਿਛਲੇ ਸਾਲ 9 ਅਕਤੂਬਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹਰੀ ਨੌਂ ਕਿਸੇ ਸਮੇਂ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਜਥੇਬੰਦੀ ਵਾਰਿਸ ਪੰਜਾਬ ਦੇ' ਦਾ ਮੈਂਬਰ ਸੀ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਪਿਛਲੇ ਸਾਲ ਅਕਤੂਬਰ ਵਿੱਚ ਦਾਅਵਾ ਕੀਤਾ ਸੀ ਕਿ ਹਰੀ ਨੌਂ ਦੀ ਹੱਤਿਆ ਕਥਿਤ ਤੌਰ 'ਤੇ ਅੰਮ੍ਰਿਤਪਾਲ ਸਿੰਘ ਦੇ ਇਸ਼ਾਰੇ ਉਤੇ ਕੀਤੀ ਗਈ ਸੀ, ਜੋ ਇਸ ਸਮੇਂ ਸਖ਼ਤ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਜੇਲ੍ਹ ਵਿੱਚ ਬੰਦ ਹੈ। ਪੁਲੀਸ ਨੇ ਇਹ ਵੀ ਦਾਅਵਾ ਕੀਤਾ ਕਿ ਗੈਂਗਸਟਰ ਤੋਂ ਅਤਿਵਾਦੀ ਬਣਿਆ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਇਸ ਕਤਲ ਦਾ ਸਾਜ਼ਿਸ਼ਘਾੜਾ ਸੀ। ਪੁਲੀਸ ਨੇ ਕਿਹਾ ਕਿ ਗਰੋਹ ਦੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਪੁਲੀਸ ਨੇ 'ਟਿੰਡਰ ਤੋਂ ਯੂਜਰਜ਼ ਦੇ ਵੇਰਵੇ, ਨਾਮ, ਜਨਮ ਮਿਤੀ, ਫ਼ੋਨ ਨੰਬਰ, ਸਥਾਨ ਦੀ ਜਾਣਕਾਰੀ ਈ-ਮੇਲ ਆਈਡੀ, ਫ਼ੋਨ ਨੰਬਰ, ਅਪਲੋਡ ਕੀਤੀਆਂ ਤਸਵੀਰਾਂ, ਦੋਸਤਾਂ ਨਾਲ ਸੰਪਰਕਾਂ ਦੀ ਸੂਚੀ ਵੀ ਮੰਗੀ। ਇਸ ਤੋਂ ਇਲਾਵਾ ਸਾਰੇ ਲਿੰਕ ਕੀਤੇ ਗਏ ਈ-ਮੇਲ ਆਈਡੀ ਅਤੇ ਫ਼ੋਨ ਨੰਬਰ, ਅਪਲੋਡ ਕੀਤੀਆਂ ਗਈਆਂ ਤਸਵੀਰਾਂ, ਮੀਡੀਆ ਫਾਈਲਾਂ, ਦੋਸਤਾਂ/ਸੰਪਰਕਾਂ ਦੀ ਸੂਚੀ ਤੇ ਆਪਸੀ ਮੇਲ, ਚੈਟ ਦੀ ਜਾਣਕਾਰੀ ਅਤੇ 'ਟਿੰਡਰ' ਪਲੇਟਫਾਰਮ ਰਾਹੀਂ ਆਏ ਤੇ ਭੇਜੇ ਗਏ ਮੈਸੇਜ ਸਮੇਤ ਹੋਰ ਕਈ ਵੇਰਵਿਆਂ ਦੀ ਜਾਣਕਾਰੀ ਵੀ ਮੰਗੀ ਗਈ ਹੈ। ਸੋਸ਼ਲ ਮੀਡੀਆ 'ਤੇ ਸਰਗਰਮ ਰਹਿਣ ਵਾਲੇ ਕਾਰਕੁਨ ਗੁਰਪ੍ਰੀਤ ਸਿੰਘ ਦੀ 9 ਅਕਤੂਬਰ 2024 ਨੂੰ ਦੋ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।




# ਗੁਰੂਗ੍ਰਾਮ ਬੰਬ ਹਮਲੇ ਸੰਬੰਧੀ ਗੋਲਡੀ ਬਰਾੜ ਸਣੇ 5 ਖ਼ਿਲਾਫ਼ ਚਾਰਜਸ਼ੀਟ ਦਾਖ਼ਲ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐੱਨਆਈਏ) ਨੇ 2024 ਵਿੱਚ ਗੁਰੂਗ੍ਰਾਮ ਦੇ ਦੋ ਕਲੱਬਾਂ 'ਤੇ ਹੋਏ ਬੰਬ ਹਮਲਿਆਂ ਨਾਲ ਸਬੰਧਤ ਮਾਮਲੇ ਵਿੱਚ ਕੈਨੇਡਾ ਸਥਿਤ ਖ਼ਾਲਿਸਤਾਨੀ ਅਤਿਵਾਦੀ ਗੋਲਡੀ ਬਰਾੜ ਸਮੇਤ ਪੰਜ ਮੁਲਜ਼ਮਾਂ ਨੂੰ ਚਾਰਜਸ਼ੀਟ ਕੀਤਾ ਹੈ। ਐੱਨ.ਆਈ.ਏ ਨੇ ਸ਼ੁੱਕਰਵਾਰ ਨੂੰ ਪੰਚਕੂਲਾ ਦੀ ਅਦਾਲਤ 'ਚ ਦਾਇਰ ਚਾਰਜਸ਼ੀਟ ਵਿੱਚ ਭਾਰਤੀ ਨਿਆਏ ਸੰਹਿਤਾ (ਬੀ.ਐੱਨ.ਐੱਸ), ਅਸਲਾ ਐਕਟ, ਵਿਸਫੋਟਕ ਪਦਾਰਥ ਐਕਟ ਅਤੇ ਗੈਰ-ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ (ਯੂਏਬੀਏ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਸਚਿਨ ਤਲਿਆਨ, ਅੰਕਿਤ, ਭਾਵਿਸ਼ ਅਤੇ ਅਮਰੀਕਾ ਸਥਿਤ ਰਣਦੀਪ ਸਿੰਘ ਉਰਫ ਰਣਦੀਪ ਮਲਿਕ ਨੂੰ ਨਾਮਜ਼ਦ ਕੀਤਾ ਹੈ। ਉਨ੍ਹਾਂ ਕਿਹਾ ਕਿ ਬਰਾੜ ਅਤੇ ਮਲਿਕ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਐੱਨਆਈਏ ਅਨੁਸਾਰ ਇਹ ਮੁਲਜ਼ਮ ਗੁਰੂਗ੍ਰਾਮ ਦੇ ਸੈਕਟਰ-29 ਵਿੱਚ ਵੇਅਰਹਾਊਸ ਕਲੱਬ ਤੇ ਹਿਊਮਨ ਕਲੱਬ ਨੂੰ ਬੰਬਾਂ ਨਾਲ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਵਿੱਚ ਸ਼ਾਮਲ ਸਨ।



ਫਿਰਕੂ ਤਣਾਅ ਅਤੇ ਸ਼ਾਂਤੀ ਭੰਗ ਕਰਨ ਲਈ ਰਚੀ ਗਈ ਸੀ ਹਮਲੇ ਦੀ ਸਾਜ਼ਿਸ਼ ਅਧਿਕਾਰਤ ਬਿਆਨ ਅਨੁਸਾਰ ਇਹ ਪਾਬੰਦੀਸ਼ੁਦਾ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਵੱਲੋਂ ਘੜੀ ਵੱਡੀ ਸਾਜ਼ਿਸ਼ ਦਾ ਹਿੱਸਾ ਸੀ। ਉਹ ਹਰਿਆਣਾ ਅਤੇ ਗੁਆਂਢੀ ਖੇਤਰਾਂ ਵਿੱਚ ਫਿਰਕੂ ਤਣਾਅ ਅਤੇ ਸ਼ਾਂਤੀ ਭੰਗ ਕਰਨਾ ਚਾਹੁੰਦੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਪਾਬੰਦੀਸ਼ੁਦਾ ਬੀਕੇਆਈ ਦੇ ਮੈਂਬਰਾਂ ਅਤੇ ਕੇਡਰਾਂ ਨੇ ਇਹ ਹਮਲਾ 10 ਦਸੰਬਰ 2024 ਨੂੰ ਕੀਤਾ ਸੀ। ਜਾਂਚ ਏਜੰਸੀ ਵੱਲੋਂ ਜਾਰੀ ਬਿਆਨ ਅਨੁਸਾਰ ਐੱਨ.ਆਈ.ਏ ਦੀ ਜਾਂਚ ਵਿੱਚ ਬਾਅਦ 'ਚ ਖੁਲਾਸਾ ਹੋਇਆ ਕਿ ਗੋਲਡੀ ਬਰਾੜ ਤੇ ਉਸ ਦੇ ਸਾਥੀਆਂ ਨੇ ਅਤਿਵਾਦੀ ਸਾਜ਼ਿਸ਼ ਰਚੀ ਸੀ, ਜਿਸ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਸਨ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਪੁਰਸਕਾਰਾਂ ਦਾ ਐਲਾਨ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਪੁਰਸਕਾਰਾਂ ਦਾ ਐਲਾਨ ਕਰਦੇ ਹੋਏ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਮੌਕੇ ਸਰਬਸੰਮਤੀ ਨਾ.ਲ ਫ਼ੈਸਲਾ ਕੀਤਾ ਗਿਆ ਕਿ ਅਕਾਡਮੀ ਦਾ ਸਰਵਉੱਚ ਸਨਮਾਨ 'ਫ਼ੈਲੋਸ਼ਿਪ' ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੂੰ ਦਿੱਤੀ ਜਾਵੇਗੀ।

ਪੁਰਸਕਾਰਾਂ ਦਾ ਐਲਾਨ ਕਰਦਿਆਂ ਅਕਾਡਮੀ ਦੇ ਜਨਰਲ ਸਕੱਤਰ ਨੇ ਕਿਹਾ ਕਿ 'ਕਾਮਰੇਡ ਜਗਜੀਤ ਸਿੰਘ ਆਨੰਦ ਵਾਰਤਕ ਪੁਰਸਕਾਰ ਸ੍ਰੀ ਜਤਿੰਦਰ ਪੰਨੂੰ ਨੂੰ, 'ਜਗਜੀਤ ਸਿੰਘ ਲਾਇਲਪੁਰੀ ਯਾਦਗਾਰੀ ਪੁਰਸਕਾਰ' (50 ਸਾਲ ਤੋਂ ਘੱਟ ਉਮਰ) ਨੀਤੂ ਅਰੋੜਾ ਨੂੰ, 'ਮੱਲ ਸਿੰਘ ਰਾਮਪੁਰੀ ਯਾਦਗਾਰੀ ਪੁਰਸਕਾਰ ਸ. ਹਰਭਜਨ ਸਿੰਘ ਬਾਜਵਾ ਨੂੰ,'ਸ. ਕਰਤਾਰ ਸਿੰਘ ਸ਼ਮਸ਼ੇਰ ਯਾਦਗਾਰੀ ਪੁਰਸਕਾਰ' ਡਾ.ਧਰਮ ਸਿੰਘ ਨੂੰ, ਡਾ. ਰਵਿੰਦਰ ਰਵੀ ਯਾਦਗਾਰੀ ਪੁਰਸਕਾਰ' ਡਾ.ਸਾਧੂ ਸਿੰਘ ਨੂੰ, 'ਪ੍ਰੋ. ਨਿਰਪਜੀਤ ਕੌਰ ਗਿੱਲ ਯਾਦਗਾਰੀ ਪੁਰਸਕਾਰ' ਡਾ. ਕੰਵਲਜੀਤ ਢਿੱਲੋਂ ਨੂੰ, 'ਭਾਅ ਜੀ ਗੁਰਸ਼ਰਨ ਸਿੰਘ ਯਾਦਗਾਰੀ ਪੁਰਸਕਾਰ' ਡਾ. ਆਤਮਜੀਤ ਅਤੇ ਡਾ.ਸਾਹਿਬ ਸਿੰਘ ਨੂੰ, 'ਡਾ. ਮੋਹਨਜੀਤ ਯਾਦਗਾਰੀ ਪੁਰਸਕਾਰ' (45 ਸਾਲ ਤੋਂ ਘੱਟ ਉਮਰ) ਸ੍ਰੀ ਮੀਤ ਅਨਮੋਲ ਨੂੰ ਦਿੱਤਾ ਜਾਵੇਗਾ।ਸਨਮਾਨ ਸ਼ਖ਼ਸੀਅਤਾਂ ਨੂੰ ਇੱਕੀ-ਇੱਕੀ ਹਜ਼ਾਰ ਰੁਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਅਤੇ ਦੋਸ਼ਾਲੇ ਭੇਟਾ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ 'ਅਮੋਲ ਪਰਤਾਪ ਯਾਦਗਾਰੀ ਪੁਰਸਕਾਰ' ਸ੍ਰੀ ਜਸਵੀਰ ਮੰਡ ਨੂੰ, 'ਅੰਮ੍ਰਿਤਾ ਇਮਰੋਜ਼ ਪੁਰਸਕਾਰ' ਸ੍ਰੀ ਸਿਧਾਰਥ ਨੂੰ ਦਿੱਤਾ ਜਾਵੇਗਾ।ਜਿਸ ਵਿੱਚ ਇਕਵੰਜਾ-ਇਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਅਤੇ ਦੋਸ਼ਾਲੇ ਦੋਵੇਂ ਸਨਮਾਨਤ ਸ਼ਖ਼ਸੀਅਤਾਂ ਨੂੰ ਭੇਟ ਕੀਤੇ ਜਾਣਗੇ।ਪਹਿਲਾਂ ਐਲਾਨ ਕੀਤਾ ਗਿਆ 2015 ਦਾ ਪ੍ਰੋ. ਕੁਲਵੰਤ ਜਗਰਾਉਂ ਯਾਦਗਾਰੀ ਪੁਰਸਕਾਰ ਸ੍ਰੀ ਰਮਨ ਸੰਧੂ ਅਤੇ 2018 ਲਈ ਸ੍ਰੀ ਦੇਵ ਰਾਜ ਦਾਦਰ ਨੂੰ ਉਪਰੋਕਤ ਪੁਰਸਕਾਰਾਂ ਦੇ ਨਾਲ ਹੀ ਭੇਟ ਕੀਤਾ ਜਾਵੇਗਾ।

ਸਰਵਉੱਚ ਸਨਮਾਨ 'ਫ਼ੈਲੋਸ਼ਿਪ' ਲਖਵਿੰਦਰ ਸਿੰਘ ਜੌਹਲ ਨੂੰ ਮਿਲੇਗਾ



ਪੰਜਾਬੀ ਸਾਹਿਤ ਅਕਾਡਮੀ, ਲੁਧਿਆਂਣਾ ਦੀ ਪੁਰਸਕਾਰ ਕਮੇਟੀ ਦੀ ਮੀਟਿੰਗ ਵਿਚ ਉਪਰੋਕਤ ਪੁਰਸਕਾਰਾਂ ਦਾ ਸਰਬਸੰਮਤੀ ਨਾਲ ਐਲਾਨ ਕੀਤਾ ਗਿਆ।ਮੀਟਿੰਗ ਮੌਕੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ.ਪਾਲ ਕੌਰ ਅਤੇ ਜਨਰਲ ਸਕੱਤਰ ਡਾ.ਗੁਲਜ਼ਾਰ ਸਿੰਘ ਪੰਧੇਰ, ਸਾਬਕਾ ਪ੍ਰਧਾਨ ਡਾ.ਸੁਖਦੇਵ ਸਿੰਘ, ਸਾਬਕਾ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਡਾ. ਸੁਰਜੀਤ ਸਿੰਘ, ਸੁਰਿੰਦਰ ਕੈਲੇ, ਡਾ. ਹਰੀ ਸਿੰਘ ਜਾਚਕ, ਵਾਹਿਦ (ਸਤਿਨਾਮ ਸਿੰਘ) ਸ਼ਾਮਲ ਹੋਏ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਬੰਧਕੀ ਬੋਰਡ ਦੀ ਇਕੱਤ੍ਰਤਾ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਅਕਾਡਮੀ ਵਲੋਂ ਦਿੱਤੇ ਜਾਂਦੇ ਉਪਰੋਕਤ ਸਾਰੇ ਸਨਮਾਨ ਦੋ ਸਾਲ ਬਾਅਦ ਇਕੋ ਵਾਰੀ ਸਨਮਾਨ ਸਮਾਗਮ ਮੌਕੇ ਭੇਟ ਕੀਤੇ ਜਾਇਆ ਕਰਨਗੇ।

## ਡਰੱਗ ਮਾਮਲੇ 'ਚ ਕਾਰਵਾਈ ਨਾ ਕਰਨ 'ਤੇ ਡੀ.ਐੱਸ.ਪੀ. ਮੁਅੱਤਲ

**ਬਠਿੰਡਾ:** ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ, ਨਸ਼ਿਆਂ ਵਿਰੁੱਧ' ਦੇ 100 ਦਿਨ ਪੂਰੇ ਹੋਣ ਮੌਕੇ ਗ੍ਰਹਿ ਵਿਭਾਗ ਨੇ ਬਠਿੰਡਾ ਦੇ ਡੀਐੱਸਪੀ ਸਿਟੀ-1 ਹਰਬੰਸ ਸਿੰਘ ਧਾਲੀਵਾਲ ਨੂੰ ਨਸ਼ੇ ਵਿਕਣ ਦੀਆਂ ਸ਼ਿਕਾਇਤਾਂ ਮਿਲਣ ਦੇ ਬਾਵਜੂਦ ਕਾਰਵਾਈ ਨਾ ਕਰਨ 'ਤੇ ਮੁਅੱਤਲ ਕਰ ਦਿੱਤਾ। ਇਸ ਦੇ ਨਾਲ ਹੀ ਵਿਭਾਗ ਨੇ ਉਨ੍ਹਾਂ ਖ਼ਿਲਾਫ਼ ਜਾਂਚ ਸ਼ੁਰੂ ਕਰ ਦਿੱਤੀ ਹੈ।ਪੰਜਾਬ ਸਰਕਾਰ ਤੇ ਗ੍ਰਹਿ ਵਿਭਾਗ ਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਡੀਐੱਸਪੀ ਸਿਟੀ-1 ਹਰਬੰਸ ਸਿੰਘ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਮਿਲਣ ਦੇ ਬਾਵਜੂਦ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੇ। ਉਹ ਆਪਣੇ ਇਲਾਕੇ 'ਚ ਨਸ਼ੇ ਦੀ ਵਿਕਰੀ ਰੋਕਣ 'ਚ ਨਾਕਾਮ ਨਜ਼ਰ ਆ ਰਹੇ ਹਨ। ਇਸ 'ਤੇ ਗ੍ਰਹਿ ਵਿਭਾਗ ਨੇ ਬਠਿੰਡਾ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਤੋਂ ਉਕਤ ਡੀਐੱਸਪੀ ਦੀ ਕਾਰਜਸ਼ੈਲੀ ਬਾਰੇ ਗੁਪਤ ਰਿਪੋਰਟ ਮੰਗੀ ਸੀ। ਪੁਲਿਸ ਸੂਤਰਾਂ ਮੁਤਾਬਕ ਬਠਿੰਡਾ ਦੀ ਐੱਸਐੱਸਪੀ ਨੇ ਆਪਣੇ ਪੱਧਰ 'ਤੇ ਜਾਂਚ ਤੋਂ ਬਾਅਦ ਬਠਿੰਡਾ ਰੇਂਜ ਦੇ ਡੀਆਈਜੀ ਨੂੰ ਰਿਪੋਰਟ ਸੌਂਪ ਦਿੱਤੀ। ਡੀਆਈਜੀ ਨੇ ਉਕਤ ਜਾਂਚ ਰਿਪੋਰਟ ਡੀਜੀਪੀ ਨੂੰ ਭੇਜ ਦਿੱਤੀ। ਡੀਜੀਪੀ ਪੰਜਾਬ ਨੇ ਉਕਤ ਰਿਪੋਰਟ ਗ੍ਰਹਿ ਵਿਭਾਗ ਨੂੰ ਕਾਰਵਾਈ ਕਰਨ ਲਈ ਭੇਜੀ। ਸੋਮਵਾਰ ਨੂੰ ਗ੍ਰਹਿ ਵਿਭਾਗ ਨੇ ਉਕਤ ਰਿਪੋਰਟ 'ਤੇ ਕਾਰਵਾਈ ਕਰਦੇ ਹੋਏ ਡੀਐੱਸਪੀ ਸਿਟੀ-1 ਹਰਬੰਸ ਸਿੰਘ ਨੂੰ ਮੁਅੱਤਲ ਕਰਨ ਦੇ ਆਦੇਸ਼ ਜਾਰੀ ਕੀਤੇ।



## ਅਮਰੀਕਾ ਨੇ 37 ਗੈਰ-ਕਾਨੂੰਨੀ ਨਿਪਾਲੀ ਕੀਤੇ ਡਿਪੋਰਟ

**ਕਾਠਮੰਡੂ:** ਅਮਰੀਕੀ ਸਰਕਾਰ ਨੇ 37 ਨਿਪਾਲੀ ਨਾਗਰਿਕਾਂ ਨੂੰ ਡਿਪੋਰਟ ਕਰ ਦਿੱਤਾ ਹੈ ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਸਨ, ਇੱਕ ਅਧਿਕਾਰੀ ਨੇ ਸੋਮਵਾਰ ਨੂੰ ਕਿਹਾ। ਇੰਮੀਗ੍ਰੇਸ਼ਨ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਗੈਰ-ਕਾਨੂੰਨੀ ਨੇਪਾਲੀ ਨਾਗਰਿਕਾਂ ਨੂੰ ਲੈ ਕੇ ਇੱਕ ਚਾਰਟਰਡ ਉਡਾਣ ਐਤਵਾਰ ਸ਼ਾਮ ਨੂੰ ਅਮਰੀਕਾ ਤੋਂ ਇੱਥੇ ਪਹੁੰਚੀ। ਅਧਿਕਾਰੀ ਨੇ ਕਿਹਾ ਕਿ ਇਹ ਇੱਕ ਦਿਨ ਵਿਚ ਅਮਰੀਕਾ ਦੁਆਰਾ ਡਿਪੋਰਟ ਕੀਤੇ ਗਏ ਨਿਪਾਲੀਆਂ ਦੀ ਸਭ ਤੋਂ ਵੱਡੀ ਗਿਣਤੀ ਹੈ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਅਮਰੀਕੀ ਇੰਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਦੇ ਪਾਇਆ ਗਿਆ।

ਤ੍ਰਿਭੁਵਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੰਮੀਗ੍ਰੇਸ਼ਨ ਦਫਤਰ ਦੇ ਬੁਲਾਰੇ ਅੰਜਨ ਨੂਪਾਨੇ ਨੇ ਕਿਹਾ ਕਿ ਐਤਵਾਰ ਨੂੰ ਡਿਪੋਰਟ ਕੀਤੇ ਜਾਣ ਨਾਲ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਨਵਰੀ ਵਿਚ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 177 ਨਿਪਾਲੀ . ਨਾਗਰਿਕਾਂ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਅਤੀਤ ਵਿਚ ਸੈਂਕੜੇ ਨਿਪਾਲੀ ਦਲਾਲਾਂ ਨੂੰ ਲੱਖਾਂ ਰੁਪਏ ਦੇ ਕੇ ਅਤੇ ਆਪਣੀ ਜਾਨ ਨੂੰ ਜ਼ੋਖ਼ਮ ਵਿਚ ਪਾ ਕੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਗਏ ਹਨ। ਟਰੰਪ ਪ੍ਰਸ਼ਾਸਨ ਅਸਥਾਈ ਸੁਰੱਖਿਆ ਸਥਿਤੀ ਦੇ ਤਹਿਤ ਅਮਰੀਕਾ ਵਿਚ ਰਹਿ ਰਹੇ ਹਜ਼ਾਰਾਂ ਨਿਪਾਲੀਆਂ ਨੂੰ ਡਿਪੋਰਟ ਕਰਨ ਦੀ ਵੀ ਯੋਜਨਾ ਬਣਾ ਰਿਹਾ ਹੈ।



## ਅਸੀਂ ਗਿਆਰਾਂ ਸਾਲਾਂ ਵਿਚ ਦੇਸ਼ ਵਾਸੀਆਂ ਨੂੰ ਉਮੀਦਾਂ ਦੇ ਨਵੇਂ ਖੰਭ ਦਿੱਤੇ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਨ.ਡੀ.ਏ. ਸਰਕਾਰ ਦੇ 11 ਸਾਲਾਂ ਨੂੰ ਲੋਕਾਂ ਦੀਆਂ ਉਮੀਦਾਂ ਨੂੰ ਨਵੀਂ ਉਡਾਣ ਦੇਣ ਵਾਲਾ ਸਮਾਂ ਕਰਾਰ ਦਿੱਤਾ। ਪ੍ਰਧਾਨ ਮੰਤਰੀ ਵਜੋਂ 9 ਜੂਨ ਨੂੰ 11 ਸਾਲ ਪੂਰੇ ਕਰਨ 'ਤੇ ਮੋਦੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਵਿਚਾਰ ਪ੍ਰਗਟਾਉਂਦਿਆਂ।

ਕਿਹਾ ਕਿ ਪਿਛਲੇ 11 ਸਾਲਾਂ 'ਚ ਲੋਕਾਂ ਦੀ ਜ਼ਿੰਦਗੀ 'ਚ ਕਈ ਹਾਂ-ਪੱਖੀ ਬਦਲਾਅ ਆਏ ਹਨ। ਲੋਕਾਂ ਦੀ ਜ਼ਿੰਦਗੀ ਦੇ ਪੱਧਰ 'ਚ ਵੱਡਾ ਸੁਧਾਰ ਹੋਇਆ ਹੈ। ਮੋਦੀ ਨੇ 'ਐਕਸ' 'ਤੇ ਇਕ ਵੀਡੀਓ ਸਾਂਝਾ ਕਰਦਿਆਂ ਕਿਹਾ ਕਿ ਬੀਤੇ 11 ਸਾਲਾਂ 'ਚ ਸਾਡੀ ਸਰਕਾਰ ਦੀ ਹਰ ਯੋਜਨਾ ਦੇ ਕੇਂਦਰ 'ਚ ਗ਼ਰੀਬ ਭੈਣ-ਭਰਾਵਾਂ ਦੇ ਨਾਲ ਹੀ ਲੋਕਾਂ ਦੀ ਭਲਾਈ ਯਕੀਨੀ ਕਰਨਾ ਰਿਹਾ। ਉਨ੍ਹਾਂ ਉੱਜਵਲਾ, ਪੀ.ਐਮ. ਅਵਾਸ, ਆਯੁਸ਼ਮਾਨ ਭਾਰਤ ਜਿਹੀਆਂ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਯੋਜਨਾਵਾਂ ਨੇ ਦੇਸ਼ਵਾਸੀਆਂ ਨੂੰ ਉਮੀਦਾਂ ਦੇ ਨਵੇਂ ਖੰਭ ਦਿੱਤੇ ਹਨ। ਉਨ੍ਹਾਂ ਇਸ ਦੌਰਾਨ ਪੂਰੀ ਨਿਸ਼ਠਾ ਅਤੇ ਸੇਵਾ ਭਾਵ ਦੇ ਨਾਲ ਲੋਕਾਂ ਦਾ ਜੀਵਨ ਸੁਖਾਲਾ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ।



## ਕੇਂਦਰ ਸਰਕਾਰ 2047 ਦੇ ਸੁਪਨੇ ਵੇਚ ਰਹੀ ਹੈ: ਰਾਹੁਲ

**ਨਵੀਂ ਦਿੱਲੀ:** ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦੋਸ਼ ਲਗਾਉਂਦਿਆਂ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ 11 ਸਾਲਾਂ 'ਚ ਕੋਈ ਜਵਾਬਦੇਹੀ ਨਹੀਂ ਸਗੋਂ ਸਿਰਫ਼ ਪ੍ਰਚਾਰ ਹੋਇਆ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ 2025 'ਤੇ ਗੱਲ ਕਰਨਾ ਛੱਡ ਕੇ ਹੁਣ 2047 ਦੇ ਸੁਪਨੇ ਵੇਚ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੱਜ ਕੀ ਝੱਲ ਰਿਹਾ ਹੈ, ਇਹ ਕੌਣ ਵੇਖੇਗਾ? ਰਾਹੁਲ ਗਾਂਧੀ ਵਲੋਂ ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ 'ਚ ਲੋਕਲ ਟ੍ਰੇਨ ਤੋਂ ਡਿਗ ਕੇ ਘੱਟੋ ਘੱਟ 4 ਮੁਸਾਫਿਰਾਂ ਦੀ ਮੌਤ ਅਤੇ 6 ਦੇ ਜ਼ਖ਼ਮੀ ਹੋਣ ਦੀ ਘਟਨਾ ਦੇ ਪਿਛੋਕੜ 'ਚ ਉਕਤ ਪ੍ਰਤੀਕਰਮ ਕੀਤਾ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਟਰੰਪ ਦੇ ਖ਼ਿਲਾਫ਼ ਜਾ ਕੇ ਮਸਕ ਕਰ ਰਹੇ ਨੇ ਵੱਡੀ ਗਲਤੀ: ਵੈਂਸ



**ਬ੍ਰਿਜਵਾਟਰ:** ਦੁਨੀਆ ਦੇ ਸਭ ਤੋਂ ਤਾਕਤਵਰ ਆਗੂ ਡੋਨਲਡ ਟਰੰਪ ਅਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਵਿਚਕਾਰ ਤਕਰਾਰ ਮਗਰੋਂ ਹੁਣ ਉਪ ਰਾਸ਼ਟਰਪਤੀ ਜੇ ਡੀ ਵੈਂਸ ਨੇ ਉਨ੍ਹਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ।

ਵੈਂਸ ਨੇ ਕਿਹਾ ਹੈ ਕਿ ਟਰੰਪ ਖ਼ਿਲਾਫ਼ ਜਾ ਕੇ ਮਸਕ ਬਹੁਤ ਵੱਡੀ ਗਲਤੀ ਕਰ ਰਹੇ ਹਨ। ਉਂਝ ਵੈਂਸ ਨੇ ਮਸਕ ਦੇ ਤਿੱਖੇ ਹਮਲਿਆਂ ਨੂੰ ਅਣਗੌਲਿਆ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਉਹ ਇਕ ਭਾਵੁਕ ਇਨਸਾਨ ਹੈ ਜੋ ਨਿਰਾਸ਼ ਹੋ ਗਿਆ ਹੈ। ਵੈਂਸ ਨੇ ਕਿਹਾ, ''ਮੈਨੂੰ ਆਸ ਹੈ ਕਿ ਐਲਨ ਟੀਮ 'ਚ ਵਾਪਸ ਆ ਜਾਵੇਗਾ। ਹਾਲੇ ਸ਼ਾਇਦ ਇਹ ਸੰਭਵ ਨਹੀਂ ਹੈ ਕਿਉਂਕਿ ਉਸ ਨੇ ਹਮਲਾਵਰ ਰੁਖ ਅਪਣਾਇਆ ਹੋਇਆ ਹੈ।'' ਵੈਂਸ ਤੋਂ ਇਲਾਵਾ ਰਿਪਬਲਿਕਨ ਪਾਰਟੀ ਦੇ ਕਈ ਹੋਰ ਆਗੂਆਂ ਨੇ ਵੀ ਟਰੰਪ ਅਤੇ ਮਸਕ ਨੂੰ ਆਪਣੇ ਮਸਲੇ ਹੱਲ ਕਰਨ ਦੀ ਅਪੀਲ ਕੀਤੀ ਹੈ। ਉਪ ਰਾਸ਼ਟਰਪਤੀ ਨੇ ਕਿਹਾ ਕਿ ਮਸਕ ਵੱਲੋਂ ਟਰੰਪ ਦੇ ਬਿੱਲ ਨੂੰ ਹਰਾਉਣ ਦੀ ਸੋਸ਼ਲ ਮੀਡੀਆ 'ਤੇ ਅਪੀਲ ਕਰਨ ਨਾਲ ਰਾਸ਼ਟਰਪਤੀ ਥੋੜੇ ਨਿਰਾਸ਼ ਹੋ ਗਏ ਹਨ। ਬੱਚਿਆਂ ਦਾ ਸ਼ੋਸ਼ਣ ਕਰਨ ਵਾਲੇ ਜੈਫਰੀ ਐਪਸਟੀਨ ਦੇ ਰਾਸ਼ਟਰਪਤੀ ਨਾਲ ਸਬੰਧ ਹੋਣ ਦਾ ਮਸਕ ਵੱਲੋਂ ਦਾਅਵਾ ਕੀਤੇ ਜਾਣ ਕਾਰਨ ਵੀ ਰੌਲਾ ਪੈ ਗਿਆ। ਇਸ ਮਗਰੋਂ ਮਸਕ ਨੇ ਐਪਸਟੀਨ ਬਾਰੇ ਪਾਈਆਂ ਪੋਸਟਾਂ ਹਟਾ ਲਈਆਂ।

# ਵਿਦੇਸ਼ੀ ਵਿਦਿਆਰਥੀਆਂ ਨੂੰ ਗਰੀਨ ਕਾਰਡ ਦੇਣ ਦੇ ਵਾਅਦੇ ਤੋਂ ਮੁੱਕਰੇ ਟਰੰਪ



**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਨਿਵੇਕਲੀ ਤਜਵੀਜ਼ ਪੇਸ਼ ਕਰਦਿਆਂ ਸਾਰੇ ਵਿਦੇਸ਼ੀ ਵਿਦਿਆਰਥੀਆਂ ਦੇ ਅਮਰੀਕਾ ਤੋਂ ਗਰੈਜੂਏਟ ਹੋਣ 'ਤੇ ਉਨ੍ਹਾਂ ਨੂੰ ਗਰੀਨ ਕਾਰਡ ਦੇਣ ਦਾ ਵਾਅਦਾ ਕੀਤਾ ਸੀ ਪਰ ਹੁਣ ਉਹ ਇਸ ਵਾਅਦੇ ਤੋਂ ਮੁੱਕਰ ਗਏ ਹਨ।

ਹਾਰਵਰਡ ਯੂਨੀਵਰਸਿਟੀ 'ਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲੇ 'ਤੇ ਰੋਕ ਅਤੇ ਨਵੇਂ ਸਟੂਡੈਂਟ ਵੀਜ਼ਾ ਇੰਟਰਵਿਊ ਰੋਕਣ ਨਾਲ ਨੌਜਵਾਨ ਦੁਚਿੱਤੀ 'ਚ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਟਰੰਪ ਜਾਣਬੁੱਝ ਕੇ ਵਿਦੇਸ਼ੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਇਕ ਪੋਡਕਾਸਟ 'ਚ ਵਿਦੇਸ਼ੀ ਵਿਦਿਆਰਥੀਆਂ ਦਾ ਅਮਰੀਕਾ 'ਚ ਸਵਾਗਤ ਕਰਨ ਦਾ ਬਿਆਨ ਦਿੱਤਾ ਸੀ ਪਰ ਹੁਣ ਉਹ ਇਮੀਗਰੇਸ਼ਨ ਰਾਹੀਂ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਂਝ ਹਾਰਵਰਡ ਮਾਮਲੇ 'ਚ ਸੰਘੀ ਜੱਜ ਨੇ ਟਰੰਪ ਦੇ ਹੁਕਮਾਂ 'ਤੇ ਆਰਜ਼ੀ ਰੋਕ ਲਗਾ ਦਿੱਤੀ ਹੈ।

ਦੁਨੀਆ ਭਰ ਦੇ ਵਿਦਿਆਰਥੀਆਂ ਨੇ ਦਾਅਵਾ ਕੀਤਾ ਹੈ ਕਿ ਉਹ ਹੁਣ ਅਮਰੀਕਾ 'ਚ ਡਰ ਅਤੇ ਅਸੁਰੱਖਿਆ ਦੇ ਮਾਹੌਲ 'ਚ ਰਹਿ ਰਹੇ ਹਨ। ਕਈ ਵਿਦਿਆਰਥੀਆਂ ਨੇ ਘਰ ਜਾਣ ਦਾ ਫ਼ੈਸਲਾ ਵੀ ਟਾਲ ਦਿੱਤਾ ਹੈ।

# ਭਾਰਤ 'ਚ ਅਤਿ ਦੀ ਗਰੀਬੀ ਦਰ ਘਟੀ



**ਨਵੀਂ ਦਿੱਲੀ:** ਭਾਰਤ 'ਚ ਅਤਿ ਦੀ ਗਰੀਬੀ ਦਰ 2011-12 'ਚ 27.1 ਫ਼ੀਸਦ ਤੋਂ ਇਕ ਦਹਾਕੇ 'ਚ ਤੇਜ਼ੀ ਨਾਲ ਘਟ ਕੇ 2022-23 'ਚ 5.3 ਫ਼ੀਸਦ ਰਹਿ ਗਈ ਹੈ। ਉਂਝ ਵਿਸ਼ਵ ਬੈਂਕ ਨੇ ਆਪਣੀ ਗਰੀਬੀ ਰੇਖਾ ਦੀ ਹੱਦ ਸੋਧ ਕੇ ਤਿੰਨ ਡਾਲਰ ਪ੍ਰਤੀ ਦਿਨ ਕਰ ਦਿੱਤੀ ਹੈ। ਵਿਸ਼ਵ ਬੈਂਕ ਨੇ ਇਕ ਰਿਪੋਰਟ 'ਚ ਕਿਹਾ ਕਿ 2017 ਅਤੇ 2021 ਦਰਮਿਆਨ ਭਾਰਤ ਦੀ ਮਹਿੰਗਾਈ ਦਰ ਨੂੰ ਦੇਖਦਿਆਂ ਤਿੰਨ ਡਾਲਰ ਦੀ ਸੋਧੀ ਅਤਿ ਦੀ ਗਰੀਬੀ ਰੇਖਾ 2021 ਦੀਆਂ ਕੀਮਤਾਂ 'ਚ ਜ਼ਾਹਿਰਾਨਾ 2.15 ਡਾਲਰ ਦੀ ਹੱਦ ਤੋਂ 15 ਫ਼ੀਸਦ ਵੱਧ ਹੋਵੇਗੀ ਅਤੇ ਇਸ ਦੇ ਸਿੱਟੇ ਵਜੋਂ 2022-23 'ਚ ਗਰੀਬੀ ਦਰ 5.3 ਫ਼ੀਸਦ ਹੋਵੇਗੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ 'ਚ 2024 'ਚ 54,695,832 ਵਿਅਕਤੀ ਤਿੰਨ ਡਾਲਰ ਰੋਜ਼ਾਨਾ ਤੋਂ ਘੱਟ 'ਤੇ ਆਪਣੀ ਜ਼ਿੰਦਗੀ ਬਸਰ ਕਰ ਰਹੇ ਸਨ।

ਇਸ ਤਰ੍ਹਾਂ ਤਿੰਨ ਡਾਲਰ ਰੋਜ਼ਾਨਾ (2021 ਪੀਪੀਪੀ-ਪ੍ਰਤੀਸ਼ਤ ਆਬਾਦੀ) 'ਤੇ ਗਰੀਬੀ ਦਰ 2024 'ਚ 5.44 ਫ਼ੀਸਦ ਹੈ। ਮੁਫ਼ਤ ਤੇ ਰਿਆਇਤੀ ਖੁਰਾਕੀ ਵਸਤਾਂ ਦੇ ਤਬਾਦਲੇ ਨਾਲ ਗਰੀਬੀ 'ਚ ਕਮੀ ਆਈ ਹੈ।

# ਨੱਢਾ ਵੱਲੋਂ ਸਿਹਤਮੰਦ ਭਾਰਤ ਲਈ ਲੂਣ ਤੇ ਤੇਲ ਦੀ ਖਪਤ ਘਟਾਉਣ ਦਾ ਸੱਦਾ




**ਬੰਗਲੂਰੂ:** ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇਪੀ ਨੱਢਾ ਨੇ ਅੱਜ ਇੱਥੇ ਕਿਹਾ ਕਿ ਸਿਹਤਮੰਦ ਭਾਰਤ ਲਈ ਵਿਸ਼ਵ ਖੁਰਾਕ ਸੁਰੱਖਿਆ ਦਿਵਸ ਮੌਕੇ ਹਰ ਭਾਰਤੀ ਨੂੰ ਲੂਣ, ਪ੍ਰੋਸੈਸਡ ਭੋਜਨ ਅਤੇ ਤੇਲ ਦੀ ਖਪਤ 10 ਫ਼ੀਸਦ ਘਟਾਉਣ ਦਾ ਅਹਿਦ ਲੈਣਾ ਚਾਹੀਦਾ ਹੈ। ਨੱਢਾ - ਅਨੁਸਾਰ ਖਾਣ-ਪੀਣ ਦੀਆਂ ਸਹੀ ਆਦਤਾਂ ਬਾਰੇ ਜਾਗਰੂਕਤਾ ਫੈਲਾਉਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ। ਨੱਢਾ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਬੰਗਲੂਰੂ ਦੇ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਜ਼ ਵਿੱਚ ' ਵਿਸ਼ਵ ਖੁਰਾਕ ਸੁਰੱਖਿਆ ਦਿਵਸ ਮਨਾਉਣ ਲਈ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਨੂੰ ਸਿਹਤਮੰਦ ਰਹਿਣ ਅਤੇ ਸਹੀ ਖਾਣ ਲਈ ਆਪਣੀਆਂ ਰਵਾਇਤਾਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਸਾਡੀ ਰਵਾਇਤੀ ਖੁਰਾਕ 'ਚ ਮੋਟੇ ਅਨਾਜ ਤੋਂ ਬਣੀਆਂ ਚੀਜ਼ਾਂ ਸ਼ਾਮਲ ਹਨ। ਸਾਨੂੰ ਇਸ ਪਰੰਪਰਾ ਨੂੰ ਮੁੜ ਸੁਰਜੀਤ ਕਰਨਾ ਚਾਹੀਦਾ ਹੈ।'

# ਸਿੱਕਮ: 76 ਫੌਜੀਆਂ ਨੂੰ ਹੈਲੀਕਾਪਟਰ ਰਾਹੀਂ ਸੁਰੱਖਿਅਤ ਕੱਢਿਆ



**ਗੰਗਟੋਕ:** ਉੱਤਰੀ ਸਿੱਕਮ ਦੇ ਛਤੇਨ 'ਚ 76 ਫੌਜੀਆਂ ਨੂੰ ਸ਼ਨਿਚਰਵਾਰ ਨੂੰ ਹੈਲੀਕਾਪਟਰ ਰਾਹੀਂ ਸੁਰੱਖਿਅਤ ਕੱਢਿਆ ਗਿਆ, ਜਿਥੇ ਮੋਹਲੇਧਾਰ ਮੀਂਹ ਮਗਰੋਂ ਢਿੱਗਾਂ ਡਿੱਗਣ ਕਾਰਨ ਸੜਕ ਸੰਪਰਕ ਟੁੱਟ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਤਾਲਮੇਲ ਬਣਾ ਕੇ ਸਾਰਿਆਂ ਨੂੰ ਉਥੋਂ ਬਾਹਰ ਕੱਢ ਲਿਆ ਗਿਆ ਹੈ। ਇਸ ਤੋਂ ਪਹਿਲਾਂ ਉਥੇ ਫਸੇ ਸਾਰੇ ਸੈਲਾਨੀਆਂ ਨੂੰ ਵੀ ਬਚਾਇਆ ਜਾ ਚੁੱਕਿਆ ਹੈ। ਅਧਿਕਾਰੀ ਨੇ ਦੱਸਿਆ, ''ਕੁੱਲ 76 ਜਵਾਨਾਂ ਨੂੰ ਤਿੰਨ ਐੱਮਆਈ-17 ਹੈਲੀਕਾਪਟਰਾਂ ਰਾਹੀਂ ਕੱਢਿਆ ਗਿਆ। ਛਤੇਨ 'ਚ ਹਵਾਈ ਨਿਕਾਸੀ ਮੁਹਿੰਮ ਅੱਜ ਖ਼ਤਮ ਹੋ ਗਈ। ਹੈਲੀਕਾਪਟਰਾਂ ਨੇ ਜਵਾਨਾਂ ਨੂੰ ਛਤੇਨ ਤੋਂ ਪਾਕਯੋਂਗ ਗਰੀਨਫੀਲਡ ਹਵਾਈ ਅੱਡੇ ਤੱਕ ਪਹੁੰਚਾਇਆ।''

# 28 ਸਾਲਾਂ 'ਚ ਮੁਕੰਮਲ ਹੋਇਆ ਊਧਮਪੁਰ-ਸ੍ਰੀਨਗਰ-ਬਾਰਾਮੁੱਲਾ ਰੇਲ ਲਿੰਕ ਪ੍ਰਾਜੈਕਟ



**ਕਟੜਾ:** ਕਰੀਬ 272 ਕਿਲੋਮੀਟਰ ਲੰਬਾ ਊਧਮਪੁਰ-ਸ੍ਰੀਨਗਰ-ਬਾਰਾਮੁੱਲਾ ਰੇਲ ਲਿੰਕ ਪ੍ਰਾਜੈਕਟ ਮੁਕੰਮਲ ਹੋਣ 'ਤੇ ਕਰੀਬ 28 ਸਾਲ ਲੱਗ ਗਏ। ਇਸ ਪ੍ਰਾਜੈਕਟ 'ਤੇ 1997 'ਚ ਕੰਮ ਸ਼ੁਰੂ ਹੋਇਆ ਸੀ। ਜੰਮੂ ਅਤੇ ਊਧਮਪੁਰ ਵਿਚਕਾਰਲਾ 55 ਕਿਲੋਮੀਟਰ ਦਾ ਸੈਕਸ਼ਨ ਅਪਰੈਲ 2005 'ਚ ਮੁਕੰਮਲ ਹੋ ਗਿਆ ਸੀ। ਉੱਤਰੀ ਰੇਲਵੇ ਮੁਤਾਬਕ ਸਾਰੇ ਪ੍ਰਾਜੈਕਟ 'ਤੇ ਕਈ ਪੜਾਵਾਂ 'ਚ ਕੰਮ ਮੁਕੰਮਲ ਹੋਇਆ ਅਤੇ ਆਖਰੀ ਪੜਾਅ ਦਾ ਉਦਘਾਟਨ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ। ਜੰਮੂ-ਊਧਮਪੁਰ ਸੈਕਸ਼ਨ ਦੀ ਸ਼ੁਰੂਆਤ ਮਗਰੋਂ ਤਤਕਾਲੀ ਯੂਪੀਏ ਸਰਕਾਰ ਨੇ ਕਸ਼ਮੀਰ 'ਚ ਸੈਕਸ਼ਨਾਂ 'ਤੇ ਧਿਆਨ ਕੇਂਦਰਤ ਕੀਤਾ ਸੀ ਅਤੇ 68 ਕਿਲੋਮੀਟਰ ਲੰਬੇ ਅਨੰਤਨਾਗ-ਮਾਜ਼ੋਮ ਰੇਲ ਲਿੰਕ ਅਕਤੂਬਰ 2008 'ਚ ਸ਼ੁਰੂ ਹੋ ਗਿਆ ਸੀ। ਰੇਲਵੇ ਨੇ ਇਕ ਹੋਰ ਮੀਲ ਪੱਥਰ ਉਸ ਸਮੇਂ ਹਾਸਲ ਕੀਤਾ ਸੀ ਜਦੋਂ ਜੂਨ 2013 'ਚ ਕਾਜ਼ੀਗੁੰਡ ਤੋਂ ਬਨੀਹਾਲ ਲਈ ਰੇਲ ਸੇਵਾਵਾਂ ਸ਼ੁਰੂ ਹੋ ਗਈਆਂ ਸਨ।

# ਮੁਰਸ਼ਿਦਾਬਾਦ ਹਿੰਸਾ ਦੇ ਦੋਸ਼ ਵਿਚ 13 ਖ਼ਿਲਾਫ਼ ਚਾਰਜਸ਼ੀਟ ਦਾਖ਼ਲ



**ਕੋਲਕਾਤਾ:** ਪੱਛਮੀ ਬੰਗਾਲ ਪੁਲੀਸ ਨੇ ਅਪਰੈਲ ਵਿੱਚ ਮੁਰਸ਼ਿਦਾਬਾਦ ਦੇ ਜ਼ਫਰਾਬਾਦ ਹਿੰਸਾ ਵਿੱਚ ਪਿਉ-ਪੁੱਤ ਦੇ ਦੋਹਰੇ ਕਤਲ ਮਾਮਲੇ ਵਿੱਚ 13 ਜਣਿਆਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਹੈ। ਅਧਿਕਾਰੀ ਨੇ ਦੱਸਿਆ ਕਿ ਹਰਗੋਬਿੰਦ ਦਾਸ (74) ਅਤੇ ਉਸ ਦੇ ਪੁੱਤਰ ਚੰਦਨ ਦਾਸ (40) ਨੂੰ 11 ਅਪਰੈਲ ਨੂੰ ਧੂਲੀਆ-ਸੂਤੀ-ਸ਼ਮਸ਼ੇਰਗੰਜ ਵਿਚ ਹੋਈ ਫਿਰਕੂ ਹਿੰਸਾ ਦੌਰਾਨ ਕਤਲ ਕਰ ਦਿੱਤਾ ਗਿਆ ਸੀ। ਪੁਲੀਸ ਨੇ 900 ਪੰਨਿਆਂ ਦੀ ਚਾਰਜਸ਼ੀਟ ਵਿੱਚ ਦਾਅਵਾ ਕੀਤਾ ਕਿ ਇਸ ਹਿੰਸਾ ਦੌਰਾਨ ਹਰਗੋਬਿੰਦ ਦਾਸ ਅਤੇ ਉਸ ਦੇ ਲੜਕੇ ਚੰਦਨ ਨੂੰ ਪਹਿਲਾਂ ਉਸ ਦੇ ਘਰ ਤੋਂ ਘਸੀਟ ਕੇ ਬਾਹਰ ਕੱਢਿਆ ਗਿਆ ਅਤੇ ਫਿਰ ਉਸ ਦੇ ਪਰਿਵਾਰ ਸਾਹਮਣੇ ਕੁਹਾੜੀ ਨਾਲ ਦੋਵਾਂ ਦੀ ਹੱਤਿਆ ਕਰ ਦਿੱਤੀ ਗਈ। ਜ਼ਿਲ੍ਹੇ ਵਿੱਚ ਵਕਫ਼ (ਸੋਧ) ਐਕਟ, 2025 ਖ਼ਿਲਾਫ਼ ਪ੍ਰਦਰਸ਼ਨਾਂ ਦੌਰਾਨ ਫਿਰਕੂ ਹਿੰਸਾ ਹੋਈ ਸੀ। ਦੰਗਿਆਂ ਵਿੱਚ ਘੱਟੋ-ਘੱਟ ਤਿੰਨ ਜਣੇ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ ਸਨ।

# ਸੁਖਦੇਵ ਸਿੰਘ ਢੀਂਡਸਾ ਨੂੰ ਵੱਖ-ਵੱਖ ਆਗੂਆਂ ਵਲੋਂ ਸ਼ਰਧਾਂਜਲੀਆਂ

**ਸੰਗਰੂਰ:** ਮਰਹੂਮ ਟਕਸਾਲੀ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸ੍ਰ. ਸੁਖਦੇਵ ਸਿੰਘ ਢੀਂਡਸਾ, ਜਿਨ੍ਹਾਂ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ, ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਅੱਜ ਸਥਾਨਕ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਕੀਤਾ ਗਿਆ। ਰਾਗੀ ਸਿੰਘਾਂ ਵਲੋਂ ਇਲਾਹੀ ਬਾਣੀ ਦੇ ਕੀਰਤਨ ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਅਮਰਜੀਤ ਸਿੰਘ ਵਲੋਂ ਅਰਦਾਸ ਕੀਤੀ ਗਈ। ਸ਼ਰਧਾਂਜਲੀ ਸਮਾਗਮ ਦਾ ਮੰਚ ਸੰਚਾਲਨ ਕਰਦਿਆਂ ਸੀਨੀਅਰ ਅਕਾਲੀ ਆਗੂ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਸ: ਢੀਂਡਸਾ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਦਾ ਜ਼ਿਕਰ ਕੀਤਾ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਵੀ ਪੁੱਜ ਕੇ ਸ. ਢੀਂਡਸਾ ਨੂੰ ਸ਼ਰਧਾਂਜਲੀ ਭੇਟ ਕੀਤੀਆਂ। ਇੱਥੇ ਪੁੱਜੀਆਂ ਹੋਰ ਹਸਤੀਆਂ ਵਿੱਚ ਸੁਖਬੀਰ ਸਿੰਘ ਬਾਦਲ, ਸੁਨੀਲ ਕੁਮਾਰ ਜਾਖੜ, ਅਮਨ ਅਰੋੜਾ, ਬਾਬਾ ਹਰਨਾਮ ਸਿੰਘ ਧੁੰਮਾ, ਪ੍ਰਤਾਪ ਸਿੰਘ ਬਾਜਵਾ, ਗਿ: ਹਰਪ੍ਰੀਤ ਸਿੰਘ, ਤਰਲੋਚਨ ਸਿੰਘ ਦਿੱਲੀ, ਤਰੁਣ ਚੁੱਘ ਸ਼ਾਮਿਲ ਸਨ।

## ਸ. ਢੀਂਡਸਾ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ: ਸੁਖਬੀਰ

ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ: ਢੀਂਡਸਾ ਨਾਲ ਆਪਣੀ ਆਖਰੀ ਮੁਲਾਕਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਸ: ਢੀਂਡਸਾ ਦੀ ਸਿਹਤ ਦਾ ਪਤਾ ਕਰਨ ਗਏ ਤਾਂ ਉਹ ਕਹਿਣ ਲੱਗੇ ਕਿ ਅਕਾਲੀ ਦਲ 'ਚ ਇੱਕਜੁਟਤਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਪੁਰਾਣੀ ਲੀਡਰਸ਼ਿਪ ਨੇ ਸੰਘਰਸ਼ ਅਤੇ ਜੇਲ੍ਹਾਂ ਵੇਖੀਆਂ, ਅਨੇਕਾਂ ਮੁਸ਼ਕਿਲਾਂ 'ਚੋਂ ਲੰਘਣਾ ਪਿਆ।

### ਧਾਮੀ, ਪਰਮਿੰਦਰ ਢੀਂਡਸਾ ਅਤੇ ਡਾ. ਹਮਦਰਦ ਨੇ ਕੀਤਾ ਸੰਗਤ ਦਾ ਧੰਨਵਾਦ





## ਸ. ਢੀਂਡਸਾ ਨੇ ਕੌਮ ਅਤੇ ਰਾਜ ਦੇ ਹਿਤਾਂ ਨੂੰ ਪਹਿਲ ਦਿੱਤੀ: ਡਾ. ਹਮਦਰਦ

ਸ: ਢੀਂਡਸਾ ਦੇ ਨਿੱਜੀ ਮਿੱਤਰ ਡਾ: ਬਰਜਿੰਦਰ ਸਿੰਘ ਹਮਦਰਦ ਪ੍ਰਬੰਧਕੀ ਸੰਪਾਦਕ 'ਅਜੀਤ' ਨੇ ਉਨ੍ਹਾਂ ਨੂੰ ਬੇਹੱਦ ਪਿਆਰੀ ਸ਼ਖ਼ਸੀਅਤ ਦੱਸਦਿਆਂ ਕਿਹਾ ਕਿ ਸ: ਢੀਂਡਸਾ ਨੇ ਸਫ਼ਲ ਜੀਵਨ ਬਤੀਤ ਕੀਤਾ ਹੈ ਕਿਉਂਕਿ ਉਨ੍ਹਾਂ 'ਤੇ ਹਰ ਕੋਈ ਵਿਸ਼ਵਾਸ ਕਰਦਾ ਸੀ।

ਉਨ੍ਹਾਂ ਕਿਹਾ ਕਿ ਸ: ਢੀਂਡਸਾ ਨੇ ਕੌਮ, ਭਾਈਚਾਰੇ ਅਤੇ ਰਾਜ ਦੇ ਹਿਤਾਂ ਨੂੰ ਪਹਿਲ ਦਿੱਤੀ। ਉਹ ਜਿਸ ਦੇ ਵੀ ਸੰਪਰਕ 'ਚ ਆਏ, ਉਸ ਦਾ ਵਿਸ਼ਵਾਸ ਜਿੱਤ ਲਿਆ ਅਤੇ ਆਪਣੇ ਪ੍ਰਤੀ ਵਿਸ਼ਵਾਸ ਨੂੰ ਲਗਾਤਾਰ ਵਧਾਇਆ। ਡਾ: ਹਮਦਰਦ ਨੇ ਕਿਹਾ ਕਿ ਉਨ੍ਹਾਂ ਦਾ ਸਿਆਸੀ ਜੀਵਨ ਬੇਦਾਗ਼ ਰਿਹਾ।

ਉਨ੍ਹਾਂ ਨੇ ਅਕਾਲੀ ਦਲ ਦੀ ਭਾਵਨਾ ਨੂੰ ਅਪਣਾਇਆ ਅਤੇ ਉਸ 'ਤੇ ਅਖ਼ੀਰ ਤੱਕ ਕਾਇਮ ਰਹੇ।

ਉਨ੍ਹਾਂ ਕਿਹਾ ਕਿ ਸ: ਪ੍ਰਕਾਸ਼ ਸਿੰਘ ਬਾਦਲ ਸਿਆਸੀ ਖੇਤਰ 'ਚ ਸਭਤੋਂ ਵੱਧ ਵਿਸ਼ਵਾਸ ਸ: ਢੀਂਡਸਾ 'ਤੇ ਕਰਦੇ ਸਨ, ਕਿਉਂਕਿ ਉਨ੍ਹਾਂ ਦੇ ਮਨ ਵਿਚ ਕਿਸੇ ਪ੍ਰਤੀ ਮੰਦਭਾਵਨਾ ਨਹੀਂ ਸੀ। ਉਨ੍ਹਾਂ ਸ. ਢੀਂਡਸਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪੰਜਾਬ ਅਤੇ ਕੌਮ ਪ੍ਰਤੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।

## ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਬਚਾਉਣ ਦੀ ਲੋੜ: ਜਾਖੜ

ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਸ. ਢੀਂਡਸਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅੱਜ ਪੰਜਾਬ ਦੀ ਸਭ ਤੋਂ ਵੱਡੀ ਲੋੜ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਬਚਾਉਣ ਦੀ ਹੈ। ਉਨ੍ਹਾਂ ਅਕਾਲੀ ਲੀਡਰਸ਼ਿਪ ਆਪਸੀ ਮਤਭੇਦ ਅਤੇ ਹਉਮੈ ਤਿਆਗ ਇੱਕਜੁਟ ਹੋਣ ਦੀ ਅਪੀਲ ਕੀਤੀ।

## ਸ. ਢੀਂਡਸਾ ਦੂਰਅੰਦੇਸ਼ ਅਤੇ ਸੁਝਵਾਨ ਆਗੂ ਸਨ: ਬਾਜਵਾ

ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸ: ਢੀਂਡਸਾ ਨੂੰ ਇਕ ਦੂਰਅੰਦੇਸ਼ ਅਤੇ ਸੁਝਵਾਨ ਆਗੂ ਦੱਸਦਿਆਂ ਕਿਹਾ ਕਿ ਉਹ ਆਪਣੀ ਕਾਬਲੀਅਤ ਸਦਕਾ ਇਕ ਸਾਧਾਰਨ ਪਰਿਵਾਰ 'ਚੋਂ ਕੇਂਦਰੀ ਮੰਤਰੀ ਦੇ ਅਹੁਦੇ ਤੱਕ ਪਹੁੰਚੇ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਸ: ਢੀਂਡਸਾ ਅਜਿਹੇ ਨੇਤਾ ਸਨ, ਜਿਨ੍ਹਾਂ ਨੇ ਹਮੇਸ਼ਾ ਪੰਜਾਬ ਦੇ ਹਿਤਾਂ ਦੀ ਗੱਲ ਕੀਤੀ।

ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਸੁਖਦੇਵ ਸਿੰਘ ਚੱਕ ਤੇ ਜਸਵੰਤ ਸਿੰਘ ਪੁੜੈਣ ਨੇ ਵੀ ਸ: ਢੀਂਡਸਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਸਿੱਖ ਕੌਮ ਨੂੰ ਉੱਚ ਕਿਰਦਾਰ ਵਾਲੀ ਸਿਧਾਂਤਕ ਲੀਡਰਸ਼ਿਪ ਦੀ ਲੋੜ: ਇੰਟਰਨੈਸ਼ਨਲ ਸਿੱਖ ਫੈਡਰੇਸ਼ਨ

**ਸ੍ਰੀਨਗਰ:** ਪਿਛਲੇ ਸਮੇਂ ਦੌਰਾਨ ਸਮਝੌਤਾਵਾਦੀ ਲੀਡਰਸ਼ਿਪ ਨੇ ਸਿੱਖ ਕੌਮ ਦੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਸਿੱਖਾਂ ਦੀਆਂ ਦੁਸ਼ਮਣ ਜਮਾਤਾਂ ਨਾਲ ਗਠਜੋੜ ਕੀਤੇ, ਜਿਸ ਕਾਰਨ ਸਿੱਖ ਕੌਮ ਦਾ ਵਿਸ਼ਵਾਸ ਸਿੱਖਾਂ ਦੀ ਨੁਮਾਇੰਦਾ ਪਾਰਟੀ ਤੋਂ ਹੀ ਉੱਠ ਗਿਆ। ਇਸ ਸਮੇਂ ਸਿੱਖ ਕੌਮ ਨੂੰ ਉੱਚ ਕਿਰਦਾਰ ਵਾਲੇ ਸਿਧਾਂਤਕ ਆਗੂਆਂ ਦੀ ਜ਼ਰੂਰਤ ਹੈ। ਇਹ ਵਿਚਾਰ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਮੇਜਰ ਸਿੰਘ ਖਾਲਸਾ ਨੇ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਅਤੇ ਭਾਈ ਪਰਮਜੀਤ ਸਿੰਘ ਖਾਲਸਾ ਦੀ ਯਾਦ ਨੂੰ ਸਮਰਪਿਤ ਸ੍ਰੀਨਗਰ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਨੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਸਮਝੌਤਾਵਾਦੀ ਲੀਡਰਾਂ ਕਰਕੇ ਸਮੁੱਚੀ ਕੌਮ ਨਾਜ਼ੁਕ ਹਾਲਾਤ ਵਿਚੋਂ ਲੰਘ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜ ਤਖ਼ਤ ਸਾਹਿਬਾਨ ਵਿਚ ਟਕਰਾਅ ਬਹੁਤ ਮੰਦਭਾਗਾ ਹੈ ਅਤੇ ਇਸ ਟਕਰਾਅ ਦਾ ਮੁੱਖ ਕਾਰਨ ਵੀ ਅਜਿਹੇ ਮਤਲਬਪ੍ਰਸਤ ਆਗੂ ਹੀ ਹਨ। ਮੌਜੂਦਾ ਸਮੇਂ ਸਿਧਾਂਤਵਾਦੀ ਗੁਰਸਿੱਖ ਕਿਰਦਾਰ ਵਾਲੇ ਆਗੂਆਂ ਨੂੰ ਉਭਾਰਨ ਦੀ ਲੋੜ ਹੈ ਤਾਂ ਜੋ ਕੌਮ ਅਤੇ ਪੰਜਾਬ ਸੂਬੇ ਨੂੰ ਖੁਸ਼ਹਾਲੀ ਵੱਲ ਲਿਜਾਣ ਦੇ ਰਾਹ ਸੁਖਾਲੇ ਕੀਤੇ ਜਾ ਸਕਣ। ਇਸ ਸਮਾਗਮ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਮੁੱਖ ਗ੍ਰੰਥੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਗ੍ਰੰਥੀ ਦਰਬਾਰ ਸਾਹਿਬ ਨੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਇਸ ਮੌਕੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਦੀਪ ਸਿੰਘ, ਭਾਈ ਇੰਦਰਜੀਤ ਸਿੰਘ ਸਾਗਰ ਲੁਧਿਆਣੇ ਵਾਲੇ ਅਤੇ ਹੋਰ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਇਸ ਮੌਕੇ ਨੌਜਵਾਨਾਂ ਨੂੰ ਫੈਡਰੇਸ਼ਨ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਭਾਈ ਬਲਜੀਤ ਸਿੰਘ ਬੀਤਾ ਕੋਆਰਡੀਨੇਟਰ, ਮਨਜੀਤ ਸਿੰਘ ਖਾਲਸਾ ਲੁਧਿਆਣਾ, ਮਨਜੀਤ ਸਿੰਘ ਪ੍ਰਧਾਨ, ਰਾਜਪਾਲ ਸਿੰਘ ਜਨਰਲ ਸਕੱਤਰ ਵਲੋਂ ਜੰਮੂ ਕਸ਼ਮੀਰ ਦੀਆਂ ਨਾਮਵਰ ਸ਼ਖ਼ਸੀਅਤਾਂ ਨਰਿੰਦਰ ਸਿੰਘ ਖਾਲਸਾ ਜੰਮੂ, ਬਲਦੇਵ ਸਿੰਘ ਪੀਕਸ, ਗੁਰਜੀਤ ਸਿੰਘ ਕਿੰਗੀ, ਭਾਈ ਕੁਲਦੀਪ ਸਿੰਘ ਸੋਢੀ ਸ੍ਰੀਨਗਰ ਆਦਿ ਨੂੰ ਸਨਮਾਨਿਤ ਕੀਤਾ ਗਿਆ।

# ਕਤਲ 'ਚ ਸ਼ਾਮਿਲ ਜੱਗੂ ਭਗਵਾਨਪੁਰੀਆ ਦਾ ਸਾਥੀ ਗ੍ਰਿਫ਼ਤਾਰ

**ਚੰਡੀਗੜ੍ਹ:** ਗੈਂਗਸਟਰ ਵਿਰੋਧੀ ਟਾਸਕ ਫੋਰਸ ਨੇ ਘੁਮਾਣ ਵਿਚ ਹੋਈ ਸਨਸਨੀਖੇਜ਼ ਗੋਲੀਬਾਰੀ ਦੀ ਵਾਰਦਾਤ ਦੇ ਸੰਬੰਧ ਵਿਚ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਕਰੀਬੀ ਸਾਥੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਨੈਲਸਨ ਮਸੀਹ ਉਰਫ਼ ਸੰਨੀ ਵਜੋਂ ਹੋਈ ਹੈ, ਜੋ ਗੁਰਦਾਸਪੁਰ ਦੇ ਪਿੰਡ ਅਠਵਾਲ ਦਾ ਰਹਿਣ ਵਾਲਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦਾ ਲੰਮਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਕਤਲ, ਇਰਾਦਾ ਕਤਲ, ਡਕੈਤੀ, ਲੁੱਟ-ਖੋਹ ਅਤੇ ਅਸਲਾ ਐਕਟ ਦੀ ਉਲੰਘਣਾ ਸਮੇਤ ਲਗਭਗ ਸੱਤ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ।

ਉਨ੍ਹਾਂ ਦੱਸਿਆ ਕਿ 26 ਮਈ, 2025 ਦੀ ਸ਼ਾਮ ਨੂੰ ਬਟਾਲਾ ਦੇ ਪਿੰਡ ਘੁਮਾਣ ਵਿਖੇ, ਘੁਮਾਣ ਤੋਂ ਸ੍ਰੀ ਹਰਗੋਬਿੰਦਪੁਰ ਸੜਕ 'ਤੇ ਸਥਿਤ ਪੈਟਰੋਲ ਪੰਪ ਦੇ ਬਾਹਰ ਗੋਲੀਕਾਂਡ ਹੋਇਆ ਸੀ, ਜਿਸ ਦੌਰਾਨ ਗੁਰਪ੍ਰੀਤ ਸਿੰਘ ਗੋਰਾ ਉਰਫ਼ ਗੋਰਾ ਬਰਿਆਰ ਦੀ ਮੌਤ ਹੋ ਗਈ ਸੀ ਅਤੇ ਬਿੱਲਾ



ਗੈਂਗਸਟਰ ਜੱਗੂ ਭਗਵਾਨਪੁਰੀਆ

ਮੰਡਿਆਲਾ ਜ਼ਖਮੀ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਭਗਵਾਨਪੁਰੀਆ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਮੁਲਜ਼ਮ ਮਸੀਹ ਨੇ ਗੋਰਾ ਬਰਿਆਰ ਦੇ ਕਤਲ ਦੀ ਸਾਜ਼ਿਸ਼ ਰਚੀ ਸੀ ਅਤੇ ਆਪਣੇ ਤਿੰਨ ਸਾਥੀਆਂ ਨਾਲ ਮਿਲ ਕੇ ਇਸ ਹਮਲੇ ਨੂੰ ਅੰਜਾਮ ਦਿੱਤਾ। ਸੀ। ਡੀ.ਜੀ.ਪੀ. ਨੇ ਕਿਹਾ ਕਿ ਇਸ ਮਾਮਲੇ ਵਿਚ ਬਾਕੀ ਮੁਲਜ਼ਮਾਂ ਦੀ ਭਾਲ ਅਤੇਗ੍ਰਿਫ਼ਤਾਰੀ ਲਈ ਹੋਰ ਜਾਂਚ ਜਾਰੀ ਹੈ। ਗ੍ਰਿਫ਼ਤਾਰ ਵਿਅਕਤੀ ਨੂੰ ਅਗਲੀ ਕਾਰਵਾਈ ਲਈ ਬਟਾਲਾ ਪੁਲਿਸ ਦੇ ਹਵਾਲੇ ਕਰ ਦਿੱਤਾ। ਗਿਆ ਹੈ। ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏ.ਡੀ.ਜੀ.ਪੀ.) ਏ.ਜੀ.ਟੀ.ਐਫ਼. ਪ੍ਰਮੋਦ ਬਾਨ ਨੇ ਕਿਹਾ ਕਿ ਗੋਰਾ ਬਰਿਆਰ ਕਤਲ ਕੇਸ ਵਿਚ ਸ਼ਾਮਿਲ ਮੁੱਖ ਮੁਲਜ਼ਮ ਦੀ ਬਟਾਲਾ ਦੇ ਅਧਿਕਾਰ ਖੇਤਰ ਵਿਚ ਮੌਜੂਦਗੀ ਦੀ ਗੁਪਤ ਇਤਲਾਹ ਮਿਲੀ ਸੀ, ਜਿਸ ਤੋਂ ਬਾਅਦ ਏ.ਜੀ.ਟੀ.ਐਫ਼. ਦੀਆਂ ਟੀਮਾਂ ਨੇ ਡੀ.ਐਸ.ਪੀ. ਰਾਜਨ ਪਰਮਿੰਦਰ ਦੀ ਨਿਗਰਾਨੀ ਹੇਠ ਬਟਾਲਾ ਪੁਲਿਸ ਦੀ ਟੀਮਾਂ ਨਾਲ ਮਿਲ ਕੇ ਨੈਲਸਨ ਮਸੀਹ ਨੂੰ ਪਿੰਡ ਸ਼ਾਹਬਾਦ ਨੇੜੇ ਕਾਦੀਆਂ-ਬਟਾਲਾ ਸੜਕ ਤੋਂ ਗ੍ਰਿਫ਼ਤਾਰ ਕਰ. ਲਿਆ। ਏ.ਡੀ.ਜੀ.ਪੀ. ਨੇ ਕਿਹਾ ਕਿ ਇਸ ਮਾਮਲੇ ਵਿਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਇਸ ਸਬੰਧੀ ਬਟਾਲਾ ਦੇ ਪੁਲਿਸ ਸਟੇਸ਼ਨ ਘੁਮਾਣ ਵਿਖੇ ਬੀ.ਐਨ.ਐਸ ਦੀ ਧਾਰਾ 103, 109, 111 ਅਤੇ ਧਾਰਾ 25 ਤਹਿਤ 26.5.25 ਨੂੰ ਐਫ਼. ਆਈ. ਆਰ 89 ਅਧੀਨ ਕੇਸ ਦਰਜ ਕੀਤਾ ਗਿਆ ਸੀ।

# ਨਾਸਿਰ ਢਿੱਲੋਂ ਵਲੋਂ ਆਈ.ਐੱਸ.ਆਈ. ਨਾਲ ਸੰਬੰਧਾਂ ਤੋਂ ਇਨਕਾਰ

**ਅੰਮ੍ਰਿਤਸਰ:** ਯੂ-ਟਿਊਬਰ ਜੋਤੀ ਮਲਹੋਤਰਾ, ਜਸਬੀਰ ਸਿੰਘ ਮਾਹਲ ਸਮੇਤ ਹੋਰਾਂ ਦੀ ਹਾਲ ਹੀ 'ਚ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਜਾਸੂਸੀ ਰੈਕੇਟ ਦੇ ਮੁੱਖ ਸਾਜ਼ਿਸ਼ਕਾਰ ਵਜੋਂ ਨਾਂਅ ਸਾਹਮਣੇ ਆਉਣ ਉਪਰੰਤ ਪਾਕਿ ਦੇ ਸਾਬਕਾ ਟ੍ਰੈਫਿਕ ਪੁਲਿਸ ਸਬ-ਇੰਸਪੈਕਟਰ ਨਾਸਿਰ ਢਿੱਲੋਂ ਨੇ ਸਾਊਦੀ ਅਰਬ ਤੋਂ 29 ਮਿੰਟ 9 ਸੈਕੰਡ ਦੀ ਇਕ ਵੀਡੀਓ ਸੋਸ਼ਲ ਮੀਡੀਆ ਰਾਹੀਂ ਜਾਰੀ ਕਰਕੇ ਜਾਸੂਸੀ ਨੈੱਟਵਰਕ ਦੇ ਸਾਜ਼ਿਸ਼ਕਾਰ ਵਜੋਂ ਲਗਾਏ ਜਾ ਰਹੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਾਲ ਰੱਦ ਕੀਤਾ ਹੈ। ਪਾਕਿਸਤਾਨ ਦੀ ਬਦਨਾਮ ਖੁਫ਼ੀਆ ਏਜੰਸੀ ਆਈ.ਐੱਸ.ਆਈ.ਨਾਲ ਸੰਬੰਧਾਂ ਤੋਂ ਇਨਕਾਰ ਕਰਦਿਆਂ ਢਿੱਲੋਂ ਨੇ ਕਿਹਾ ਕਿ ਉਹ ਆਪਣੇ ਦੋਵੇਂ ਮੋਬਾਈਲ ਫ਼ੋਨ ਭਾਰਤੀ ਖੁਫ਼ੀਆ ਏਜੰਸੀਆਂ ਨੂੰ ਸੌਂਪਣ ਲਈ ਤਿਆਰ ਹੈ ਤਾਂ ਜੋ ਉਹ ਉਸ ਦੀ ਕਥਿਤ ਭਾਰਤੀ ਜਾਸੂਸਾਂ ਨਾਲ ਹੋਈ ਗੱਲਬਾਤ (ਚੈਟ) ਦੀ ਜਾਂਚ ਕਰ ਸਕਣ।

ਉਸ ਨੇ ਗੱਲਬਾਤ ਦੌਰਾਨ ਭਾਰਤੀ ਯੂ-ਟਿਊਬਰ ਜਸਬੀਰ ਸਿੰਘ ਮਾਹਲ ਨਾਲ ਸੋਸ਼ਲ ਮੀਡੀਆ 'ਤੇ ਹੋਈ ਗੱਲਬਾਤ ਸਾਂਝੀ ਕਰਦਿਆਂ ਦਾਅਵਾ ਕੀਤਾ ਕਿ ਉਸ ਦੀ ਅੱਜ ਤੱਕ ਉਕਤ ਭਾਰਤੀ ਯੂਟਿਊਬਰਾਂ ਨਾਲ ਇਕ ਵੀ ਮੁਲਾਕਾਤ ਨਹੀਂ ਹੋਈ ਤੇ ਉਹ ਦੋਵੇਂ ਨਿਰਦੋਸ਼ ਹਨ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਉਸ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜਾਣ 'ਤੇ ਆਈ. ਐਸ.



ਆਈ. ਦੇ ਲੋਕ ਘੰਟਿਆਂ-ਬੱਧੀ ਪੁੱਛਗਿੱਛ ਕਰਕੇ ਤੰਗ ਪ੍ਰੇਸ਼ਾਨ ਕਰਦੇ ਸਨ, ਇਸ ਲਈ ਉਹ ਦੋ ਸਾਲ ਤੋਂ ਸ੍ਰੀ ਕਰਤਾਰਪੁਰ ਸਾਹਿਬ ਵੀ ਨਹੀਂ ਜਾ ਸਕਿਆ। ਨਾਸਿਰ ਢਿੱਲੋਂ ਨੇ ਦਿੱਲੀ ਸਥਿਤ ਪਾਕਿ ਦੂਤਘਰ 'ਚ ਵੀਜ਼ਾ ਅਧਿਕਾਰੀ ਵਜੋਂ ਕੰਮ ਕਰ ਚੁਕੇ ਆਈ.ਐਸ. ਆਈ. ਅਧਿਕਾਰੀ ਅਹਿਸਾਨ-ਉਰ-ਰਹੀਮ ਉਰਫ਼ ਦਾਨਿਸ਼ ਨੂੰ ਕਲੀਨ ਚਿੱਟ ਦਿੰਦਿਆਂ ਉਸ ਨੂੰ ਪਾਕਿਸਤਾਨੀ ਸਫ਼ੀਰ ਦਾ ਨਿੱਜੀ ਸਹਾਇਕ ਦੱਸਿਆ। ਢਿੱਲੋਂ ਨੇ ਇਹ ਵੀ ਸਫ਼ਾਈ ਦਿੱਤੀ ਕਿ ਉਸ ਨੇ ਭਾਰਤ ਤੋਂ ਪਾਕਿ ਜਾਣ ਵਾਲੇ ਸ਼ੱਕੀ ਯੂ-ਟਿਊਬਰਾਂ ਲਈ ਸਿਰਫ਼ ਵੀਜ਼ੇ ਲਈ ਸਪਾਂਸਰਸ਼ਿਪ ਭੇਜੀ ਸੀ ਤੇ ਸਫ਼ਾਰਤਖਾਨੇ ਦੇ ਅਧਿਕਾਰੀਆਂ ਦੇ ਫ਼ੋਨ ਨੰਬਰ ਹੀ ਇਲਾਵਾ ਉਸ ਦੀ ਉਕਤ ਯੂ'ਟਿਊਬਰਾਂ ਤੇ ਹੋਰਾਂ ਨੂੰ ਪਾਕਿ ਲਿਆਉਣ 'ਚ ਕੋਈ ਭੂਮਿਕਾ ਨਹੀਂ ਰਹੀ।

ਉਸ ਨੇ ਗੱਲਬਾਤ ਦੌਰਾਨ ਸਵੀਕਾਰ ਕੀਤਾ ਕਿ ਉਹ ਪਾਕਿਸਤਾਨੀ ਸਫ਼ਾਰਤਖਾਨੇ ਦੇ ਅਧਿਕਾਰੀਆਂ ਨੂੰ ਕੁਝ ਚੋਣਵੇਂ ਭਾਰਤੀਆਂ ਤੇ ਖ਼ਾਸ ਤੌਰ 'ਤੇ ਯੂ-ਟਿਊਬਰਾਂ ਦੇ ਵੀਜ਼ੇ ਲਗਵਾਉਣ ਲਈ ਸਿਫ਼ਾਰਿਸ਼ ਕਰ ਰਿਹਾ ਸੀ, ਪਰ ਉਸ ਨੇ ਉਨ੍ਹਾਂ ਨੂੰ ਆਈ.ਐੱਸ.ਆਈ. ਦੇ ਅਧਿਕਾਰੀਆਂ ਨਾਲ ਨਹੀਂ ਮਿਲਾਇਆ।

ਦੱਸਿਆ ਜਾ ਰਿਹਾ ਹੈ ਕਿ ਤਕਨੀਕੀ ਤੌਰ 'ਤੇ ਦਿੱਲੀ ਸਥਿਤ ਪਾਕਿ ਦੂਤਘਰ 'ਚ ਜਥਿਆਂ ਤੋਂ ਇਲਾਵਾ ਭਾਰਤੀ ਨਾਗਰਿਕਾਂ ਨੂੰ ਸੈਲਾਨੀ ਵੀਜ਼ਾ ਜਾਰੀ ਕਰਨ ਦੀ ਕੋਈ ਪ੍ਰਕਿਰਿਆ ਨਹੀਂ ਹੈ, ਪਰ ਢਿੱਲੋਂ ਦੀ ਸਿਫ਼ਾਰਸ਼ ਤੇ ਸਪਾਂਸਰਸ਼ਿਪ 'ਤੇ ਪਾਕਿਸਤਾਨੀ ਸਫ਼ਾਰਤਖਾਨਾ ਵਿਜ਼ਟਰ ਵੀਜ਼ਾ ਜਾਰੀ ਕਰ ਰਿਹਾ ਸੀ।

## ਮੋਦੀ 'ਚ ਪ੍ਰੈੱਸ ਦੇ ਸਿੱਧੇ ਸਵਾਲਾਂ ਦਾ ਸਾਹਮਣਾ ਕਰਨ ਦਾ ਹੌਸਲਾ ਨਹੀਂ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦਿਆਂ ਦੋਸ਼ ਲਗਾਇਆ ਹੈ ਕਿ ਉਨ੍ਹਾਂ 'ਚ ਪਾਰਟੀ ਦੇ ਪਹਿਲੇ ਆਗੂਆਂ ਵਾਂਗ ਪ੍ਰੈੱਸ ਦੇ ਸਿੱਧੇ ਸਵਾਲਾਂ ਦਾ ਸਾਹਮਣਾ ਕਰਨ ਦਾ ਹੌਸਲਾ ਨਹੀਂ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ 'ਪਲੇਟਫਾਰਮ 'ਐਕਸ' 'ਤੇ ਕੀਤੀ ਗਈ ਇਕ ਪੋਸਟ 'ਚ ਕਿਹਾ ਕਿ ਹਰੇਕ ਦੇਸ਼ ਦੀ ਸਰਕਾਰ ਦੇ ਮੁਖੀ ਸਮੇਂ-ਸਮੇਂ 'ਤੇ ਪ੍ਰੈੱਸ ਕਾਨਫਰੰਸ ਕਰਦੇ ਹਨ, ਪਰ ਸਾਡੇ ਪ੍ਰਧਾਨ ਮੰਤਰੀ ਨੂੰ ਪ੍ਰੈੱਸ ਦੇ ਸਿੱਧੇ ਸਵਾਲਾਂ ਦਾ ਸਾਹਮਣਾ ਕੀਤੇ ਹੋਏ 11 ਸਾਲ ਹੋ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਪਿਛਲੇ ਸਾਲ ਚੋਣ ਪ੍ਰਚਾਰ ਦੌਰਾਨ ਨਰਿੰਦਰ ਮੋਦੀ ਨੇ ਮੀਡੀਆ ਨਾਲ ਗੱਲਬਾਤ ਨੂੰ ਇਕ ਸ਼ੋਅ ਵਾਂਗ ਪ੍ਰੋਡਿਊਸ, ਡਾਇਰੈਕਟ ਤੇ ਸਕ੍ਰਿਪਟ ਕੀਤਾ, ਜਿਸ 'ਚ ਉਨ੍ਹਾਂ ਖ਼ੁਦ ਨੂੰ 'ਨਾਨ-ਬਾਇਲੋਜੀਕਲ' ਦੱਸਣ ਵਾਲਾ ਚਰਚਿਤ ਦਾਅਵਾ ਵੀ ਕੀਤਾ ਸੀ, ਪਰ ਹੁਣ ਤੱਕ ਉਨ੍ਹਾਂ ਕਦੇ ਵੀ ਬਿਨਾ ਐਡੀਟਿੰਗ, ਬਿਨਾਂ ਸਕ੍ਰਿਪਟ ਵਾਲੀ ਇਕ ਵੀ ਅਸਲੀ ਪ੍ਰੈੱਸ ਕਾਨਫਰੰਸ ਕਰਨ ਦਾ ਹੌਸਲਾ ਨਹੀਂ ਦਿਖਾਇਆ।

# ਮਰੀਜ਼ ਦੀ ਉਡਾਣ ਖੁੰਝੀ, ਸ਼ਿੰਦੇ ਨੇ ਚਾਰਟਰਡ ਜਹਾਜ਼ ਰਾਹੀਂ ਹਸਪਤਾਲ ਪਹੁੰਚਾਇਆ



**ਠਾਣੇ:**ਗੁਰਦਾ ਟ੍ਰਾਂਸਪਲਾਂਟ ਲਈ ਮੁੰਬਈ ਜਾਣ ਵਾਸਤੇ ਔਰਤ ਦੀ ਉਡਾਣ ਖੁੰਝਣ 'ਤੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਉਸ ਨੂੰ ਆਪਣੇ ਚਾਰਟਡ ਜਹਾਜ਼ ਰਾਹੀਂ ਜਲਗਾਓ ਤੋਂ ਮੁੰਬਈ ਤੱਕ ਭੇਜਣ ਦਾ ਪ੍ਰਬੰਧ ਕੀਤਾ। ਸ਼ਿੰਦੇ ਦੇ ਦਫ਼ਤਰ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਘਟਨਾ ਬੀਤੀ ਰਾਤ ਜਲਗਾਓਂ ਹਵਾਈ ਅੱਡੇ 'ਤੇ ਵਾਪਰੀ।

ਬਿਆਨ ਅਨੁਸਾਰ, 'ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਸ਼ੁੱਕਰਵਾਰ ਨੂੰ ਜਲਗਾਓ ਜ਼ਿਲ੍ਹੇ ਦੇ ਮੁਕਤਾਈਨਗਰ ਵਿੱਚ ਗਏ ਸਨ। ਮੁੰਬਈ ਵਾਪਸ ਆਉਂਦੇ ਸਮੇਂ ਜਲਗਾਓਂ ਹਵਾਈ ਅੱਡੇ 'ਤੇ ਉਨ੍ਹਾਂ ਦੀ ਉਡਾਣ ਵਿੱਚ ਥੋੜ੍ਹੀ ਦੇਰੀ ਹੋਈ ਪਰ ਇਹ ਦੇਰੀ ਮਹਿਲਾ ਮਰੀਜ਼ ਲਈ ਜਾਨ ਬਚਾਉਣ ਵਾਲੀ ਸਾਬਤ ਹੋਈ।' ਬਿਆਨ ਮੁਤਾਬਕ ਸ਼ੀਤਲ ਬੋਰਡੇ ਮਹਿਲਾ ਮਰੀਜ਼ ਨੇ ਗੁਰਦਾ ਟ੍ਰਾਂਸਪਲਾਂਟ ਕਰਵਾਉਣ ਲਈ ਮੁੰਬਈ ਦੇ ਹਸਪਤਾਲ ਵਿੱਚ ਜਾਣਾ ਸੀ, ਜਦੋਂ ਉਹ ਹਵਾਈ ਅੱਡੇ ਪਹੁੰਚੀ, ਉਦੋਂ ਤੱਕ ਉਸ ਦੀ ਉਡਾਣ ਰਵਾਨਾ ਹੋ ਚੁੱਕੀ ਸੀ, ਜਿਸ ਕਾਰਨ ਉਸ ਨੂੰ ਸਰਜਰੀ ਵੇਲੇ 'ਤੇ ਨਾ ਹੋਣ ਦਾ ਡਰ ਸਤਾਉਣ ਲੱਗਾ। ਜਦੋਂ ਔਰਤ ਨੇ ਹਵਾਈ ਅੱਡੇ 'ਤੇ ਮੌਜੂਦ ਸਥਾਨਕ ਕਾਰਕੁਨਾਂ ਨੂੰ ਦੱਸਿਆ ਤਾਂ ਉਨ੍ਹਾਂ ਰਾਜ ਮੰਤਰੀ ਗਿਰੀਸ਼ ਮਹਾਜਨ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਏਕਨਾਥ ਸ਼ਿੰਦੇ ਤੋਂ ਮਦਦ ਮੰਗੀ। ਇਸ ਮਗਰੋਂ ਸ਼ਿੰਦੇ ਔਰਤ ਅਤੇ ਉਸ ਦੇ ਪਤੀ ਨੂੰ ਆਪਣੇ ਚਾਰਟਰਡ ਜਹਾਜ਼ ਰਾਹੀਂ ਮੁੰਬਈ ਲੈ ਗਏ।

# ਪੁਲਿਸ ਮੁਕਾਬਲੇ 'ਚ ਪੰਜ ਨਕਸਲੀ ਹਲਾਕ



**ਬੀਜਾਪੁਰ:**ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਇੰਦਰਾਵਤੀ ਨੈਸ਼ਨਲ ਪਾਰਕ ਇਲਾਕੇ ਵਿੱਚ ਸੁਰੱਖਿਆ ਬਲਾਂ ਨਾਲ ਦੋ ਮੁਕਾਬਲਿਆਂ ਵਿੱਚ ਪੰਜ ਮਾਓਵਾਦੀ ਮਾਰੇ ਗਏ। ਪੁਲੀਸ ਨੇ ਅੱਜ ਦੱਸਿਆ ਕਿ ਮੁਕਾਬਲਾ ਜਾਰੀ ਹੈ।

ਪਿਛਲੇ ਤਿੰਨ ਦਿਨਾਂ ਦੌਰਾਨ ਸੀਨੀਅਰ ਮਾਓਵਾਦੀ ਆਗੂਆਂ ਸਧਾਕਰ ਅਤੇ ਭਾਸਕਰ ਸਮੇਤ ਹੁਣ ਤੱਕ ਕੁੱਲ ਸੱਤ ਨਕਸਲੀ ਮਾਰੇ ਗਏ ਹਨ। ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ, ''ਸੁਰੱਖਿਆ ਬਲਾਂ ਨੇ ਜ਼ਿਲ੍ਹੇ ਦੇ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਵਿੱਚ ਚੱਲ ਰਹੇ ਨਕਸਲ ਵਿਰੋਧੀ ਅਪਰੇਸ਼ਨ ਦੌਰਾਨ ਸੱਤ ਮਾਓਵਾਦੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ।''

ਉਨ੍ਹਾਂ ਦੱਸਿਆ ਕਿ ਮੁਕਾਬਲੇ ਮਗਰੋਂ ਅੱਜ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦੋਂਕਿ ਸ਼ੁੱਕਰਵਾਰ ਤੇ ਸ਼ਨਿੱਚਰਵਾਰ ਰਾਤ ਨੂੰ ਹੋਈ ਗੋਲੀਬਾਰੀ ਮਗਰੋਂ ਤਿੰਨ ਲਾਸ਼ਾਂ ਬਰਾਮਦ ਕੀਤੀਆਂ ਸਨ।

# ਕਿਸਾਨਾਂ ਦੀ ਭਲਾਈ ਲਈ ਕੋਸ਼ਿਸ਼ਾਂ ਜਾਰੀ ਰਹਿਣਗੀਆਂ: ਮੋਦੀ

***ਕੇਂਦਰ ਸਰਕਾਰ ਦੇ ਫ਼ੈਸਲਿਆਂ ਨਾਲ ਕਿਸਾਨਾਂ ਦੀ ਜ਼ਿੰਦਗੀ ਸੁਖਾਲੀ ਹੋਣ ਦਾ ਕੀਤਾ ਦਾਅਵਾ***



**ਨਵੀਂ ਦਿੱਲੀ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਪਿਛਲੇ 11 ਸਾਲਾਂ ਦੌਰਾਨ ਉਨ੍ਹਾਂ ਦੀ ਸਰਕਾਰ ਦੇ ਕਈ ਕਦਮਾਂ ਨਾਲ ਕਿਸਾਨਾਂ ਦੀ ਖੁਸ਼ਹਾਲੀ ਵਧੀ ਹੈ ਅਤੇ ਖੇਤੀ 'ਚ ਬਦਲਾਅ ਯਕੀਨੀ ਬਣਿਆ ਹੈ। ਉਨ੍ਹਾਂ ਐੱਕਸ 'ਤੇ ਕਿਹਾ, ''ਆਪਣੇ ਮਿਹਨਤਕਸ਼ ਕਿਸਾਨਾਂ ਦੀ ਸੇਵਾ ਕਰਨਾ ਸਾਡੀ ਖੁਸ਼ਕਿਸਮਤੀ ਹੈ। ਅਸੀਂ ਮਿੱਟੀ ਦੀ ਸਿਹਤ ਅਤੇ ਸਿੰਜਾਈ ਵਰਗੇ ਮੁੱਦਿਆਂ 'ਤੇ ਧਿਆਨ ਕੇਂਦਰਤ ਕੀਤਾ ਜੋ ਬਹੁਤ ਲਾਭਕਾਰੀ ਰਹੇ ਹਨ। ਆਉਂਦੇ ਸਮੇਂ 'ਚ ਕਿਸਾਨਾਂ ਦੀ ਭਲਾਈ ਲਈ ਸਾਡੀਆਂ ਕੋਸ਼ਿਸ਼ਾਂ ਹੋਰ ਵੀ ਵਧੇਰੇ ਉਤਸ਼ਾਹ ਨਾਲ ਜਾਰੀ ਰਹਿਣਗੀਆਂ।'' ਮੋਦੀ ਨੇ ਕਿਹਾ ਕਿ ਪਹਿਲਾਂ ਕਿਸਾਨਾਂ ਨੂੰ ਆਪਣੀਆਂ ਛੋਟੀਆਂ ਜ਼ਰੂਰਤਾਂ ਲਈ ਵੀ ਕਰਜ਼ਾ ਲੈਣ ਲਈ ਮਜਬੂਰ ਹੋਣਾ ਪੈਂਦਾ ਸੀ ਪਰ ਬੀਤੇ 11 ਸਾਲਾਂ 'ਚ ਉਨ੍ਹਾਂ ਦੀ ਸਰਕਾਰ ਦੇ ਫ਼ੈਸਲਿਆਂ ਨਾਲ ਕਿਸਾਨਾਂ ਦੀ ਜ਼ਿੰਦਗੀ ਸੁਖਾਲੀ ਹੋ ਗਈ ਹੈ। ਉਨ੍ਹਾਂ ਕਿਸਾਨਾਂ ਲਈ ਸਾਲਾਨਾ ਨਕਦੀ ਸਹਾਇਤਾ ਅਤੇ ਕਰਜ਼ਾ ਬੀਮਾ ਯੋਜਨਾਵਾਂ ਜਿਹੇ ਫ਼ੈਸਲਿਆਂ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) 'ਚ ਲਗਾਤਾਰ ਵਾਧੇ ਨਾਲ ਦੇਸ਼ ਦੇ ਅੰਨਦਾਤਿਆਂ ਨੂੰ ਨਾ ਸਿਰਫ਼ ਫ਼ਸਲਾਂ ਦੀ ਢੁੱਕਵੀਂ ਕੀਮਤ ਮਿਲ ਰਹੀ ਹੈ ਸਗੋਂ ਉਨ੍ਹਾਂ ਦੀ ਆਮਦਨ ਵੀ ਵੱਧ ਰਹੀ ਹੈ। ਪ੍ਰਧਾਨ ਮੰਤਰੀ ਆਪਣੀ ਸਰਕਾਰ ਦੀ 9 ਜੂਨ ਨੂੰ 11ਵੀਂ ਵਰ੍ਹੇਗੰਢ ਤੋਂ ਪਹਿਲਾਂ ਕੇਂਦਰ ਵੱਲੋਂ ਲਏ ਗਏ ਫ਼ੈਸਲਿਆਂ ਨੂੰ ਉਭਾਰ ਰਹੇ ਹਨ। ਉਧਰ ਸਰਕਾਰ ਨੇ ਕਿਹਾ ਹੈ ਕਿ ਖੇਤੀ ਸੈਕਟਰ 'ਚ ਵੱਖ ਵੱਖ ਯੋਜਨਾਵਾਂ ਰਾਹੀਂ ਪਿਛਲੇ 11 ਸਾਲਾਂ ਦੌਰਾਨ ਵੱਡਾ ਬਦਲਾਅ ਆਇਆ ਹੈ। ਸਰਕਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਖੁਰਾਕ ਸੁਰੱਖਿਆ ਤੋਂ ਲੈ ਕੇ ਆਲਮੀ ਖੁਰਾਕ ਲੀਡਰਸ਼ਿਪ ਤੱਕ ਦੇਸ਼ ਦੀ ਅਗਵਾਈ ਕਰਨ ਲਈ ਕਿਸਾਨਾਂ ਨੂੰ ਮਜ਼ਬੂਤ ਬਣਾਇਆ ਜਾ ਰਿਹਾ ਹੈ। ਬਿਆਨ 'ਚ ਕਿਹਾ ਗਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦਾ ਬਜਟ 2013-14 ਵਿੱਚ 27,663 ਕਰੋੜ ਤੋਂ ਵੱਧ ਕੇ 2024-25 'ਚ 1,37,664.35 ਕਰੋੜ ਹੋ ਗਿਆ ਹੈ। ਇਸੇ ਤਰ੍ਹਾਂ ਕਣਕ 'ਤੇ ਐੱਮਐੱਸਪੀ 1,400 ਰੁਪਏ ਤੋਂ ਵੱਧ ਕੇ ਹੁਣ 2,425 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਝੋਨੇ ਦਾ ਭਾਅ 2013-14 ਵਿੱਚ 1,310 ਰੁਪਏ ਤੋਂ ਵੱਧ ਕੇ 2025-26 'ਚ 2,369 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ।

# ਭਾਰਤ ਵਿਸ਼ਵ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ: ਕਾਰਨੀ



**ਓਟਵਾ:**ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਭਾਰਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਹੈ ਅਤੇ ਇਹ ਕਈ ਅਹਿਮ ਆਲਮੀ ਸਪਲਾਈ ਚੇਨਾਂ ਦਾ ਕੇਂਦਰ ਹੈ। ਉਨ੍ਹਾਂ ਤਰਕ ਦਿੱਤਾ ਕਿ ਦੇਸ਼ ਦੀ ਲੀਡਰਸ਼ਿਪ ਨੂੰ ਆਗਾਮੀ ਜੀ-7 ਸਿਖ਼ਰਲ ਸੰਮੇਲਨ ਦੌਰਾਨ ਵਿਚਾਰ- ਚਰਚਾ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਕਾਰਨੀ ਦੀ ਇਹ ਟਿੱਪਣੀ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਕੈਨੇਡਾ ਵਿੱਚ ਉਨ੍ਹਾਂ ਦੇ ਕੁਝ ਸਿਆਸੀ ਵਿਰੋਧੀਆਂ ਨੇ 2023 ਵਿੱਚ ਖਾਲਿਸਤਾਨੀ ਵੱਖਵਾਦੀ ਦੀ ਹੱਤਿਆ ਵਿੱਚ ਭਾਰਤ ਦੇ ਸ਼ਾਮਲ ਹੋਣ ਦੇ ਦੋਸ਼ਾਂ ਦੀ ਜਾਂਚ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੀ-7 ਸਿਖ਼ਰ ਸੰਮੇਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਦੇਣ ਲਈ ਉਨ੍ਹਾਂ ਦੀ ਆਲੋਚਨਾ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸ਼ੁੱਕਰਵਾਰ ਨੂੰ ਫੋਨ 'ਤੇ ਹੋਈ ਗੱਲਬਾਤ ਦੌਰਾਨ ਜੀ-7 ਸਿਖ਼ਰ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਕਾਰਨੀ ਦੇ ਸੱਦੇ ਨੂੰ ਸਵੀਕਾਰ ਕਰ ਲਿਆ। ਕੈਨੇਡਾ ਸਮੂਹ ਦੇ ਮੌਜੂਦਾ ਪ੍ਰਧਾਨ ਵਜੋਂ 15 ਤੋਂ 17 ਜੂਨ ਤੱਕ ਅਲਬਰਟਾ ਪ੍ਰਾਂਤ ਵਿੱਚ ਜੀ-7 ਸਿਖ਼ਰ ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ। ਖਾਲਿਸਤਾਨ ਸਮਰਥਕ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ 2023 ਵਿੱਚ ਹੋਈ ਹੱਤਿਆ ਦੇ ਮਾਮਲੇ 'ਤੇ ਇਕ ਵਿਸ਼ੇਸ਼ ਸਵਾਲ ਦੇ ਜਵਾਬ ਵਿੱਚ ਕਾਰਨੀ ਨੇ ਕਿਹਾ ਕਿ ਉਨ੍ਹਾਂ ਵਾਸਤੇ ਇਸ ਬਾਰੇ ਟਿੱਪਣੀ ਕਰਨਾ ਉਚਿਤ ਨਹੀਂ ਹੈ। ਕਿਉਂਕਿ ਮਾਮਲੇ ਵਿੱਚ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ। ਕੈਨੇਡਿਆਈ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿਖ਼ਰ ਸੰਮੇਲਨ ਵਿੱਚ ਊਰਜਾ, ਸੁਰੱਖਿਆ, ਡਿਜੀਟਲ ਭਵਿੱਖ, ਅਹਿਮ ਖਣਿਜਾਂ ਅਤੇ ਉੱਭਰਦੇ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਬੁਨਿਆਦੀ ਢਾਂਚੇ ਦੇ ਨਿਰਮਾਣ ਵਿੱਚ ਸਾਂਝੇਦਾਰੀ ਸਣੇ ਕਈ ਪ੍ਰਮੁੱਖ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਜੀ7 ਦੇ ਹੋਰ ਮੈਂਬਰ ਦੇਸ਼ਾਂ ਨਾਲ ਗੱਲ ਕਰਨ ਤੋਂ ਬਾਅਦ ਹੀ ਮੋਦੀ ਨੂੰ ਸੱਦਾ ਦਿੱਤਾ ਹੈ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ, ''ਕੁਝ ਅਜਿਹੇ ਦੇਸ਼ ਹਨ ਜਿਨ੍ਹਾਂ ਨੂੰ ਉਨ੍ਹਾਂ ਚਰਚਾਵਾਂ ਲਈ ਮੇਜ਼ 'ਤੇ ਹੋਣਾ ਚਾਹੀਦਾ ਹੈ।'' ਉਨ੍ਹਾਂ ਕਿਹਾ ਕਿ ''ਭਾਰਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਹੈ। ਪ੍ਰਭਾਵੀ ਤੌਰ 'ਤੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਇਹ ਉਨ੍ਹਾਂ ਸਪਲਾਈ ਚੇਨਾਂ 'ਚੋਂ ਕਈਆਂ ਵਾਸਤੇ ਕੇਂਦਰ ਹੈ, ਇਹ ਉਨ੍ਹਾਂ ਸਪਲਾਈ ਚੇਨਾਂ 'ਚੋਂ ਕਈਆਂ ਦੇ ਦਿਲ ਵਿੱਚ ਹੈ, ਇਸ ਵਾਸਤੇ ਉਨ੍ਹਾਂ ਨੂੰ ਜੀ7 ਲਈ ਸੱਦਣਾ ਸਮਝ ਵਿੱਚ ਆਉਂਦਾ ਹੈ।'' ਕਾਰਨੀ ਨੇ ਕਿਹਾ ਕਿ ਭਾਰਤ ਤੇ ਕੈਨੇਡਾ ਅਹਿਮ ਮੁੱਦਿਆਂ 'ਤੇ ਸੁਰੱਖਿਆ ਏਜੰਸੀਆਂ ਦਰਮਿਆਨ ਗੱਲਬਾਤ ਜਾਰੀ ਰੱਖਣ 'ਤੇ ਸਹਿਮਤ ਹੋਏ ਹਨ।

## ਭਾਰਤ ਤੀਜਾ ਸਭ ਤੋਂ ਵੱਡਾ ਅਰਥਚਾਰਾ ਜਾਂ ਪੰਜਵਾਂ?

**ਨਵੀਂ ਦਿੱਲੀ:**ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਨੂੰ 'ਸਵੈਮ ਉਦਘੋਸ਼ਿਤ ਵਿਸ਼ਵਗੁਰੂ' ਕਰਾਰ ਦਿੱਤਾ ਅਤੇ ਸਵਾਲ ਕੀਤਾ ਕਿ ਕੀ ਜੀ-7 ਸਿਖ਼ਰ ਸੰਮੇਲਨ ਵਿੱਚ ਆਪਣੀਆਂ ਮੀਟਿੰਗਾਂ ਦੌਰਾਨ ਉਹ ਆਪਣੇ ਕੈਨੇਡਿਆਈ ਹਮਰੁਤਬਾ



ਮਾਰਕ ਕਾਰਨੀ ਨੂੰ ਭਾਰਤ ਦੇ ਤੀਜਾ ਸਭ ਤੋਂ ਵੱਡਾ ਅਰਥਚਾਰਾ ਹੋਣ ਬਾਰੇ ਜਾਣਕਾਰੀ ਦੇਣਗੇ। ਰਮੇਸ਼ ਨੇ 'ਐਕਸ' ਉੱਤੇ ਪਾਈ ਇਕ ਪੋਸਟ ਵਿੱਚ ਕਿਹਾ, ''24 ਮਈ 2025 ਨੂੰ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਨੀਤੀ ਆਯੋਗ ਦੀ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਨੀਤੀ ਆਯੋਗ ਦੇ ਸੀਈਓ ਨੇ ਨਾਟਕੀ ਢੰਗ ਨਾਲ ਐਲਾਨ ਕੀਤਾ ਸੀ ਕਿ ਜਦੋਂ ਉਹ ਬੋਲ ਰਹੇ ਸਨ, ਤਾਂ ਭਾਰਤ, ਜਪਾਨ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਸੀ। ਹੁਣ ਕੈਨੇਡਾ ਦੇ ਪ੍ਰਧਾਨ ਮੰਤਰੀ ,ਜੋ ਇਕ ਵੱਕਾਰੀ ਪੇਸ਼ੇਵਰ ਅਰਥਸ਼ਾਸਤਰੀ ਹਨ ਅਤੇ ਬੈਂਕ ਆਫ਼ ਕੈਨੇਡਾ ਦੇ ਸੈਂਟਰਲ ਬੈਂਕ ਦੇ ਗਵਰਨਰ ਰਹਿ ਚੁੱਕੇ ਹਨ,ਕਹਿੰਦੇ ਹਨ ਕਿ ਭਾਰਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਹੈ।''

# ਦਿੱਲੀ ਦੀ ਮੁੱਖ ਮੰਤਰੀ ਨੂੰ ਧਮਕੀ ਦੇਣ ਵਾਲਾ ਗ੍ਰਿਫ਼ਤਾਰ



**ਨਵੀਂ ਦਿੱਲੀ:**ਪੁਲੀਸ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੇ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਸ਼ਲੋਕ ਤ੍ਰਿਪਾਠੀ ਵਜੋਂ ਹੋਈ ਹੈ। ਪੁਲੀਸ ਅਧਿਕਾਰੀ ਨੇ ਕਿਹਾ ਕਿ ਇਹ ਨੌਸ਼ਰਸਾਜ਼ ਹੈ ਤੇ ਅਕਸਰ ਆਪਣੀ ਪਛਾਣ ਬਦਲਦਾ ਰਹਿੰਦਾ ਹੈ। ਗਾਜ਼ੀਆਬਾਦ ਦੇ ਸਹਾਇਕ ਪੁਲੀਸ ਕਮਿਸ਼ਨਰ ਰਿਤੇਸ਼ ਤ੍ਰਿਪਾਠੀ ਨੇ ਕਿਹਾ ਇਹ ਧਮਕੀ ਵੀਰਵਾਰ ਤੇ ਸ਼ੁੱਕਰਵਾਰ ਰਾਤ ਨੂੰ ਗਾਜ਼ੀਆਬਾਦ ਵਿੱਚ ਐਮਰਜੈਂਸੀ ਹੈਲਪਲਾਈਨ ਨੰਬਰ 112 'ਤੇ ਦਿੱਤੀ ਗਈ ਸੀ। ਗਾਜ਼ੀਆਬਾਦ ਪੁਲੀਸ ਨੇ ਦਿੱਲੀ ਦੇ ਆਪਣੇ ਹਮਰੁਤਬਾ ਅਧਿਕਾਰੀਆਂ ਨੂੰ ਸੰਪਰਕ ਕੀਤਾ ਅਤੇ ਮੁਲਜ਼ਮ ਨੂੰ ਫੜਨ ਲਈ ਪੰਚਵਟੀ ਕਲੋਨੀ, ਜਿੱਥੋਂ ਕਾਲ ਕੀਤੀ ਗਈ ਸੀ, ਵਿੱਚ ਇੱਕ ਟੀਮ ਭੇਜੀ ਗਈ। ਗਾਜ਼ੀਆਬਾਦ ਪੁਲੀਸ ਅਤੇ ਦਿੱਲੀ ਪੁਲੀਸ ਦੇ ਸਾਂਝੇ ਅਪਰੇਸ਼ਨ ਦੌਰਾਨ ਸ਼ਲੋਕ ਨੂੰ ਆਖ਼ਰਕਾਰ ਗ੍ਰਿਫ਼ਤਾਰ ਕੀਤਾ ਗਿਆ। ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਦੇ ਦਫ਼ਤਰ ਵਿੱਚ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਦੌਰਾਨ ਮੁਲਜ਼ਮ ਨੇ ਕਬੂਲ ਕੀਤਾ ਕਿ ਜਦੋਂ ਉਸ ਨੇ ਕਾਲ ਕੀਤੀ ਤਾਂ ਉਹ ਸ਼ਰਾਬੀ ਹਾਲਤ ਵਿੱਚ ਸੀ।

*** ਮੁਲਜ਼ਮ ਦੀ ਪਛਾਣ ਸ਼ਲੋਕ ਤ੍ਰਿਪਾਠੀ ਵਜੋਂ ਹੋਈ। ਪੁਲੀਸ ਅਧਿਕਾਰੀਆਂ ਨੇ ਮੁਲਜ਼ਮ ਦੇ ਨੌਸਰਸਾਜ਼ ਹੋਣ ਤੇ ਅਕਸਰ ਆਪਣੀ ਪਛਾਣ ਬਦਲਣ ਦੀ ਗੱਲ ਆਖੀ**

ਪੰਜਾਬ ਟਾਈਮਜ਼

14 ਜੂਨ, ਸ਼ਨਿਚਰਵਾਰ

# ਜਾਤੀ ਜਨਗਣਨਾ ਦਾ ਮਸਲਾ

ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਯੋਧਿਆਂ ਦਾ ਸੁਪਨਾ ਸੀ ਕਿ ਦੇਸ਼ ਵਿਚ ਬਰਾਬਰੀ ਵਾਲਾ ਸਮਾਜ ਸਥਾਪਿਤ ਕਰਨ ਲਈ ਸੰਵਿਧਾਨ ਵਿਚ ਇਕ ਨਿਸ਼ਚਿਤ ਸਮੇਂ ਲਈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਰਾਖਵੇਂਕਰਨ ਦੀ ਨੀਤੀ ਅਪਣਾਈ ਜਾਵੇ, ਤਾਂ ਜੋ ਜਾਤੀਵਾਦ ਕਾਰਨ ਹਾਸ਼ੀਏ ‘ਤੇ ਧੱਕੇ ਗਏ ਲੋਕਾਂ ਨੂੰ ਅੱਗੇ ਵਧਾਇਆ ਜਾ ਸਕੇ। ਰਾਖਵੇਂਕਰਨ ਦੀ ਇਹ ਨੀਤੀ ਹੁਣ ਤੱਕ ਵੀ ਚਲਦੀ ਆ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਕੁਝ ਹੋਰ ਬਰਾਦਰੀਆਂ ਵੀ ਅਜਿਹੀ ਰਾਖਵੇਂਕਰਨ ਦੀ ਸੂਚੀ ਵਿਚ ਸ਼ਾਮਿਲ ਹੋਣ ਲਈ ਅੰਦੋਲਨ ਕਰਦੀਆਂ ਰਹੀਆਂ ਹਨ ਅਤੇ ਇਸ ਦੇ ਨਾਲ ਹੀ ਇਹ ਮੰਗ ਵੀ ਉੱਠਦੀ ਰਹੀ ਹੈ ਕਿ ਹੋਰ ਪਿਛੜੀਆਂ ਜਾਤੀਆਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਜਾਏ, ਇਸ ਲਈ ਸਾਲ 1979 ਵਿਚ ਮੰਡਲ ਕਮਿਸ਼ਨ ਦੀ ਸਥਾਪਨਾ ਵੀ ਕੀਤੀ ਗਈ ਸੀ। ਉਸ ਰਿਪੋਰਟ ਦੇ ਨਸ਼ਰ ਹੋਣ ਤੋਂ ਕੁਝ ਸਾਲਾਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਸਰਕਾਰੀ ਨੌਕਰੀਆਂ ਵਿਚ ਹੋਰ ਅਨੁਸੂਚਿਤ ਜਾਤੀਆਂ (ਓ.ਬੀ.ਸੀ.) ਲਈ 27 ਫ਼ੀਸਦੀ ਰਾਖਵਾਂਕਰਨ ਲਾਗੂ ਕਰਨ ਦਾ ਐਲਾਨ ਕੀਤਾ ਸੀ, ਪਰ ਦੇਸ਼ ਭਰ ਵਿਚ ਇਸ ਦਾ ਸਖ਼ਤ ਵਿਰੋਧ ਹੋਣ ਤੋਂ ਬਾਅਦ ਇਹ ਐਲਾਨ ਸਿਰੇ ਨਹੀਂ ਸੀ ਚੜ੍ਹ ਸਕਿਆ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ ਜਾਤੀ ਆਧਾਰਤ ਜਨਗਣਨਾ ਕਰਵਾਏ ਜਾਣ ਦਾ ਵਿਰੋਧ ਹੋਇਆ ਅਤੇ ਇਸ ਕਾਰਨ ਇਹ ਮੰਗ ਸਿਰੇ ਨਹੀਂ ਸੀ ਚੜ੍ਹਨ ਦਿੱਤੀ ਗਈ।

ਇੰਦਰਾ ਗਾਂਧੀ ਵੀ ਅਜਿਹੀ ਜਨਗਣਨਾ ਦੇ ਵਿਰੁੱਧ ਸੀ। ਡਾ.ਮਨਮੋਹਨ ਸਿੰਘ ਦੀ ਸਰਕਾਰ ਨੇ 2010 ਵਿਚ ਆਰਥਿਕ ਕਾਰਨਾਂ ਨੂੰ ਆਧਾਰ ਬਣਾ ਕੇ ਸਰਵੇ ਕਰਵਾਇਆ ਸੀ। ਹੁਣ ਪਿਛਲੇ ਕਾਫ਼ੀ ਸਮੇਂ ਤੋਂ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਆਪੋ-ਆਪਣੇ ਕਾਰਨਾਂ ਕਰਕੇ ਜਾਤੀ ਆਧਾਰਿਤ ਜਨਗਣਨਾ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਕੁਝ ਰਾਜਾਂ ਨੇ ਇਸ ਸੰਬੰਧੀ ਸਰਵੇਖਣ ਵੀ ਕਰਵਾਏ ਸਨ ਪਰ ਹੁਣ ਆਪੋ-ਆਪਣੀਆਂ ਸਹੂਲਤਾਂ ਕਾਰਨ ਬਹੁਤੀਆਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ ਜਾਤੀ ਆਧਾਰਤ ਜਨਗਣਨਾ ਦੇ ਹੱਕ ਵਿਚ ਹੋ ਗਏ ਹਨ। ਇਸ ਮੰਗ ਦੇ ਹੱਕ ਵਿਚ ਕਾਂਗਰਸ ਪਾਰਟੀ ਆਵਾਜ਼ ਉਠਾ ਰਹੀ ਹੈ। ਭਾਜਪਾ ਲਗਾਤਾਰ ਜਾਤੀ ਆਧਾਰਿਤ ਜਨਗਣਨਾ ਦਾ ਵਿਰੋਧ ਕਰਦੀ ਰਹੀ ਹੈ। ਪਰ ਹੁਣ ਅਚਾਨਕ ਉਸ ਨੇ ਆਪਣਾ ਪੈਂਤੜਾ ਬਦਲ ਲਿਆ ਹੈ। ਉਹ ਕਿਸੇ ਵੀ ਤਰ੍ਹਾਂ ਵਿਰੋਧੀ ਪਾਰਟੀਆਂ ਨੂੰ ਇਸ ਮੰਗ ਦਾ ਸਿਆਸੀ ਫ਼ਾਇਦਾ ਲੈਣ ਤੋਂ ਰੋਕਣਾ ਚਾਹੁੰਦੀ ਹੈ। ਇਸ ਕਰਕੇ ਬਿਹਾਰ ਅਤੇ ਅਗਲੇ ਸਾਲ ਕੁਝ ਹੋਰ ਰਾਜਾਂ ਦੀਆਂ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਭਾਜਪਾ ਨੇ ਵੀ ਇਸ ਸੰਬੰਧੀ ਨਵਾਂ ਮੋੜ ਕੱਟਿਆ ਹੈ ਅਤੇ ਜਾਤੀ ਆਧਾਰਤ ਜਨਗਣਨਾ ਕਰਵਾਉਣ ਲਈ ਹੁੰਗਾਰਾ ਭਰ ਦਿੱਤਾ ਹੈ। ਇਹ ਪਿਟਾਰਾ ਖੁੱਲ੍ਹਣ ਨਾਲ ਨਵੀਆਂ ਤੋਂ ਨਵੀਆਂ ਮੰਗਾਂ ਅਤੇ ਨਵੇਂ ਤੋਂ ਨਵੇਂ ਅੰਦੋਲਨ ਛਿੜਨ ਦੀ ਸੰਭਾਵਨਾ ਬਣਦੀ ਵੀ ਨਜ਼ਰ ਆਉਂਦੀ ਹੈ। ਸੰਵਿਧਾਨ ਅਨੁਸਾਰ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਧਰਮ ਅਤੇ ਬਿਰਾਦਰੀਆਂ ਤੋਂ ਉੱਪਰ ਉੱਠ ਕੇ ਇਕੋ ਜਿਹੇ ਹੱਕ-ਹਕੂਕ ਦੇਣ ਦੀ ਭਾਵਨਾ ਮੱਧਮ ਹੁੰਦੀ ਜਾ ਰਹੀ ਹੈ। ਸਾਲ 2011 ਵਿਚ ਹੋਈ ਜਨਗਣਨਾ ਵਿਚ ਵੀ ਜਾਤੀਆਂ ਅਤੇ ਉਪ ਜਾਤੀਆਂ ਦਾ ਸਰਵੇਖਣ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਸ ਦੇ ਅੰਕੜਿਆਂ ਦੇ ਸਾਹਮਣੇ ਆਉਣ ਨਾਲ ਵੱਡਾ ਰੌਲ-ਘਚੌਲਾ ਪੈਦਾ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਸਨ। ਇਕ ਅੰਦਾਜ਼ੇ ਅਨੁਸਾਰ ਦੇਸ਼ ਭਰ ਵਿਚ 38 ਲੱਖ ਦੇ ਕਰੀਬ ਜਾਤੀਆਂ ਅਤੇ ਉਪ ਜਾਤੀਆਂ ਹਨ। ਇਨ੍ਹਾਂ ਸੰਬੰਧੀ ਕੋਈ ਰਾਖਵਾਂਕਰਨ ਕਿੰਨਾ ਕੁ ਸਾਰਥਕ ਹੋ ਸਕੇਗਾ? ਪਹਿਲਾਂ 1931ਵਿਚ ਜਾਤੀ ਆਧਾਰਤ ਜਨਗਣਨਾ ਹੋਈ ਸੀ। ਉਸ ਸਮੇਂ ਸਿਰਫ਼ ਹਿੰਦੂ ਜਾਤੀਆਂ ਦਾ ਅੰਕੜਾ ਹੀ ਦਰਜ ਕੀਤਾ ਗਿਆ ਸੀ। ਸਾਲ 2011 ਵਿਚ ਦੋ ਪੜਾਵਾਂ ਵਿਚ ਜਨਸੰਖਿਆ ਦੇ ਅੰਕੜੇ ਜੁਟਾਏ ਗਏ ਸਨ। ਉਸ ਸਮੇਂ ਦੇਸ਼ ਦੀ ਆਬਾਦੀ 121 ਕਰੋੜ ਦੇ ਕਰੀਬ ਦਰਜ ਕੀਤੀ ਗਈ ਸੀ। ਹਰ 10 ਸਾਲ ਬਾਅਦ ਮਰਦਮਸ਼ੁਮਾਰੀ ਕਰਵਾਈ ਜਾਂਦੀ ਹੈ ਪਰ ਕੋਰੋਨਾ ਕਾਲ ਦੇ ਆਉਣ ਕਾਰਨ ਇਸ ਨੂੰ ਟਾਲ ਦਿੱਤਾ ਗਿਆ ਸੀ। ਹੁਣ ਇਹ ਜਨਗਣਨਾ ਮਿੱਥੇ ਸਮੇਂ ਤੋਂ 5 ਸਾਲ ਬਾਅਦ ਕਰਵਾਈ ਜਾ ਰਹੀ ਹੈ, ਜਿਸ ਦੀ ਕਵਾਇਦ ਆਉਂਦੀ ਅਕਤੂਬਰ ਤੋਂ ਸ਼ੁਰੂ ਕੀਤੀ ਜਾਏਗੀ। ਇਸ ਵਾਰ 16 ਸਾਲ ਬਾਅਦ ਹੋ ਰਹੀ ਮਰਦਮਸ਼ੁਮਾਰੀ ਵਿਚ ਜਾਤੀ ਆਧਾਰਤ ਜਾਣਕਾਰੀ ਸ਼ਾਮਿਲ ਕੀਤੀ ਜਾਏਗੀ। ਚਾਹੇ ਇਸ ਵਾਰ ਇਹ ਮਰਦਮਸ਼ੁਮਾਰੀ ਆਧੁਨਿਕ ਡਿਜੀਟਲ ਸਾਧਨਾਂ ਰਾਹੀਂ ਕਰਵਾਈ ਜਾਏਗੀ ਪਰ ਇਸ ਨੂੰ ਕਰੀਬ 3 ਸਾਲ ਦਾ ਸਮਾਂ ਲੱਗੇਗਾ ਅਤੇ ਆਖ਼ਰੀ ਅੰਕੜੇ 2030 ਦੇ ਕਰੀਬ ਪ੍ਰਕਾਸ਼ਿਤ ਕੀਤੇ ਜਾਣਗੇ। ਇਸ ਦਾ ਮਤ ਇਹ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਜੋ ਸਾਲ 2029 ਵਿਚ ਹੋਣਗੀਆਂ, ਉਸ ਤੋਂ ਬਾਅਦ ਹੀ ਇਹ ਅੰਕੜੇ ਬਾਹਰ ਆਉਣਗੇ। ਪਹਾੜੀ ਰਾਜਾਂ ਨੂੰ ਛੱਡ ਕੇ ਬਾਕੀ ਸੂਬਿਆਂ ਵਿਚ ਘਰ-ਘਰ ਜਾ ਕੇ ਗਿਣਤੀ ਦਾ ਕੰਮ 9 ਫਰਵਰੀ, 2028 ਤੋਂ ਕੀਤਾ ਜਾਏਗਾ। ਕਈ ਵਿਰੋਧੀ ਪਾਰਟੀਆਂ ਵਲੋਂ ਕੀਤੀ ਜਾ ਰਹੀ ਇਸ ਮੰਗ ਨੂੰ ਮੰਨ ਕੇ ਭਾਜਪਾ ਨੇ ਇਕ ਵਾਰ ਤਾਂ ਵਿਰੋਧੀ ਪਾਰਟੀਆਂ ਤੋਂ ਮੁੱਦਾ ਖੋਹ ਲਿਆ ਹੈ, ਪਰ ਇਸ ਨਾਲ ਜਿਸ ਤਰ੍ਹਾਂ ਦਾ ਖਿਲਾਰਾ ਪਵੇਗਾ, ਉਸ ਨੂੰ ਕਿਸੇ ਵੀ ਸਰਕਾਰ ਲਈ ਸਾਂਭ ਸਕਣਾ ਸ਼ਾਇਦ ਬੇਹੱਦ ਮੁਸ਼ਕਿਲ ਹੋਵੇਗਾ। ਇਹ ਵੀ ਇਕ ਵੀ ਚੁਣੌਤੀ ਹੋਵੇਗੀ ਕਿ ਲੱਖਾਂ ਜਾਤੀਆਂ ਵਿਚ ਵੰਡੇ ਲੋਕਾਂ ਦੇ ਸਟੀਕ ਅੰਕੜੇ ਕਿਵੇਂ ਇਕੱਠੇ ਕੀਤੇ ਜਾਣ ਅਤੇ ਸਿੱਖਿਆ ਤੇ ਰੁਜ਼ਗਾਰ ਦੇ ਖੇਤਰ ਵਿਚ ਰਾਖਵਾਂਕਰਨ ਕਿਵੇਂ ਕੀਤਾ ਜਾਵੇ? ਇਹ ਵੀ ਦੇਖਣਾ ਪਵੇਗਾ ਕਿ ਸਿਆਸਤਦਾਨਾਂ ਦੀ ਬਿਆਨਬਾਜ਼ੀ ਨਾਲ ਜਾਤੀਆਂ ਦੇ ਆਧਾਰ ‘ਤੇ ਦੇਸ਼ ਦੇ ਲੋਕਾਂ ਵਿਚ ਕੁੜੱਤਣ ਨਾ ਵਧੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਯੁੱਗ ਬਦਲ ਗਿਆ!

ਕੋਈ ਫੋਟੋ ਖਿਚਾਵੇ ਕੋਈ ਲਵੇ ‘ਸੈਲਫੀ’, ‘ਡੀਪੀ’ ਲਾਉਣ ਲਈ ਸਜਦੇ ਫੱਬਦੇ ਨੇ।
‘ਐਕਟਰ’ ਬਣਨ ਦੀ ਲੱਗੀ ਏ ਹੋੜ ਦੇਖੋ, ਸਾਰੇ ‘ਰੀਲ੍ਹਾਂ’ ਬਣਾਉਣ ਲਈ ਭੱਜਦੇ ਨੇ।
ਨਵਾਂ ਪੋਚ ਮੋਬਾਈਲਾਂ ਵਿਗਾੜਿਆ ਏ, ਪੈ ਗਏ ਭੋਗ ਹੁਣ ‘ਸੰਗਾਂ ਤੇ ਲੱਜ’ ਦੇ ਨੇ।
ਫਿਕਰ ਪਿਆ ਭਵਿੱਖ ਦਾ ਮਾਪਿਆਂ ਨੂੰ, ਕਰਦੇ ਦੁਖੀ ਵਰਤਾਰੇ ਹੀ ‘ਅੱਜ ਦੇ’ ਨੇ।
ਪੱਤਰਕਾਰਾਂ ਵੀ ਲਿਖਣ ਦੀ ਕਾਰ ਛੱਡੀ, ਹੁਣ ਉਹ ਚੈਨਲਾਂ ਉੱਤੇ ਹੀ ‘ਗੱਜਦੇ’ ਨੇ।
ਕਲਮਾਂ ਗਾਇਬ ਤੇ ਪੈੱਨ ਵੀ ‘ਲੋਪ ਹੋਏ, ‘ਕੀਅ-ਬੋਰਡ’ ‘ਤੇ ਠੂੰਗੇ ਹੁਣ ਵੱਜਦੇ ਨੇ।

# ਭੂਮੀ ਗ੍ਰਹਿਣ ਐਕਟ ਨਾਲ ਮੇਲ ਨਹੀਂ ਖਾਂਦੀ ਪੰਜਾਬ ਦੀ ਲੈਂਡ ਪੂਲਿੰਗ ਪਾਲਿਸੀ



ਪੰਜਾਬ ਵਿਚ ਸ਼ਹਿਰੀ ਵਿਕਾਸ ਦੇਸ਼ ਦੇ ਮੁਕਾਬਲੇ ਤੇਜ਼ੀ ਨਾਲ ਹੋ ਰਿਹਾ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿਚ 37.48% ਵਸੋਂ ਸ਼ਹਿਰਾਂ ਵਿਚ ਰਹਿ ਰਹੀ ਸੀ। ਇਸ ਦੇ ਮੁਕਾਬਲੇ ਭਾਰਤ ਵਿਚ 31.15% ਵਸੋਂ ਹੀ ਸ਼ਹਿਰਾਂ ਵਿਚ ਰਹਿ ਰਹੀ ਸੀ। ਦੇਸ਼ ਵਿਚ 2021 ਦੌਰਾਨ ਮਰਦਮਸ਼ੁਮਾਰੀ ਨਹੀਂ ਕੀਤੀ ਗਈ ਇਸ ਕਰਕੇ ਸ਼ਹਿਰੀ ਵਸੋਂ ਦੇ ਸਹੀ ਅੰਕੜੇ ਦੇਸ਼ ਅਤੇ ਸੂਬਿਆਂ ਬਾਰੇ ਮੌਜੂਦ ਨਾ ਹੋਣ ਕਰਕੇ ਕੁੱਝ ਅਨੁਮਾਨ ਹੀ ਹਨ। ਨੀਤੀ ਆਯੋਗ, ਭਾਰਤ ਸਰਕਾਰ ਦੇ ਅਨੁਮਾਨ ਅਨੁਸਾਰ 2023 ਵਿਚ 42% ਪੰਜਾਬ ਦੀ ਵਸੋਂ ਸ਼ਹਿਰਾਂ ਵਿਚ ਰਹਿ ਰਹੀ ਸੀ। ਇਸ ਕਰਕੇ ਪੰਜਾਬ ਦੇ ਸ਼ਹਿਰਾਂ ਦਾ ਫੈਲਾਅ ਤੇਜ਼ ਰਫ਼ਤਾਰ ਨਾਲ ਹੋ ਰਿਹਾ ਹੈ। ਇਨ੍ਹਾਂ ਵਿਚੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਮੋਹਾਲੀ ਸ਼ਹਿਰ ਜ਼ਿਆਦਾ ਰਫ਼ਤਾਰ ਨਾਲ ਫੈਲ ਰਹੇ ਹਨ। ਇਸ ਕਰਕੇ ਪੰਜਾਬ ਸਰਕਾਰ ਵਲੋਂ ਇਨ੍ਹਾਂ ਸ਼ਹਿਰਾਂ ਦੇ ਆਸਪਾਸ ਦੀ ਖੇਤੀ ਅਧੀਨ ਜ਼ਮੀਨ ਨੂੰ ਗ੍ਰਹਿਣ ਕਰਕੇ ਘਰਾਂ ਦੀ ਉਸਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਿਛਲੇ ਦਿਨੀਂ ਲੁਧਿਆਣਾ ਸ਼ਹਿਰ ਦੇ ਨੇੜਲੇ 32 ਪਿੰਡਾਂ ਦੀ 24311 ਏਕੜ ਜ਼ਮੀਨ ਗ੍ਰਹਿਣ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਪੰਜਾਬ



**ਸੁੱਚਾ ਸਿੰਘ ਗਿੱਲ**

ਦੇ ਬਾਕੀ 165 ਸ਼ਹਿਰਾਂ ਦੇ ਲਾਗਲੇ ਪਿੰਡਾਂ ਦੀ ਜ਼ਮੀਨ ਨੂੰ ਵੀ ਗ੍ਰਹਿਣ ਕਰਕੇ ਸ਼ਹਿਰੀ ਕਲੋਨੀਆਂ ਵਸਾਈਆਂ ਜਾਣਗੀਆਂ। ਇਹ ਕਾਰਜ਼ ਪੂਡਾ (ਪੰਜਾਬ ਅਰਬਨ ਅਸਟੇਟ ਅਥਾਰਟੀ) ਰਾਹੀਂ ਪੂਰਾ ਕੀਤਾ ਜਾਵੇਗਾ। ਇਸ ਦੀ ਜ਼ਰੂਰਤ ਤੇ ਅਸਲੀਅਤ ਬਾਰੇ ਕਿਸਾਨੀ ਹਲਕਿਆਂ ਤੇ ਮੀਡੀਆ ਵਿਚ ਚਰਚਾ ਚੱਲ ਰਹੀ ਹੈ।

ਆਰਥਿਕ ਵਿਕਾਸ ਨਾਲ ਸ਼ਹਿਰਾਂ ਵਿਚ ਸਨਅਤੀ ਤਰੱਕੀ ਅਤੇ ਵਪਾਰਕ ਗਤੀਵਿਧੀਆਂ ਵੱਧ ਜਾਂਦੀਆਂ ਹਨ। ਸ਼ਹਿਰਾਂ ਅਤੇ ਕਸਬਿਆਂ ਦੀ ਆਬਾਦੀ ਤੇਜ਼ੀ ਨਾਲ ਵੱਧਣ ਲੱਗ ਪੈਂਦੀ ਹੈ। ਸ਼ਹਿਰਾਂ ਦੇ ਫੈਲਣ ਨਾਲ ਨੇੜਲੇ ਪਿੰਡ ਅਤੇ ਉਨ੍ਹਾਂ ਦੀ ਖੇਤੀਬਾੜੀ ਵਾਲੀ ਜ਼ਮੀਨ ਸ਼ਹਿਰੀਕਰਣ ਦਾ ਹਿੱਸਾ ਬਣ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਨੂੰ ਆਪਸ ਵਿਚ ਜੋੜਨ ਅਤੇ ਸ਼ਹਿਰਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਸੜਕਾਂ, ਰੇਲਾਂ ਅਤੇ ਹਵਾਈ ਅੱਡਿਆਂ ਦਾ ਨਿਰਮਾਣ ਕੀਤਾ ਜਾਂਦਾ ਹੈ। ਇਸ ਨੂੰ ਆਰਥਿਕ ਢਾਂਚੇ ਦੀ ਉਸਾਰੀ ਦਾ ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਕਿਰਿਆਵਾਂ ਦੌਰਾਨ ਖੇਤੀਬਾੜੀ ਅਤੇ ਜੰਗਲਾਂ ਹੇਠ ਜ਼ਮੀਨ ਘਟਣ ਲਗਦੀ ਹੈ। ਪਰ ਵੱਧਦੀ ਆਬਾਦੀ ਨੂੰ ਭੋਜਨ ਉਪਲਬਧ ਕਰਾਉਣ ਵਾਸਤੇ ਖੇਤੀ ਅਧੀਨ ਰਕਬੇ ਨੂੰ ਬਚਾਉਣ ਦੀ ਜ਼ਰੂਰਤ ਪੈਦਾ ਹੋ ਜਾਂਦੀ ਹੈ। ਜ਼ਮੀਨ ਇੱਕ ਸਥਿਰ ਸਾਧਨ ਹੈ, ਇਸ ਨੂੰ ਮਨੁੱਖੀ ਕੋਸ਼ਿਸ਼ਾਂ ਨਾਲ ਵਧਾਇਆ ਨਹੀਂ ਜਾ ਸਕਦਾ। ਇਸ ਕਰਕੇ ਖੇਤੀ ਵਾਲੀ ਜ਼ਮੀਨ ਦੀ ਵਰਤੋਂ ਸੰਜਮ ਅਤੇ ਕਫਾਇਤ ਨਾਲ ਕਰਨ ਦੀ ਧਾਰਨਾ ਪ੍ਰਚੱਲਿਤ ਹੋ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਖੇਤੀਬਾੜੀ ਹੇਠ ਰਕਬੇ ਨੂੰ ਬੜੇ ਸੰਜਮ ਅਤੇ ਕਫਾਇਤ ਨਾਲ ਹੀ ਸ਼ਹਿਰਾਂ ਦੇ ਫੈਲਣ ਵਾਸਤੇ ਵਰਤਿਆ ਜਾਵੇ। ਲੁਧਿਆਣਾ ਅਤੇ ਹੋਰ ਸ਼ਹਿਰਾਂ ਦੇ ਵਿਕਾਸ ਵਾਸਤੇ ਖੇਤੀਬਾੜੀ ਹੇਠ ਜ਼ਮੀਨ ਨੂੰ ਗ੍ਰਹਿਣ ਕਰਨ ਦਾ ਮਾਮਲਾ ਇਸ ਕਸੌਟੀ ਨਾਲ ਹੀ ਪਰਖਣਾ ਚਾਹੀਦਾ ਹੈ।

ਜਿੰਨੀ ਜ਼ਮੀਨ ਸਰਕਾਰ ਵਲੋਂ ਗ੍ਰਹਿਣ ਕਰਨ ਦਾ ਫੈਸਲਾ ਕੀਤਾ ਗਿਆ ਹੈ, ਕੀ ਉਤਨੀ ਮਾਤਰਾ ਵਿਚ ਜ਼ਮੀਨ ਦੀ ਜ਼ਰੂਰਤ ਹੈ? ਇਸ ਦਾ ਫੈਸਲਾ ਲੁਧਿਆਣਾ ਅਤੇ ਦੂਜੇ ਸ਼ਹਿਰਾਂ ਦਾ ਸਰਵੇਖਣ ਕਰਕੇ ਲਗਾਇਆ ਜਾ ਸਕਦਾ ਹੈ ਕਿ ਕਿੰਨੇ ਘਰ ਅਤੇ ਪਲਾਟ ਖਾਲੀ ਪਏ ਹਨ ਅਤੇ ਮੌਜੂਦਾ ਸਮੇਂ ਕਿੰਨੇ ਪਰਿਵਾਰ ਬੇਘਰੇ ਹਨ? ਦੇਸ਼ ਵਿਚ 2021 ਦੀ ਜਨਗਣਨਾ ਨਾ ਹੋਣ ਕਾਰਨ ਲੁਧਿਆਣਾ ਵਿਚ ਖ਼ਾਲੀ ਘਰਾਂ ਬਾਰੇ ਸਰਕਾਰੀ ਤੌਰ ‘ਤੇ ਅੰਕੜੇ ਉਪਲਬਧ ਨਹੀਂ ਹਨ। ਜੇਕਰ ਸ਼ਹਿਰਾਂ ਵਿਚ 20%-25% ਘਰ/ਪਲਾਟ ਖਾਲੀ ਹਨ ਅਤੇ 20%-25% ਪਰਿਵਾਰ ਬੇਘਰ ਹਨ ਤਾਂ ਆਲੇ ਦੁਆਲੇ ਦੇ ਪਿੰਡਾਂ ਦੀ ਜ਼ਮੀਨ ਗ੍ਰਹਿਣ ਕਰਨ ਦੀ ਜ਼ਰੂਰਤ ਨਹੀਂ ਹੈ। ਇਹ ਆਮ ਲੋਕਾਂ ਅਤੇ ਮੀਡੀਆ ਦੀ ਜਾਣਕਾਰੀ ਵਿਚ ਨਹੀਂ ਹੈ ਕਿ ਸਰਕਾਰ ਵਲੋਂ ਐਸਾ ਕੋਈ ਸਰਵੇਖਣ ਕਰਵਾਇਆ ਗਿਆ ਹੈ। ਇਸ ਕਰਕੇ ਸਰਕਾਰ ਵਲੋਂ ਐਨੇ ਪਿੰਡਾਂ ਦੀ ਖੇਤੀਬਾੜੀ ਹੇਠ ਜ਼ਮੀਨ ਨੂੰ ਗ੍ਰਹਿਣ ਕਰਨ ਦਾ ਫੈਸਲਾ ਤੱਥਾਂ ਤੇ ਆਧਾਰਤ ਨਹੀਂ ਹੈ। ਇਹ ਫੈਸਲਾ ਆਪਹੁਦਰਾ ਅਤੇ ਮਨਮਰਜ਼ੀ ਵਾਲਾ ਹੈ। ਇਹ ਫੈਸਲਾ ਗ਼ਰੀਬਾਂ ਅਤੇ ਮੱਧ ਵਰਗ ਨੂੰ ਸਸਤੇ ਮਕਾਨ/ਪਲਾਟ ਮੁਹੱਈਆ ਕਰਵਾਉਣ ਤੋਂ ਪ੍ਰੇਰਿਤ ਨਹੀਂ ਹੈ। ਸਗੋਂ ਇਹ ਫੈਸਲਾ ਕਿਸਾਨਾਂ ਦੇ ਉਜਾੜੇ ਦਾ ਕਾਰਨ ਬਣ ਸਕਦਾ ਹੈ। ਇਹ ਮੁੱਦਾ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ।

ਸਰਕਾਰ ਵਲੋਂ ਖੇਤੀਬਾੜੀ ਹੇਠ ਜ਼ਮੀਨ ਨੂੰ ਗ੍ਰਹਿਣ ਕਰਕੇ ਸ਼ਹਿਰੀਕਰਣ ਨੂੰ ਉਤਸ਼ਾਹਿਤ ਕਰਨ ਦੇ ਮੁੱਦੇ ਨੂੰ ਵਿਚਾਰਨ ਲਈ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਭੂਮੀ ਗ੍ਰਹਿਣ, ਪੁਨਰਵਾਸ ਅਤੇ ਮੁੜ ਵਸੇਬਾ ਵਿਚ ਯੋਗ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ, 2013 (The Right To Fair Compensation and Transparency In Land Acqusition Act, 2013) ਨੂੰ ਵਿਚਾਰਨਾ ਵਾਜਬ ਲਗਦਾ ਹੈ। ਇਸ ਐਕਟ ਅਨੁਸਾਰ ਸਰਕਾਰ ਵਲੋਂ ਆਪਣੇ ਲਈ ਜਾਂ ਪ੍ਰਾਈਵੇਟ ਸੈਕਟਰ ਵਾਸਤੇ ਕਿਸੇ ਪਿੰਡ ਦੀ ਭੂਮੀ ਨੂੰ ਗ੍ਰਹਿਣ ਕਰਨ ਸਮੇਂ ਪਾਰਦਰਸ਼ਤਾ ਵਰਤੀ ਜਾਵੇਗੀ। ਇਸ ਤੋਂ ਇਲਾਵਾ ਪ੍ਰਭਾਵਿਤ ਲੋਕਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਲੋਕਾਂ ਦੇ ਪੁਨਰਵਾਸ ਦਾ ਉਚਿਤ ਪ੍ਰਬੰਧ ਵੀ ਕੀਤਾ ਜਾਵੇਗਾ। ਪਾਰਦਰਸ਼ਤਾ ਲਈ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਪਬਲਿਕ ਸੈਕਟਰ ਵਲੋਂ ਭੂਮੀ ਗ੍ਰਹਿਣ ਕਰਨ ਤੋਂ ਪਹਿਲਾਂ ਘਟੋ ਘਟ 70% ਪ੍ਰਭਾਵਿਤ ਪਰਿਵਾਰਾਂ ਤੋਂ ਸਹਿਮਤੀ ਲੈਣਾ ਜ਼ਰੂਰੀ ਹੈ। ਪ੍ਰਾਈਵੇਟ ਸੈਕਟਰ ਵਾਸਤੇ ਭੂਮੀ ਗ੍ਰਹਿਣ ਕਰਨ ਤੋਂ ਪਹਿਲਾਂ 80% ਪ੍ਰਭਾਵਿਤ ਪਰਿਵਾਰਾਂ ਦੀ ਸਹਿਮਤੀ ਨੂੰ ਜ਼ਰੂਰੀ ਬਣਾਇਆ ਗਿਆ ਹੈ। ਪ੍ਰਭਾਵਿਤ ਪਰਿਵਾਰਾਂ ਤੋਂ ਸਹਿਮਤੀ ਲੈਣ ਸਮੇਂ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਧਿਐਨ (Social Impact Analysis Study) ਕੀਤਾ ਜਾਵੇਗਾ। ਇਸ ਅਧਿਐਨ ਦਾ ਮੰਤਵ ਇਹ ਕਿ ਭੂਮੀ ਗ੍ਰਹਿਣ ਕਰਨ ਨਾਲ ਇਹ ਅੰਦਾਜ਼ਾ ਲਗਾਇਆ ਜਾਵੇ ਕਿ ਪ੍ਰਭਾਵਿਤ ਪਰਿਵਾਰਾਂ ਤੇ ਕਿੰਨਾ ਅਤੇ ਕਿਹੋ ਜਿਹਾ ਅਸਰ ਪਵੇਗਾ। ਇਸ ਅਧਿਐਨ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਯੋਗ ਮੁਆਵਜ਼ੇ ਦੇ ਨਾਲ ਨਾਲ ਉਨ੍ਹਾਂ ਦੇ ਪੁਨਰਵਾਸ ਦਾ ਪ੍ਰਬੰਧ ਕਰਨ ਦੀਆਂ ਸਿਫਾਰਸ਼ਾਂ ਕਰਨਾ ਵੀ ਸ਼ਾਮਲ ਹੈ। ਪ੍ਰਭਾਵਿਤ ਪਰਿਵਾਰਾਂ ਵਿਚ ਜ਼ਮੀਨ ਦੇ ਮਾਲਕਾਂ ਤੋਂ ਇਲਾਵਾ ਉਹ ਪਰਿਵਾਰ ਵੀ ਮੁਆਵਜ਼ੇ ਅਤੇ ਪੁਨਰਵਾਸ ਵਾਸਤੇ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਕੋਲ ਜ਼ਮੀਨ ਦੀ ਮਾਲਕੀ ਨਹੀਂ ਹੁੰਦੀ। ਪਰ ਜ਼ਮੀਨ ਗ੍ਰਹਿਣ ਕਰਨ ਦੀ ਪ੍ਰਕਿਰਿਆ ਤੋਂ ਉਨ੍ਹਾਂ ਦੀ ਉਪਜੀਵਕਾ ਪ੍ਰਭਾਵਿਤ ਹੁੰਦੀ ਹੈ। ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਕਿਸੇ ਖ਼ੁਦਮੁਖ਼ਤਿਆਰ ਸੰਸਥਾ ਜਿਵੇਂ ਯੂਨੀਵਰਸਿਟੀ ਜਾਂ ਖੋਜ ਇੰਸਟੀਚਿਊਟ ਤੋਂ ਸਬੰਧਤ ਪੰਚਾਇਤ/ ਲੋਕਲ ਬਾਡੀ ਦੇ ਸਹਿਯੋਗ ਨਾਲ ਸੰਪੂਰਨ ਕਰਵਾਇਆ ਜਾਵੇਗਾ। ਸਰਕਾਰ ਇਹ ਵੀ ਸੁਨਿਸ਼ਚਿਤ ਕਰੇਗੀ ਕਿ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਧਿਐਨ ਸਮੇਂ ਪੰਚਾਇਤ/ਲੋਕਲ ਬਾਡੀ ਦੀ ਸ਼ਮੂਲੀਅਤ ਗ੍ਰਾਮ ਸਭਾ ਰਾਂਹੀ ਕੀਤੀ ਜਾਵੇਗੀ। ਇਹ ਅਧਿਐਨ ਜ਼ਮੀਨ ਗ੍ਰਹਿਣ ਕਰਨ ਤੋਂ ਪਹਿਲਾਂ ਛੇ ਮਹੀਨੇ ਵਿਚ ਪੂਰਾ ਕਰਵਾਇਆ ਜਾਵੇਗਾ ਤਾਂ ਕਿ ਲੋਕਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਦੇ ਪਿੰਡ ਦੀ ਜ਼ਮੀਨ ਸਰਕਾਰ ਵਲੋਂ ਗ੍ਰਹਿਣ ਕੀਤੀ ਜਾ ਰਹੀ ਹੈ। ਇਸ ਅਧਿਐਨ ਦਾ ਮਕਸਦ ਹੈ ਕਿ (1) ਲੋਕਾਂ ਨੂੰ ਪਤਾ ਹੋਵੇ ਕਿ ਜ਼ਮੀਨ ਪਬਲਿਕ ਜਾਂ ਪ੍ਰਾਈਵੇਟ ਸੈਕਟਰ ਵਾਸਤੇ ਗ੍ਰਹਿਣ ਕੀਤੀ ਜਾ ਰਹੀ ਹੈ; (2) ਇਹ ਅੰਦਾਜ਼ਾ ਲਗਾਇਆ ਜਾ ਸਕੇ ਕਿ ਭੂਮੀ ਗ੍ਰਹਿਣ ਹੋਣ ਨਾਲ ਕਿੰਨੇ ਪਰਿਵਾਰਾਂ ਦਾ ਉਜਾੜਾ ਹੋਵੇਗਾ; (3) ਪ੍ਰਾਜੈਕਟ ਵਾਸਤੇ ਸਿਰਫ਼ ਘੱਟੋ-ਘੱਟ ਜ਼ਮੀਨ ਹੀ ਗ੍ਰਹਿਣ ਕੀਤੀ ਜਾ ਰਹੀ ਹੈ; (4) ਕਿਸੇ ਬਦਲਵੇਂ ਭੂਮੀ ਜਾਂ ਸਥਾਨ ਤੇ ਪ੍ਰਾਜੈਕਟ ਲਾਉਣ ਬਾਰੇ ਪਹਿਲਾਂ ਵਿਚਾਰ ਕੀਤਾ ਗਿਆ ਸੀ ਜਾਂ ਨਹੀਂ; (5) ਇਸ ਦੇ ਨਾਲ ਹੀ ਪ੍ਰਾਜੈਕਟ ਦਾ ਵਾਤਾਵਰਣ ‘ਤੇ ਪੈਣ ਵਾਲੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਵੀ ਕਰਨਾ ਵੀ ਜ਼ਰੂਰੀ ਹੈ। ਇਨ੍ਹਾਂ ਰਿਪੋਰਟਾਂ ਦਾ ਅਧਿਐਨ ਇਕ ਨਿਰਪੱਖ ਮਾਹਿਰਾਂ ਦੇ ਗਰੁੱਪ ਵਲੋਂ ਕਰਨ ਤੋਂ ਬਾਅਦ ਹੀ ਭੂਮੀ ਗ੍ਰਹਿਣ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕਦੀ ਹੈ।

ਸਰਕਾਰ ਵਲੋਂ ਲੁਧਿਆਣਾ ਸ਼ਹਿਰ ਦੇ ਨੇੜਲੇ ਪਿੰਡਾਂ ਦੇ ਜ਼ਮੀਨ ਗ੍ਰਹਿਣ ਕਰਨ ਲਈ 2013 ਦੇ ਐਕਟ ਦੀ ਭਾਵਨਾ ਅਤੇ ਧਾਰਾਵਾਂ ਦੀ ਪਾਲਣਾ ਕਰਨ ਬਾਰੇ ਕੋਈ ਸੰਕੇਤ ਨਹੀਂ ਦਿੱਤੇ ਗਏ। ਪ੍ਰਭਾਵਿਤ ਪਿੰਡਾਂ ਦੇ ਬਾਰੇ ਕੋਈ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਤੇ ਵਾਤਾਵਰਣ ਪ੍ਰਭਾਵ ਵਿਸ਼ਲੇਸ਼ਣ ਗ੍ਰਾਮ ਪੰਚਾਇਤ ਦੀ ਸ਼ਮੂਲੀਅਤ ਨਾਲ ਕੀਤੇ ਗਏ ਹਨ ਜਾਂ ਨਹੀਂ। ਇਸ ਬਾਰੇ ਅਧਿਕਾਰਤ ਤੌਰ ਤੇ ਕੋਈ ਸੂਚਨਾ ਪ੍ਰਾਪਤ ਨਹੀਂ ਹੈ। ਇਸ ਤੱਥ ਬਾਰੇ ਵੀ ਕੋਈ ਸੂਚਨਾ ਨਹੀਂ ਹੈ ਕਿ ਨਿਰਧਾਰਿਤ ਮਾਤਰਾ ਵਿਚ ਜ਼ਮੀਨ ਗ੍ਰਹਿਣ ਕਰਨ ਦਾ ਫੈਸਲਾ ਕਿਸ ਆਧਾਰ ਤੇ ਕੀਤਾ ਗਿਆ ਹੈ। ਲੁਧਿਆਣਾ ਸ਼ਹਿਰ ਵਿਚ ਕਿੰਨੇ ਘਰ ਅਤੇ ਪਲਾਟ ਖਾਲੀ ਪਏ ਹਨ ਇਸ ਬਾਰੇ ਕੋਈ ਨਿਸ਼ਚਿਤ ਅੰਕੜੇ ਨਹੀਂ ਹਨ। ਇਸ ਤੋਂ ਇਲਾਵਾ ਇਹ ਵੀ ਪਤਾ ਨਹੀਂ ਕਿ ਐਲਾਨੇ ਪਿੰਡਾਂ ਦੀ ਜ਼ਮੀਨ ਗ੍ਰਹਿਣ ਕਰਨ ਤੋਂ ਪਹਿਲਾਂ ਕੋਈ ਹੋਰ ਵਿਕਲਪਾਂ ਬਾਰੇ ਸੋਚਿਆ ਗਿਆ ਸੀ ਜਾਂ ਨਹੀਂ। ਇੰਝ ਪ੍ਰਤੀਤ ਹੁੰਦਾ ਹੈ ਕਿ ਦੇਸ਼ ਦੇ ਭੂਮੀ ਗ੍ਰਹਿਣ ਐਕਟ 2013 ਦੇ ਉਦੇਸ਼ਾਂ ਅਤੇ ਧਾਰਾਵਾਂ ਨੂੰ ਨਜ਼ਰ-ਅੰਦਾਜ਼ ਕਰਕੇ ਭੂਮੀ ਗ੍ਰਹਿਣ ਦਾ ਐਲਾਨ ਕੀਤਾ ਗਿਆ ਹੈ। ਸਰਕਾਰੀ ਬਿਆਨਾਂ ਅਨੁਸਾਰ ਭੂਮੀ ਗ੍ਰਹਿਣ ਸਮੇਂ ਲੈਂਡ ਪੂਲਿੰਗ ਪਾਲਿਸੀ ਅਪਣਾਈ ਜਾਵੇਗੀ। ਇਸ ਅਨੁਸਾਰ ਜ਼ਮੀਨ ਮਾਲਕਾਂ ਨੂੰ ਮੁਆਵਜ਼ੇ ਦੇ ਨਾਲ 1000 ਗਜ਼ ਦੇ ਰਿਹਾਇਸ਼ੀ ਪਲਾਟ ਅਤੇ 200 ਗਜ਼ ਦੇ ਕਰਮਸ਼ੀਲ ਪਲਾਟ ਅਲਾਟ ਕੀਤੇ ਜਾਣਗੇ। ਇਸ ਦਾ ਮਤਲਬ ਹੈ ਕਿ ਮੁਆਵਜ਼ਾ ਅਦਾ ਕਰਨ ਸਮੇਂ ਕੁੱਲ ਰਕਮ ਵਿਚੋਂ ਇਨ੍ਹਾਂ ਪਲਾਟਾਂ ਦੀ ਕੀਮਤ ਸਰਕਾਰ ਵਲੋਂ ਕੱਟ ਲਈ ਜਾਵੇਗੀ। ਪਰ ਉਜਾੜੇ ਜਾਣ ਵਾਲੇ ਬੇਜ਼ਮੀਨੇ ਪਰਿਵਾਰਾਂ ਵਾਸਤੇ ਮੁਆਵਜ਼ਾ ਅਤੇ ਪੁਨਰਵਾਸ ਬਾਰੇ ਸਰਕਾਰ ਕੋਲ ਕੋਈ ਯੋਜਨਾ ਨਹੀਂ ਹੈ। ਇਸ ਪ੍ਰਕਿਰਿਆ ਵਿਚ ਭੂਮੀ ਗ੍ਰਹਿਣ ਵਾਲੇ ਪਿੰਡਾਂ ਦੇ ਪਰਿਵਾਰਾਂ ਦਾ ਉਜਾੜਾ ਤਾਂ ਨਿਰਸੰਦੇਹ ਹੋਵੇਗਾ ਪਰ ਭੂਮਾਫੀਆ ਦਾ ਕਾਰੋਬਾਰ ਜ਼ਰੂਰ ਵੱਧ ਜਾਵੇਗਾ।

ਲੁਧਿਆਣਾ ਸ਼ਹਿਰ ਦੇ ਨੇੜਲੇ ਪਿੰਡਾਂ ਦੀ ਜ਼ਮੀਨ ਕਾਫੀ ਉਪਜਾਊ ਅਤੇ ਸਿੰਚਾਈ ਅਧੀਨ ਹੈ। ਇਸ ਜ਼ਮੀਨ ਤੇ ਆਮ ਤੌਰ ਤੇ ਕਿਸਾਨਾਂ ਵਲੋਂ ਦੋ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਸਬਜ਼ੀਆਂ ਪੈਦਾ ਕਰਨ ਵਾਲੇ ਕਿਸਾਨ ਤਾਂ ਸਾਲ ਵਿਚ ਤਿੰਨ ਫ਼ਸਲਾਂ ਵੀ ਪੈਦਾ ਕਰ ਲੈਂਦੇ ਹਨ। ਇਸ ਕਰਕੇ 24311 ਏਕੜ ਜ਼ਮੀਨ ਨੂੰ ਗ੍ਰਹਿਣ ਕਰਨ ਨਾਲ ਸੂਬੇ ਵਿਚ ਖਾਧ ਪਦਾਰਥਾਂ ਦਾ ਉਤਪਾਦਨ ਘੱਟ ਜਾਵੇਗਾ। ਇਸ ਕਰਕੇ ਇਹ ਉਚਿੱਤ ਹੋਵੇਗਾ ਕਿ ਲੁਧਿਆਣਾ ਦੇ ਆਸ-ਪਾਸ ਦੇ ਇਲਾਕੇ ਵਿਚ ਜਿਹੜੀ ਜ਼ਮੀਨ ਭੂਮਾਫੀਆ ਵਲੋਂ ਖਰੀਦ ਕੇ ਵਿਹਲੀ ਰੱਖੀ ਗਈ ਹੈ ਉਸ ਬਾਰੇ ਅੰਕੜੇ ਇਕੱਠੇ ਕੀਤੇ ਜਾਣ। ਲੁਧਿਆਣਾ ਸ਼ਹਿਰ ਵਿਚ ਰਹਿਣ ਵਾਲਿਆਂ ਨੂੰ ਪਤਾ ਹੈ ਕਿ ਕੁਝ ਬਿਲਡਰਾਂ ਅਤੇ ਅਮੀਰਾਂ ਵਲੋਂ ਕਾਫੀ ਜ਼ਮੀਨ ਨੇੜਲੇ ਪਿੰਡਾਂ ਵਿਚ ਖਰੀਦ ਕੇ ਇੱਟਾਂ ਜਾਂ ਟੀਨਾਂ ਦੀ ਚਾਰਦੀਵਾਰੀ ਕਰਕੇ ਮੁਨਾਫ਼ਾ ਕਮਾਉਣ ਲਈ ਖਾਲੀ ਰੱਖੀ ਹੋਈ ਹੈ। ਸਰਵੇਖਣ ਕਰਕੇ ਅੰਦਾਜ਼ਾ ਲਗਾ ਕੇ ਉਸ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ।

ਖੇਤੀਬਾੜੀ ਹੇਠ ਉਪਜਾਊ ਜ਼ਮੀਨ ਨੂੰ ਘੱਟੋ ਘੱਟ ਗ੍ਰਹਿਣ ਕਰਨ ਲਈ ਜ਼ਰੂਰੀ ਹੈ ਕਿ ਸ਼ਹਿਰੀਕਰਣ ਦੀ ਨੀਤੀ ‘ਤੇ ਮੁੜ ਵਿਚਾਰ ਕੀਤਾ ਜਾਵੇ। ਸ਼ਹਿਰਾਂ ਵਿਚ ਇੱਕ ਜਾਂ ਦੋ ਮੰਜ਼ਲੇ ਮਕਾਨ ਬਨਾਉਣ ਦੀ ਬਜਾਏ ਬਹੁਮੰਜ਼ਿਲਾ ਮਕਾਨ/ ਫਲੈਟ ਉਸਾਰੇ ਜਾ ਸਕਦੇ ਹਨ। ਦੇਸ਼ ਦੇ ਕਈ ਸ਼ਹਿਰਾਂ ਵਿਚ ਬਹੁਮੰਜ਼ਿਲਾ

(ਬਾਕੀ ਸਫਾ 12 ’ਤੇ)

# ਬਾਗ਼ੀਆਂ ਦੇ ਅੰਤਮ ਸੰਸਕਾਰ ਤੋਂ ਭੈਅਭੀਤ 'ਲੋਕਤੰਤਰ' ਅਤੇ ਲਾਸ਼ਾਂ ਲੈਣ ਲਈ ਸੰਘਰਸ਼

***ਮਾਓਵਾਦੀ ਆਗੂਆਂ ਦੇ 'ਮੁਕਾਬਲੇ' ਤੋਂ ਬਾਅਦ ਲਾਸ਼ਾਂ ਲੈਣ ਲਈ ਪਰਿਵਾਰਾਂ ਅਤੇ ਰਾਜ ਮਸ਼ੀਨਰੀ ਦਰਮਿਆਨ ਚਾਰ ਦਿਨ ਖਿੱਚੋਤਾਣ ਚੱਲਦੀ ਰਹੀ। ਲਾਸ਼ਾਂ ਲਈ ਇਸ ਸੰਘਰਸ਼ ਦੀਆਂ ਬਹੁਤ ਸਾਰੀਆਂ ਪਰਤਾਂ ਹਨ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ। ਇਨ੍ਹਾਂ ਪੱਖਾਂ ਦੀ ਚਰਚਾ ਇਸ ਵਿਸ਼ੇਸ਼ ਲੇਖ ਵਿਚ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤੀ ਹੈ।-ਸੰਪਾਦਕ॥***

**ਬੂਟਾ ਸਿੰਘ ਮਹਿਮੂਦਪੁਰ**

ਸੀ.ਪੀ.ਆਈ. (ਮਾਓਵਾਦੀ) ਦੇ ਜਨਰਲ ਸਕੱਤਰ ਬਸਵਾ ਰਾਜ ਅਤੇ 7 ਹੋਰ ਮਾਓਵਾਦੀਆਂ ਆਗੂਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਿਸਾਂ ਨੂੰ ਦੇਣ ਦੀ ਬਜਾਏ ਛੱਤੀਸਗੜ੍ਹ ਪੁਲਿਸ ਵੱਲੋਂ ਪੈਟਰੋਲ ਪਾ ਕੇ ਸਾੜ ਦਿੱਤੇ ਜਾਣ ਨੇ ਭਾਰਤੀ ਰਾਜ ਦੀ ਮ੍ਰਿਤਕ ਮਨੁੱਖੀ ਸਰੀਰਾਂ ਦੀ ਬੇਹੁਰਮਤੀ ਕਰਨ ਦੀ ਨੀਤੀ ਮੁੜ ਦੁਨੀਆ ਨੂੰ ਦਿਖਾ ਦਿੱਤੀ ਹੈ। ਜਿਵੇਂ ਅੰਗਰੇਜ਼ ਹਕੂਮਤ ਨੇ ਸ਼ਹੀਦ ਭਗਤ ਸਿੰਘ-ਰਾਜਗੁਰੂ ਅਤੇ ਸੁਖਦੇਵ ਨੂੰ ਇਕ ਦਿਨ ਪਹਿਲਾਂ ਹੀ ਸ਼ਾਮ ਨੂੰ ਫਾਂਸੀ ਦੇ ਕੇ ਹੁਸੈਨੀਵਾਲਾ (ਫ਼ਿਰੋਜ਼ਪੁਰ) ਵਿਖੇ ਸੁੰਨ-ਮਸਾਨ ਜਗ੍ਹਾ ਉੱਪਰ ਲਿਜਾ ਕੇ ਤੇਲ ਪਾ ਕੇ ਜਲਾ ਦਿੱਤਾ ਸੀ। ਉਸੇ ਤਰ੍ਹਾਂ, 'ਆਜ਼ਾਦ' ਭਾਰਤ ਦੀ ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਵੱਲੋਂ ਮਾਓਵਾਦੀਆਂ ਦੀਆਂ ਲਾਸ਼ਾਂ ਪਰਿਵਾਰਾਂ ਨੂੰ ਧੋਖੇ ਵਿਚ ਰੱਖ ਕੇ ਪੈਟਰੋਲ ਪਾ ਕੇ ਸਾੜ ਦਿੱਤੀਆਂ ਗਈਆਂ। ਤੇਲੰਗਾਨਾ-ਆਂਧਰਾ ਪ੍ਰਦੇਸ਼ ਵਿਚ ਮਾਓਵਾਦੀ ਆਗੂਆਂ ਦੇ ਅੰਤਿਮ ਸੰਸਕਾਰ ਮੌਕੇ ਵੱਡੇ ਜੁੜਦੇ ਵੱਡੇ ਇਕੱਠ ਹਕੂਮਤੀ ਦਹਿਸ਼ਤ ਨੂੰ ਤੋੜਨ ਦਾ ਜ਼ਰੀਏ ਬਣ ਜਾਂਦੇ ਹਨ। ਪਿਛਲੇ ਦਿਨੀਂ ਮਾਓਵਾਦੀ ਆਗੂ ਰੇਣੂਕਾ ਨੂੰ ਜਮਹੂਰੀ ਸ਼ਖਸੀਅਤਾਂ ਸਮੇਤ ਛੇ ਹਜ਼ਾਰ ਲੋਕਾਂ ਦੇ ਇਕੱਠ ਨੇ ਅੰਤਮ ਵਿਦਾਇਗੀ ਦਿੱਤੀ ਸੀ।

ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਨਾਲ ਸੰਬੰਧਤ ਮਾਓਵਾਦੀਆਂ ਦੇ ਪਰਿਵਾਰਾਂ ਨੂੰ ਪਹਿਲਾਂ ਹੀ ਖੁੜਕ ਗਈ ਸੀ ਕਿ ਹਕੂਮਤ ਲਾਸ਼ਾਂ ਪਰਿਵਾਰਾਂ ਨੂੰ ਨਹੀਂ ਦੇਵੇਗੀ। ਹਕੂਮਤ ਨੂੰ ਡਰ ਸੀ ਕਿ ਲਾਸ਼ਾਂ ਦਾ ਦੁਬਾਰਾ ਪੋਸਟ-ਮਾਰਟਮ ਕਰਾਏ ਜਾਣ ਨਾਲ 'ਮੁਕਾਬਲੇ' ਦਾ ਝੂਠ ਨੰਗਾ ਹੋ ਜਾਵੇਗਾ। ਇਸਦੇ ਮੱਦੇਨਜ਼ਰ ਬਸਵਾ ਰਾਜ ਦੀ ਮਾਤਾ, ਤੇ ਨਾਗੇਸ਼ਵਰ ਰਾਓ ਅਤੇ ਹੋਰ ਆਗੂਆਂ ਦੇ ਪਰਿਵਾਰਕ ਮੈਂਬਰਾਂ ਨੇ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਲੈਣ ਲਈ ਆਂਧਰਾ ਪ੍ਰਦੇਸ਼ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਉੱਪਰ ਸੁਣਵਾਈ ਕੀਤੀ। ਸੁਣਵਾਈ ਦੌਰਾਨ ਛੱਤੀਸਗੜ੍ਹ ਸਰਕਾਰ ਨੇ ਅਦਾਲਤ ਅੱਗੇ ਵਾਅਦਾ ਕੀਤਾ ਕਿ ਪੋਸਟ-ਮਾਰਟਮ ਤੋਂ ਬਾਅਦ ਲਾਸ਼ਾਂ ਪਰਿਵਾਰਾਂ ਨੂੰ ਸੌਂਪ ਦਿਤੀਆਂ ਜਾਣਗੀਆਂ। ਪਰਿਵਾਰ ਮੈਂਬਰ ਲਾਸ਼ਾਂ ਦੀ ਉਡੀਕ ਕਰਦੇ ਰਹੇ, ਪਰ ਪੁਲਿਸ ਅਧਿਕਾਰੀਆਂ ਨੇ ਪਰਿਵਾਰਾਂ ਨੂੰ ਧੋਖਾ ਦੇ ਕੇ ਲਾਸ਼ਾਂ ਜਲਾ ਦਿੱਤੀਆਂ। ਬਹਾਨਾ ਇਹ ਬਣਾਇਆ ਕਿ ਲਾਸ਼ਾਂ ਲੈਣ ਲਈ ਨਰਾਇਣਪੁਰ ਜ਼ਿਲ੍ਹਾ ਸਦਰ-ਮੁਕਾਮ 'ਤੇ ਪਹੁੰਚੇ ਸਕੇ-ਸੰਬੰਧੀ ਲਾਸ਼ਾਂ ਦੇ 'ਕਾਨੂੰਨੀ ਵਾਰਿਸ' ਹੋਣ ਦੇ ਸਬੂਤ ਪੇਸ਼ ਨਹੀਂ ਕਰ ਸਕੇ। ਇਹ ਵੀ ਕਿਹਾ ਗਿਆ ਕਿ ਦੇਰੀ ਹੋ ਕਾਰਨ ਲਾਸ਼ਾਂ ਗਲ਼ ਰਹੀਆਂ ਸਨ। ਜਦਕਿ ਪਰਿਵਾਰ ਫਰੀਜ਼ਰ ਵਾਲੀਆਂ ਸਪੈਸ਼ਲ ਐਂਬੂਲੈਂਸ ਗੱਡੀਆਂ ਲੈ ਕੇ ਚਾਰ ਦਿਨ ਤੋਂ ਨਰਾਇਣਪੁਰ ਵਿਚ ਮੌਜੂਦ ਸਨ ਅਤੇ ਉਨ੍ਹਾਂ ਦੀ ਮੱਦਦ ਲਈ ਉੱਘੀ ਕਾਰਕੁਨ ਬੇਲਾ ਭਾਟੀਆ ਵੀ ਸਾਰਾ ਸਮਾਂ ਉਨ੍ਹਾਂ ਦੇ ਨਾਲ ਰਹੀ। ਉਨ੍ਹਾਂ ਨੇ ਉੱਚ ਪੁਲਿਸ ਅਤੇ ਹੋਰ ਅਧਿਕਾਰੀਆਂ ਨੂੰ ਮਿਲ ਕੇ ਅਦਾਲਤ ਦੇ ਲਿਖਤੀ ਆਦੇਸ਼ ਅਤੇ ਮ੍ਰਿਤਕਾਂ ਨਾਲ ਆਪਣੇ ਰਿਸ਼ਤੇ ਦੇ ਦਸਤਾਵੇਜ਼ੀ ਸਬੂਤ ਪੇਸ਼ ਕਰ ਦਿੱਤੇ ਸਨ ਅਤੇ ਪੁਲਿਸ ਦੀ ਟਾਲ-ਮਟੋਲ ਵਿਰੁੱਧ ਸੜਕ ਉੱਪਰ ਰੋਸ ਪ੍ਰਦਰਸ਼ਨ ਵੀ ਕੀਤਾ ਸੀ। ਮੀਡੀਆ ਚੈਨਲ ਨਾਲ ਇੰਟਰਵਿਊਆਂ ਵੀ ਇਸ ਦਾ ਸਬੂਤ ਹਨ ਕਿ ਉਨ੍ਹਾਂ ਦਾ ਮ੍ਰਿਤਕਾਂ ਨਾਲ ਕੀ ਰਿਸ਼ਤਾ ਸੀ। ਪੁਲਿਸ ਅਧਿਕਾਰੀਆਂ ਵੱਲੋਂ ਅਤਿਅੰਤ ਗਰਮੀ ਵਿਚ ਜਾਣ-ਬੁੱਝ ਕੇ ਲਾਸ਼ਾਂ ਖੁੱਲ੍ਹੀ ਸ਼ੈੱਡ ਵਿਚ ਰੱਖ ਕੇ ਖ਼ਰਾਬ ਕੀਤੀਆਂ ਗਈਆਂ ਤਾਂ ਜੋ ਉਨ੍ਹਾਂ ਦੀ ਪਛਾਣ ਨਾ ਹੋ ਸਕੇ ਅਤੇ ਨਾ ਦੁਬਾਰਾ ਪੋਸਟ-ਮਾਰਟਮ ਕਰਵਾਇਆ ਜਾ ਸਕੇ। ਮਾਓਵਾਦੀਆਂ ਅਤੇ ਆਦਿਵਾਸੀਆਂ ਦੀਆਂ ਲਾਸ਼ਾਂ ਨੂੰ ਜਾਣ-ਬੁੱਝ ਕੇ ਖ਼ਰਾਬ ਕਰਨਾ ਬਸਤਰ ਪੁਲਿਸ ਲਈ ਆਮ ਗੱਲ ਹੈ। ਜਿਨ੍ਹਾਂ ਲਈ ਰਾਜ ਦੀ ਹਿੰਸਾ ਉਨ੍ਹਾਂ ਦੀ ਜਾਨ ਲੈਣ ਤੋਂ ਬਾਅਦ ਵੀ ਜਾਰੀ ਰਹਿੰਦੀ ਹੈ। ਕੁਝ ਦਿਨ ਪਹਿਲਾਂ ਆਦਿਵਾਸੀ ਕਾਰਕੁਨ ਸੋਨੀ ਸੋਰੀ ਨੇ ਕਰੇਗੁੱਟਾ ਪਹਾੜੀ ਦੀ ਘੇਰਾਬੰਦੀ 'ਚ ਮਾਰੇ ਗਏ ਆਦਿਵਾਸੀਆਂ ਦੀਆਂ ਲਾਸ਼ਾਂ ਲੈਣ ਦਾ ਆਪਣਾ ਅਨੁਭਵ ਸਾਂਝਾ ਕਰਦੇ ਹੋਏ ਦੱਸਿਆ ਸੀ ਕਿ ਬੀਜਾਪੁਰ ਹਸਪਤਾਲ ਵਿਚ ਰੱਖੀਆਂ ਲਾਸ਼ਾਂ ਉੱਪਰ ਹਜ਼ਾਰਾਂ ਕੀੜੇ ਰੀਂਗ ਰਹੇ ਸਨ, ਜਿਨ੍ਹਾਂ ਕਾਰਨ ਲਾਸ਼ਾਂ ਦੀ ਸ਼ਨਾਖ਼ਤ ਕਰਨੀ ਵੀ ਮੁਸ਼ਕਲ ਸੀ।


ਨਾ ਇਹ ਦੁਸ਼ਟ ਰਾਜ ਦੀ ਨੀਚਤਾ ਦੀ ਪਹਿਲੀ ਮਿਸਾਲ ਹੈ ਅਤੇ ਨਾ ਆਖ਼ਰੀ। ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਭਾਰਤੀ ਪੁਲਿਸ ਅਤੇ ਹੋਰ ਏਜੰਸੀਆਂ ਅਦਾਲਤੀ ਅਮਲ ਦੀਆਂ ਧੱਜੀਆਂ ਉਡਾ ਕੇ ਜੱਜ ਅਤੇ ਜਲਾਦ ਦੀ ਭੂਮਿਕਾ ਹੀ ਨਹੀਂ ਨਿਭਾਉਂਦੀਆਂ, ਸਗੋਂ ਗ਼ੈਰਅਦਾਲਤੀ ਕਤਲਾਂ ਤੋਂ ਬਾਅਦ ਆਪਣੇ ਕੁਕਰਮਾਂ ਦੇ ਸਬੂਤ ਮਿਟਾਉਣ ਲਈ ਲਾਸ਼ਾਂ ਨੂੰ ਖੁਰਦ-ਬੁਰਦ ਕਰਨ ਲਈ ਬੇਹੱਦ ਫ਼ੁਰਤੀ ਵੀ ਦਿਖਾਉਂਦੀਆਂ ਹਨ। ਲਾਸ਼ਾਂ ਨਦੀਆਂ, ਨਹਿਰਾਂ ਵਿਚ ਸੁੱਟ ਕੇ, ਜਾਂ ਚੁੱਪ-ਚੁਪੀਤੇ ਕਬਰਾਂ ਵਿਚ ਦਫ਼ਨਾ ਕੇ ਜਾਂ ਸ਼ਮਸ਼ਾਨਘਾਟਾਂ ਵਿਚ ਨਸ਼ਟ ਕਰ ਦਿੱਤੀਆਂ ਜਾਂਦੀਆਂ ਹਨ। 1984 'ਚ ਓਪਰੇਸ਼ਨ ਬਲਿਊ ਸਟਾਰ ਸਮੇਂ ਦਰਬਾਰ ਸਾਹਿਬ ਕੰਪਲੈਕਸ ਵਿਚ ਕਤਲ ਕੀਤੇ ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਫ਼ੌਜ ਨੇ ਚੁੱਪ-ਚੁਪੀਤੇ ਜਲਾ ਦਿੱਤੀਆਂ ਸਨ। 1984-1994 ਦੇ ਦਹਾਕੇ ਚ ਪੰਜਾਬ ਵਿਚ 'ਮੁਕਾਬਲਿਆਂ' ਵਿਚ ਮਾਰੇ ਹਜ਼ਾਰਾਂ ਨੌਜਵਾਨਾਂ ਦੀਆਂ ਲਾਸ਼ਾਂ ਗੁਪਤ ਤਰੀਕੇ ਨਾਲ ਖਪਾ ਦਿੱਤੀਆਂ ਗਈਆਂ ਸਨ। ਜਿਨ੍ਹਾਂ ਨੂੰ ਲੱਭਦਿਆਂ ਮਨੁੱਖੀ ਹੱਕਾਂ ਦੇ ਝੰਡਾਬਰਦਾਰ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਕੁਰਬਾਨ ਕਰਨੀ ਪਈ ਸੀ। ਇਹੀ ਭਿਆਨਕ ਮੰਜ਼ਰ 1984 ਸਿੱਖਾਂ ਦੇ ਕਤਲੇਆਮ, 2002 ਦੇ ਗੁਜਰਾਤ ਕਤਲੇਆਮ, ਕਸ਼ਮੀਰ ਅਤੇ ਉੱਤਰ-ਪੂਰਬੀ ਰਿਆਸਤਾਂ ਵਿਚ ਬਣਾਏ ਜਾਂਦੇ ਮੁਕਾਬਲਿਆਂ ਵਿਚ ਦੇਖਿਆ ਗਿਆ।

ਭਾਰਤੀ ਹੁਕਮਰਾਨ ਮੁੱਢ ਤੋਂ ਹੀ ਹਕੂਮਤ ਵਿਰੋਧੀ ਹਥਿਆਰਬੰਦ ਲਹਿਰਾਂ ਨਾਲ ਸੰਬੰਧਤ ਰਾਜਨੀਤਕ ਵਿਰੋਧੀਆਂ ਨੂੰ ਮੌਤ ਤੋਂ ਬਾਅਦ ਵੀ ਬੁਨਿਆਦੀ ਮਨੁੱਖੀ ਮਾਣ-ਸਨਮਾਨ ਤੋਂ ਵਾਂਝਾ ਰੱਖਣ ਲਈ ਬਦਨਾਮ ਹਨ। ਪੁਲਿਸ ਜਾਂ ਫ਼ੌਜ ਹਥਿਆਰਬੰਦ ਬਾਗ਼ੀਆਂ ਨੂੰ ਗਿਰਫ਼ਤਾਰ ਕਰ ਕੇ ਝੂਠੇ ਮੁਕਾਬਲਿਆਂ ਵਿਚ ਮਾਰਨ ਤੋਂ ਬਾਅਦ ਇਹ ਯਕੀਨੀਂ ਬਣਾਉਂਦੀ ਹੈ ਕਿ ਨਾ ਮ੍ਰਿਤਕਾਂ ਦੇ ਪਰਿਵਾਰ ਆਪਣੇ ਪਿਆਰਿਆਂ ਨੂੰ ਆਖ਼ਰੀ ਵਾਰ ਦੇਖ ਸਕਣ ਅਤੇ ਨਾ ਹੀ ਉਨ੍ਹਾਂ ਦਾ ਅੰਤਮ ਸੰਸਕਾਰ ਕਰ ਸਕਣ। ਇਹ ਰਾਜ-ਮਸ਼ੀਨਰੀ ਦੀ ਗਿਣੀ-ਮਿੱਥੀ ਯੋਜਨਾ ਹੁੰਦੀ ਹੈ।

ਆਂਧਰਾ ਪ੍ਰਦੇਸ਼ ਵਿਚ 1969 'ਚ ਨਕਸਲੀ ਲਹਿਰ ਸ਼ੁਰੂ ਹੋਣ 'ਤੇ ਪੰਚਾਦੀ ਕ੍ਰਿਸ਼ਨਮੂਰਤੀ ਅਤੇ ਉਨ੍ਹਾਂ ਦੇ ਛੇ ਸਾਥੀਆਂ ਦੇ ਕਤਲ ਤੋਂ ਲੈ ਕੇ 1990 ਦੇ ਦਹਾਕੇ ਦੇ ਸ਼ੁਰੂ ਤੱਕ, ਪੁਲਿਸ ਨਕਸਲੀਆਂ ਨੂੰ ਗ੍ਰਿਫ਼ਤਾਰ ਕਰਕੇ 'ਮੁਕਾਬਲੇ' ਬਣਾਉਣ ਤੋਂ ਬਾਅਦ ਖੁਦ ਹੀ ਲਾਸ਼ਾਂ ਜਲਾਉਂਦੀ ਰਹੀ। ਨਾ ਪਰਿਵਾਰਾਂ ਨੂੰ ਕੋਈ ਖ਼ਬਰ, ਨਾ ਲਾਸ਼ਾਂ ਦੀ ਸ਼ਨਾਖ਼ਤ, ਨਾ ਹੀ ਆਖ਼ਰੀ ਵਿਦਾਇਗੀ। ਪੁਲਿਸ ਮੁਕਾਬਲੇ ਵਾਲੀ ਜਗ੍ਹਾ ਨੂੰ ਪੂਰੀ ਤਰ੍ਹਾਂ ਘੇਰ ਲੈਂਦੀ, ਸਕੇ-ਸੰਬੰਧੀਆਂ ਨੂੰ ਧਮਕਾਉਂਦੀ, ਅਤੇ ਹਰ ਸਬੂਤ ਮਿਟਾ ਦਿੰਦੀ। ਇਹ ਨਾ ਸਿਰਫ਼ ਇਨ੍ਹਾਂ ਜ਼ਿੰਦਗੀਆਂ ਨੂੰ ਇਤਿਹਾਸ ਤੋਂ ਮਿਟਾਉਣ ਦਾ ਯਤਨ ਸੀ, ਸਗੋਂ ਉਨ੍ਹਾਂ ਪਰਿਵਾਰਾਂ ਅਤੇ ਆਮ ਲੋਕਾਂ ਵਿਚ ਖ਼ੌਫ਼ ਦਾ ਮਾਹੌਲ ਬਣਾਉਣ ਦੀ ਗਿਣੀ-ਮਿਥੀ ਨੀਤੀ ਸੀ।

ਜਦੋਂ ਸ਼ਹਿਰੀ ਹੱਕਾਂ ਦੀਆਂ ਜਥੇਬੰਦੀਆਂ ਕਿਸੇ ਨਕਸਲੀ ਨੂੰ ਗ੍ਰਿਫ਼ਤਾਰ ਕਰ ਲਏ ਜਾਣ ਦਾ ਪਤਾ ਲੱਗਣ 'ਤੇ ਮੰਗ ਕਰਦੀਆਂ ਕਿ ਉਸ ਨੂੰ ਮੁਕਾਬਲੇ ਵਿਚ ਮਾਰਨ ਦੀ ਬਜਾਏ ਅਦਾਲਤ ਵਿਚ ਪੇਸ਼ ਕੀਤਾ ਜਾਵੇ ਅਤੇ ਅਦਾਲਤੀ ਪ੍ਰਕਿਰਿਆ ਰਾਹੀਂ ਹੀ ਸਜ਼ਾਵਾਂ ਦਿੱਤੀਆਂ ਜਾਣ, ਤਾਂ ਵੀ ਝੂਠੇ ਮੁਕਾਬਲਿਆਂ ਦਾ ਸਿਲਸਿਲਾ ਬੰਦ ਨਹੀਂ ਹੋਇਆ। ਨਾ ਹੀ ਪੁਲਿਸ ਅਤੇ ਹੋਰ ਸਰਕਾਰੀ ਏਜੰਸੀਆਂ ਨੇ ਝੂਠਾ ਬਿਰਤਾਂਤ ਬੰਦ ਕੀਤਾ। ਨਕਸਲੀਆਂ ਵੱਲੋਂ ਆਪਣੇ ਸਾਥੀਆਂ ਦੀ ਗ੍ਰਿਫ਼ਤਾਰੀ ਵੱਲ ਧਿਆਨ ਖਿੱਚਣ ਲਈ ਸਰਕਾਰੀ ਇਮਾਰਤਾਂ ਜਾਂ ਵਾਹਨਾਂ ਨੂੰ ਸਾੜਨ ਦੀਆਂ ਕਾਰਵਾਈਆਂ ਵੀ ਪੁਲਿਸ ਦੀਆਂ ਮਨਮਾਨੀਆਂ ਉੱਪਰ ਕੋਈ ਅਸਰ ਨਾ ਪਾ ਸਕੀਆਂ। ਅਜਿਹੀ ਹਾਲਤ 'ਚ ਪਰਿਵਾਰ ਪੂਰੀ ਤਰ੍ਹਾਂ ਬੇਵੱਸ ਹੋ ਜਾਂਦੇ। ਨਿਆਂ ਦੀ ਗੱਲ ਤਾਂ ਛੱਡੋ, ਜਾਂਚ ਤੋਂ ਬਿਨਾਂ ਹੀ ਮਾਮਲਾ ਠੱਪ ਕਰ ਦਿੱਤਾ ਜਾਂਦਾ।

1990ਵਿਆਂ 'ਚ ਆਂਧਰਾ ਪ੍ਰਦੇਸ਼ ਵਿਚ ਇਸ ਹਾਲਤ ਨੇ ਮੋੜਾ ਕੱਟਿਆ। ਦਸੰਬਰ 1991 'ਚ ਪੱਤਰਕਾਰ ਗ਼ੁਲਾਮ ਰਸੂਲ ਅਤੇ ਉਸ ਦੇ ਮਿੱਤਰ ਵਿਜੈ ਪ੍ਰਸਾਦ ਨੂੰ ਹੈਦਰਾਬਾਦ ਵਿਚ ਦਿਨ-ਦਿਹਾੜੇ ਚੁੱਕ ਕੇ ਅਤੇ 'ਅਣਪਛਾਤੇ ਨਕਸਲੀ' ਕਰਾਰ ਦੇ ਕੇ ਕਤਲ ਕਰ ਦਿੱਤੇ ਜਾਣ ਨਾਲ ਲੋਕਾਈ ਦਾ ਗੁੱਸਾ ਭੜਕ ਉੱਠਿਆ। ਰਸੂਲ ਨੂੰ ਇਸ ਕਰਕੇ ਮਾਰ ਦਿੱਤਾ ਗਿਆ ਕਿਉਂਕਿ ਉਸਨੇ ਇਕ ਵੱਡੇ ਪੁਲਿਸ ਅਧਿਕਾਰੀ ਦੇ ਜ਼ਮੀਨ ਘੋਟਾਲੇ ਦਾ ਪਰਦਾਫਾਸ਼ ਕੀਤਾ ਸੀ, ਅਤੇ ਵਿਜੈ ਅਗਵਾ ਦਾ ਚਸ਼ਮਦੀਦ ਗਵਾਹ ਹੋਣ ਕਾਰਨ ਉਸ ਨੂੰ ਖ਼ਤਮ ਕਰਨਾ ਪੁਲਿਸ ਲਈ ਜ਼ਰੂਰੀ ਸੀ। ਪੱਤਰਕਾਰਾਂ ਨੇ ਜਦੋਂ ਲਾਸ਼ਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪਣ ਦੀ ਮੰਗ ਕੀਤੀ, ਤਾਂ ਪੁਲਿਸ ਨੇ ਗ੍ਰਹਿ ਮੰਤਰੀ ਨਾਲ ਵਫ਼ਦ ਦੀ ਚੱਲ ਰਹੀ ਗੱਲਬਾਤ ਦੌਰਾਨ ਹੀ ਗੁਪਤੋ-ਗੁਪਤੀ ਉਨ੍ਹਾਂ ਦਾ ਦਾਹ-ਸੰਸਕਾਰ ਕਰ



ਦਿੱਤਾ। ਪੁਲਿਸ ਦੇ ਇਸ ਕਾਰੇ ਨੇ ਰਾਜ ਪ੍ਰਬੰਧ ਦਾ ਕਰੂਰ ਚਿਹਰਾ ਲੋਕਾਂ ਨੂੰ ਦਿਖਾ ਦਿੱਤਾ। ਦਸ ਮਹੀਨੇ ਬਾਦ ਪੁਲਿਸ ਨੇ ਹਰਮਨਪਿਆਰੇ ਨਕਸਲੀ ਆਗੂ ਪੂਲੀ ਅੰਜਈਆ ਅਤੇ ਉਸਦੀ ਪਤਨੀ ਨੂੰ ਬੰਗਲੌਰ ਤੋਂ ਗ੍ਰਿਫ਼ਤਾਰ ਕਰਕੇ ਤੇਲੰਗਾਨਾ 'ਚ ਲਿਆ ਕੇ 'ਮੁਕਾਬਲਾ' ਬਣਾ ਦਿੱਤਾ ਅਤੇ ਪਰਿਵਾਰ ਨੂੰ ਲਾਸ਼ਾਂ ਦੇਖਣ ਦੀ ਇਜਾਜ਼ਤ ਵੀ ਨਹੀਂ ਦਿੱਤੀ। ਫਿਰ ਜਦੋਂ, 1994 ਵਿਚ ਨਕਸਲੀ ਕਾਰਕੁਨਾਂ ਚਿੰਤਾਲਾ ਵੈਂਕਟਸਵਾਮੀ ਅਤੇ ਪਦਮਾ ਦਾ 'ਮੁਕਾਬਲਾ' ਬਣਾਇਆ ਗਿਆ ਤਾਂ ਉਨ੍ਹਾਂ ਦੇ ਕਤਲ ਨੂੰ ਲੈ ਕੇ ਕਾਨੂੰਨੀ ਜ਼ੋਰ-ਅਜ਼ਮਾਈ ਇਤਿਹਾਸ ਸਿਰਜਕ ਸਿੱਧ ਹੋਈ। ਹਾਈਕੋਰਟ ਨੇ ਦੁਬਾਰਾ ਪੋਸਟਮਾਰਟਮ ਕਰਾਉਣ ਅਤੇ ਲਾਸ਼ਾਂ ਪਰਿਵਾਰਾਂ ਨੂੰ ਸੌਂਪਣ ਦਾ ਆਦੇਸ਼ ਦਿੱਤਾ। ਇਸ ਨਾਲ ਕਾਨੂੰਨੀ ਤੌਰ 'ਤੇ ਇਕ ਮਿਸਾਲ ਕਾਇਮ ਹੋ ਗਈ ਅਤੇ ਮੌਤ ਹੋਣ 'ਤੇ ਮਨੁੱਖੀ ਮਾਣ-ਸਨਮਾਨ ਲਈ ਸੰਘਰਸ਼ ਦਾ ਨਵਾਂ ਮੁਹਾਜ਼ ਖੁੱਲ੍ਹ ਗਿਆ।

ਅਗਲੇ ਸਾਲਾਂ 'ਚ 'ਮੁਕਾਬਲੇ' ਬਣਾਏ ਜਾਣ 'ਤੇ ਦੁਬਾਰਾ ਪੋਸਟਮਾਰਟਮ ਕਰਾਉਣ ਲਈ ਲਾਸ਼ਾਂ ਨੂੰ ਸੁਰੱਖਿਅਤ ਰੱਖਣ ਵਾਸਤੇ ਜ਼ੋਰਦਾਰ ਜਨਤਕ ਦਬਾਅ ਬਣਨਾ ਸ਼ੁਰੂ ਹੋ ਗਿਆ। ਫਰਵਰੀ 1997 'ਚ ਜਦੋਂ ਨਕਸਲੀ ਰਾਮੇਸ਼ਵਰ ਦਾ 'ਮੁਕਾਬਲਾ' ਬਣਾਉਣ ਤੋਂ ਬਾਅਦ ਪੁਲਿਸ ਨੇ ਲਾਸ਼ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਤਾਂ ਉਸਦੇ ਪਰਿਵਾਰਕ ਮੈਂਬਰਾਂ ਨੇ ਡੱਟ ਕੇ ਵਿਰੋਧ ਕੀਤਾ। ਉੱਘੇ ਇਨਕਲਾਬੀ ਗਾਇਕ ਗ਼ਦਰ ਦੀ ਮੱਦਦ ਨਾਲ ਇਹ ਮਾਮਲਾ ਅਦਾਲਤ ਵਿਚ ਜਾ ਪਹੁੰਚਿਆ। ਅਦਾਲਤ ਨੇ ਲਾਸ਼ ਪਰਿਵਾਰ ਨੂੰ ਸੌਂਪਣ ਦਾ ਆਦੇਸ਼ ਦਿੱਤਾ ਜੋ ਇਤਿਹਾਸਕ ਹੋ ਨਿਬੜਿਆ। ਤੇਲੰਗਾਨਾ ਵਿਚ ਹਕੂਮਤ ਨਾਲ ਟੱਕਰ ਲੈ ਕੇ ਲਾਸ਼ਾਂ ਲੈਣ ਉਪਰੰਤ ਇਨਕਲਾਬੀਆਂ ਦੀ ਅੰਤਮ-ਵਿਦਾਇਗੀ ਪੁਲਿਸ ਵੱਲੋਂ ਇਕੱਠ ਦੀ ਮਨਾਹੀ ਦੀਆਂ ਰੋਕਾਂ ਤੋੜ ਕੇ ਜਨਤਕ ਰੋਹ ਪ੍ਰਦਰਸ਼ਨ ਬਣ ਗਈ। ਪੁਲਿਸ ਅਤੇ ਹਕੂਮਤ ਨੇ ਆਪਣੇ ਮਨਸੂਬੇ ਨਾਕਾਮ ਹੁੰਦੇ ਦੇਖ ਕੇ ਜਬਰ ਤੇਜ਼ ਕਰ ਦਿੱਤਾ। ਉਸੇ ਦਿਨ ਰਾਚਾਕੌਂਡਾ ਪਹਾੜੀਆਂ ਵਿਚ ਨਕਸਲੀ ਆਗੂ ਮਾਰੱਈਆ ਦਾ 'ਮੁਕਾਬਲਾ' ਬਣਾ ਦਿੱਤਾ ਗਿਆ। ਜਦੋਂ ਇਨਕਲਾਬੀ ਗਾਇਕ ਗ਼ਦਰ ਨੇ ਉਸਦੀ ਲਾਸ਼ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਗਿਰਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਪਰਿਵਾਰ ਉੱਪਰ ਲਾਸ਼ ਦਾ ਤੁਰੰਤ ਸੰਸਕਾਰ ਕਰਨ ਲਈ ਦਬਾਅ ਪਾਇਆ।

ਇਨ੍ਹਾਂ ਹਾਲਾਤ ਵਿਚ 1997 ਵਿਚ ਹਰਮਨਪਿਆਰੇ ਇਨਕਲਾਬੀ ਗਾਇਕ ਗ਼ਦਰ ਅਤੇ ਉੱਘੇ ਲੇਖਕ ਤੇ ਮਨੁੱਖੀ ਹੱਕਾਂ ਦੇ ਘੁਲਾਟੀਏ ਐੱਮ.ਟੀ. ਖਾਨ ਦੀ ਅਗਵਾਈ ਵਿਚ 32 ਲੋਕ ਜਥੇਬੰਦੀਆਂ ਨੇ ਮਿਲ ਕੇ 'ਮੁਕਾਬਲਿਆਂ ਵਿਚ ਮਾਰੇ ਗਿਆਂ ਦੀਆਂ ਲਾਸ਼ਾਂ ਲੈਣ ਲਈ ਕਮੇਟੀ' ਬਣਾਈ। ਹਕੂਮਤ ਨੇ ਪੁਲਿਸ ਨੂੰ ਨਕਸਲੀ ਲਹਿਰ ਨੂੰ ਦਬਾਉਣ ਲਈ 'ਮੁਕਾਬਲੇ' ਬਣਾਉਣ ਦੀ ਖੁੱਲ੍ਹੀ ਛੋਟ ਦਿੱਤੀ ਹੋਈ ਸੀ। ਪਹਿਲੇ ਤਿੰਨ ਮਹੀਨਿਆਂ ਵਿਚ ਹੀ ਪੁਲਿਸ ਨੇ 37 ਨਕਸਲੀ 'ਮੁਕਾਬਲਿਆਂ' ਵਿਚ ਮਾਰ ਦਿੱਤੇ। ਕਮੇਟੀ ਨੇ ਹਰ ਮਾਮਲੇ 'ਚ ਲਾਸ਼ਾਂ ਲੈਣ ਅਤੇ ਦੁਬਾਰਾ ਪੋਸਟ-ਮਾਰਟਮ ਲਈ ਸੰਘਰਸ਼ ਕੀਤਾ ਅਤੇ ਜਨਤਕ ਇਕੱਠ ਕਰਕੇ ਲਾਸ਼ਾਂ ਦੇ ਸੰਸਕਾਰ ਕੀਤੇ ਗਏ। ਲਾਸ਼ਾਂ ਵਾਰਿਸਾਂ ਨੂੰ ਸੌਂਪ ਦੇਣ ਤੋਂ ਬਾਅਦ ਵੀ ਪੁਲਿਸ ਫਟਾਫਟ ਲਾਸ਼ ਜਲਾਉਣ ਲਈ ਦਬਾਅ ਪਾਉਂਦੀ ਰਹੀ ਤਾਂ ਜੋ ਲੋਕ ਸ਼ਾਮਲ ਨਾ ਹੋ ਸਕਣ। ਗ਼ਦਰ ਨੂੰ ਗੋਲੀਆਂ ਮਾਰ ਕੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਵੀ ਇਸ ਲੜਾਈ ਨੂੰ ਰੋਕਣ 'ਚ ਅਸਫ਼ਲ ਰਹੀ। ਕਮੇਟੀ ਵੱਲੋਂ ਲਗਾਤਾਰ ਚਾਰ ਸਾਲ ਇਹ ਸੰਘਰਸ਼ ਲੜੇ ਗਏ।

ਇਸੇ ਵਿਰਾਸਤ 'ਚੋਂ 2002 ਵਿਚ 'ਅਮਰੁਲਾ ਬੰਧੂ ਮਿਤਰੁਲਾ ਕਮੇਟੀ' (ਸ਼ਹੀਦ ਦੇ ਪਰਿਵਾਰਾਂ ਅਤੇ ਮਿੱਤਰਾਂ ਦੀ ਕਮੇਟੀ) ਬਣਾਈ ਗਈ। ਪਿਛਲੇ ਅਠਾਰਾਂ ਸਾਲਾਂ 'ਚ ਇਸ ਸੰਸਥਾ ਦੇ ਕਾਰਕੁਨ ਹਰ 'ਮੁਕਾਬਲੇ' ਤੋਂ ਬਾਅਦ ਤੁਰੰਤ ਘਟਨਾ-ਸਥਾਨ 'ਤੇ ਪਹੁੰਚਦੇ ਰਹੇ, ਪਰਿਵਾਰਾਂ ਨੂੰ ਨਾਲ ਲੈ ਕੇ ਲਾਸ਼ਾਂ ਹਾਸਲ ਕੀਤੀਆਂ। ਜ਼ੱਦੀ ਪਿੰਡਾਂ ਵਿਚ ਲਿਆ ਕੇ ਮਨੁੱਖੀ ਮਾਣ-ਸਨਮਾਨ ਨਾਲ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀ ਸਮਾਗਮ ਕੀਤੇ। ਹਰ ਸਾਲ ਬਰਸੀਆਂ ਮਨਾਈਆਂ ਗਈਆਂ ਅਤੇ ਹੋਰ ਯਾਦਗਾਰੀ ਸਮਾਗਮ ਜਥੇਬੰਦ ਕੀਤੇ ਗਏ।

ਸਟੇਟ ਦੀ ਲੜਾਈ ਇਨਕਲਾਬੀਆਂ/ਬਾਗ਼ੀਆਂ ਨਾਲ ਹੈ। ਜਿਉਂਦਾ ਬੰਦਾ ਹੀ ਲੜ ਸਕਦਾ ਹੈ। ਜਦੋਂ ਅਜਿਹਾ ਬੰਦਾ ਮਾਰਿਆ ਜਾਂਦਾ ਹੈ ਤਾਂ ਇਨਸਾਨੀ ਕਦਰਾਂ-ਕੀਮਤਾਂ ਅਨੁਸਾਰ ਉਸਦੀ ਲਾਸ਼ ਮਨੁੱਖੀ ਸਨਮਾਨ ਨਾਲ ਸਮੇਟੇ ਜਾਣ ਦੀ ਹੱਕਦਾਰ ਹੈ। ਪਰਿਵਾਰਾਂ ਅਤੇ ਹੋਰ ਸੰਬੰਧੀਆਂ ਦਾ ਉਸ ਨਾਲ ਡੂੰਘਾ ਭਾਵਨਾਤਮਕ ਰਿਸ਼ਤਾ ਹੁੰਦਾ ਹੈ ਅਤੇ ਆਪਣੇ ਹੱਥੀਂ ਉਸਦੀ ਮਿੱਟੀ ਸਮੇਟਣਾ ਉਨ੍ਹਾਂ ਦੀ ਇੱਛਾ ਹੁੰਦੀ ਹੈ। ਸਮਾਜ ਨੂੰ ਇਨਸਾਨ ਦੇ ਜਿਊਣ-ਯੋਗ ਬਣਾਉਣ ਲਈ ਆਪਣੇ ਘਰ-ਪਰਿਵਾਰ ਅਤੇ ਨਿੱਜੀ ਭਵਿੱਖ ਦੇ ਸੁਪਨੇ ਤਿਆਗ ਕੇ ਗਏ ਉਨ੍ਹਾਂ ਪਰਿਵਾਰਾਂ ਦੇ ਸੂਪਨਸਾਜ਼ ਜਾਏ ਜਦੋਂ ਆਪਣੇ ਘਰ ਵਿਚ ਲਾਸ਼ ਦੇ ਰੂਪ 'ਚ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਦੀ ਆਮਦ ਪਰਿਵਾਰ ਅਤੇ ਹੋਰ ਹਿਤੈਸ਼ੀਆਂ ਲਈ ਬਹੁਤ ਵੱਡੇ ਮਾਇਨੇ ਰੱਖਦੀ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਮੁੜ ਕਦੇ ਨਹੀਂ ਸੀ ਦੇਖਿਆ। ਜਿਨ੍ਹਾਂ ਨੇ ਵੱਡੇ ਉਦੇਸ਼ ਦੀ ਖ਼ਾਤਰ ਤੁਰ ਗਏ ਇਨਕਲਾਬੀਆਂ ਦੀ ਜੁਦਾਈ ਦੀ ਪੀੜਾ ਅਤੇ ਹਕੂਮਤ ਦੇ ਤਸ਼ੱਦਦ ਦਾ ਕਹਿਰ ਝੱਲਿਆ ਹੁੰਦਾ ਹੈ। ਪਰਿਵਾਰ ਦੇ ਉਸ ਜੀਅ ਦੇ ਵਿਚਾਰ ਚਾਹੇ ਕੋਈ ਰਹੇ ਹੋਣ, ਸਟੇਟ ਦੀਆਂ ਨਜ਼ਰਾਂ 'ਚ ਚਾਹੇ ਉਹ ਕੁਝ ਵੀ ਹੋਵੇ, ਉਨ੍ਹਾਂ ਦਾ ਇਹ ਇਨਸਾਨੀ ਹੱਕ ਹੈ ਕਿ ਆਖ਼ਰੀ ਵਾਰ ਉਸ ਨੂੰ ਦੇਖ ਸਕਣ ਅਤੇ ਉਸਨੂੰ ਮਨੁੱਖੀ ਮਾਣ-ਸਨਮਾਨ ਨਾਲ ਅੰਤਮ ਵਿਦਾਇਗੀ ਦੇ ਸਕਣ। ਭਾਰਤੀ ਰਾਜ ਮਸ਼ੀਨਰੀ ਮਨੁੱਖੀ ਭਾਵਨਾਵਾਂ ਅਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਨਤ ਇਨ੍ਹਾਂ ਕਦਰਾਂ-ਕੀਮਤਾਂ ਨੂੰ ਟਿੱਚ ਸਮਝਦੀ ਹੈ।

ਬਾਗ਼ੀਆਂ ਨੂੰ ਗ਼ੈਰਕਾਨੂੰਨੀ ਤਰੀਕੇ ਨਾਲ ਮਾਰਨ ਤੋਂ ਵੀ ਕਰੂਰਤਾ ਬੰਦ ਨਹੀਂ ਹੁੰਦੀ। ਲਾਸ਼ ਦੀ ਬੇਹੁਰਮਤੀ ਨੂੰ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਲੋਕਾਂ ਨੂੰ ਇਹ ਅਹਿਸਾਸ ਕਰਾਉਣ ਦਾ ਹਥਿਆਰ ਬਣਾਇਆ ਜਾਂਦਾ ਹੈ ਕਿ ਹਕੂਮਤ ਵਿਰੁੱਧ ਹਥਿਆਰਬੰਦ ਬਗ਼ਾਵਤ ਕੰਧ ਨਾਲ ਟੱਕਰਾਂ ਮਾਰਨ ਬਰਾਬਰ ਹੈ। ਮੌਜੂਦਾ ਸਟੇਟ ਅਜਿੱਤ ਹੈ ਅਤੇ ਇਸ ਨਾਲ ਟਕਰਾਉਣ ਵਾਲੇ ਵਿਅਰਥ ਹੀ ਆਪਣੀਆਂ ਜਾਨਾਂ ਗਵਾ ਰਹੇ ਹਨ। ਲਿਹਾਜ਼ਾ, ਲਾਸ਼ਾਂ ਲਈ ਸੰਘਰਸ਼ ਭਾਰਤੀ ਰਾਜ ਅਤੇ ਦਬਾਈ ਹੋਈ ਜਨਤਾ ਦਰਮਿਆਨ ਮਨੁੱਖੀ ਮਾਣ-ਸਨਮਾਨ ਲਈ ਸੰਘਰਸ਼ ਹੈ: ਸਟੇਟ ਆਪਣੇ ਨਾਗਰਿਕਾਂ ਤੋਂ ਇਨਸਾਨੀ ਮਾਣ-ਸਨਮਾਨ ਖੋਹ ਕੇ ਉਨ੍ਹਾਂ ਨੂੰ ਹਕੂਮਤ ਦੇ ਰਹਿਮੋ-ਕਰਮ 'ਤੇ ਨਿਰਭਰ ਬੇਵੱਸ ਪਰਜਾ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਜਨਤਾ ਅੱਗੇ ਹਾਸਲ ਤਾਕਤ ਨਾਲ ਇਸ ਮਾਣ-ਸਨਮਾਨ ਨੂੰ ਹਾਸਲ ਕਰਨ ਅਤੇ ਇਸਦੀ ਰਾਖੀ ਦਾ ਸਵਾਲ ਹੈ।

ਇਹ ਮਹਿਜ਼ ਨਕਸਲੀ ਇਨਕਲਾਬੀਆਂ ਦੇ ਮਾਰੇ ਜਾਣ ਅਤੇ ਉਨ੍ਹਾਂ ਦੇ ਸੰਸਕਾਰ ਦੀਆਂ ਘਟਨਾਵਾਂ ਨਹੀਂ ਹਨ। ਇਹ ਮਨੁੱਖੀ ਪੀੜਾ, ਯਾਦਾਂ ਅਤੇ ਮਰਨ ਉਪਰੰਤ ਮਨੁੱਖੀ ਸਰੀਰ ਨੂੰ ਮਾਣ-ਸਨਮਾਨ ਨਾਲ ਵਿਦਾ ਕਰ ਦੇਣ ਦਾ ਬਹੁਪਰਤੀ ਸੰਘਰਸ਼ ਹੈ। ਅਜਿਹੇ ਹਰ ਮ੍ਰਿਤਕ ਨਾਮ ਦੇ ਪਿੱਛੇ ਇਕ ਦੁਨੀਆ ਹੈ—ਮਾਵਾਂ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਮੁੜ ਕਦੇ ਨਹੀਂ ਦੇਖਿਆ ਹੁੰਦਾ, ਗ਼ਮਗੀਨ ਸਾਥੀ ਜੋ ਅਧੂਰੇ ਕਾਜ ਦੀਆਂ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬੇ ਹੁੰਦੇ ਹਨ, ਪਹਿਲਾਂ ਹੀ ਗਹਿਰੇ ਸਦਮੇ ਦੇ ਪਿੰਜੇ ਹੋਏ ਪਰਿਵਾਰ ਤੇ ਹੋਰ ਸਕੇ-ਸੰਬੰਧੀ ਹਸਪਤਾਲਾਂ ਦੇ ਬਾਹਰ ਕਈ-ਕਈ ਘੰਟੇ ਜਾਂ ਕਈ-ਕਈ ਦਿਨ ਲਾਸ਼ਾਂ ਦੀ ਸ਼ਨਾਖ਼ਤ ਲਈ ਅੰਤਹੀਣ ਇੰਤਜ਼ਾਰ ਕਰਦੇ ਹਨ।

ਲਾਸ਼ਾਂ ਹਾਸਲ ਕਰਨ ਲਈ ਬਣਾਈ ਜਥੇਬੰਦੀ ਦੇ ਮੈਂਬਰਾਂ ਦਾ ਕੰਮ ਸੌਖਾ ਨਹੀਂ ਹੈ। ਤੇਲੰਗਾਨਾ-ਆਂਧਰਾ ਪ੍ਰਦੇਸ਼ ਦੇ ਸੈਂਕੜੇ ਮਾਓਵਾਦੀ ਆਪਣੇ ਰਾਜਨੀਤਕ ਅਕੀਦੇ ਅਨੁਸਾਰ ਦੂਰ-ਦਰਾਜ਼ ਛੱਤੀਸਗੜ੍ਹ, ਮਹਾਰਾਸ਼ਟਰ, ਓੜੀਸਾ, ਝਾਰਖੰਡ ਅਤੇ ਹੋਰ ਰਾਜਾਂ ਵਿਚ ਸਰਗਰਮ ਹਨ। ਜਦੋਂ ਉਹ ਉੱਥੇ 'ਮੁਕਾਬਲਿਆਂ' ਵਿਚ ਮਾਰੇ ਦਿੱਤੇ ਜਾਂਦੇ ਹਨ ਤਾਂ ਕਮੇਟੀ ਨੂੰ ਉੱਥੇ ਜਾ ਕੇ ਲਾਸ਼ਾਂ ਲੈਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਪਰਿਵਾਰ ਮੈਂਬਰ ਪਹਿਲਾਂ ਹੀ ਡੂੰਘੇ ਸਦਮੇ 'ਚ ਹੁੰਦੇ ਹਨ। ਗ਼ਮਗੀਨ ਪਰਿਵਾਰਾਂ ਅਤੇ ਕਮੇਟੀ ਮੈਂਬਰਾਂ ਅੱਗੇ ਪੂਰੀ ਤਰ੍ਹਾਂ ਅਣਜਾਣ ਥਾਵਾਂ ਉੱਪਰ ਜਾ ਕੇ ਅਣਕਿਆਸੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ, ਕਰੂਰ ਰਾਜ-ਮਸ਼ੀਨਰੀ ਹੱਥੋਂ ਖੱਜਲ-ਖ਼ੁਆਰ ਹੋਣ, ਬੇਪਛਾਣ ਲਾਸ਼ਾਂ ਵਿੱਚੋਂ ਜਾਣਕਾਰਾਂ ਦੀ ਸ਼ਨਾਖ਼ਤ ਕਰਨ ਦੀ ਵੱਡੀ ਚੁਣੌਤੀ ਹੁੰਦੀ ਹੈ। ਉਨ੍ਹਾਂ ਦੀਆਂ ਯਾਤਰਾਵਾਂ ਸਿਰਫ਼ ਭੂਗੋਲਿਕ ਨਹੀਂ ਹੁੰਦੀਆਂ। ਇਹ ਚੇਤਿਆਂ 'ਚ ਸਾਂਭੀਆਂ ਆਪਣੇ ਪਿਆਰਿਆਂ ਦੀਆਂ ਯਾਦਾਂ, ਉਨ੍ਹਾਂ ਦੇ ਸਦੀਵੀ ਵਿਛੋੜਾ ਦੇ ਜਾਣ ਦੇ ਦੁੱਖ ਅਤੇ ਮ੍ਰਿਤਕ ਦੇਹਾਂ ਹਾਸਲ ਕਰਨ ਲਈ ਸੰਘਰਸ਼ ਦੀਆਂ ਯਾਤਰਾਵਾਂ ਹੁੰਦੀਆਂ ਹਨ।

ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਵਿਚ ਇਹ ਸੰਘਰਸ਼ ਲਾਸ਼ਾਂ ਲੈਣ ਅਤੇ ਅੰਤਮ ਰਸਮਾਂ ਨਿਭਾਉਣ ਤੱਕ ਸੀਮਤ ਨਹੀਂ ਹੈ। ਸੰਵੇਦਨਸ਼ੀਲ ਕਵੀਆਂ-ਕਥਾਕਾਰਾਂ ਨੇ ਇਸ ਸੰਘਰਸ਼ ਨੂੰ ਕਲਾਤਮਕ ਰੂਪ ਦੇਣ ਦਾ ਵਡਮੁੱਲਾ ਕਾਰਜ ਕੀਤਾ ਹੈ। ਮਹਿਜ਼ ਇਤਿਹਾਸ ਜਾਂ ਲਿਖਤਾਂ ਲਈ ਮਨੁੱਖੀ ਭਾਵਨਾਵਾਂ ਨੂੰ ਬਿਆਨ ਕਰਨਾ ਸੰਭਵ ਨਹੀਂ ਹੈ। ਆਂਧਰਾ ਪ੍ਰਦੇਸ਼ ਦੀ ਸਾਬਕਾ ਨਕਸਲੀ ਕਾਰਕੁਨ ਪਦਮਾ ਕੁਮਾਰੀ ਨੇ ਇਹ ਕਾਰਜ ਆਪਣੀਆਂ ਕਹਾਣੀਆਂ ਵਿਚ ਕੀਤਾ ਹੈ। ਕਹਾਣੀ ਅਤੇ ਕਵਿਤਾ ਵਰਗੀਆਂ ਰਚਨਾਤਮਕ ਵਿਧਾਵਾਂ ਹੀ ਇਸ ਗਹਿਰੇ ਮਾਨਵੀ ਯਥਾਰਥ ਨੂੰ ਸੱਚੇ ਮਾਇਨਿਆਂ 'ਚ ਚਿਤਰਣ ਕਰ ਸਕਦੀਆਂ ਹਨ ਅਤੇ ਮਨੁੱਖੀ ਭਾਵਨਾਵਾਂ ਨੂੰ ਪ੍ਰਗਟਾ ਸਕਦੀਆਂ ਹਨ। ਉਸ ਦੀਆਂ ਕਹਾਣੀਆਂ ਸ਼ਹੀਦਾਂ ਦੀ ਵਿਰਾਸਤ, ਪਰਿਵਾਰ ਵਾਲਿਆਂ ਦੀ ਪੀੜਾ ਅਤੇ ਵਿਰੋਧ ਦੀ ਤਾਕਤ ਨੂੰ ਜੀਵੰਤ ਕਰਦੀਆਂ ਹਨ। ਉਸ ਨੇ ਉਨ੍ਹਾਂ ਭਾਵਨਾਵਾਂ ਨੂੰ ਰਚਨਾਤਮਕ ਰੂਪ ਦਿੱਤਾ ਹੈ ਜਿਸ ਪੀੜਾ, ਰੋਹ, ਬੇਵਸੀ ਅਤੇ ਯਾਦਾਂ ਦੀਆਂ ਵਿਸ਼ਾਲ ਲਹਿਰਾਂ 'ਚੋਂ ਉਹ ਖ਼ੁਦ ਗੁਜ਼ਰ ਚੁੱਕੀ ਹੈ। ਪਦਮਾ ਦੀਆਂ ਕਹਾਣੀਆਂ ਵਿਚ, ਚਾਹੇ ਸਿੱਧੀਆਂ ਹੋਣ ਜਾਂ ਪ੍ਰਤੀਕਾਂ ਰਾਹੀਂ, ਇਹ ਸਾਰੀਆਂ ਭਾਵਨਾਵਾਂ ਜੀਵੰਤ ਹਨ। ਜਦੋਂ ਤੱਕ ਇਹ ਕਹਾਣੀਆਂ ਰਹਿਣਗੀਆਂ, ਜਾਨਾਂ ਵਾਰ ਗਏ ਇਨਕਲਾਬੀ ਸਿਰਫ਼ ਯਾਦਾਂ ਵਿਚ ਹੀ ਨਹੀਂ, ਸਗੋਂ ਜਿਉਂਦੀਆਂ-ਜਾਗਦੀਆਂ ਯਾਦਾਂ ਵਿਚ ਆਪਣੇ ਲੋਕਾਂ ਦੇ ਅੰਗ-ਸੰਗ ਰਹਿਣਗੇ। ਬੇਸ਼ੱਕ, ਹਕੂਮਤ ਯਾਦਗਾਰਾਂ ਨੂੰ ਢਾਹ ਕੇ ਇਨ੍ਹਾਂ ਯਾਦਾਂ ਨੂੰ ਮਿਟਾਉਣ ਦੀ ਕਿੰਨੀ ਵੀ ਕੋਸ਼ਿਸ਼ ਕਰੇ, ਲੋਕਾਈ ਦੇ ਮਨਾਂ 'ਚੋਂ ਇਸ ਨੂੰ ਮਿਟਾਇਆ ਨਹੀਂ ਜਾ ਸਕਦਾ। ਜਿਵੇਂ ਬਰਤਾਨਵੀ ਰਾਜ ਵਿਰੁੱਧ ਬਗ਼ਾਵਤ ਦੀ ਅਗਵਾਈ ਕਰਨ ਵਾਲੇ ਬਿਰਸਾ ਮੁੰਡਾ ਵਰਗੇ ਬਾਗ਼ੀ ਆਦਿਵਾਸੀਆਂ ਲਈ ਲੋਕ ਨਾਇਕ ਸਨ, ਉਸੇ ਤਰ੍ਹਾਂ ਅਜੋਕੇ ਭਾਰਤੀ ਰਾਜ ਵਿਰੁੱਧ ਆਦਿਵਾਸੀਆਂ, ਦਲਿਤਾਂ ਤੇ ਹੋਰ ਦੱਬੇ-ਕੁਚਲਿਆਂ ਲਈ ਲੜਨ ਵਾਲੇ ਨਕਸਲੀ ਲੋਕ ਨਾਇਕ ਹਨ। ਬਰਤਾਨਵੀ ਬਸਤੀਵਾਦੀ ਹੁਕਮਰਾਨਾਂ ਵਾਂਗ ਅਜੋਕੇ ਭਾਰਤੀ ਹੁਕਮਰਾਨ ਵੀ ਉਨ੍ਹਾਂ ਦਾ ਨਾਮੋ-ਨਿਸ਼ਾਂ ਮਿਟਾ ਕੇ ਆਪਣਾ ਰਾਜ ਸੁਰੱਖਿਅਤ ਕਰਨਾ ਚਾਹੁੰਦੇ ਹਨ। ਲੋਕ ਇਸ ਨੂੰ ਆਪਣੇ ਤਰੀਕੇ ਨਾਲ ਜ਼ਿੰਦਾ ਰੱਖਦੇ ਹਨ ਜਿਸ ਨੂੰ ਮਿਟਾਉਣਾ ਜਾਬਰ ਹਕੂਮਤ ਦੇ ਵੱਸ ਦੀ ਗੱਲ ਨਹੀਂ ਹੈ।

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

# ਸੁਪਨਿਆਂ ਤੂੰ ਸੁਲਤਾਨ, ਉਤਮ ਤੇਰੀ ਜਾਤ, ਕਈ ਵਰ੍ਹਿਆਂ ਦੇ ਵਿਛੜੇ ਆਣ ਮਿ.ਲਾਵੇ ਰਾਤ

**ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਇਸ ਅੰਕ ਤੋਂ ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕਰ ਰਹੇ ਹਾਂ। ਉਮੀਦ ਹੈ ਪਾਠਕਾਂ ਨੂੰ ਪਸੰਦ ਆਵੇਗਾ।**



ਭੈਣ ਜਦੋਂ ਵੀ ਮੁਲਾਕਾਤ ਤੇ ਆਉਂਦੀ...ਅੱਖੀਆਂ ਸੁੱਜੀਆਂ ਹੁੰਦੀਆਂ...ਜਿੱਦਾਂ ਹੁਣੇ-ਹੁਣੇ ਹੀ ਰੋ ਕੇ ਆਈ ਹੋਵੇ...ਫੇਰ ਝੂਠਾ ਹਾਸਾ ਹੱਸਣ ਦੀ ਕੋਸ਼ਿਸ਼ ਕਰਦੀ ਪਰ ਗੱਲ ਨਾ ਬਣਦੀ..!

ਪਰਾਂ ਹਟਵਾਂ ਖਲੋ ਕਿਸੇ ਨਾਲ ਫੋਨ 'ਤੇ ਗੱਲ ਕਰੀ ਜਾਂਦਾ ਭਾਜੀ...ਅੱਖ ਵੀ ਨਾ ਮਿਲਾਉਂਦਾ...ਮੈਨੂੰ ਸਾਰੀ ਕਹਾਣੀ ਆਪੇ ਸਮਝ ਪੈ ਜਾਂਦੀ!

ਇੱਕ ਵਾਰ ਭੈਣ ਮੂਹੋਂ ਨਿੱਕਲਿਆ ਵੀ ਸੀ ਕਿ ਉਹ ਹੁਣ ਓਸੇ ਪਾਰਟੀ ਦਾ ਵੱਡਾ ਅਹੁਦੇਦਾਰ ਏ, ਜਿਸ ਨੇ ਕਦੀ ਦਰਬਾਰ ਸਾਹਿਬ 'ਤੇ ਫੌਜਾਂ ਚਾੜ੍ਹੀਆਂ ਸਨ!

ਜੇਲ੍ਹ ਵਿਚ ਕਈ ਵਾਰ ਰਾਤੀ ਸੁੱਤਿਆਂ ਪਿਆਂ ਮੰਜੀ ਸਾਹਿਬ ਭਾਸ਼ਣ ਦਿੰਦਾ ਹੋਇਆ ਸੰਤ ਜੀ ਦਿਸ ਪੈਂਦਾ...ਫੇਰ ਕਿੰਨੇ ਦਿਨ ਉਸਦੀਆਂ ਆਖੀਆਂ ਕੰਨਾਂ ਵਿਚ ਖੜਾਕ ਕਰਦੀਆਂ ਰਹਿੰਦੀਆਂ...'ਸਿੰਘੋ ਇਸ ਰਾਹ 'ਤੇ ਤੁਰਨਾ ਏ ਤਾਂ ਘਰ-ਬਾਰ ਦਾ ਮੋਹ ਤਿਆਗਣਾ ਪੈਣਾ...ਮਲੰਗ ਹੋਣਾ ਪੈਣਾ...ਇਸ ਰਾਹ ਤੇ ਤਸ਼ੱਦਦ ਏ...ਜੇਲ੍ਹਾਂ ਨੇ...ਅਤੇ ਅਖੀਰ ਫਾਂਸੀ ਤੇ ਜਾ ਫੇਰ ਸ਼ਹੀਦੀ...ਜੇ ਮਨ ਨਹੀਂ ਮੰਨਦਾ ਤੇ ਅਜੇ ਵੀ ਪਿਛਾਂਹ ਪਰਤ ਜਾਵੋ...ਮੁੜ ਨਾ ਆਖਿਓ..ਸਾਧ ਨੇ ਮਰਵਾ ਦਿੱਤਾ।

ਇੱਕ ਸੁਵੇਰ ਸੰਤਰੀ ਭੱਜਾ-ਭੱਜਾ ਆਇਆ...ਆਖਣ ਲੱਗਾ ਮੂੰਹ ਮਿੱਠਾ ਕਰਵਾ...ਪੱਕੀ ਰਿਹਾਈ ਦੇ ਕਾਗਤ ਆ ਗਏ ਨੇ..!

ਮੈਨੂੰ ਫਿਕਰ ਪੈ ਗਿਆ...ਹੁਣ ਬਾਹਰ ਨਿਕਲ ਜਾਣਾ ਕਿਥੇ ਏ?

ਸੰਤਰੀ ਮੇਰਾ ਯਾਰ ਸੀ...ਪਰਚੀ 'ਤੇ ਇੱਕ ਨਾਮ ਲਿਖ ਦਿੱਤਾ...ਆਖਿਆ ਇਸ ਬੰਦੇ ਦਾ ਪਤਾ ਕਰਵਾ ਦੇ...ਕਿਸੇ ਵੇਲੇ ਇੱਕਠਿਆਂ ਜਿਉਣ-ਮਰਨ ਦੀਆਂ ਸਹੁੰਆਂ ਖਾਦੀਆਂ ਸਨ...ਕਿੰਨੀਆਂ ਰਾਤਾਂ ਕਮਾਦਾਂ ਕੱਸੀਆਂ ਦਵਾਲੇ ਲੰਘਾਈਆਂ...ਉਸ ਦਿਨ ਵੀ ਮੈਂ ਕੱਲੇ ਨੇ ਮੋਰਚਾ ਸੰਭਾਲੀ ਰਖਿਆ...ਉਸਨੂੰ ਭਜਾ ਦਿੱਤਾ...ਮੈਂ ਤੇ ਕੱਲਾ-ਕਾਰਾ ਹਾਂ, ਤੇ ਤੂੰ ਪਰਿਵਾਰ ਵਾਲਾ!

ਅਗਲੇ ਦਿਨ ਸੰਤਰੀ ਵਾਪਸ ਪਰਤ ਆਇਆ...ਆਖਣ ਲੱਗਾ ਭਾਊ ਤੇ ਬੜੀ ਵੱਡੀ ਚੀਜ ਬਣ ਗਿਆ ਹੁਣ..ਸਿੱਧੇ ਮੂੰਹ ਗੱਲ ਹੀ ਨੀ ਕਰਦਾ...ਪੈਟਰੋਲ ਪੰਪ, ਏਜੰਸੀਆਂ ਭੱਠੇ ਤੇ ਹੋਰ ਵੀ ਕਿੰਨਾ ਕੁਝ...ਤੇਰੇ ਪਿੰਡ ਵਾਲੇ ਰੂਟ 'ਤੇ ਚੱਲਦੀਆਂ ਸਾਰੀਆਂ ਬੱਸਾਂ ਵੀ ਓਸੇ ਦੀਆਂ...ਸਾਫ-ਸਾਫ ਆਖ ਦਿੱਤਾ...ਹੁਣ ਹਾਲਾਤ ਉਹ ਨਹੀਂ ਰਹੇ...ਮੈਨੂੰ ਨਾ ਹੀ ਮਿਲੇ ਤੇ ਚੰਗਾ...ਫੋਨ ਵੀ ਨਾ ਕਰੇ...ਏਜੰਸੀਆਂ ਤੰਗ ਪ੍ਰੇਸ਼ਾਨ ਕਰਦੀਆਂ!

ਜਿਸ ਦਿਨ ਰਿਹਾਈ ਹੋਈ...ਮੈਂ ਕਿਸੇ ਨੂੰ ਸੁਨੇਹਾ ਨਾ ਘੱਲਿਆ...ਭੈਣ ਨੂੰ ਵੀ ਨਹੀਂ!

ਕੱਪੜਿਆਂ ਅਤੇ ਹੋਰ ਨਿੱਕ-ਸੁੱਕ ਦੀ ਗਠੜੀ ਸਿਰ 'ਤੇ ਚੁੱਕੀ ਤੁਰੇ ਜਾਂਦੇ ਨੂੰ ਲੇਖੇ ਲੱਗ ਗਏ ਕਈ ਯਾਰ ਦੋਸਤ ਬੜੇ ਚੇਤੇ ਆਏ...ਅਕਸਰ ਆਖਿਆ ਕਰਦੇ ਸਨ...ਜਿਸ ਦਿਨ ਮੰਜਿਲ ਸਰ ਹੋਈ...ਵੇਖੀਂ ਕੌਮ ਕਿੱਦਾਂ ਸਿਰਾਂ ਤੇ ਚੁੱਕੀ ਫਿਰਦੀ!

ਅਚਾਨਕ ਕੋਲੋਂ ਲੰਘਦੀ ਬੱਸ ਨੇ ਸੋਚਾਂ ਦੀ ਲੜੀ ਤੋੜ ਦਿੱਤੀ...ਖੰਡੇ ਤੋਂ ਪਛਾਣ ਲਈ...ਸ਼ਾਇਦ ਓਸੇ ਮਿੱਤਰ ਪਿਆਰੇ ਦੀ ਹੀ ਸੀ..ਚਿੱਕੜ ਵਿਚ ਜਾ ਪਿਆ ਟਾਇਰ ਅਤੇ ਮੇਰਾ ਸਾਰਾ ਵਜੂਦ ਗਿੱਲੀ ਮਿੱਟੀ ਦੀ ਪਰਤ ਹੇਠ ਲੁਕ ਗਿਆ..!

ਪਾਣੀ ਦੀ ਟੂਟੀ ਲੱਭਦਾ ਕੋਲ ਢਾਬੇ ਤੇ ਜਾ ਅੱਪੜਿਆ...ਹੱਥ ਵਾਲੇ ਨਲਕੇ ਕੋਲ ਭੁੱਜੇ ਛੋਲਿਆਂ ਦੀ ਰੇਹੜੀ ਲਾਈ ਖਲੋਤਾ ਇੱਕ ਸਿੰਘ...ਓਥੇ ਵੱਜਦਾ ਗੀਤ..'ਮੁੱਠ ਕੂ ਛੋਲੇ ਚੱਬ ਕੇ ਉੱਡਦੇ ਫਿਰਨ ਸਰੀਰ...ਸੰਤਾਂ ਕੋਲੇ ਪਹੁੰਚ ਕੇ ਪੂਰੇ ਹੋ ਗਏ ਤੀਰ'!

ਕੋਲ ਸਿਰਫ ਪੰਜਾਹ ਰੁਪਈਏ...ਕੋਲੋਂ ਲੰਘਦੀ ਗੰਨਿਆਂ ਦੀ ਟਰਾਲੀ ਤੇ ਜਾ ਚੜਿਆ...ਆਲਾ-ਦਵਾਲਾ ਅਤੇ ਕਿੰਨਾ ਕੁਝ ਬਦਲ ਗਿਆ ਸੀ ਏਨੇ ਸਾਲਾਂ ਵਿਚ..!

ਘਰੇ ਅੱਪੜ ਕਿੰਨੀ ਦੇਰ ਬਾਹਰ ਰੁੱਖਾਂ ਦੇ ਝੁੰਡ ਹੇਠ ਹੀ ਖਲੋਤਾ ਰਿਹਾ...ਅੰਦਰ ਜਾਵਾਂ ਕਿ ਨਾ...ਦੁਬਿਧਾ ਸ਼ਸ਼ੋਪੰਝ ਝਿਜਕ...ਉਸਦਾ ਹੱਸਦਾ ਵੱਸਦਾ ਸੁਖੀ ਪਰਿਵਾਰ..!

ਅਖੀਰ ਝੱਕਦੇ-ਝਕਦੇ ਨੇ ਜਾ ਕੁੰਡਾ ਖੜਕਾ ਹੀ ਦਿੱਤਾ...ਨਿੱਕੀ ਕੁੜੀ ਬਾਹਰ ਨੂੰ ਭੱਜੀ ਆਈ...ਪਿੱਛੋਂ ਮਾਂ ਨੇ ਵਾਜ ਦਿੱਤੀ...ਕੌਣ ਏ..? ਮੇਰੇ ਵੱਲ ਵੇਖ ਡਰ ਕੇ ਪਿਛਾਂਹ ਨੂੰ ਪਰਤ ਗਈ ਤੇ ਆਖਣ ਲੱਗੀ ਪਤਾ ਨਹੀਂ ਕੋਈ ਮਲੰਗ ਏ..!

ਏਨੇ ਨੂੰ ਭੈਣ ਮੈਨੂੰ ਵੇਖ ਦੂਰੋਂ ਨੱਸੀ ਆਈ...ਕੁੜੀ ਨੂੰ ਆਖਣ ਲੱਗੀ ਕਮਲੀਏ ਮਲੰਗ ਨਹੀਂ ਮਾਮਾ ਏ ਤੇਰਾ..!

ਫੇਰ ਮੇਰੇ ਗੱਲ ਲੱਗ ਰੋਣ ਨਿੱਕਲ ਗਿਆ...ਮੈਂ ਨਿੱਕੀ ਨੂੰ ਕੁੱਛੜ ਚੁੱਕ ਮੂੰਹ ਚੁੰਮਿਆ...ਪੰਜਾਹਾਂ ਦਾ ਓਹੀ ਨੋਟ ਕੱਢ ਉਸਦੇ ਬੋਝੇ ਪਾ ਦਿੱਤਾ ਤੇ ਭੈਣ ਨੂੰ ਆਖਿਆ ਸ਼ਦੈਣੇ ਘਬਰਾ ਨਾ, ਇਥੇ ਰਹਿਣ ਨਹੀਂ ਸਿਰਫ ਮਿਲਣ ਹੀ ਆਇਆ ਹਾਂ!

ਘੜੀ ਕੂ ਮਗਰੋਂ ਇਹ ਸੋਚ ਅੰਮ੍ਰਿਤਸਰ ਵੱਲ ਜਾਂਦੀ ਆਖਰੀ ਬੱਸ ਤੇ ਬਿਨਾ ਟਿਕਟ ਸਵਾਰ ਹੋ ਗਿਆ ਕੇ ਹੁਣ ਤਰਕਾਲ ਸੰਧਿਆ ਮੈਨੂੰ ਹੇਠਾਂ ਤੇ ਲਾਹੁਣੋਂ ਰਹੇ..ਅਖੀਰ ਕੌਮ ਲਈ ਲੰਮਾਂ ਸੰਘਰਸ਼ ਲੜਿਆ..!

*(ਸਫਾ 10 ਦਾ ਬਾਕੀ)*

ਫਲੈਟ ਬਣਾਏ ਜਾ ਰਹੇ ਹਨ। ਲੁਧਿਆਣਾ ਸ਼ਹਿਰ ਦੇ ਆਕਾਰ ਨੂੰ ਵੇਖਦੇ ਹੋਏ ਬਹੁਮੰਜ਼ਿਲਾ ਸ਼ਾਹਿਰੀ ਮਾਡਲ ਨੂੰ ਪ੍ਰਯੋਗ ਵਿਚ ਲਿਆਉਣਾ ਚਾਹੀਦਾ ਹੈ। ਇਸ ਨਾਲ ਜ਼ਮੀਨ ਦੀ ਕਫਾਇਤੀ ਵਰਤੋਂ ਕੀਤੀ ਜਾ ਸਕਦੀ ਹੈ।

ਪਿਛਲੇ ਸਮੇਂ ਵਿਚ ਵੀ ਕਿਸਾਨਾਂ ਕੋਲੋਂ ਪੰਜਾਬ ਅਤੇ ਦੇਸ਼ ਦੇ ਕਈ ਸ਼ਹਿਰਾਂ ਵਿਚ ਘਰ ਬਨਾਉਣ, ਹਾਈਵੇ ਅਤੇ ਹਵਾਈ ਅੱਡਿਆਂ ਵਾਸਤੇ ਭੂਮੀ ਗ੍ਰਹਿਣ ਕੀਤੀ ਗਈ ਹੈ। ਕਿਸਾਨਾਂ ਨੂੰ ਜ਼ਮੀਨ ਗ੍ਰਹਿਣ ਕਰਨ ਤੋਂ ਬਾਅਦ ਮੁਆਵਜ਼ਾ ਦਿੱਤਾ ਗਿਆ ਪਰ ਇਨ੍ਹਾਂ ਵਿਚੋਂ ਬਹੁਤੇ ਆਪਣੇ ਤੌਰ ਤੇ ਪੁਨਰਵਾਸ ਕਰਨ ਵਿਚ ਸਫ਼ਲ ਨਹੀਂ ਹੋ ਸਕੇ। ਪੇਂਡੂ ਵਸੋਂ ਦੇ ਬਹੁਤੇ ਲੋਕਾਂ ਕੋਲ ਪੈਸੇ ਨੂੰ ਸੰਭਾਲ ਕੇ ਬਿਜ਼ਨਸ ਕਰਨ ਦੇ ਹੁਨਰ ਦੀ ਘਾਟ ਹੈ। ਉਨ੍ਹਾਂ ਨੂੰ ਖੇਤੀ ਦੇ ਕੰਮਾਂ ਦੀ ਸਮਝਦਾਰੀ ਹੈ, ਜਿਸ ਨਾਲ ਉਹ ਆਪਣੀ ਉਪਜੀਵਕਾ ਕਮਾਉਂਦੇ ਰਹਿੰਦੇ ਹਨ। ਜ਼ਮੀਨ ਖੁੱਸਣ ਤੋਂ ਬਾਅਦ ਬਹੁਤੇ ਕਿਸਾਨ ਭੂਮੀਹੀਣ ਮਜ਼ਦੂਰਾਂ ਦੀ ਜਮਾਤ ਵਿਚ ਸ਼ਾਮਲ ਹੋਣ ਲਈ ਮਜਬੂਰ ਹੋ ਜਾਂਦੇ ਹਨ। ਇਸ ਵਰਤਾਰੇ ਨਾਲ ਸਮਾਜ ਵਿਚ ਕਈ ਤਰ੍ਹਾਂ ਦੀਆਂ ਸਮਸਿਆਵਾਂ ਪੈਦਾ ਹੋ ਜਾਂਦੀਆਂ ਹਨ। ਇਹ ਸਮਾਜ ਦੇ ਹਿੱਤ ਵਿਚ ਹੋਵੇਗਾ ਕਿ ਜ਼ਮੀਨ ਨੂੰ ਘੱਟ-ਘੱਟ ਗ੍ਰਹਿਣ ਕਰਦੇ ਹੋਏ ਸਰਕਾਰ ਵਲੋਂ ਕਫਾਇਤ ਵਰਤੀ ਜਾਵੇ। ਸ਼ਹਿਰੀ ਵਿਕਾਸ ਅਤੇ ਆਰਥਿਕ ਢਾਂਚੇ ਨੂੰ ਵਿਕਸਤ ਕਰਦੇ ਵਕਤ ਭੂਮੀ ਗ੍ਰਹਿਣ ਐਕਟ 2013 ਦੇ ਉਦੇਸ਼ਾਂ ਅਤੇ ਧਾਰਾਵਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਪੰਜਾਬ ਸਰਕਾਰ ਨੂੰ ਲੁਧਿਆਣਾ ਦੇ ਨੇੜਲੇ ਪਿੰਡਾਂ ਦੀ ਜ਼ਮੀਨ ਗ੍ਰਹਿਣ ਕਰਨ ਦੇ ਫੈਸਲੇ ਨੂੰ ਮੁੜ ਵਿਚਾਰਨ ਦੀ ਲੋੜ ਹੈ। ਸ਼ਹਿਰ ਵਿਚ ਖਾਲੀ ਮਕਾਨਾਂ ਅਤੇ ਪਲਾਟਾਂ ਦਾ ਸਰਵੇਖਣ ਕਰਕੇ ਉਨ੍ਹਾਂ ਦੀ ਵਰਤੋਂ ਕਰਨ ਬਾਰੇ ਸੋਚਣਾ ਠੀਕ ਲਗਦਾ ਹੈ। ਬਿਲਡਰਾਂ ਅਤੇ ਅਮੀਰਾਂ ਵਲੋਂ ਮੁਨਾਫ਼ੇ ਵਾਸਤੇ ਖਾਲੀ ਰੱਖੀ ਜ਼ਮੀਨ ਨੂੰ ਗ੍ਰਹਿਣ ਕਰਨ ਵੱਲ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਨ ਨਾਲ ਪੇਂਡੂ ਲੋਕਾਂ ਦੇ ਉਜਾੜੇ ਨੂੰ ਘਟਾਇਆ ਜਾ ਸਕਦਾ ਹੈ। ਨੁਕਸਦਾਰ ਲੈਂਡ ਪੂਲਿੰਗ ਪਾਲਿਸੀ ਨੂੰ ਮੁੜ ਵਿਚਾਰਨ ਦੀ ਲੋੜ ਹੈ ਅਤੇ ਇਸ ਨੂੰ ਭੂਮੀ ਗ੍ਰਹਿਣ ਐਕਟ 2013 ਦੇ ਉਦੇਸ਼ਾਂ ਅਤੇ ਧਾਰਾਵਾਂ ਅਨੁਸਾਰ ਢਾਲਣ ਦੀ ਜ਼ਰੂਰਤ ਹੈ।

# ਛੱਤੀਸਗੜ੍ਹ ਪੁਲਿਸ ਵੱਲੋਂ ਮਾਓਵਾਦੀ ਆਗੂਆਂ ਦਾ 'ਸਫ਼ਾਇਆ' ਕਰਨ ਵਿਚ ਕਾਮਯਾਬੀ ਦੇ ਦਾਅਵੇ

## ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਵੱਲੋਂ ਮੁਕਾਬਲੇ ਫਰਜ਼ੀ ਕਰਾਰ

**ਨਵੀਂ ਦਿੱਲੀ:** ਛੱਤੀਸਗੜ੍ਹ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਬੀਜਾਪੁਰ ਜ਼ਿਲ੍ਹੇ ਦੇ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਵਿਚ ਪਿਛਲੇ ਦੋ ਦਿਨਾਂ ਦੌਰਾਨ ਹੋਏ ਮੁਕਾਬਲਿਆਂ ਵਿਚ ਦੋ ਉੱਘੇ ਮਾਓਵਾਦੀ ਆਗੂ-ਭਾਸਕਰ ਉਰਫ਼ ਮਾਇਲਾਰਪੂ ਅਡੇਲੂ ਅਤੇ ਨਰਸਿੰਹਾ ਚਲਮ ਉਰਫ਼ ਸੁਧਾਕਰ ਮਾਰੇ ਗਏ ਹਨ। ਪੁਲਿਸ ਨੇ ਇਸਨੂੰ ਮਾਓਵਾਦੀਆਂ ਵਿਰੁੱਧ ਮੁਹਿੰਮ ਦੀ ਵੱਡੀ ਸਫ਼ਲਤਾ ਦੱਸਿਆ ਹੈ।

ਪੁਲਿਸ ਮੁਤਾਬਕ, ਸ਼ੁੱਕਰਵਾਰ (6 ਜੂਨ) ਨੂੰ ਹੋਏ ਮੁਕਾਬਲੇ ਵਿਚ ਮਾਰੇ ਗਏ ਮਾਓਵਾਦੀ ਦੀ ਪਛਾਣ ਭਾਸਕਰ ਉਰਫ਼ ਮਾਇਲਾਰਪੂ ਅਡੇਲੂ ਵਜੋਂ ਹੋਈ ਹੈ। ਭਾਸਕਰ ਤੇਲੰਗਾਨਾ ਮਾਓਵਾਦੀ ਰਾਜ ਕਮੇਟੀ ਦੀ ਵਿਸ਼ੇਸ਼ ਖੇਤਰੀ ਕਮੇਟੀ ਦਾ ਮੈਂਬਰ ਸੀ ਅਤੇ ਮਨਚੇਰੀਆਲ-ਕੁਮਰੰਭੀਮ (ਐਮਕੇਬੀ) ਡਿਵੀਜ਼ਨ ਦਾ ਸਕੱਤਰ ਸੀ। ਉਸ 'ਤੇ ਛੱਤੀਸਗੜ੍ਹ ਵਿਚ 25 ਲੱਖ ਰੁਪਏ ਅਤੇ ਤੇਲੰਗਾਨਾ ਵਿਚ 20 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ।


ਇਸ ਤੋਂ ਇਕ ਦਿਨ ਪਹਿਲਾਂ, ਵੀਰਵਾਰ (5 ਜੂਨ) ਨੂੰ ਹੋਏ ਮੁਕਾਬਲੇ ਵਿਚ ਮਾਓਵਾਦੀ ਕੇਂਦਰੀ ਕਮੇਟੀ ਦੇ ਉੱਘੇ ਮੈਂਬਰ ਨਰਸਿੰਹਾ ਚਲਮ ਉਰਫ਼ ਸੁਧਾਕਰ ਨੂੰ ਮਾਰ ਦਿੱਤਾ ਗਿਆ ਸੀ। 66 ਸਾਲਾ ਸੁਧਾਕਰ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਸੀ। ਪੁਲਿਸ ਅਨੁਸਾਰ ਉਹ ਛੱਤੀਸਗੜ੍ਹ ਵਿਚ ਕਈ ਮਾਓਵਾਦੀ ਹਮਲਿਆਂ ਵਿਚ ਸ਼ਾਮਲ ਰਿਹਾ ਹੈ। ਸੁਧਾਕਰ 'ਤੇ 40 ਲੱਖ ਰੁਪਏ ਦਾ ਇਨਾਮ ਸੀ।

ਬਸਤਰ ਰੇਂਜ ਦੇ ਪੁਲਿਸ ਆਈ.ਜੀ. ਸੁੰਦਰਰਾਜ ਨੇ ਦੱਸਿਆ, 'ਸੁਧਾਕਰ ਸੀਨੀਅਰ ਮਾਓਵਾਦੀ ਆਗੂ ਸੀ, ਜੋ ਕਈ ਹਿੰਸਕ ਘਟਨਾਵਾਂ ਲਈ ਜ਼ਿੰਮੇਵਾਰ ਸੀ- ਜਿਨ੍ਹਾਂ ਵਿਚ ਕਈ ਬੇਕਸੂਰ ਆਦਿਵਾਸੀ ਨਾਗਰਿਕ ਮਾਰੇ ਗਏ ਅਤੇ ਕਈ ਸੁਰੱਖਿਆ ਕਰਮੀ ਸ਼ਹੀਦ ਹੋਏ। ਇਨ੍ਹਾਂ ਤੋਂ ਇਲਾਵਾ, ਮਾਓਵਾਦੀ ਵਿਚਾਰਧਾਰਕ ਸਿਖਲਾਈ ਸਕੂਲ ਦਾ ਇੰਚਾਰਜ ਹੋਣ ਦੇ ਨਾਤੇ ਉਹ ਨੌਜਵਾਨਾਂ ਨੂੰ ਭੜਕਾਊ ਅਤੇ ਰਾਸ਼ਟਰ-ਵਿਰੋਧੀ ਵਿਚਾਰਧਾਰਾਵਾਂ ਰਾਹੀਂ ਭਟਕਾ ਕੇ ਕਟੜਪੰਥੀ ਬਣਾਉਂਦਾ ਸੀ।'

ਆਈ.ਜੀ. ਨੇ ਦੱਸਿਆ ਕਿ ਇਹ ਮੁਕਾਬਲਾ ਰਾਜ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.), ਡਿਸਟ੍ਰਿਕਟ ਰਿਜ਼ਰਵ ਗਾਰਡ (ਡੀ.ਆਰ.ਜੀ.) ਅਤੇ ਸੀ.ਆਰ.ਪੀ.ਐਫ. ਦੀ ਵਿਸ਼ੇਸ਼ ਕੋਬਰਾ ਯੂਨਿਟ ਦੇ ਸਾਂਝੇ ਅਪਰੇਸ਼ਨ ਦਾ ਹਿੱਸਾ ਸੀ, ਜੋ ਬੁੱਧਵਾਰ (4 ਜੂਨ) ਤੋਂ ਇਸ ਖੇਤਰ ਵਿੱਚ ਚੱਲ ਰਿਹਾ ਹੈ। ਮੁਕਾਬਲੇ ਮਗਰੋਂ ਘਟਨਾ ਸਥਾਨ ਤੋਂ ਇੱਕ ਏਕੇ-47 ਰਾਈਫਲ ਸਮੇਤ ਹੋਰ ਹਥਿਆਰ ਤੇ ਵਿਸ਼ਫੋਟਕ ਪਦਾਰਥ ਬਰਾਮਦ ਕੀਤੇ ਗਏ।



ਭਾਸਕਰ



ਸੁਧਾਕਰ

ਯਾਦ ਰਹੇ ਕਿ ਪਿਛਲੇ ਪੰਦਰਾਂ ਦਿਨਾਂ ਦੌਰਾਨ ਇਹ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਤੀਜੀ ਵੱਡੀ ਕਾਰਵਾਈ ਹੈ। ਇਸ ਤੋਂ ਪਹਿਲਾਂ 21 ਮਈ ਨੂੰ ਛੱਤੀਸਗੜ੍ਹ ਦੇ ਨਾਰਾਇਣਪੁਰ ਜ਼ਿਲ੍ਹੇ ਦੇ ਅਬੂਝਮਾੜ ਦੇ ਜੰਗਲਾਂ ਵਿਚ ਸੀ.ਪੀ.ਆਈ. (ਮਾਓਵਾਦੀ) ਦੇ ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ ਉਰਫ਼ ਬਸਵਾ ਰਾਜ ਸਮੇਤ 27 ਮਾਓਵਾਦੀ ਮਾਰੇ ਗਏ ਸਨ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ ਹੈ ਕਿ ਮਾਰਚ 2026 ਤੱਕ ਮਾਓਵਾਦੀ ਸਰਗਰਮੀਆਂ ਦਾ ਪੂਰੀ ਤਰ੍ਹਾਂ ਖ਼ਾਤਮਾ ਕਰ ਦਿੱਤਾ ਜਾਵੇਗਾ। ਇਹ ਮੁਕਾਬਲੇ ਉਸੇ ਮੁਹਿੰਮ ਦਾ ਹਿੱਸਾ ਹਨ। ਇਸ ਸਾਲ ਹੁਣ ਤੱਕ ਕੁਲ 202 ਮਾਓਵਾਦੀ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ 185 ਬਸਤਰ ਖੇਤਰ ਦੇ ਨਕਸਲੀ ਹਨ।

### ਮਨੁੱਖੀ ਹੱਕਾਂ ਦੀਆਂ ਸੰਸਥਾਵਾਂ ਵੱਲੋਂ ਚਿੰਤਾ ਦਾ ਇਜ਼ਹਾਰ

ਇਸ ਦੌਰਾਨ, ਦੇਸ਼ ਦੇ ਉੱਘੇ ਬੁੱਧੀਜੀਵੀਆਂ, ਲੇਖਕਾਂ ਅਤੇ ਕਾਰਕੁਨਾਂ ਵੱਲੋਂ ਬਣਾਈ 'ਕੋਆਰਡੀਨੇਸ਼ਨ ਕਮੇਟੀ ਫਾਰ ਪੀਸ' ਨੇ ਛੱਤੀਸਗੜ੍ਹ ਸਰਕਾਰ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਹੋਰ ਸੰਬੰਧਤ ਅਥਾਰਟੀਜ਼ ਨੂੰ ਅਪੀਲ ਜਾਰੀ ਕਰਕੇ ਬਸਤਰ ਵਿਚ ਕਤਲੇਆਮ ਰੋਕਣ ਅਤੇ ਸ਼ਾਂਤੀ ਗੱਲਬਾਤ ਸ਼ੁਰੂ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਕਮੇਟੀ ਵਿਚ ਉੱਘੀ ਦਲਿਤ ਲੇਖਿਕਾ ਮੀਨਾ ਕੰਡਾਸਾਮੀ, ਪ੍ਰੋਫੈਸਰ ਹਰਗੋਪਾਲ, ਪ੍ਰੋਫੈਸਰ ਨੰਦਨੀ ਸੁੰਦਰ, ਐਡਵੋਕੇਟ ਬੇਲਾ ਭਾਟੀਆ, ਕਵਿਤਾ ਸ਼੍ਰੀਵਾਸਤਵ ਸਮੇਤ ਭਾਰਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਸ਼ਾਮਲ ਹਨ।

ਸ਼ਹਿਰੀ ਆਜ਼ਾਦੀਆਂ ਦੀ ਮੁੱਖ ਸੰਸਥਾ, ਤੇਲੰਗਾਨਾ ਸਿਵਲ ਰਾਈਟਸ ਕਮੇਟੀ, ਨੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿਚ ਪੁਲਿਸ ਕਾਰਵਾਈ ਨੂੰ ਲੈ ਕੇ ਗੰਭੀਰ ਇਲਜ਼ਾਮ ਲਾਏ ਹਨ। ਸੰਸਥਾ ਦੇ ਪ੍ਰਧਾਨ ਪ੍ਰੋਫੈਸਰ ਗਡਮ ਲਕਸ਼ਮਣ ਅਤੇ ਜਨਰਲ ਸਕੱਤਰ ਐਨ. ਨਾਰਾਇਣ ਰਾਓ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਦੇ ਇਕ ਪਿੰਡ ਵਿਚ ਮਾਓਵਾਦੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸੁਧਾਕਰ, ਤੇਲੰਗਾਨਾ ਰਾਜ ਕਮੇਟੀ ਦੇ ਮੈਂਬਰ ਮਾਇਲਾਰਪੂ ਅਡੇਲੂ ਉਰਫ਼ ਭਾਸਕਰ, ਬੰਡੀ ਪ੍ਰਕਾਸ਼, ਨੈਸ਼ਨਲ ਪਾਰਕ ਸਕੱਤਰ ਦਿਲੀਪ, ਮਡੇਡੂ ਏਰੀਆ ਸਕੱਤਰ ਸੀਤੂ, ਡੀਸੀ ਮੈਂਬਰ ਰਾਮੰਨਾ, ਮੁੰਨਾ, ਸੁਨੀਤਾ, ਮਹੇਸ਼ ਸਮੇਤ ਕਈ ਹੋਰ ਮਾਓਵਾਦੀ ਆਗੂਆਂ ਨੂੰ ਛੱਤੀਸਗੜ੍ਹ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

ਕਮੇਟੀ ਮੁਤਾਬਕ, ਇਨ੍ਹਾਂ ਵਿਚੋਂ ਸੁਧਾਕਰ ਨੂੰ ਵੀਰਵਾਰ ਨੂੰ ਮੁਕਾਬਲੇ ਦੇ ਨਾਂ 'ਤੇ ਮਾਰ ਦਿੱਤਾ ਗਿਆ, ਜਦਕਿ ਸ਼ੁੱਕਰਵਾਰ ਸ਼ਾਮ ਅਡੇਲੂ ਉਰਫ਼ ਭਾਸਕਰ ਨੂੰ ਵੀ ਕਥਿਤ ਤੌਰ 'ਤੇ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਸੰਸਥਾ ਨੇ ਡਰ ਜ਼ਾਹਿਰ ਕੀਤਾ ਹੈ ਕਿ ਪੁਲਿਸ ਹਿਰਾਸਤ ਵਿਚ ਮੌਜੂਦ ਬੰਡੀ ਪ੍ਰਕਾਸ਼ ਅਤੇ ਹੋਰ ਆਗੂਆਂ ਨੂੰ ਵੀ ਫਰਜ਼ੀ ਮੁਕਾਬਲਿਆਂ ਵਿਚ ਮਾਰਿਆ ਜਾ ਸਕਦਾ ਹੈ।

ਕਮੇਟੀ ਨੇ ਮੰਗ ਕੀਤੀ ਹੈ ਕਿ ਇਨ੍ਹਾਂ ਸਾਰੇ ਮਾਓਵਾਦੀ ਆਗੂਆਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਨਾ ਪਹੁੰਚਾਇਆ ਜਾਵੇ। ਕਮੇਟੀ ਨੇ ਕਿਹਾ ਹੈ ਕਿ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਦੀ ਹੱਤਿਆ ਸੰਵਿਧਾਨ ਅਤੇ ਕਾਨੂੰਨ ਦੇ ਵਿਰੁੱਧ ਹੈ।


ਕਮੇਟੀ ਨੇ ਦੇਸ਼ ਦੀਆਂ ਜਮਹੂਰੀ ਤਾਕਤਾਂ ਅਤੇ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਖੁੱਲ ਕੇ ਨਿਖੇਧੀ ਕਰਨ, ਅਤੇ ਨਾਲ ਹੀ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਾਓਵਾਦੀਆਂ ਵੱਲੋਂ ਐਲਾਨੀ ਇਕਤਰਫ਼ਾ ਯੁੱਧਬੰਦੀ ਦੇ ਜਵਾਬ 'ਚ ਕੇਂਦਰ ਵੀ ਯੁੱਧਬੰਦੀ ਦਾ ਐਲਾਨ ਕਰੇ ਅਤੇ ਉਨ੍ਹਾਂ ਨਾਲ ਸ਼ਾਂਤੀ ਗੱਲਬਾਤ ਸ਼ੁਰੂ ਕੀਤੀ ਜਾਵੇ।

ਇੱਧਰ ਪੰਜਾਬ ਵਿਚ ਜਮਹੂਰੀ ਹੱਕਾਂ ਦੇ ਘਾਣ ਵਿਰੁੱਧ ਆਵਾਜ਼ ਉਠਾਉਣ ਵਾਲੀ ਇਕ ਮੁੱਖ ਸੰਸਥਾ 'ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ' ਨੇ ਵੀ ਇਸ ਮਾਮਲੇ ਦਾ ਗੰਭੀਰ ਨੋਟਿਸ ਲਿਆ ਹੈ। ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾ ਛੱਤੀਸਗੜ੍ਹ ਪੁਲਿਸ ਵੱਲੋਂ ਹਿਰਾਸਤ ਵਿਚ ਲਏ ਮਾਓਵਾਦੀ ਆਗੂ ਬੰਡੀ ਪ੍ਰਕਾਸ਼ ਅਤੇ ਦਰਜਨ ਤੋਂ ਵੱਧ ਹੋਰ ਮਾਓਵਾਦੀ ਆਗੂਆਂ ਨੂੰ ਤੁਰੰਤ ਅਦਾਲਤ ਵਿਚ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਬੀਤੇ ਕੱਲ੍ਹ ਬੀਜਾਪੁਰ ਦੇ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਦੇ ਇਕ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਜਿਵੇਂ ਭਾਜਪਾ ਸਰਕਾਰ ਵੱਲੋਂ 26 ਮਾਰਚ 2025 ਤੱਕ ਭਾਰਤ ਨੂੰ 'ਨਕਸਲ-ਮੁਕਤ' ਕਰਨ ਦਾ ਫਾਸ਼ੀਵਾਦੀ ਟੀਚਾ ਤੈਅ ਕਰਕੇ ਛੱਤੀਸਗੜ੍ਹ ਅਤੇ ਝਾਰਖੰਡ ਵਿਚ ਮਾਓਵਾਦੀ ਆਗੂਆਂ ਅਤੇ ਆਦਿਵਾਸੀਆਂ ਨੂੰ ਕਥਿਤ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਹੈ, ਉਸਦੇ ਮੱਦੇਨਜ਼ਰ ਇਨ੍ਹਾਂ ਆਗੂਆਂ ਨੂੰ ਵੀ 'ਮੁਕਾਬਲੇ' ਬਣਾ ਕੇ ਮਾਰ ਦਿੱਤੇ ਜਾਣ ਦਾ ਖ਼ਤਰਾ ਹੈ। ਦੋ ਦਿਨ ਪਹਿਲਾਂ ਹੀ ਸੀ.ਪੀ.ਆਈ. (ਮਾਓਵਾਦੀ) ਦੀ ਕੇਂਦਰੀ ਕਮੇਟੀ ਦੇ ਮੈਂਬਰ ਸੁਧਾਕਰ ਅਤੇ ਇਕ ਹੋਰ ਸੀਨੀਅਰ ਆਗੂ ਭਾਸਕਰ ਨੂੰ ਇਸੇ ਤਰ੍ਹਾਂ ਜ਼ਿੰਦਾ ਗ੍ਰਿਫ਼ਤਾਰ ਕਰਨ ਤੋਂ ਬਾਅਦ ਮੁਕਾਬਲੇ ਵਿਚ ਮਰੇ ਦਿਖਾ ਦਿੱਤਾ ਗਿਆ। ਜਨਵਰੀ 2025 ਤੋਂ ਲੈ ਕੇ ਹੁਣ ਤੱਕ ਇਕੱਲੇ ਬਸਤਰ ਖੇਤਰ ਵਿਚ 182 ਮਾਓਵਾਦੀਆਂ ਨੂੰ 'ਮੁਕਾਬਲਿਆਂ' ਦੇ ਨਾਂ ਹੇਠ ਕਤਲ ਕੀਤਾ ਗਿਆ ਹੈ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਮਾਓਵਾਦੀ ਆਗੂਆਂ ਅਤੇ ਕਾਰਕੁਨਾਂ ਦੀ ਜ਼ਿੰਦਗੀ ਦੀ ਸੁਰੱਖਿਆ ਕੀਤੀ ਜਾਵੇ, ਉਨ੍ਹਾਂ ਦਾ ਤੁਰੰਤ ਮੈਡੀਕਲ ਕਰਵਾ ਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇ ਅਤੇ ਜੇਕਰ ਉਨ੍ਹਾਂ ਵਿਰੁੱਧ ਕੋਈ ਫ਼ੌਜਦਾਰੀ ਕੇਸ ਦਰਜ ਹੈ ਤਾਂ ਅਦਾਲਤੀ ਪ੍ਰਕਿਰਿਆ ਰਾਹੀਂ ਉਨ੍ਹਾਂ ਦਾ ਦੋਸ਼ ਸਾਬਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਦੀ ਸੁਪਰੀਮ ਕੋਰਟ ਅਤੇ ਰਾਸ਼ਟਰਪਤੀ ਇਸ ਦਾ ਤੁਰੰਤ ਨੋਟਿਸ ਲੈ ਕੇ ਛੱਤੀਸਗੜ੍ਹ ਪੁਲਿਸ ਨੂੰ ਕਤਲੇਆਮ ਬੰਦ ਕਰਨ ਦਾ ਆਦੇਸ਼ ਦੇਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਓਪਰੇਸ਼ਨ ਕਗਾਰ ਬੰਦ ਕੀਤਾ ਜਾਵੇ, ਭਾਰਤ ਸਰਕਾਰ ਫ਼ੌਜੀ ਤਾਕਤ ਦੇ ਜ਼ੋਰ ਲੋਕ ਵਿਰੋਧੀ ਅਤੇ ਨੰਗੇ-ਚਿੱਟੇ ਤੌਰ 'ਤੇ ਕਾਰਪੋਰੇਟ ਪੱਖੀ 'ਵਿਕਾਸ' ਮਾਡਲ ਥੋਪਣਾ ਬੰਦ ਕਰੇ 'ਮੁਕਾਬਲਿਆਂ' ਰਾਹੀਂ ਕਤਲਾਂ ਦੀ ਨੀਤੀ ਬੰਦ ਕਰੇ ਅਤੇ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਸਰਕਾਰ ਵਿਰੋਧੀ ਜੁਝਾਰੂ ਲਹਿਰਾਂ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰੇ।

ਇਸ ਤੋਂ ਇਲਾਵਾ, ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਵੀ ਪ੍ਰੈਸ ਬਿਆਨ ਜਾਰੀ ਕਰਕੇ ਕਤਲੇਆਮ ਬੰਦ ਕਰਨ ਅਤੇ ਗ੍ਰਿਫ਼ਤਾਰ ਮਾਓਵਾਦੀ ਆਗੂਆਂ ਨੂੰ ਅਦਾਲਤ ਵਿਚ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਹੈ।

# ਜੂਨ 1984 ਵਿਚ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੇ ਕੁਝ ਅਣਜਾਣੇ ਤੱਥ - 3

***ਸਾਕਾ ਨੀਲਾ ਤਾਰਾ ਪੰਜਾਬੀ ਲੋਕ-ਇਤਿਹਾਸ ਦੀ ਅਤਿ ਦੁਖਦਾਈ ਘਟਨਾ ਹੈ। ਪੰਜਾਬੀ ਦੇ ਉਘੇ ਲਿਖਾਰੀ ਡਾ. ਹਰਭਜਨ ਸਿੰਘ ਨੇ ਇਸ ਨੂੰ 'ਜੜ੍ਹਾਂ ਵਾਲਾ ਫੋੜਾ' ਆਖਿਆ ਸੀ। ਉਨ੍ਹਾਂ ਲਿਖਿਆ ਸੀ ਕਿ ਇਹ ਅਜਿਹਾ ਲਾਇਲਾਜ ਨਾਸੂਰ ਹੈ ਜਿਹੜਾ ਲਗਾਤਾਰ ਵਗੀ ਜਾ ਰਿਹਾ ਹੈ। ਇਸ ਘਟਨਾ ਨੂੰ ਭੁੱਲਣਾ ਵਾਕਈ ਨਾਮੁਮਕਿਨ ਹੈ ਪਰ ਇਸ ਦੇ ਕਾਰਨਾਂ ਦੀ ਪੁਣਛਾਣ ਕਰ ਕੇ ਇਸ ਤੋਂ ਸਬਕ ਜ਼ਰੂਰ ਲਿਆ ਜਾ ਸਕਦਾ ਹੈ। ਇਸ ਦੀ ਵਰ੍ਹੇਗੰਢ 'ਤੇ ਅਸੀਂ ਸਿੱਖ ਇਤਿਹਸ ਦੇ ਬਾਬਾ ਬੋਹੜ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦਾ ਲਿਖਿਆ ਬਹੁਤ ਕੀਮਤੀ ਜਾਣਕਾਰੀ ਭਰਪੂਰ ਲੇਖ ਛਾਪਣ ਦਾ ਮਾਣ ਹਾਸਿਲ ਕਰ ਰਹੇ ਹਾਂ। ਲੇਖ ਵੱਡਾ ਹੈ ਇਸ ਕਰ ਕੇ ਇਸ ਦੀ ਤੀਜੀ ਕਿਸ਼ਤ ਪਾਠਕਾਂ ਦੀ ਨਜ਼ਰ ਹੈ।***



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

## ਦਰਬਾਰ ਸਾਹਿਬ 'ਤੇ ਟੈਂਕਾਂ ਨਾਲ ਹਮਲਾ


ਜਿਸ ਵੇਲੇ ਬ੍ਰਿਗੇਡੀਅਰ ਏ.ਕੇ. ਦੀਵਾਨ (ਚਿੱਕੀ) ਸਿੱਖ ਰੈਫਰੈਂਸ ਲਾਇਬਰੇਰੀ ਕੋਲ ਆ ਗਿਆ। ਬਰਾੜ ਨੇ 26 ਮਦਰਾਸ, 15 ਕਮਾਊਂ ਤੇ 9 ਗੜ੍ਹਵਾਲ ਨੂੰ ਦੀਵਾਨ ਦੀ ਕਮਾਨ ਹੇਠ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਹਦਾਇਤ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਹੀ ਨਿਸ਼ਾਨਾ ਰੱਖਣ। ਤੜਕੇ ਢਾਈ ਵਜੇ ਤਕ ਦੀਵਾਨ ਨੇ ਗੜ੍ਹਵਾਲ ਤੇ ਕਮਾਊਂ ਦੀ ਕਮਾਨ ਸੰਭਾਲ ਕੇ ਐਕਸ਼ਨ ਸ਼ੁਰੂ ਕਰ ਦਿੱਤਾ ਸੀ। ਉਸ ਵਲੋਂ ਸਖ਼ਤ ਗੋਲਾਬਾਰੀ ਸ਼ੁਰੂ ਹੋ ਚੁੱਕੀ ਸੀ। ਪਰ ਇਸ ਦੇ ਬਾਵਜੂਦ ਭਾਰਤੀ ਫ਼ੌਜ ਅਕਾਲ ਬੁੰਗਾ ਦੀ ਇਮਾਰਤ ਵੱਲ ਇਕ ਸੈਂਟੀਮੀਟਰ ਵੀ ਨਹੀਂ ਸੀ ਵਧ ਸਕੀ। ਇਸ ਹਾਲਤ ਵਿਚ ਦੀਵਾਨ ਤੇ ਬਰਾੜ ਨੇ ਟੈਂਕਾਂ ਨਾਲ ਹਮਲਾ ਕਰਨ ਦੀ ਪਲਾਨ ਬਣਾਈ। ਪਰ ਉਹ ਸੁੰਦਰਜੀ ਨਾਲ ਰਾਬਤਾ ਨਾ ਬਣਾ ਸਕੇ। ਅਖ਼ੀਰ ਜਦੋਂ ਬਰਾੜ ਦਾ ਸੁੰਦਰਜੀ ਨਾਲ ਰਾਬਤਾ ਹੋਇਆ, ਉਸ ਨੇ ਇੰਦਰਾ ਗਾਂਧੀ ਤੋਂ ਹੁਕਮ ਲੈ ਕੇ ਪਰਿਕਰਮਾ ਵਿਚ ਟੈਂਕ ਭੇਜਣ ਦੀ ਇਜਾਜ਼ਤ ਦੇ ਦਿੱਤੀ। ਢਾਈ-ਪੌਣੇ ਤਿੰਨ ਵਜੇ ਦੇ ਵਿਚਕਾਰ ਪਹਿਲਾ ਟੈਂਕ ਗੁਰੂ ਰਾਮਦਾਸ ਸਰਾਂ (ਪੂਰਬੀ ਬਾਹੀ) ਵੱਲੋਂ ਲਿਆਂਦਾ ਗਿਆ। ਟੈਂਕ ਨੇ ਪਰਿਕਰਮਾ ਵਿਚ ਦਾਖ਼ਿਲ ਹੋ ਕੇ ਅਕਾਲ ਬੁੰਗਾ ਦੀ ਇਮਾਰਤ ਵਲ ਸਰਚ ਲਾਈਟ ਸੁੱਟੀ ਅਤੇ ਨਾਲ ਹੀ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਹੁਣ ਟੈਂਕ ਤੋਂ ਅਤੇ ਸਾਰੀਆਂ ਫ਼ੌਜੀ ਟੁਕੜੀਆਂ ਵਲੋਂ ਆਖ਼ਰਾਂ ਦੀ ਗੋਲਾਬਾਰੀ ਸ਼ੁਰੂ ਹੋ ਗਈ। ਪਰ ਇਹ ਐਕਸ਼ਨ ਵੀ ਬਹੁਤੀ ਦੇਰ ਨਾ ਚੱਲ ਸਕਿਆ, ਕਿਉਂਕਿ ਸਰਚ ਲਾਈਟ ਦੀਆਂ ਬੱਤੀਆਂ ਇਕ ਮਿੰਟ ਤੋਂ ਵੱਧ ਜਗਾਉਣ ਨਾਲ ਹਰ ਵਾਰ ਇਨ੍ਹਾਂ ਬਲਬਾਂ ਦੀ ਤਾਰ ਸੜ ਜਾਂਦੀ ਸੀ। ਇਸ ਹਾਲਤ ਵਿਚ ਭਾਰਤੀ ਫ਼ੌਜ ਨੇ ਇਕ ਹੋਰ ਟੈਂਕ ਲੈ ਆਂਦਾ। ਜਦੋਂ ਦੂਜੇ ਟੈਂਕ ਦੇ ਬਲਬਾਂ ਦੀਆਂ ਤਾਰਾਂ ਸੜ ਗਈਆਂ ਤਾਂ ਤੀਜਾ ਟੈਂਕ ਵੀ ਅੰਦਰ ਲਿਆਂਦਾ ਗਿਆ। ਥੋੜ੍ਹੀ ਦੇਰ ਮਗਰੋਂ ਤਕਰੀਬਨ ਚਾਰ ਕੁ ਵਜੇ ਇਕ ਬਖ਼ਤਰਬੰਦ ਗੱਡੀ ਵੀ ਪਰਿਕਰਮਾ ਵਿਚ ਲਿਆਂਦੀ ਗਈ। ਇਸ ਗੱਡੀ ਨੂੰ ਲਿਆਉਣ ਵਾਸਤੇ ਪਰਿਕਰਮਾ ਦੀਆਂ ਪੌੜੀਆਂ ਟੈਂਕ ਨਾਲ ਤੋੜਨੀਆਂ ਪਈਆਂ, ਕਿਉਂਕਿ ਪਹੀਆਂ ਵਾਲੀ ਸਕੌਟ ਇਨ੍ਹਾਂ ਪੌੜੀਆਂ ਤੋਂ ਲੰਘ ਨਹੀਂ ਸੀ ਸਕਦੀ।

ਇਸ ਵੇਲੇ ਤਕ 84 ਐਮ.ਐਮ. ਦੇ ਕਾਰਲ ਗੁਸਤਾਵ (ਸਵੀਡਨ ਦੇ ਬਣੇ) ਰੌਂਦ ਅਕਾਲ ਬੁੰਗਾ ਦੀ ਇਮਾਰਤ 'ਤੇ ਸੁੱਟੇ ਜਾ ਰਹੇ ਸਨ। ਹੁਣ 15 ਕਮਾਊਂ ਦੇ ਕੁਝ ਦਸਤੇ ਬਖ਼ਤਰਬੰਦ ਗੱਡੀ ਵਿਚ ਬੈਠ ਕੇ ਪਰਿਕਰਮਾ ਵਿਚੋਂ ਅਕਾਲ ਬੁੰਗਾ ਦੀ ਇਮਾਰਤ ਵਲ ਵਧੇ ਤਾਂ ਜੋ ਉਹ ਭਾਰਤੀ ਫ਼ੌਜ ਦੇ ਰਾਕਟਾਂ ਦੇ ਹਮਲਿਆਂ ਦੀ ਆੜ ਵਿਚ ਲੰਘਦੇ ਅਕਾਲ ਬੁੰਗਾ ਤਕ ਜਾ ਪੁੱਜਣ। ਪਰ ਇਹ ਬਖ਼ਤਰਬੰਦ ਗੱਡੀ ਅਜੇ ਸਾਢੇ ਚਾਰ ਕੁ ਵਜੇ ਅਕਾਲ ਬੁੰਗਾ ਦੇ ਨੇੜੇ ਪੁੱਜੀ ਤਾਂ ਇਕ ਐਂਟੀ-ਟੈਂਕ ਗੋਲਾ ਇਸ 'ਤੇ ਆ ਵੱਜਾ ਤੇ ਇਹ ਉਥੇ ਹੀ ਜਾਮ ਹੋ ਗਈ। ਹੁਣ ਸਰਘੀ ਵੇਲਾ ਹੋ ਗਿਆ ਸੀ ਅਤੇ ਨਿੰਮ੍ਹੀ-ਨਿੰਮ੍ਹੀ ਰੋਸ਼ਨੀ ਹੋ ਗਈ ਸੀ। ਸਵੇਰੇ 5 ਵੱਜ ਕੇ 10 ਮਿੰਟ 'ਤੇ ਇੰਦਰਾ ਗਾਂਧੀ ਨੇ ਅਕਾਲ ਬੁੰਗਾ ਦੀ ਇਮਾਰਤ ਨੂੰ ਟੈਂਕਾਂ ਰਾਹੀਂ ਉਡਾ ਦੇਣ ਦਾ ਹੁਕਮ ਦੇ ਦਿੱਤਾ। 5 ਵੱਜ ਕੇ 21 ਮਿੰਟ 'ਤੇ ਟੈਂਕਾਂ ਨੇ ਅੰਨ੍ਹੇ-ਵਾਹ ਗੋਲਾਬਾਰੀ ਸ਼ੁਰੂ ਕਰ ਦਿੱਤੀ। ਜਿਸ ਨਾਲ ਅਕਾਲ ਬੁੰਗਾ ਦੀ ਇਮਾਰਤ ਦਾ ਘੱਟੋ-ਘੱਟ ਤੀਜਾ ਹਿੱਸਾ ਜਾਂ ਤਾਂ ਬਿਲਕੁਲ ਹੀ ਢਹਿ-ਢੇਰੀ ਹੋ ਗਿਆ ਤੇ ਜਾਂ ਬੁਰੀ ਤਰ੍ਹਾਂ ਤਬਾਹ ਹੋ ਗਿਆ। ਇਸ ਦੇ ਨਾਲ ਭਾਰਤੀ ਫ਼ੌਜ ਦਾ ਵੀ ਬਹੁਤ ਨੁਕਸਾਨ ਹੋ ਰਿਹਾ ਸੀ। ਅਖ਼ੀਰ ਪੌਣੇ ਕੁ ਛੇ ਵਜੇ ਏ-ਕਮਾਂਡੋ ਕੰਪਨੀ ਦਾ ਮੇਜਰ ਬੀ.ਕੇ. ਮਿਸ਼ਰਾ ਅਕਾਲ ਬੁੰਗਾ ਦੀ ਇਮਾਰਤ ਦੀਆਂ ਪੌੜੀਆਂ ਨੇੜੇ ਜਾ ਪੁੱਜਾ ਪਰ ਉਹ ਅਤੇ ਉਸ ਦੇ ਸਾਥੀ ਉਥੇ ਹੀ ਢੇਰੀ ਹੋ ਗਏ। ਇਸ ਤੋਂ ਇਲਾਵਾ ਦੋਵੇਂ ਕੰਪਨੀਆਂ, ਜੋ ਅਕਾਲ ਬੁੰਗਾ ਦੀ ਇਮਾਰਤ ਵੱਲ ਵਧ ਰਹੀਆਂ ਸਨ, ਵੀ ਖਾੜਕੂਆਂ ਦੀ ਜ਼ਬਰਦਸਤ ਗੋਲਾਬਾਰੀ ਦਾ ਸ਼ਿਕਾਰ ਹੋ ਗਈਆਂ। ਉਨ੍ਹਾਂ ਵਿਚੋਂ ਬਹੁਤ ਸਾਰੇ ਮਾਰੇ ਗਏ ਤੇ ਬਚੇ-ਖੁਚੇ ਪਰਿਕਰਮਾ ਦੇ ਬਰਾਂਡੇ ਵਿਚ ਆ ਕੇ ਲੁਕ ਗਏ।


ਸਵੇਰੇ 6 ਵੱਜ ਕੇ 20 ਮਿੰਟ ਤਕ ਭਾਰਤੀ ਫ਼ੌਜ ਸਿਰਫ਼ ਬੰਦੇ ਮਰਵਾਉਣ ਵਿਚ ਹੀ ਕਾਮਯਾਬ ਹੋ ਸਕੀ ਸੀ ਤੇ ਅਕਾਲ ਬੁੰਗਾ ਦੇ ਮੋਰਚੇ 'ਚੋਂ ਹੋਰ ਕੁਝ ਵੀ ਹਾਸਿਲ ਨਹੀਂ ਸੀ ਕਰ ਸਕੀ। ਇਸ ਮਗਰੋਂ ਸੂਬੇਦਾਰ ਕੇ.ਪੀ. ਰਮਨ ਰਵੀ ਦੀ ਅਗਵਾਈ ਹੇਠ ਕੁਝ ਕਮਾਂਡੋ ਅਕਾਲ ਬੁੰਗਾ ਦੀ ਇਮਾਰਤ ਵੱਲ ਵਧੇ। ਉਹ ਸਾਰੇ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ 'ਚ ਪੁੱਜ ਗਏ। ਖਾੜਕੂਆਂ ਨੇ ਸੂਬੇਦਾਰ ਰਵੀ ਨੂੰ ਕਾਬੂ ਕਰ ਲਿਆ ਅਤੇ ਉਸ ਦੇ ਜਿਸਮ ਦੇ ਦੁਆਲੇ ਬਾਰੂਦ ਦੀਆਂ ਲੜੀਆਂ ਬੰਨ੍ਹ ਕੇ ਉਸ ਨੂੰ ਉਡਾ ਦਿੱਤਾ ਤੇ ਬਾਕੀ ਦੇ ਕਮਾਂਡੋ ਵੀ ਮਾਰ ਦਿੱਤੇ। ਸਵੇਰੇ ਸਾਢੇ ਸੱਤ ਵਜੇ ਤਕ ਭਾਰਤੀ ਫ਼ੌਜੀਆਂ ਦੀਆਂ ਲਾਸ਼ਾਂ ਦਾ ਢੇਰ ਲੱਗ ਚੁੱਕਾ ਸੀ। ਹੁਣ ਵਿਜਯੰਤ ਟੈਂਕਾਂ ਨੇ 105 ਐਮ.ਐਮ. ਦੇ ਧਮਾਕਾਖ਼ੇਜ਼ ਸੁਕੈਸ਼ ਹੈੱਡ ਗੋਲੇ ਅਕਾਲ ਬੁੰਗਾ ਦੀ ਇਮਾਰਤ 'ਤੇ ਸੁੱਟਣੇ ਸ਼ੁਰੂ ਕਰ ਦਿੱਤੇ। ਇਕ ਸੋਮੇ ਮੁਤਾਬਿਕ ਘੱਟੋ-ਘੱਟ 80 ਅਜਿਹੇ ਗੋਲੇ ਅਕਾਲ ਬੁੰਗਾ ਵਲ ਸੁੱਟੇ ਗਏ। ਦੁਪਹਿਰ 11 ਵਜੇ ਤਕ ਇਹ ਲੜਾਈ ਚਲਦੀ ਰਹੀ। ਇਸ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਅਤੇ ਦਰਜਨਾਂ ਹੋਰ ਸਿੱਖ ਸ਼ਹੀਦ ਹੋ ਚੁੱਕੇ ਸਨ। ਅਕਾਲ ਬੁੰਗਾ 'ਚੋਂ ਕੁਝ ਸਿੱਖ ਪਿਛਲੇ ਪਾਸਿਓਂ ਬਚ ਕੇ ਨਿਕਲ ਵੀ ਚੁੱਕੇ ਸਨ।

**ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਸ਼ਹੀਦੀ ਕਬੂਲੀ:** ਜਥਾ ਭਿੰਡਰਾਂ-ਮਹਿਤਾ (ਜੋ ਆਪਣੇ ਆਪ ਨੂੰ 1977 ਤੋਂ ਦਮਦਮੀ ਟਕਸਾਲ ਕਹਿਣ ਲੱਗ ਪਿਆ ਹੈ) 1984 ਤੋਂ ਲਗਾਤਾਰ ਇਹੀ ਕਹਿੰਦਾ ਰਿਹਾ ਹੈ ਕਿ ਸੰਤ ਜਰਨੈਲ ਸਿੰਘ 6 ਜੂਨ 1984 ਦੇ ਦਿਨ ਸ਼ਹੀਦ ਨਹੀਂ ਹੋਏ ਸਨ ਅਤੇ ਖ਼ੁਫ਼ੀਆ ਰਸਤੇ ਰਾਹੀਂ ਦਰਬਾਰ ਸਾਹਿਬ ਵਿਚੋਂ ਨਿਕਲ ਕੇ ਚਲੇ ਗਏ ਸਨ। ਇਸ ਡੇਰੇ ਦੇ ਮੁਖੀ ਠਾਕਰ ਸਿੰਘ ਨੇ ਇਹ ਗੱਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਈ ਵਾਰ ਕਹੀ ਕਿ ਬਾਬਾ ਜਰਨੈਲ ਸਿੰਘ ਠੀਕ-ਠਾਕ ਹਨ ਅਤੇ ਉਨ੍ਹਾਂ ਨਾਲ ਉਸ (ਠਾਕਰ ਸਿੰਘ) ਦਾ ਰਾਬਤਾ ਲਗਾਤਾਰ ਕਾਇਮ ਹੈ; ਉਸ ਨੇ ਅਤੇ ਇਸ ਡੇਰੇ ਦੇ ਬਾਕੀ ਆਗੂਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਝੂਠ ਲਗਾਤਾਰ 21 ਸਾਲ ਬੋਲਿਆ; ਅਖ਼ੀਰ ਇਨ੍ਹਾਂ ਵਿਚੋਂ ਬਹੁਤਿਆਂ ਨੇ, ਸਣੇ ਬਾਬਾ ਜਰਨੈਲ ਸਿੰਘ ਦੇ ਪਰਿਵਾਰ ਨੇ, 6 ਜੂਨ 2001 ਦੇ ਦਿਨ ਬਾਬਾ ਜਰਨੈਲ ਸਿੰਘ ਦੀ ਸ਼ਹੀਦੀ ਮੰਨ ਲਈ)

ਅਕਾਲ ਬੁੰਗਾ ਦੀ ਇਮਾਰਤ 'ਤੇ ਕਬਜ਼ੇ ਮਗਰੋਂ ਭਾਰਤੀ ਫ਼ੌਜ ਨੂੰ ਸਿਰਫ਼ ਖਾੜਕੂਆਂ ਦੀਆਂ ਲਾਸ਼ਾਂ ਅਤੇ ਚੰਦ ਇਕ ਛੋਟੇ-ਮੋਟੇ ਹਥਿਆਰਾਂ ਤੋਂ ਸਿਵਾ ਕੁਝ ਵੀ ਨਾ ਮਿਲਿਆ। ਭਾਵੇਂ ਭਾਰਤੀ ਫ਼ੌਜ ਨੇ ਦਾਅਵਾ ਕੀਤਾ ਹੈ ਕਿ 6 ਜੂਨ ਨੂੰ ਦੁਪਹਿਰੇ 11 ਵਜੇ ਕੁਝ ਖਾੜਕੂ ਅਕਾਲ ਬੁੰਗਾ ਦੀ ਇਮਾਰਤ ਤੋਂ ਨਿਕਲ ਕੇ ਸਰੋਵਰ ਵਲ ਭੱਜੇ ਤਾਂ ਜੋ ਤੈਰ ਕੇ ਦਰਬਾਰ ਸਾਹਿਬ ਜਾ ਸਕਨ, ਪਰ ਫ਼ੌਜ ਨੇ ਉਨ੍ਹਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਤੇ ਇੰਞ ਹੀ 10 ਖਾੜਕੂ ਚਿੱਟਾ ਝੰਡਾ ਲਹਿਰਾ ਕੇ ਅਕਾਲ ਬੁੰਗਾ ਦੀ ਇਮਾਰਤ 'ਚੋਂ ਨਿਕਲ ਕੇ ਬਾਹਰ ਆਏ ਤੇ ਫ਼ੌਜ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਅਕਾਲ ਬੁੰਗਾ ਤੋਂ ਸਰੋਵਰ ਤਕ ਪੁੱਜਣ ਤਕ ਹਜ਼ਾਰਾਂ ਗੋਲੀਆਂ ਦੀ ਵਾਛੜ ਤੋਂ ਬਚਣਾ ਨਾਮੁਮਕਿਨ ਸੀ ਤੇ ਇੰਞ ਹੀ ਚਿੱਟਾ ਝੰਡਾ ਲੈ ਕੇ ਆਉਣ ਵਾਲੇ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਵੀ ਝੂਠੀ ਹੈ, ਕਿਉਂਕਿ ਫ਼ੌਜ ਨੇ ਇਸ ਮੌਕੇ ਕਿਸੇ ਵੀ ਖਾੜਕੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ, ਬਲਕਿ ਸਿਰਫ਼ ਗੋਲੀ ਨਾਲ ਹੀ ਉਡਾਇਆ ਸੀ। ਸ਼ਾਇਦ ਬਰਾੜ ਹਥਿਆਰ ਸੁੱਟਣ ਦੀ ਗੱਲ ਆਖ ਕੇ ਫ਼ੌਜ ਦੀ ਕੋਈ 'ਕਾਮਯਾਬੀ' ਸਾਬਿਤ ਕਰਨੀ ਚਾਹੁੰਦਾ ਹੈ। ਦਰਅਸਲ ਅਕਾਲ ਬੁੰਗਾ ਦੇ ਮੂਹਰੇ ਗਹਿ-ਗੱਚ ਲੜਾਈ ਹੋਈ ਸੀ ਤੇ ਚਸ਼ਮਦੀਦ ਗਵਾਹਾਂ ਮੁਤਾਬਿਕ ਇਕ ਵੀ ਖਾੜਕੂ ਉਥੋਂ ਜਿਊਂਦਾ ਨਹੀਂ ਸੀ ਫੜਿਆ ਗਿਆ।







## ਦਰਬਾਰ ਸਾਹਿਬ 'ਤੇ ਹਮਲੇ ਦੇ ਕੁਝ ਖ਼ਾਸ ਤੱਥ

ਦੁਨੀਆਂ ਭਰ ਦੀ ਸਭ ਤੋਂ ਵੱਡੀ ਅਸਾਂਵੀਂ ਲੜਾਈ: ਦੁਨੀਆਂ ਭਰ ਵਿਚ ਬਹੁਤ ਸਾਰੀਆਂ ਲੜਾਈਆਂ ਅਸਾਵੀਆਂ ਲੜੀਆਂ ਮੰਨੀਆਂ ਗਈਆਂ ਹਨ, ਜਿਨ੍ਹਾਂ ਵਿਚ ਇਕ ਪਾਸੇ ਮੁੱਠ ਕੁ ਲੋਕ ਸਨ ਤੇ ਉਨ੍ਹਾਂ ਕੋਲ ਅਸਲਾ ਵੀ ਥੋੜ੍ਹਾ ਜਾਂ ਮਾਮੂਲੀ ਜਿਹਾ ਸੀ ਤੇ ਦੂਜੇ ਪਾਸੇ ਬਹੁਤ ਤਾਕਤਵਰ, ਵੱਡੀ, ਅਤੇ ਅਸਲੇ ਨਾਲ ਭਰਪੂਰ ਫ਼ੌਜ ਸੀ। ਇਨ੍ਹਾਂ ਵਿਚੋਂ ਅੱਧੀਆਂ ਤੋਂ ਵੱਧ ਜੰਗਾਂ ਸਿੱਖਾਂ ਨੇ ਲੜੀਆਂ ਸਨ, ਜਿਵੇਂ ਚਮਕੌਰ (7-8 ਦਸੰਬਰ 1705), ਲੋਹਗੜ੍ਹ (30 ਨਵੰਬਰ 1710), ਅਕਾਲ ਬੁੰਗਾ (1 ਦਸੰਬਰ 1764), ਸਾਰਾਗੜ੍ਹੀ (12 ਸਤੰਬਰ 1897)। ਪਰ ਸਭ ਤੋਂ ਲਾਸਾਨੀ ਸੀ ਜੂਨ 1984 ਦੀ ਲੜਾਈ। 4 ਤੋਂ 6 ਜੂਨ 1984 ਦੀ ਦਰਬਾਰ ਸਾਹਿਬ ਦੀ ਲੜਾਈ ਨੇ ਦੁਨੀਆਂ ਭਰ ਦੀਆਂ ਜੰਗਾਂ ਦੀ ਤਵਾਰੀਖ਼ ਬਦਲ ਕੇ ਰੱਖ ਦਿੱਤੀ। ਸਿਰਫ਼ 444 ਵਰਗ ਫੁੱਟ ਜਗਾਹ 'ਤੇ ਕਬਜ਼ਾ ਕਰਨ ਵਾਸਤੇ ਇਕ ਪਾਸੇ ਦੁਨੀਆਂ ਭਰ ਦੀ ਚੌਥੀ ਵੱਡੀ ਫ਼ੌਜ ਦੇ ਇਕ ਲੱਖ ਤੋਂ ਵੱਧ ਫ਼ੌਜੀ, ਦੁਨੀਆਂ ਭਰ ਦੇ ਸਭ ਤੋਂ ਨਵਾਂ ਅਸਲਾ, ਟੈਕਨਾਲੋਜੀ ਅਤੇ ਸਹੂਲਤਾਂ ਸਣੇ (ਜਿਸ ਵਿਚ ਹੈਲੀਕਾਪਟਰ, ਬਖ਼ਤਰਬੰਦ ਗੱਡੀਆਂ, ਬੰਬ, ਟੈਂਕ ਵੀ ਸ਼ਾਮਿਲ ਸਨ) ਅਤੇ ਦੂਜੇ ਪਾਸੇ ਸਨ: ਭੁੱਖੇ ਭਾਣੇ 125 ਦੇ ਕਰੀਬ ਅਸਿੱਖਿਅਤ ਨੌਜਵਾਨ। ਭਵਿਖ ਵਿਚ ਸ਼ਾਇਦ ਤਵਾਰੀਖ਼ ਪੜ੍ਹਨ ਵਾਲੇ ਇਹ ਮੰਨਣ ਤੋਂ ਝੱਕ ਜਾਣ ਕਿ ਕੀ ਇਹ ਜੰਗ ਸਚਮੁਚ ਹੋਈ ਸੀ ਜਿਸ ਵਿਚ ਐਡੀ ਵੱਡੀ ਤਾਕਤ ਨੂੰ ਏਨੀ ਕੁ ਜਗਾਹ 'ਤੇ ਕਬਜ਼ਾ ਕਰਨ ਵਾਸਤੇ ਏਨੇ ਕੁ ਬੰਦਿਆਂ ਨੇ ਤਿੰਨ ਦਿਨ ਅੱਗੇ ਲਾਈ ਰੱਖਿਆ।

### ਲੜਾਈ ਦੇ ਹੀਰੋ ਕੌਣ ਸਨ?

ਇਸ ਜੰਗ ਦਾ ਸਾਰਾ ਪੈਂਤੜਾ ਜਨਰਲ ਸੁਬੇਗ ਸਿੰਘ ਨੇ ਤਿਆਰ ਕੀਤਾ ਸੀ। ਸਭ ਤੋਂ ਵੱਧ ਤਕੜਾ ਮੋਰਚਾ (ਜਥੇਦਾਰ ਤਲਵਿੰਦਰ ਸਿੰਘ ਦੇ ਸਾਥੀ ਤੇ ਸਿਮਰਨਜੀਤ ਸਿੰਘ ਮਾਨ ਦੀ ਸਰਪਰਸਤੀ ਵਾਲੇ) ਅਮਰਜੀਤ ਸਿੰਘ ਖੇਮਕਰਨੀ ਦਾ ਸੀ। ਉਨ੍ਹਾਂ ਤੋਂ ਇਲਾਵਾ ਨਾਗੋਕੇ ਦੇ ਜੁਝਾਰੂ ਸ਼ਾਇਦ ਸਭ ਤੋਂ ਵੱਧ ਲੜੇ ਸਨ। ਬੀਬੀਆਂ ਵਿਚੋਂ ਉਪਕਾਰ ਕੌਰ ਅਤੇ ਪਰਮਜੀਤ ਕੌਰ ਸੰਧੂ ਨੇ ਬੀਬੀ ਭਿੱਖਾਂ ਚੌਹਾਨ (6 ਦਸੰਬਰ 1705) ਵਾਲਾ ਸਾਕਾ ਮੁੜ ਦੁਹਰਾਇਆ ਸੀ। ਖਾੜਕੂਆਂ ਦੀ ਗਿਣਤੀ ਕਿਸੇ ਤਰ੍ਹਾਂ ਨਾਲ ਵੀ 125 ਤੋਂ ਵੱਧ ਨਹੀਂ ਸੀ।

**ਭਾਰਤੀ ਫ਼ੌਜ ਨੇ ਇਹ ਲੜਾਈ ਸ਼ਰਾਬੀ ਹੋ ਕੇ ਲੜੀ:** ਦਰਬਾਰ ਸਾਹਿਬ ਅਤੇ ਹੋਰ ਥਾਂਵਾਂ 'ਤੇ ਹਮਲਾਵਰ ਫ਼ੌਜੀਆਂ ਨੇ ਸਾਰੀ ਲੜਾਈ ਸ਼ਰਾਬੀ ਹੋ ਕੇ ਲੜੀ ਸੀ। ਇਕ ਸਰਕਾਰੀ ਰਿਪੋਰਟ ਮੁਤਾਬਿਕ ਫ਼ੌਜ ਨੇ ਸਿਰਫ਼ ਪੰਜਾਬ ਵਿਚੋਂ ਹੀ 7 ਲੱਖ ਬੋਤਲਾਂ ਰੰਮ ਦੀਆਂ, 30 ਹਜ਼ਾਰ ਵਿਸਕੀ ਦੇ ਅਧੀਏ, 60 ਹਜ਼ਾਰ ਬਰਾਂਡੀ ਦੇ ਅਧੀਏ ਤੇ ਇਕ ਲੱਖ 60 ਹਜ਼ਾਰ ਬੀਅਰ ਦੀਆਂ ਬੋਤਲਾਂ ਖ਼ਰੀਦੀਆਂ ਸਨ। ਇਹ ਸਾਰੀਆਂ ਪੰਜਾਬ ਸਰਕਾਰ ਦੇ 'ਟੈਕਸ ਅਤੇ ਐਕਸਾਈਜ਼' ਮਹਿਕਮੇ ਨੇ ਇਕ ਨੋਟੀਫ਼ਿਕੇਸ਼ਨ ਰਾਹੀਂ ਟੈਕਸ-ਫ਼ਰੀ ਕਰ ਕੇ ਫ਼ੌਜ ਨੂੰ 'ਅਪਰੇਸ਼ਨ ਬਲੂ ਸਟਾਰ' ਵਾਸਤੇ ਮੁਹੱਈਆ ਕੀਤੀਆਂ ਸਨ। ਇਸ ਤੋਂ ਇਲਾਵਾ ਹਜ਼ਾਰਾਂ ਡੱਬੀਆਂ ਸਿਗਰਟਾਂ ਵੀ ਮੁਹੱਈਆ ਕੀਤੀਆਂ ਗਈਆਂ। ਫ਼ੌਜੀ ਦਰਬਾਰ ਸਾਹਿਬ ਦੀ ਹਦੂਦ ਵਿਚ ਸ਼ਰ੍ਹੇਆਮ ਸਿਗਰਟਾਂ ਪੀਂਦੇ ਰਹੇ।

### ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਨਾਲ ਕੀ ਸਲੂਕ ਕੀਤਾ ਗਿਆ?

ਭਾਰਤੀ ਫ਼ੌਜ ਨੂੰ ਹੁਕਮ ਸੀ ਦਰਬਾਰ ਸਾਹਿਬ ਵਿਚੋਂ ਕਿਸੇ ਵੀ ਸਿੱਖ ਨੂੰ ਗ੍ਰਿਫ਼ਤਾਰ ਨਹੀਂ ਕਰਨਾ; ਜੋ ਵੀ ਨਜ਼ਰ ਆਵੇ ਉਸ ਨੂੰ ਗੋਲੀ ਮਾਰ ਦੇਣੀ ਹੈ। ਇਸ ਦੇ ਬਾਵਜੂਦ ਇਕ ਫ਼ੌਜੀ ਅਫ਼ਸਰ ਨੇ ਬੇਗੁਨਾਹ ਲੋਕਾਂ ਨੂੰ ਗੋਲੀ ਮਾਰਨ ਦੀ ਬਜਾਇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ੍ਹ ਕੇ ਬਿਠਾ ਲਿਆ ਗਿਆ। ਪਰ ਅਖ਼ੀਰ ਫ਼ੌਜੀ ਜਰਨੈਲਾਂ ਦੇ ਹੁਕਮ ਹੇਠ ਉਨ੍ਹਾਂ ਕੈਦ ਕੀਤੇ ਸਿੱਖਾਂ ਨੂੰ ਵੀ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਜਦ ਕੁਝ ਲਾਸ਼ਾਂ ਦਾ ਪੋਸਟ ਮਾਰਟਮ ਹੋਇਆ ਤਾਂ ਉਨ੍ਹਾਂ ਵਿਚ ਪਿੱਠ ਪਿੱਛੇ ਬੰਨ੍ਹੇ ਹੱਥਾਂ ਵਾਲੇ ਇਹ ਲੋਕ ਵੀ ਸ਼ਾਮਿਲ ਸਨ। (ਰੋਜ਼ਾਨਾ 'ਟਾਈਮਜ਼' ਲੰਡਨ, 14 ਜੂਨ 1984) 6 ਜੂਨ ਦੀ ਸ਼ਾਮ ਤਕ ਦਰਬਾਰ ਸਾਹਿਬ ਕੰਪਲੈਕਸ ਵਿਚ ਹਰ ਪਾਸੇ ਲਾਸ਼ਾਂ ਦੇ ਢੇਰ ਸਨ। ਸੈਂਕੜੇ ਫ਼ੌਜੀਆਂ ਦੀਆਂ ਲਾਸ਼ਾਂ ਫ਼ੌਜੀ ਟਰੱਕਾਂ ਵਿਚ ਲਿਜਾਈਆਂ ਗਈਆਂ ਅਤੇ ਸਿੱਖਾਂ ਦੀਆਂ ਲਾਸ਼ਾਂ ਢੋਣ ਵਾਸਤੇ ਮਿਉਂਸਿਪਲ ਕਮੇਟੀ ਦੀਆਂ ਕੂੜਾਂ ਚੁੱਕਣ ਵਾਲੀਆਂ ਟਰਾਲੀਆਂ ਲਿਆਂਦੀਆਂ ਗਈਆਂ। ਲਾਸ਼ਾਂ ਚੁੱਕਣ ਵਾਲੇ ਭੰਗੀਆਂ (ਸਫ਼ਾਈ ਸੇਵਕਾਂ) ਨੂੰ ਲਾਲਚ ਦਿੱਤਾ ਗਿਆ ਕਿ ਲਾਸ਼ਾਂ ਦੇ ਬੋਝਿਆਂ ਵਿਚੋਂ ਜੋ ਵੀ ਮਾਲ ਮੱਤਾ ਮਿਲੇ ਉਹ ਰਖ ਸਕਦੇ ਹਨ। ਉਨ੍ਹਾਂ ਸਾਰਿਆਂ ਨੂੰ ਸ਼ਰਾਬ ਦੀਆਂ ਬੋਤਲਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਸ਼ਰਾਬ ਦੇ ਨਸ਼ੇ ਵਿਚ ਲਾਸ਼ਾਂ ਦੀ ਬੋਅ ਦੀ ਪਰਵਾਹ ਨਾ ਕਰਦੇ ਹੋਏ ਇਨ੍ਹਾਂ ਲਾਸ਼ਾਂ ਨੂੰ ਅੰਮ੍ਰਿਤਸਰ ਤੇ ਆਲੇ-ਦੁਆਲੇ ਦੇ ਸ਼ਮਸ਼ਾਨ ਘਾਟਾਂ ਵਿਚ ਇਕੱਠੀਆਂ ਕਰ ਕੇ ਬਿਨਾਂ ਕਿਸੇ ਧਾਰਮਿਕ ਰਸਮਾਂ ਦੇ ਫੂਕ ਦਿੱਤਾ। ਲਾਸ਼ਾਂ ਢੋਣ ਦਾ ਕੰਮ 6 ਤੇ 7 ਜੂਨ ਦੋਵੇਂ ਦਿਨ, ਦਿਨ ਰਾਤ, ਚਲਦਾ ਰਿਹਾ। ਇਹ ਸਾਰਾ ਕੁਝ ਡੀ.ਸੀ. ਰਮੇਸ਼ਇੰਦਰ ਸਿੰਘ ਦੀ ਨਿਗਰਾਨੀ ਹੇਠ ਕੀਤਾ ਗਿਆ। (ਸੁਭਾਸ਼ ਕਿਰਪਾਕਰ ਅਤੇ ਬ੍ਰਹਮਾ ਚੇਲਾਨੀ ਨੇ ਇਸ ਸਾਰੀ ਹਾਲਤ ਵਿਚੋਂ ਬਹੁਤਾ ਕੁਝ ਨੂੰ ਅੱਖੀਂ ਵੇਖ ਕੇ ਆਪਣੀਆਂ ਲਿਖਤਾਂ ਵਿਚ ਬਿਆਨ ਕੀਤਾ ਹੈ)।

**2 ਤੋਂ 12 ਸਾਲ ਦੀ ਉਮਰ ਦੇ ਸਿੱਖ ਦਹਿਸ਼ਤਗਰਦ ਜੇਲ੍ਹ ਵਿਚ:** ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਹਜ਼ਾਰਾਂ ਸਿੱਖ ਯਾਤਰੂਆਂ ਦਾ ਬੇਰਹਿਮੀ ਨਾਲ ਕਤਲ ਕੀਤਾ। ਇਨ੍ਹਾਂ ਯਾਤਰੂਆਂ ਵਿਚੋਂ ਕਈਆਂ ਦੇ ਨਾਲ ਨਿੱਕੇ-ਨਿੱਕੇ ਬੱਚੇ ਵੀ ਆਏ ਹੋਏ ਸਨ। ਜਿਹੜੇ ਬੱਚੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਸੁੱਤੇ ਪਏ ਸਨ ਉਨ੍ਹਾਂ ਨੂੰ ਤਾਂ ਫ਼ੌਜ ਨੇ ਮਾਂ-ਪਿਓ ਦੇ ਨਾਲ ਹੀ ਗੋਲੀਆਂ ਨਾਲ ਭੁੰਨ ਦਿੱਤਾ ਸੀ ਪਰ ਜਿਹੜੇ ਬੱਚੇ ਸਰਾਵਾਂ ਵਿਚ ਰਹਿ ਗਏ ਸਨ ਉਨ੍ਹਾਂ ਦੇ ਮਾਪਿਆਂ ਦੇ ਮਰਨ ਪਿੱਛੋਂ ਫ਼ੌਜ ਨੇ ਇਨ੍ਹਾਂ 39 ਬੱਚਿਆਂ, (ਜਿਨ੍ਹਾਂ ਦੀ ਉਮਰ 2 ਤੋਂ 12 ਸਾਲ ਤਕ ਸੀ) ਨੂੰ 'ਦਹਿਸ਼ਤਗਰਦ' ਕਹਿ ਕੇ ਗ੍ਰਿਫ਼ਤਾਰ ਕਰ ਲਿਆ। ਇਹ 'ਦਹਿਸ਼ਤਗਰਦ' ਬੱਚੇ ਲੁਧਿਆਣਾ ਜੇਲ੍ਹ ਵਿਚ ਰੱਖੇ ਗਏ ਸਨ। ਉੱਥੇ ਇਨ੍ਹਾਂ ਵਾਸਤੇ ਕੋਈ ਨਿਗਰਾਨ ਨਹੀਂ ਸੀ ਤੇ ਵੱਡੇ (11-12 ਸਾਲ ਦੇ) ਬੱਚੇ ਨਿੱਕੇ ਬੱਚਿਆਂ ਦੀ ਦੇਖ ਭਾਲ ਕਰਦੇ ਸਨ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਮਾਂ-ਬਾਪ ਮਰ ਚੁਕੇ ਸਨ। ਕਾਨੂੰਨ (ਚਿਲਡਰਨ ਐਕਟ 1960 ਤੇ 1976) ਮੁਤਾਬਿਕ ਇਸ ਉਮਰ ਦੇ ਬੱਚੇ ਨੂੰ ਜੇਲ੍ਹ ਵਿਚ ਰੱਖਣ ਦੀ ਸਖ਼ਤ ਮਨਾਹੀ ਹੈ। ਪਰ ਸਿੱਖਾਂ ਦੇ ਇਨਸਾਨੀ ਹੱਕ ਤਾਂ ਹੁੰਦੇ ਹੀ ਨਹੀਂ! ਅਖ਼ੀਰ ਸਤੰਬਰ ਵਿਚ ਕਮਲਾ ਦੇਵੀ ਚੱਟੋਪਾਧਿਆ ਨਾਂ ਦੀ ਇਕ ਇਨਸਾਨੀ ਹਕੂਕ ਦੀ ਇਕ ਅਲੰਬਰਦਾਰ ਨੇ ਇਸ ਸੰਬਧੀ ਭਾਰਤ ਦੀ ਸੁਪਰੀਮ ਕੋਰਟ ਵਿਚ ਦਰਖ਼ਾਸਤ ਦਿੱਤੀ ਤਾਂ ਇਨ੍ਹਾਂ ਬੱਚਿਆਂ ਦੀ ਖ਼ਲਾਸੀ ਹੋਈ (ਇਸ ਤੋਂ ਪਹਿਲਾਂ ਕਿ ਸੁਪਰੀਮ ਕੋਰਟ ਦਾ ਹੁਕਮ ਉਥੇ ਪੁੱਜਦਾ ਇਨ੍ਹਾਂ ਵਿਚੋਂ ਕੁਝ ਬੱਚੇ ਨਾਭਾ ਜੇਲ੍ਹ ਵਿਚ ਭੇਜ ਦਿੱਤੇ ਗਏ ਸਨ ਜੋ ਕਈ ਕਈ ਸਾਲ ਜੇਲ੍ਹ ਵਿਚ ਰਹੇ।)

**ਜ਼ਾਲਮ ਫ਼ੌਜੀਆਂ ਨੂੰ ਐਵਾਰਡ:** ਭਾਰਤੀ ਫ਼ੌਜ ਨੇ ਲੋਕਾਂ 'ਤੇ ਏਨੇ ਜ਼ੁਲਮ ਕੀਤੇ ਕਿ ਇਕ ਆਮ ਬੰਦਾ ਤਰਾਹ-ਤਰਾਹ ਕਰ ਉਠਦਾ ਹੈ; ਪਰ ਭਾਰਤ ਸਰਕਾਰ ਨੇ ਇਨ੍ਹਾਂ ਫ਼ੌਜੀਆਂ ਨੂੰ ਇਨਸਾਨੀ ਹੱਕਾਂ ਦਾ ਘਾਣ ਕਰਨ ਦੇ ਬਦਲੇ ਵਿਚ ਐਵਾਰਡ ਦਿੱਤੇ। ਚੇਤੇ ਰਹੇ ਕਿ 1962, 1965 ਤੇ 1971 ਵਿਚ ਭਾਰਤੀ ਫ਼ੌਜ ਨੇ ਪਾਕਿਸਤਾਨ ਅਤੇ ਚੀਨ ਦੇ ਖ਼ਿਲਾਫ਼ ਜੰਗਾਂ ਲੜੀਆਂ ਸਨ। ਉਨ੍ਹਾਂ ਜੰਗਾਂ ਵਿਚ ਦੁਸ਼ਮਣ ਦੇ ਖ਼ਿਲਾਫ਼ ਲੜਦਿਆਂ ਕਈ ਫ਼ੌਜੀਆਂ ਨੇ ਕਮਾਲ ਦੀ ਬਹਾਦਰੀ ਦਿਖਾਈ ਸੀ। ਉਨ੍ਹਾਂ ਵਿਚੋਂ ਕਿਸੇ ਨੂੰ ਐਵਾਰਡ ਤੇ ਇਨਾਮ ਦੇਣ ਵਾਸਤੇ ਕਦੇ ਕੋਈ ਸਮਾਗਮ ਨਹੀਂ ਕੀਤਾ ਗਿਆ ਸੀ, ਪਰ, ਦਰਬਾਰ ਸਾਹਿਬ 'ਤੇ ਹਮਲੇ ਦੌਰਾਨ 'ਬਹਾਦਰੀ ਦਿਖਾਉਣ' ਬਦਲੇ 10 ਜੁਲਾਈ 1985 ਦੇ ਦਿਨ ਉਚੇਚਾ ਸਮਾਗਮ ਕਰ ਕੇ ਭਾਰਤ ਦੇ ਰਾਸ਼ਟਰਪਤੀ ਜ਼ੈਲ ਸਿੰਘ ਨੇ ਇਨ੍ਹਾਂ 'ਬਹਾਦਰ ਫ਼ੌਜੀਆਂ' ਨੂੰ ਐਵਾਰਡ ਦਿੱਤੇ। **(ਚਲਦਾ)**

# 'ਨਿਆਂਪਾਲਿਕਾ ਦੇ ਬਹੁ-ਚਰਚਿਤ ਮੁੱਦੇ'

ਅੱਜ ਕੱਲ੍ਹ ਦੇਸ਼ ਦੀ ਨਿਆਂਪਾਲਿਕਾ ਦੇ 3 ਬਹੁ-ਚਰਚਿਤ ਮੁੱਦੇ ਹਨ।

ਪਹਿਲਾ, ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਤੇ ਅਲਾਹਾਬਾਦ ਹਾਈ ਕੋਰਟ ਦੇ ਮੌਜੂਦਾ ਜੱਜ ਜਸਟਿਸ ਯਸ਼ਵੰਤ ਵਰਮਾ ਵਿਰੁੱਧ ਮਹਾਂਦੋਸ਼ (ਇੰਪੀਚਮੈਂਟ) ਦਾ, ਦੂਸਰਾ, ਸੰਸਦ ਬਨਾਮ ਸੁਪਰੀਮ ਕੋਰਟ ਦੀ ਸ੍ਰੇਸ਼ਟਤਾ ਦਾ ਅਤੇ ਤੀਸਰਾ, ਸਰਬ-ਉੱਚ ਅਦਾਲਤ ਦੇ ਨਵੇਂ ਬਣੇ ਚੀਫ ਜਸਟਿਸ ਬੀ.ਆਰ.ਗਵਈ ਵਲੋਂ ਸੇਵਾ-ਮੁਕਤੀ ਉਪਰੰਤ ਕੋਈ ਵੀ ਸਰਕਾਰੀ ਅਹੁਦਾ ਨਾ ਲੈਣ ਦੇ ਅਰਥਵਾਨ ਐਲਾਨ ਦਾ।

ਪਹਿਲੀ ਗੱਲ ਪਹਿਲਾਂ ਕਰ ਲਈਏ।

ਜਸਟਿਸ ਵਰਮਾ ਦੇ ਦਿੱਲੀ ਹਾਈ ਕੋਰਟ ਦੀ ਜੱਜਸ਼ਿਪ ਸਮੇਂ ਉਸ ਦੇ ਘਰ ਦੇ ਬਾਹਰਲੇ ਪਾਸੇ ਦੀ ਘਰ ਨਾਲ ਸਬੰਧਤ ਇਮਾਰਤ ਵਿਚੋਂ ਸੜੇ ਹੋਏ ਨੋਟਾਂ ਦੇ ਵੱਡੇ-ਵੱਡੇ ਬੰਡਲ ਮਿਲੇ ਸਨ। ਇਹ ਬੰਡਲ ਘਰ 'ਚ ਲਗੀ ਅੱਗ ਬੁਝਾਉਣ ਵੇਲੇ 'ਆਊਟ-ਹਾਊਸ' ਵਿਚੋਂ ਪ੍ਰਾਪਤ ਹੋਏ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਸਨ। ਕਿਹਾ ਜਾ ਰਿਹੈ ਕਿ ਇਨ੍ਹਾਂ ਵਿਚਲੇ ਰੁਪਿਆਂ ਦੀ ਗਿਣਤੀ ਕਰੋੜਾਂ ਵਿਚ ਹੈ। ਉਸ ਵੇਲੇ ਦੇ ਚੀਫ ਜਸਟਿਸ ਸੰਜੀਵ ਖੰਨਾ ਨੇ ਜਸਟਿਸ ਵਰਮਾ ਨੂੰ ਤੁਰੰਤ ਅਲਾਹਾਬਾਦ ਬਦਲ ਕੇ 3 ਸੀਨੀਅਰ ਜੱਜਾਂ 'ਤੇ ਆਧਾਰਤ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਨੇ ਵੀ ਜਸਟਿਸ ਵਰਮਾ ਵਿਰੁੱਧ ਰਿਪੋਰਟ ਦਿੱਤੀ, ਜਿਸ ਮਗਰੋਂ ਜਸਟਿਸ ਖੰਨਾ ਨੇ ਵਰਮਾ ਨੂੰ ਅਸਤੀਫਾ ਦੇਣ ਲਈ ਕਿਹਾ। ਪਰ ਵਰਮਾ ਟੱਸ ਤੋਂ ਮੱਸ ਨਹੀਂ ਹੋਇਆ। ਜਸਟਿਸ ਖੰਨਾ ਨੇ ਕੇਂਦਰ ਸਰਕਾਰ ਨੂੰ ਜਸਟਿਸ ਵਰਮਾ ਨੂੰ ਅਹੁਦੇ ਤੋਂ ਫਾਰਗ ਕਰਨ ਦੀ ਸਿਫਾਰਸ਼ ਕੀਤੀ।

ਹੁਣ ਅਗਲੇ ਮਹੀਨੇ 21 ਜੁਲਾਈ ਤੋਂ ਸੰਸਦ ਦਾ ਮੌਨਸੂਨ ਸੈਸ਼ਨ ਸ਼ੁਰੂ ਹੋਣੈ। ਇਸ ਵਿਚ ਮੋਦੀ ਸਰਕਾਰ ਜਸਟਿਸ ਵਰਮਾ ਵਿਰੁੱਧ 'ਇੰਪੀਚਮੈਂਟ' (ਮਹਾਂਦੋਸ਼) ਦਾ ਮਤਾ ਲਿਆਉਣ ਸਬੰਧੀ ਪ੍ਰਕਿਰਿਆ ਤਹਿਤ ਵਿਰੋਧੀ ਪਾਰਟੀਆਂ ਨਾਲ ਰਾਬਤਾ ਕਾਇਮ ਕਰ ਰਹੀ ਹੈ ਤਾਂ ਕਿ ਮਹਾਂਦੋਸ਼ ਦਾ ਮਤਾ ਸਰਬਸੰਮਤੀ ਨਾਲ ਲਿਆਂਦਾ ਜਾ ਸਕੇ। ਅਜਿਹੇ ਮਤੇ ਨੂੰ ਕਿਸੇ ਵੀ ਸਦਨ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਪਰ ਮੀਡੀਆ ਰਿਪੋਰਟਾਂ ਅਨੁਸਾਰ ਇਸ ਦੇ ਰਾਜ ਸਭਾ ਵਿਚ ਲਿਆਉਣ ਦੇ ਵਧੇਰੇ ਆਸਾਰ ਹਨ। ਇਸ ਲਈ ਰਾਜ ਸਭਾ ਦੇ ਘੱਟੋ-ਘੱਟ 50 ਮੈਂਬਰਾਂ ਦੇ ਦਸਤਖਤਾਂ ਦੀ ਲੋੜ ਹੁੰਦੀ ਹੈ ਅਤੇ ਲੋਕ ਸਭਾ ਦੇ 100 ਮੈਂਬਰਾਂ ਦਾ ਸਮਰਥਨ ਦਰਕਾਰ ਹੁੰਦੈ।

ਜਸਟਿਸ ਵਰਮਾ ਨੂੰ ਚਾਹੀਦੈ ਕਿ ਸੰਸਦ ਵਿਚ ਆਪਣੀ ਹੋਰ ਲੱਸੀ ਕਰਵਾਉਣ ਦੀ ਬਜਾਏ ਉਹ ਅਸਤੀਫਾ ਦੇ ਦੇਣ। ਅਸਤੀਫਾ ਤਾਂ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਲਗਣ ਉਪਰੰਤ ਹੀ ਦੇ ਦੇਣਾ ਚਾਹੀਦਾ ਸੀ। ਹੁਣ ਵੀ ਜੇ ਉਹ ਅਸਤੀਫਾ ਨਹੀਂ ਦਿੰਦੇ ਤਾਂ ਇੰਪੀਚਮੈਂਟ ਦੀ ਸੂਰਤ ਵਿਚ ਉਨ੍ਹਾਂ ਨੂੰ ਕੋਈ ਵੀ ਰਿਟਾਇਰਮੈਂਟ ਦਾ ਲਾਭ ਨਹੀਂ ਮਿਲੇਗਾ, ਪੈਨਸ਼ਨ ਵੀ ਨਹੀਂ। ਪਰ ਜੇ ਉਹ ਅਸਤੀਫਾ ਦੇ ਦਿੰਦੇ ਹਨ ਜਾਂ ਸੰਸਦ ਵਿਚ ਮਤਾ ਆਉਣ ਸਮੇਂ ਆਪਣੇ ਕੇਸ ਦੀ ਪੈਰਵੀ ਕਰਦਿਆਂ ਅਸਤੀਫੇ ਦਾ ਐਲਾਨ ਕਰ ਦਿੰਦੇ ਹਨ ਤਾਂ ਉਨ੍ਹਾਂ ਨੂੰ ਸੇਵਾ-ਮੁਕਤੀ ਦੇ ਸਾਰੇ ਲਾਭ ਮਿਲ ਸਕਦੇ ਹਨ। ਉਂਝ ਸੰਵਿਧਾਨ ਦੇ ਅਨੁਛੇਦ 217 ਅਨੁਸਾਰ ਹਾਈ ਕੋਰਟ ਦਾ ਜੱਜ ਰਾਸ਼ਟਰਪਤੀ ਨੂੰ ਆਪਣਾ ਲਿਖਤੀ ਅਸਤੀਫਾ ਭੇਜ ਸਕਦਾ ਹੈ।

ਬੇਸ਼ੱਕ ਰਿਸ਼ਵਤ ਲੈਣ ਦੇ ਦੋਸ਼ੀ ਨੂੰ ਅਜਿਹੇ ਸੰਬੋਧਨੀ ਸ਼ਬਦ ਸ਼ੋਭਾ ਤਾਂ ਨਹੀਂ ਦਿੰਦੇ, ਪਰ ਫਿਰ ਵੀ 'ਮਾਈ ਲੌਰਡ! 'ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ' ਤੇ ਤੁਰੰਤ ਅਸਤੀਫਾ ਦੇ ਦਿਓ। ਆਪਣੀ ਨਹੀਂ ਤਾਂ ਘੱਟੋ-ਘੱਟ ਨਿਆਂਪਾਲਿਕਾ ਦੀ ਨਿਰਪੱਖਤਾ, ਨਿਆਂਕਾਰਤਾ ਅਤੇ ਜਨ-ਨਿਰਭਰਤਾ ਬਾਰੇ ਹੀ ਸੋਚੋ। ਸਾਬਕਾ ਚੀਫ ਜਸਟਿਸ ਸੰਜੀਵ ਖੰਨਾ ਨੇ ਆਪਣੇ ਵਿਦਾਇਗੀ ਭਾਸ਼ਨ ਵਿਚ ਪਿਛਲੇ ਮਹੀਨੇ 'ਟਰੂਥ-ਡਿਫਿਸਿਟ' (ਸੱਚ-ਕਸਾਰਾ) ਦਾ ਜ਼ਿਕਰ ਕੀਤਾ ਸੀ! ਲੋਕਾਂ ਦਾ ਨਿਆਂਪਾਲਿਕਾ ਵਿਚ ਭਰੋਸਾ ਬਣੇ/ਬਰਕਰਾਰ ਰਹਿਣ ਹਿਤ ਇਸ ਕਸਾਰੇ ਨੂੰ ਦੂਰ ਕਰਨ ਦੀ ਬਹੁਤ ਤੇ ਜਲਦ ਲੋੜ ਹੈ।

ਪਹਿਲਾਂ ਹੀ ਦੇਸ਼ ਦੇ ਉਪ-ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਸ਼ ਧਨਕਰ ਤੁਹਾਡਾ ਨਾਮ ਲਏ ਬਿਨਾਂ ਇਸ ਮੁੱਦੇ 'ਤੇ ਅਨੇਕਾਂ ਸਵਾਲ ਖੜ੍ਹੇ ਕਰ ਚੁੱਕੇ ਹਨ ਕਿ ਕੁਰੱਪਸ਼ਨ ਦੇ ਦੋਸ਼ੀ ਜੱਜ ਵਿਰੁੱਧ ਕੇਸ ਕਿਉਂ ਨਹੀਂ ਦਰਜ ਕੀਤਾ ਗਿਆ? ਮੀਡੀਆ ਰਿਪੋਰਟਾਂ ਅਨੁਸਾਰ ਪੰਜਾਬ ਰਾਜ ਭਵਨ ਵਿਚ ਕੁਝ ਦਿਨ ਪਹਿਲਾਂ ਧਨਕਰ ਨੇ ਇਹ ਸਪੱਸ਼ਟ ਸਵਾਲ ਕੀਤਾ ਕਿ ਕੀ 'ਇਕ ਜੱਜ ਨੂੰ ਹਟਾਉਣ ਲਈ 'ਮੋਸ਼ਨ' ਲਿਆਉਣਾ ਅਪਰਾਧਕ ਜੁਰਮ ਲਈ ਢੁਕਵੀਂ ਕਾਰਵਾਈ ਹੈ?...ਜੇ ਨਿਆਂ ਦਾ ਮੰਦਿਰ ਹੀ ਐਨਾ ਬੇਅਦਬੀ ਵਾਲਾ, ਮਲੀਨ ਅਤੇ ਬਦਨਾਮ/ਦਾਗਦਾਰ ਹੋਵੇਗਾ ਤਾਂ ਇਨਸਾਫ ਲਈ ਲੋਕ ਕਿੱਥੇ ਜਾਣਗੇ'? ਉਨ੍ਹਾਂ ਕਿਹਾ ਕਿ ਅੱਵਲ ਤਾਂ ਮਾਰਚ ਵਿਚ ਨੋਟਾਂ ਦੇ ਦੱਥੇ ਮਿਲਣ ਵੇਲੇ ਹੀ ਨਹੀਂ ਤਾਂ 3 ਸੀਨੀਅਰ ਜੱਜਾਂ ਦੀ ਜਾਂਚ ਮਗਰੋਂ ਉੱਚ ਨਿਆਂਪਾਲਿਕਾ ਦੇ ਉੱਚ-ਅਧਿਕਾਰੀਆਂ ਨੂੰ ਵਰਮਾ ਵਿਰੁੱਧ ਕੇਸ ਦਰਜ ਕੀਤੇ ਜਾਣ ਦੀ ਅਨੁਮਤੀ ਦੇ ਦੇਣੀ ਚਾਹੀਦੀ ਸੀ। (ਜਗਦੀਸ਼ ਧਨਕਰ ਜੱਜਾਂ ਦੁਆਰਾ ਜੱਜਾਂ ਦੀ ਨਿਯੁਕਤੀ ਜਾਣੀ ਕੌਲਿਜੀਅਮ-ਪ੍ਰਣਾਲੀ ਦੇ ਵੀ ਸਖਤ ਵਿਰੋਧੀ ਹਨ)

ਦੂਜਾ ਮੁੱਦਾ ਹੈ ਸੁਪਰੀਮ ਕੋਰਟ ਦੇ 52ਵੇਂ ਚੀਫ ਜਸਟਿਸ ਬੀ.ਆਰ ਗਵਈ ਵਲੋਂ ਜਨਤਕ ਤੌਰ 'ਤੇ ਇਹ ਐਲਾਨ ਕਰਨਾ ਕਿ ਉਹ ਸੇਵਾ-ਮੁਕਤੀ ਮਗਰੋਂ ਕੋਈ ਸਰਕਾਰੀ ਅਹੁਦਾ ਨਹੀਂ ਲੈਣਗੇ।

ਬਰਤਾਨੀਆ ਦੀ ਸੁਪਰੀਮ ਕੋਰਟ ਵਿਚ ਆਪਣੇ ਇੱਕ ਸੰਬੋਧਨ ਦੌਰਾਨ ਚੀਫ ਜਸਟਿਸ ਆਫ ਇੰਡੀਆ ਬੀ.ਆਰ. ਗਵਈ ਨੇ ਪਿਛਲੇ ਦਿਨੀਂ ਇਹ ਐਲਾਨ ਕੀਤਾ ਸੀ। ਉਨ੍ਹਾਂ ਤਾਂ ਇਹ ਵੀ ਕਿਹਾ ਕਿ ਉਨ੍ਹਾਂ ਦੇ ਹੋਰ ਸਹਿ-ਕਰਮੀਆਂ ਨੇ ਵੀ ਇਹ ਅਹਿਦ ਕੀਤੈ ਕਿ ਉਹ ਸੇਵਾ-ਮੁਕਤ ਹੋਣ ਮਗਰੋਂ ਕੋਈ ਸਰਕਾਰੀ ਅਹੁਦਾ ਨਹੀਂ ਲੈਣਗੇ। ਪਿਛੇ ਜਿਹੇ ਸੇਵਾ ਮੁਕਤ ਹੋਏ ਸੁਪਰੀਮ ਕੋਰਟ ਦੇ ਜੱਜ ਜਸਟਿਸ ਅਭੈ ਓਕਾ ਨੇ ਵੀ ਅਜਿਹਾ ਹੀ ਐਲਾਨ ਕੀਤਾ ਸੀ। ਜਸਟਿਸ ਗਵਈ ਦੇ ਪੂਰਵਗਾਮੀਆਂ ਚੀਫ ਜਸਟਿਸ ਖੰਨਾ ਅਤੇ ਬਹੁ-ਚਰਚਿਤ ਡੀ.ਵਾਈ. ਚੰਦਰਚੂੜ ਨੇ ਵੀ ਸੇਵਾ ਨਵਿਰਤੀ ਉਪਰੰਤ ਅਜੇ ਤਕ ਕੋਈ ਅਹੁਦਾ ਨਹੀਂ ਲਿਆ।



*ਜਸਟਿਸ ਯਸ਼ਵੰਤ ਵਰਮਾ ਅਤੇ ਉਸ ਦੇ ਘਰ ਦੇ ਬਾਹਰਲੇ ਪਾਸਿਓਂ ਮਿਲੇ ਸੜੇ ਹੋਏ ਨੋਟਾਂ ਦੇ ਬੰਡਲਾਂ ਦੀ ਤਸਵੀਰ।*

ਚੀਫ ਜਸਟਿਸ ਗਵਈ ਦਾ ਐਲਾਨ ਇਸ ਲਈ ਵੀ ਮਹੱਤਵਪੂਰਨ ਹੋ ਜਾਂਦੈ, ਕਿਉਂਕਿ ਸਾਡੇ ਇਥੇ ਸੁਪਰੀਮ ਕੋਰਟ ਦੇ ਕਈ ਜੱਜਾਂ ਨੇ ਸੇਵਾ ਮੁਕਤ ਹੋਣ ਸਾਰ ਹੀ ਸਰਕਾਰੀ ਅਹੁਦੇ ਸਵੀਕਾਰੇ ਹਨ। ਸੇਵਾ-ਮੁਕਤ ਚੀਫ ਜਸਟਿਸ ਰੰਜਨ ਗੋਗੋਈ ਦੀ ਉਦਾਹਰਣ ਹੀ ਲੈ ਲਓ। ਤੱਤੇ ਘਾਅ ਹੀ ਰਾਜ ਸਭਾ ਦੇ ਮੈਂਬਰ ਨਾਮਜ਼ਦ ਹੋ ਗਏ! ਜਾਣੀ ਵੱਤਰ ਦੱਬ ਲਈ! ਆਪ ਜੀ ਰਾਮ ਮੰਦਿਰ ਵਾਲੇ ਸੰਵਿਧਾਨਿਕ ਬੈਂਚ ਦੇ ਮੈਂਬਰ ਸਨ। ਹੋਰ ਤਾਂ ਹੋਰ, ਇਕ-ਅੱਧ ਹਾਈ ਕੋਰਟ ਦੇ ਜੱਜ ਤਾਂ ਸੇਵਾ-ਕਾਲ ਸਮੇਂ ਹੀ ਅਸਤੀਫਾ ਦੇ ਕੇ ਸਿਆਸਤ ਵਿਚ ਕੁੱਦ ਪਏ! ਅਨੇਕਾਂ ਮਿਸਾਲਾਂ ਹਨ ਸੇਵਾ-ਮੁਕਤੀ ਮਗਰੋਂ ਅਹੁਦੇ ਮਾਨਣ ਦੀਆਂ, ਸਮੇਤ ਰਾਜਾਂ ਦੀਆਂ ਗਵਰਨਰੀਆਂ ਦੇ!

ਨਿਆਂਪਾਲਿਕਾ ਵਿਚ ਇਸ ਵਰਤਾਰੇ ਨੂੰ ਲੈ ਕੇ ਬੜੀ ਚਰਚਾ ਰਹਿੰਦੀ ਹੈ। ਕਈ ਸੇਵਾ-ਮੁਕਤ ਜੱਜਾਂ ਅਤੇ ਹੋਰ ਕਾਨੂੰਨਦਾਨਾਂ ਨੇ ਸਰਬ-ਉੱਚ ਅਦਾਲਤ ਅਤੇ ਹਾਈ ਕੋਰਟ ਦੇ ਜੱਜਾਂ ਲਈ ਘੱਟੋ-ਘੱਟ 2 ਸਾਲ ਦੇ 'ਕੂਲਿੰਗ-ਔਫ' ਸਮੇਂ ਦੀ ਸਲਾਹ ਦਿਤੀ ਹੈ। ਭਾਵ, ਦੋ ਸਾਲ ਤੀਕ ਠੰਡ-ਠੰਡੀਰ ਰਖੋ, ਬਾਦ ਵਿਚ ਸਿਆਸੀ ਜਾਂ ਸਰਕਾਰੀ ਅਹੁਦੇ ਲੈਣ ਦਾ ਝੱਸ ਪੂਰਾ ਕਰ ਲਿਓ।

ਭਲਾ ਸਰਕਾਰੀ ਅਹੁਦੇ ਲੈਣ ਵਿਚ ਕੀ ਬੁਰਾਈ ਹੈ? ਬੁਰਾਈ ਹੀ ਬੁਰਾਈ ਹੈ। ਸੇਵਾ-ਮੁਕਤ ਜੱਜਾਂ ਨੂੰ ਕੇਂਦਰ ਵਿਚ ਰਾਜ ਕਰਦੀ ਪਾਰਟੀ ਹੀ ਅਹੁਦੇ ਦੇ ਕੇ ਨਿਵਾਜਦੀ ਹੈ। ਇਸ ਦਾ ਸਿਧਾ ਮਤਲਬ ਇਹ ਹੋਇਆ ਕਿ ਅਜਿਹੇ ਅਹੁਦੇ ਲੈਣ ਵਾਲੇ ਜੱਜ ਸੱਤਾਧਾਰੀ ਪਾਰਟੀ-ਪੱਖੀ ਰਹੇ ਹੋਣਗੇ। ਜੇ ਅਜਿਹਾ ਸੀ, ਫਿਰ ਉਨ੍ਹਾਂ ਕੋਲੋਂ ਨਿਰਪੱਖ ਨਿਆਂ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ?

ਦੇਸ਼ ਦੇ ਸਾਬਕਾ ਕਾਨੂੰਨ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਮਰਹੂਮ ਅਰੁਣ ਜੇਤਲੀ ਨੇ 2012 ਵਿਚ ਇੱਕ ਸੌ-ਟਕਾ ਮੁੱਲ ਦੀ ਗੱਲ ਕਹੀ ਸੀ ਜੋ ਹੁਣ ਕੁਟੇਸ਼ਨ ਬਣ ਚੁੱਕੀ ਹੈ- 'ਸੇਵਾ-ਮੁਕਤੀ ਪੂਰਵ ਜੱਜਮੈਂਟਾਂ (ਨਿਆਂਇਕ ਫੈਸਲੇ) ਸੇਵਾ-ਮੁਕਤੀ ਉਪਰੰਤ ਮਿਲਣ ਵਾਲੀਆਂ ਜੌਬਾਂ (ਨੌਕਰੀਆਂ) ਤੋਂ ਪ੍ਰਭਾਵਿਤ ਹੁੰਦੀਆਂ ਹਨ!'

ਤੇ ਆਖਿਰ ਵਿਚ ਉਸ ਬੇਲੋੜੀ ਬਹਿਸ ਵਲ ਆਉਂਦੇ ਹਾਂ ਕਿ ਸੰਸਦ ਸ੍ਰੇਸ਼ਟ ਹੈ ਕਿ ਨਿਆਂਪਾਲਿਕਾ?

ਇਹ ਬਹਿਸ ਉਦੋਂ ਭਖੀ ਜਦ ਸੁਪਰੀਮ ਕੋਰਟ ਦੇ ਇੱਕ ਡਿਵੀਜ਼ਨ ਬੈਂਚ ਨੇ ਸੂਬੇ ਦੀ ਵਿਧਾਨਪਾਲਿਕਾ ਵਲੋਂ ਪਾਸ ਕੀਤੇ ਬਿੱਲਾਂ ਨੂੰ ਰਾਜਪਾਲ ਦੁਆਰਾ ਰਾਸ਼ਟਰਪਤੀ ਦੇ ਵਿਚਾਰ ਲਈ ਭੇਜਣ ਉਪਰੰਤ ਅਜਿਹੇ ਬਿੱਲਾਂ ਨੂੰ ਮਨਜ਼ੂਰੀ ਦੇਣ ਲਈ ਰਾਜਪਾਲਾਂ ਸਮੇਤ ਰਾਸ਼ਟਰਪਤੀ ਉੱਪਰ ਵੀ 3 ਮਹੀਨੇ ਦੀ ਸਮਾਂ-ਸੀਮਾ ਨਿਰਧਾਰਤ ਕਰ ਦਿਤੀ। ਬਸ ਹਾ-ਪਾਹਰਿਆ ਮਚ ਗਈ! ਅਖੇ ਸੁਪਰੀਮ ਕੋਰਟ ਕੌਣ ਹੁੰਦੀ ਹੈ ਰਾਸ਼ਟਰਪਤੀ ਨੂੰ 'ਟਾਈਮਫਰੇਮ' ਵਿਚ ਜੜਨ ਵਾਲੀ? ਰਾਸ਼ਟਰਪਤੀ ਤਾਂ ਚੀਫ ਜਸਟਿਸ ਨੂੰ ਅਹੁਦੇ ਦੀ ਸਹੁੰ ਚੁਕਾਉਂਦੈ/ਦੀ (ਕਹਿਣ ਵਾਲੇ ਇਹ ਭੁੱਲ ਹੀ ਗਏ ਕਿ ਚੀਫ ਜਸਟਿਸ ਵੀ ਰਾਸ਼ਟਰਤੀ ਨੂੰ ਅਹੁਦੇ ਦੀ ਸਹੁੰ ਚੁਕਾਉਂਦੈ)। ਅਖੇ ਰਾਸ਼ਟਰਪਤੀ ਸੰਵਿਧਾਨ ਦਾ ਰਖਵਾਲਾ ਹੁੰਦੈ। ਸੰਸਦ ਸ੍ਰੇਸ਼ਟ ਹੁੰਦੀ ਐ, ਨਾ ਕਿ ਨਿਆਂਪਾਲਿਕਾ, ਵਗੈਰਾ-ਵਗੈਰਾ।

ਹਮੇਸ਼ਾ ਵਾਂਗ ਸਭ ਤੋਂ ਵਧੇਰੇ ਸਵਾਲ ਉਪ-ਰਾਸ਼ਟਪਤੀ ਤੇ ਰਾਜ ਸਭਾ ਦੇ ਚੇਅਰਮੈਨ ਜਗਦੀਸ਼ ਧਨਕਰ ਨੇ ਉਠਾਏ। ਉਨ੍ਹਾਂ ਤਾਂ ਸੁਪਰੀਮ ਕੋਰਟ ਨੂੰ 'ਸੁਪਰ-ਪਾਰਲੀਮੈਂਟ' ਦੀ ਸੰਗਿਆ ਦੇ ਦਿਤੀ, ਜਿਸ ਕੋਲ ਸੰਵਿਧਾਨ ਦੇ ਅਨੁਛੇਦ 142 ਤਹਿਤ ਲੋਕਤੰਤਰਿਕ ਸ਼ਕਤੀਆਂ ਵਿਰੁੱਧ ਵਰਤਣ ਲਈ ਇੱਕ 'ਨਿਯੂਕਲੀਰ ਮਿਜ਼ਾਈਲ' 24+7 ਸਮੇਂ ਵਾਸਤੇ ਮੌਜੂਦ ਰਹਿੰਦੈ! (ਸੰਵਿਧਾਨ ਦੀ ਇਸ ਧਾਰਾ ਤਹਿਤ ਸੁਪਰੀਮ ਕੋਰਟ ਕਿਸੇ ਵੀ ਮਾਮਲੇ 'ਚ 'ਪੂਰਨ ਨਿਆਂ' ਕਰਨ ਹਿਤ ਕੋਈ ਵੀ ਫੈਸਲਾ ਸੁਣਾ ਸਕਦੀ ਹੈ)।

ਇੱਕ ਭਾਜਪਾ ਸਾਂਸਦ ਨਿਸ਼ੀਕਾਂਤ ਦੂਬੇ ਨੇ ਤਾਂ ਤਤਕਾਲੀ ਚੀਫ ਜਸਟਿਸ ਸੰਜੀਵ ਖੰਨਾ ਉੱਪਰ ਦੇਸ਼ ਵਿਚ 'ਸਿਵਿਲ ਵਾਰ' ਭੜਕਾਉਣ ਵਰਗੇ ਗੰਭੀਰ ਇਲਜ਼ਾਮ ਲਗਾਏ। ਸਿਰਫ ਇਸ ਲਈ ਕਿ ਜਸਟਿਸ ਖੰਨਾ ਨੇ ਵਕਫ ਕਾਨੂੰਨ ਵਿਰੁਧ ਪਟੀਸ਼ਨਾਂ ਦੀ ਸੁਣਵਾਈ ਸਮੇਂ ਸਰਕਾਰੀ ਵਕੀਲ ਨੂੰ ਕੁਝ ਅਜਿਹੇ ਸਵਾਲ ਕੀਤੇ ਜੋ ਹਿੰਦੂਤਵਾ-ਵਾਦੀਆਂ ਨੂੰ ਬੁਰੇ ਲਗੇ।

ਚੀਫ ਜਸਟਿਸ ਬੀ.ਆਰ. ਗਵਈ ਨੇ ਬਿਨਾਂ ਕਿਸੇ ਦਾ ਨਾਮ ਲਏ ਇਹ ਸਪਸ਼ਟ ਕਰ ਦਿਤਾ ਕਿ ਨਾ ਤਾਂ ਸੰਸਦ, ਨਾ ਹੀ ਨਿਆਂਪਾਲਿਕਾ ਜਾਂ ਕਾਰਜਪਾਲਿਕਾ ਸ੍ਰੇਸ਼ਟ ਹਨ, ਸਿਰਫ ਤੇ ਸਿਰਫ ਸੰਵਿਧਾਨ ਸ੍ਰੇਸ਼ਟ ਹੈ। ਉਨ੍ਹਾਂ ਉਪ ਰਾਸ਼ਟਰਪਤੀ ਧਨਕਰ ਦਾ ਨਾਮ ਲਏ ਬਿਨਾਂ ਪਰ ਜ਼ਾਹਿਰਾ ਤੌਰ 'ਤੇ ਉਨ੍ਹਾਂ ਵਲੋਂ ਉਠਾਏ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਸੰਸਦ ਸੰਵਿਧਾਨ ਵਿਚ ਸੋਧ ਕਰ ਸਕਦੀ ਹੈ ਪਰ ਉਹ ਸੰਵਿਧਾਨ ਦਾ ਮੂਲ ਢਾਂਚਾ ਨਹੀਂ ਬਦਲ ਸਕਦੀ!

(ਸਾਨੂੰ ਇਥੇ ਤਤਕਾਲੀ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦਾ ਉਹ ਮਹੱਤਵਪੂਰਨ ਬਿਆਨ ਸਹਿਵਨ ਹੀ ਚੇਤੇ ਆ ਜਾਂਦੈ ਜਿਸ ਵਿਚ ਉਨ੍ਹਾਂ ਸੰਵਿਧਾਨ ਦੇ ਮੁਢਲੇ ਢਾਂਚੇ ਦੇ ਧਰੂ ਤਾਰੇ (ਨੌਰਥ ਸਟਾਰ) ਨਾਲ ਤੁਲਨਾ ਕੀਤੀ ਸੀ, ਜੋ ਜੱਜਾਂ ਨੂੰ ਸੰਵਿਧਾਨ ਦੀ ਵਿਆਖਿਆ ਕਰਨ ਵੇਲੇ ਸੇਧ ਦਿੰਦੈ)।

ਚੀਫ ਜਸਟਿਸ ਗਵਈ ਨੇ ਤਾਂ ਇਥੋਂ ਤਕ ਕਿਹਾ ਕਿ ਦੇਸ਼ ਦਾ ਸੰਵਿਧਾਨ ਸੰਕਟ ਸਮੇਂ ਦੇਸ਼ ਨੂੰ ਇੱਕਜੁੱਟ ਤੇ ਸ਼ਕਤੀਸ਼ਾਲੀ ਰੱਖਣ ਵਾਲਾ ਬਾ-ਕਮਾਲ ਦਸਤਾਵੇਜ਼ ਹੈ'!

14 ਮਈ ਨੂੰ ਅਹੁਦਾ ਸੰਭਾਲਣ ਉਪਰੰਤ ਆਪਣੇ ਪਿੱਤਰੀ ਪ੍ਰਾਂਤ ਮਹਾਰਾਸ਼ਟਰ ਦੀ 18 ਮਈ ਦੀ ਪਹਿਲੀ ਫੇਰੀ ਸਮੇਂ ਮੁੰਬਈ ਵਿਚ ਹੋਏ ਸਨਮਾਨ ਸਮਾਗਮ ਵਿਚ ਵੀ ਉਨ੍ਹਾਂ ਸੰਵਿਧਾਨਿਕ ਸ੍ਰੇਸ਼ਟਤਾ ਦੀ ਗੱਲ ਕਹੀ ਤੇ ਬਾਦ ਵਿਚ ਵੀ। ਉਨ੍ਹਾਂ ਨੇ ਲੋਕਤੰਤਰ ਦੇ 3 ਥੰਮ੍ਹਾਂ-ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਦੀ ਮਹੱਤਤਾ ਬਾਰੇ ਵੀ ਗੱਲ ਕੀਤੀ।

31 ਮਈ ਨੂੰ ਅਲਾਹਾਬਾਦ ਹਾਈ ਕੋਰਟ ਦੇ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਚੀਫ ਜਸਟਿਸ ਗਵਈ ਨੇ ਕਿਹਾ, 'ਸੰਵਿਧਾਨ ਦੇ ਲਾਗੂ ਹੋਣ ਦੇ 75 ਸਾਲਾ ਸਫਰ ਦੌਰਾਨ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਨੇ ਸਮਾਜਿਕ ਤੇ ਆਰਥਕ ਬਰਾਬਰੀ ਲਿਆਉਣ ਹਿਤ ਬਹੁਤ ਯੋਗਦਾਨ ਪਾਇਆ ਹੈ। ਸਾਡਾ ਇਹ ਮੌਲਿਕ ਫਰਜ਼ ਹੈ ਕਿ ਅਸੀਂ ਦੇਸ਼ ਦੇ ਉਸ ਆਖਰੀ ਨਾਗਰਿਕ ਤਕ ਅੱਪੜੀਏ ਜਿਸ ਨੂੰ ਇਨਸਾਫ ਦੀ ਲੋੜ ਹੈ। ਭਾਵੇਂ ਉਹ ਵਿਧਾਨਪਾਲਿਕਾ ਹੋਵੇ, ਕਾਰਜਪਾਲਿਕਾਂ ਜਾਂ ਨਿਆਂਪਾਲਿਕਾ, ਹਰ ਇਕ ਨੂੰ ਉਸ (ਆਖਰੀ) ਨਾਗਰਿਕ ਕੋਲ ਪੁੱਜਣ ਦੀ ਲੋੜ ਹੈ'!

'ਠੀਕ ਫੁਰਮਾਇਆ, 'ਮੀ ਲੌਰਡ!'

# ਰਿਸ਼ਤੇ ਅਤੇ ਸ਼ੋ ਆਫ...

ਹੁਣ ਆਪਾਂ ਕੱਲੀਆਂ ਐਨਵਰਸਰੀਆਂ ਜਾਂ ਬਰਥਡੇ ਚੇਤੇ ਰੱਖਦੇ ਆਂ। ਆਏਂ ਹੁੰਦਾ ਵੀ ਫਲਾਣੇ ਨੂੰ ਵਧਾਈਆਂ ਦੇਣੀਆਂ ਨੇ ਕੋਈ ਰੁੱਸ ਨਾ ਜਾਵੇ। ਕਹਿ ਵੀ ਦਿੰਨੇ ਆਂ ਕਿ ਪਹਿਲਾਂ ਕਿਸੇ ਨੂੰ ਨ੍ਹੀ ਸੀ ਪਤਾ ਆਹ ਗੱਲਾਂ ਦਾ, ਪਰ ਸੱਚ ਇਹ ਆ ਕਿ ਖੁਸ਼ੀ ਗਮੀ ਚੇਤੇ 'ਚੋਂ ਨੀ ਨਿਕਲਦੀ ਹੁੰਦੀ, ਬੱਸ ਪਹਿਲੇ ਬੰਦੇ ਸ਼ੋਅ-ਆਫ ਆਲੇ ਨ੍ਹੀ ਸੀ, ਓਹ ਦਿਨ ਸੁਦ ਤਾਂ ਯਾਦ ਰੱਖਦੇ ਈ ਸੀ ਨਾਲੋ-ਨਾਲ ਉਨ੍ਹਾਂ ਦੀ ਖੁਸ਼ੀ-ਗਮੀ 'ਚ ਸ਼ਰੀਕ ਹੋਏ ਬੰਦੇ ਵੀ ਯਾਦ ਹੁੰਦੇ ਸੀ...

ਵੀਡੀਓ 'ਚ ਇੱਕ ਬਜੁਰਗ ਕਹਿੰਦੇ ਕਿ ਜਿੱਦੇਂ ਲਾਣੇਦਾਰਨੀ ਪੂਰੀ ਹੋਈ ਐ ਓਦੇਂ ਡਾਕਟਰਾਂ ਨੇ ਮੇਰੇ ਜੁਆਕਾਂ ਨੂੰ ਕਹਿਤਾ ਸੀ ਕਿ ਇਹਨੂੰ ਪਰੇ ਲੈ ਜੋ, ਨਹੀਂ ਤਾਂ ਜਦ ਘਰਆਲ਼ੀ ਦੇ ਪ੍ਰਾਣ ਨਿਕਲੇ ਇਹ ਵੀ ਮਰਜੂ। ਬਾਬਾ ਕਹਿੰਦਾ ਕਿ ਜਿੱਦੇਂ ਦੀ ਉਹ ਮੇਰੇ ਘਰ ਆਈ ਸੀ ਮੈਂ ਕਦੇ ਪਾਣੀ ਵੀ ਆਪ ਪਾ ਕੇ ਨ੍ਹੀ ਸੀ ਪੀਤਾ..

ਬੀਬੀ ਤੇ ਲਾਣੇਦਾਰਨੀ ਦੀ ਬਹੁਤ ਜਿਆਦਾ ਬਣਦੀ ਐ। ਕਈ ਅਰੀ ਖਰਚਾ ਕਰ ਕੇ ਮੈਂ ਇਹਨੂੰ ਵੀ ਨੀ ਦੱਸਦਾ ਕਿ ਇਹਨੇ ਕਿਹੜਾ ਬੀਬੀ ਨੂੰ ਦੱਸੇ ਬਿਨਾ ਸਾਰਨੈ, ਫੇਰ ਚਾਰ ਸੁਣਨੀਆਂ ਪੈਣਗੀਆਂ। ਜਦ ਮੈਂ ਫੋਨ ਕਰਦਾਂ ਤਾਂ ਸਾਰੇ ਕੱਠੇ ਈ ਹੁੰਦੇ ਐ। ਕੱਲ੍ਹ ਬੀਬੀ ਦੱਸਣ ਲੱਗ'ਪੀ ਕਿ ਉਨ੍ਹਾਂ ਦੇ ਵਿਆਹ ਨੂੰ ਅੱਜ 58 ਸਾਲ ਹੋਗੇ।

ਬੀਬੀ ਦੱਸੀ ਗਈ ਕਿ ਜੰਨ ਬਹੁਤ ਗਈ ਸੀ। ਓਦੋ ਰਾਤ ਰਹਿੰਦੇ ਹੁੰਦੇ ਸੀ। ਬਾਪੂ ਜੀ ਦੇ ਆੜੀ ਸੀਗੇ ਮੇਰੇ ਨਾਨਕਿਆਂ ਤੋਂ ਦੋ-ਚਾਰ ਜਣੇ ਪਰ ਬਾਪੂ ਜੀ ਨੇ ਦੱਸਿਆ ਨੀ ਸੀ ਕਿ ਮੈਂ ਥੋਡੇ ਪਿੰਡ ਮੰਗਿਆ ਹੋਇਆਂ। ਜਦੋਂ ਕੋਈ ਆੜੀ ਉਨ੍ਹਾਂ ਨੂੰ ਆਪਣੇ ਘਰੇ ਲੈ ਗਿਆ ਕਿ ਕਿਉਂ ਜੰਨ ਨਾਲ ਐਥੇ ਸੌਣਾ ਏ, ਘਰ ਚੱਲਦੇ ਆਂ। ਤਾਂ ਓਹਨੇ ਘਰੇ ਜਾ ਕੇ ਪੁੱਛਿਆ ਕਿ ਪ੍ਰਾਹੁਣਾ ਕੌਣ ਸੀ?

ਬਾਪੂ ਜੀ ਕਹਿੰਦੇ ਮੇਰਾ ਈ ਵਿਆਹ ਏ।

ਓਹ ਕਹਿੰਦੇ ਯਾਰ ਤੂੰ ਪਹਿਲਾਂ ਨੀ ਦੱਸਿਆ।

ਇਹ ਬੋਲੇ ਕਿ ਇਹ ਰਿਸ਼ਤੇ ਹੁੰਦੇ ਆ। ਪੁੱਛਣਾ-ਦੱਸਣਾ ਸੌਦਿਆਂ 'ਚ ਹੁੰਦੈ।

ਖੈਰ! ਗੱਲ ਹੋਰ ਪਾਸੇ ਚਲੀ ਗਈ। ਗੱਲ ਹੁੰਦੀ ਸੀ ਸਾਡੇ ਪਿਓ-ਬਾਬਿਆਂ ਦੇ ਚੇਤਿਆਂ ਦੀ। ਰਿਸ਼ਤਿਆਂ ਤੇ ਰਿਸ਼ਤਿਆਂ ਦੇ ਪਿਆਰਾਂ ਦੀ ਜਿਹੜੇ ਉਨ੍ਹਾਂ ਨੇ ਕਦੇ ਸ਼ੋਅ ਔਫ ਨੀ ਕਰੇ। ਬੀਬੀ ਨੇ ਓਥੇ ਬੈਠੇ ਈ ਸਾਡੇ ਪਿੰਡ ਦੇ 68 ਬੰਦਿਆਂ ਦੇ ਨਾਂ ਗਿਣੇ, ਜਿਹੜੇ ਜੰਨ ਗਏ ਸੀ ਪਰ ਅੱਜ ਇਸ ਦੁਨੀਆਂ 'ਤੇ ਹੈ ਨ੍ਹੀ।

ਇਹ ਓਸ ਸਿਹ ਦਾ ਜਵਾਬ ਸੀ ਜਿਹੜੀ ਜੁਆਕਾਂ ਨੇ ਅੱਜ ਦੇ ਹਿਸ੍ਹਾਬ ਨਾਲ ਦਿੱਤੀ ਸੀ।

ਬੀਬੀ ਕਹਿੰਦੀ 'ਨਹੀਂ ਸਾਰਾ ਕੁਸ਼ ਇਹ ਓਦੋਂ ਤੱਕ ਸੋਹਣਾ ਲਗਦੈ ਜਦ ਤੱਕ ਥੋਡੇ ਨਾਲ ਖੁਸ਼ੀ 'ਚ ਨੱਚੇ-ਹੱਸੇ ਬੰਦੇ ਥੋਡੇ ਨਾਲ ਹੁੰਦੇ ਐ। ਕਿਉਂਕਿ ਕਿਸੇ ਵੇਲੇ ਓਹੀ ਲੋਕ ਥੋਡੇ ਦੁੱਖਾਂ 'ਚ ਵੀ ਨਾਲ ਖੜ੍ਹੇ ਹੁੰਦੇ ਨੇ। ਖੁਸ਼ੀ ਉਨ੍ਹਾਂ ਲੋਕਾਂ ਨਾਲ ਹੀ ਸਾਂਝੀ ਕਰ ਕੇ ਚੰਗਾ ਲਗਦੈ ਜਿਹੜੇ ਓਸ ਵੇਲੇ ਥੋਡੀ ਖੁਸ਼ੀ 'ਚ ਨਾਲ ਸੀਗੇ। ਬਾਕੀ ਤਾਂ ਚੇਤੇ ਹੁੰਦੇ ਨੇ...'

ਗੱਲਾਂ ਹੋਰ ਨਿਕਲੀ ਗਈਆਂ। ਮੈਨੂੰ ਲਗਦਾ ਹੁੰਦੈ ਕਿ ਗੱਲਾਂ ਮਰੇ ਬੰਦੇ ਨੂੰ ਥੋਡੇ ਸਾਹਮਣੇ ਖੜ੍ਹਾ ਕਰ ਦਿੰਦੀਆਂ ਨੇ। ਮੇਰੇ ਨਾਨਕਿਆਂ 'ਤੋਂ ਲੰਬੜਦਾਰ ਹੁੰਦੇ ਸੀ, ਉਨ੍ਹਾਂ ਕੋਲ ਬੁਲਟ ਹੁੰਦਾ ਤੇ ਕੁੜਤਾ ਚਾਦਰਾ, ਟੇਢੀ ਪੱਗ। ਪੈਸੇ ਧੇਲੇ ਵੱਲੋਂ ਬਹੁਤ ਵਧੀਆ। ਜਦ ਕੁ ਉਡਾਰ ਜਿਹੀ ਹੋਣ ਆਲੀ 15-16 ਦੀ ਉਮਰ 'ਚ ਪੂਰਨਮਾਸ਼ੀ ਪੜ੍ਹਿਆ ਤਾਂ ਰੂਪ ਮੈਨੂੰ ਓਸ ਲੰਬੜਦਾਰ ਮਾਮੇ ਵਰਗਾ ਲਗਦਾ ਹੁੰਦਾ ਸੀ। ਇਹ ਗੱਲ ਮੈਂ ਤਾਂ ਐਡ ਕਰੀ ਐ ਕਿ ਬੀਬੀ ਦੀ ਗੱਲ ਸੱਚ ਐ, ਮੇਰੇ ਜੁਆਕਾਂ ਨੂੰ ਮਾਮੇ ਬਾਰੇ ਨੀ ਪਤਾ ਤਾਂ ਕਰਕੇ ਉਨ੍ਹਾਂ ਨਾਲ ਜਿੰਨੀਆਂ ਗੱਲਾਂ ਯਾਦਾਂ ਮੇਰੀਆਂ ਜੁੜੀਆਂ ਨੇ ਓਹ ਮੈਂ ਈ ਮਹਿਸੂਸ ਕਰ ਸਕਦਾਂ।

ਸਾਡੇ ਘਰ ਦੇ ਮਗਰਲੀ ਵੀਹੀ। ਇਹਦੇ 'ਚ ਮਿਸਤਰੀਆਂ ਦੇ ਘਰ ਵੱਧ ਸੀ ਤਾਂ ਕਰਕੇ ਅੱਜ ਵੀ ਤਖਾਣਾਂ ਆਲੀ ਵੀਹੀ ਕਹਿੰਦੇ ਐ। ਵੀਹੀ ਦੇ ਪਹਿਲੇ ਘਰ 'ਚ ਅਰਜਣ ਬਾਪੂ ਹੋਣਾ ਦਾ ਘਰ। ਅਰਜਣ ਬਾਪੂ ਦੇ ਦੋ ਮੁੰਡੇ, ਕੁੱਕੂ ਚਾਚਾ ਤੇ ਦੁੱਲਾ ਚਾਚਾ। ਓਹ ਘਰ ਦਸ-ਗਿਆਰਾਂ ਜੀਆਂ ਦਾ ਜਾਣ ਆਉਣ ਇਸੇ ਵੀਹੀ 'ਚ ਹੁੰਦਾ। ਗਾਹਾਂ ਸੱਜੇ ਹੱਥ ਕਾਲ਼ੂ ਬਾਬੇ ਹੋਣਾ ਦਾ ਘਰ। ਪੰਜ-ਛੇ ਜੀਅ ਓਹ ਇਸੇ ਵੀਹੀ 'ਚ ਹੁੰਦੇ। ਫਿਰ ਮਿਸਤਰੀਆਂ ਦੇ ਘਰ। ਮੁੱਕਦੀ ਗੱਲ ਤਕਰੀਬਨ ਚਾਲੀ ਜੀਆਂ ਦਾ ਕੱਠ ਇੱਕ ਛੋਟੀ ਜੀ ਵੀਹੀ 'ਚ ਸਾਂਝ ਪਾਈਂ ਬੈਠਾ ਹੁੰਦਾ। ਹੁਣ ਇਹ ਵੀਹੀ ਸੁੰਨੀ ਐ। ਜੁਆਕ ਦਿਨੇ ਵੀ ਕੱਲੇ ਨੀ ਲੰਘਦੇ, ਉਨ੍ਹਾਂ ਨੇ ਭੂਤੀਆਂ ਵੀਹੀ ਨਾਉਂ ਰੱਖਿਆ ਹੋਇਐ।

ਸਾਡੇ ਪਿੰਡ ਟਾਹਲੀਆਂ ਹੇਠ ਰਾਤ ਪਈ ਤੱਕ ਤਾਸ਼ ਚੱਲਦੀ ਹੁੰਦੀ ਸੀ..ਹੁਣ ਨਾ ਟਾਹਲੀਆਂ ਨੇ ਨਾ ਓਹ ਬੰਦੇ। ਐਧਰ ਤੂਤਾਂ ਹੇਠ ਢਾਣੀ ਪੱਕੀ ਈ ਰਹਿੰਦੀ ਸੀ..ਬੰਦੇ ਕੀ ਸਾਡੇ ਹੱਥ ਰੋਟੀ ਖਾਣ ਦੇ ਸੁਨੇਹੇ ਭੇਜਣ ਆਲੀਆਂ ਦਾਦੀਆਂ-ਚਾਚੀਆਂ ਵੀ ਕਿੰਨੀਆਂ ਚਲੀਆਂ ਗਈਆਂ।

(ਪੀਲੂ ਪੁੱਛੇ ਸ਼ਾਇਰ ਨੂੰ ਕੈ ਵੱਲ ਗਿਆ ਜਹਾਨ,

ਬਹਿ ਬਹਿ ਗਈਆਂ ਮਜਲਿਸਾਂ ਲੱਗ ਲੱਗ ਗਏ ਦੀਵਾਨ)

ਹੋਰ ਗੱਲ ਕੁਸ਼ ਵੀ ਨੀ ਬੱਸ ਆਪਣੀਆਂ ਗੱਲਾਂ 'ਚ ਮਰਿਆਂ ਜਾਂ ਵਿਛੜਿਆਂ ਨੂੰ ਸਾਹਮਣੇ ਖੜ੍ਹੇ ਕਰਨ ਦੀ ਗੱਲ ਐ। ਇਹ ਜਜਬਾਤਾਂ ਦੀ ਸੰਸਾਰਕ ਸੱਚਾਈ ਐ ਕਿ ਤੁਹਾਨੂੰ ਖੁਸ਼ੀ-ਗਮੀ ਸਿਰਫ ਉਨ੍ਹਾਂ ਲੋਕਾਂ ਨਾਲ ਈ ਵੰਡ ਕੇ ਤਸੱਲੀ ਮਿਲਦੀ ਐ ਜਿਹੜੇ ਤੁਹਾਡੀ ਖੁਸ਼ੀ ਗਮੀ 'ਚ ਸ਼ਰੀਕ ਰਹੇ ਹੁੰਦੇ ਐ। ਕਿਉਕਿ ਓਹ ਤੁਹਾਡੇ ਹਾਸੇ ਜਾਂ ਰੋਣੇ ਦੇ ਗਵਾਹ ਹੁੰਦੇ ਐ। ਬਾਕੀ ਸਭ ਸ਼ੋ ਆਫ ਐ..

**-ਦਾਊਮਾਜਰਾ**

# ਟਰੰਪ ਤੇ ਐਲਨ ਮਸਕ ਵਿਚਕਾਰ ਵਧ ਰਹੀ ਦਰਾੜ

ਹਾਲ ਹੀ 'ਚ ਸਪੇਸ ਐਕਸ ਅਤੇ ਟੇਸਲਾ ਦੇ ਮੁਖੀ, ਅਮਰੀਕੀ ਟੈਕਨਾਲੌਜੀ ਅਰਬਪਤੀ ਐਲਨ ਮਸਕ ਨੇ ਟਰੰਪ ਸਰਕਾਰ ਦੇ 'ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੀਐਂਸੀ' (DOGE), ਜਿਸਦਾ ਮਕਸਦ ਸਰਕਾਰੀ ਖਰਚਿਆਂ ਵਿਚ ਕਟੌਤੀ ਕਰਨੀ ਸੀ, ਤੋਂ ਅਲੱਗ ਹੋਣ ਦਾ ਐਲਾਨ ਕੀਤਾ ਸੀ।

ਇਸ ਸਬੰਧੀ ਐਲਨ ਮਸਕ ਨੇ ਹਾਲ ਹੀ ਵਿਚ ਐਕਸ (ਸਾਬਕਾ ਟਵਿੱਟਰ) 'ਤੇ ਲਿਖਿਆ: 'ਇੱਕ ਖਾਸ ਸਰਕਾਰੀ ਮੁਲਾਜ਼ਮ ਵਜੋਂ ਮੇਰੀ ਨਿਯੁਕਤੀ ਦੀ ਮਿਆਦ ਪੂਰੀ ਹੋਣ 'ਤੇ, ਮੈਂ ਰਾਸ਼ਟਰਪਤੀ ਡੋਨਲਡ



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਟਰੰਪ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਖਰਚ ਘਟਾਉਣ ਦਾ ਮੌਕਾ ਦਿੱਤਾ।'

ਮਸਕ ਦੀ ਸਰਕਾਰ ਤੋਂ ਵੱਖਰੇ ਹੋਣ ਦੀ ਘੋਸ਼ਣਾ ਦਰਅਸਲ ਟਰੰਪ ਦੇ ਨਵੇਂ ਬਜਟ ਤੋਂ ਨਾਖੁਸ਼ੀ ਜਤਾਉਣ ਦੇ ਬਾਅਦ ਆਈ ਸੀ। ਇਸ ਬਜਟ ਵਿਚ ਕਈ ਟ੍ਰਿਲੀਅਨ ਡਾਲਰ ਦੀ ਟੈਕਸ ਛੂਟ ਅਤੇ ਰੱਖਿਆ ਖਰਚੇ 'ਚ ਵਾਧਾ ਸ਼ਾਮਿਲ ਸੀ।

ਜਿੱਥੇ ਟਰੰਪ ਨੇ ਆਪਣੇ ਬਜਟ ਨੂੰ 'ਵੱਡਾ ਅਤੇ ਸੁੰਦਰ' ਕਿਹਾ, ਉੱਥੇ ਮਸਕ ਨੇ ਇਸ ਦੀ ਤਿਖੀ ਆਲੋਚਨਾ ਕੀਤੀ। ਇਹ ਬਜਟ ਟਰੰਪ ਦੇ ਏਜੰਡੇ ਦਾ ਕੇਂਦਰੀ ਹਿੱਸਾ ਸੀ। ਪਰ ਮਸਕ ਦਾ ਸਰਕਾਰ ਤੋਂ ਹਟਣਾ ਸਿਰਫ਼ ਟਰੰਪ ਪ੍ਰਸ਼ਾਸਨ ਵਿਚ ਇੱਕ ਤਬਦੀਲੀ ਨਹੀਂ ਸੀ ਸਗੋਂ ਵੇਖਿਆ ਜਾਵੇ ਤਾਂ ਐਲਨ ਮਸਕ ਰਿਪਬਲਿਕਨ ਪਾਰਟੀ ਦੇ ਸਭ ਤੋਂ ਵੱਡੇ ਦਾਨਦਾਤਾਵਾਂ 'ਚੋਂ ਇੱਕ ਰਹੇ ਹਨ। ਪਿਛਲੇ ਸਾਲ ਉਨ੍ਹਾਂ ਨੇ ਲਗਭਗ 250 ਮਿਲੀਅਨ ਡਾਲਰ (25 ਕਰੋੜ ਡਾਲਰ) ਦਾਨ ਦਿੱਤਾ ਸੀ।

ਇਨ੍ਹਾਂ ਵੱਡੇ ਦਾਨਾਂ ਦੇ ਬਾਅਦ, ਮਸਕ ਅਤੇ ਟਰੰਪ ਦੇ ਰਿਸ਼ਤੇ ਬਹੁਤ ਨੇੜਲੇ ਬਣ ਗਏ ਸਨ। ਹਾਲਾਂਕਿ, ਇਸੇ ਦੌਰਾਨ ਟੇਸਲਾ ਨੂੰ ਵੱਡੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪਿਆ।

ਟੇਸਲਾ ਨੇ ਹਾਲ ਹੀ ਵਿਚ ਨਿਵੇਸ਼ਕਾਂ ਨੂੰ ਚੇਤਾਵਨੀ ਦਿੱਤੀ ਕਿ ਵਿੱਤੀ ਦਬਾਅ ਜਾਰੀ ਰਹਿ ਸਕਦਾ ਹੈ। ਕੰਪਨੀ ਨੇ ਵਿਕਾਸ ਸਬੰਧੀ ਕੋਈ ਭਵਿੱਖਬਾਣੀ ਨਹੀਂ ਕੀਤੀ ਅਤੇ ਕਿਹਾ ਕਿ 'ਰਾਜਨੀਤਿਕ ਮਾਹੌਲ ਵਿਚ ਤਬਦੀਲੀ' ਕਾਰਾਂ ਦੀ ਮੰਗ ਨੂੰ ਪ੍ਰਭਾਵਤ ਕਰ ਸਕਦੀ ਹੈ।

ਇੱਥੇ ਇਹ ਵੀ ਜਿਕਰਯੋਗ ਹੈ ਕਿ ਪਿਛਲੇ ਸਾਲ ਦੇ ਚੋਣਾਂ ਦੌਰਾਨ ਐਲਨ ਮਸਕ ਨੇ ਖੁਲ ਕੇ ਟਰੰਪ ਦਾ ਸਮਰਥਨ ਕੀਤਾ ਸੀ। ਜਨਵਰੀ ਵਿਚ ਜਦੋਂ ਟਰੰਪ ਨੇ ਦੂਜੀ ਵਾਰੀ ਰਾਸ਼ਟਰਪਤੀ ਵਜੋਂ ਹਲਫ਼ ਲਿਆ, ਤਾਂ ਉਨ੍ਹਾਂ ਨੇ ਮਸਕ ਨੂੰ DOGE ਵਿਭਾਗ ਦੀ ਜ਼ਿੰਮੇਵਾਰੀ ਦਿੱਤੀ। ਇਸ ਵਿਭਾਗ ਦਾ ਮਕਸਦ ਸੀ ਕਿ ਸਰਕਾਰੀ ਦਫ਼ਤਰਾਂ ਵਿਚੋਂ ਜ਼ਰੂਰਤ ਤੋਂ ਵੱਧ ਕਰਮਚਾਰੀਆਂ ਦੀ ਛਾਂਟੀ ਕਰਕੇ ਉਨ੍ਹਾਂ ਦੀਆਂ ਤਨਖਾਹਾਂ ਦਾ ਖਰਚ ਘਟਾਇਆ ਜਾਵੇ।

ਤਾਜ਼ਾ ਹਾਲਾਤਾਂ ਵਿਚ ਮਸਕ ਨੇ ਕਈ ਕਾਰਣਾਂ ਕਰਕੇ ਇਸ ਅਹੁਦੇ ਤੋਂ ਅਲੱਗ ਹੋਣ ਦਾ ਫੈਸਲਾ ਕੀਤਾ। ਉਨ੍ਹਾਂ ਦੀ ਨਿਯੁਕਤੀ ਸਿਰਫ਼ 130 ਦਿਨਾਂ ਲਈ ਸੀ ਜੋ 30 ਮਈ 2025 ਨੂੰ ਪੂਰੀ ਹੋ ਗਈ।

ਜੇਕਰ ਟਰੰਪ ਅਤੇ ਮਸਕ ਦੀ ਗੱਲ ਕਰੀਏ ਤਾਂ ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਦੋਵੇਂ ਦੁਨੀਆ ਭਰ ਵਿਚ ਪ੍ਰਭਾਵਸ਼ਾਲੀ ਆਵਾਜ਼ਾਂ ਹਨ, ਪਰ ਹੁਣ ਇਹ ਦੋਵੇਂ ਇੱਕ-ਦੂਜੇ ਦੇ ਵਿਰੋਧੀ ਬਣ ਗਏ ਹਨ ਅਤੇ ਉਨ੍ਹਾਂ ਵਿਚਕਾਰ ਵਿਵਾਦ ਸਾਫ਼ ਦਿਖਾਈ ਦੇ ਰਿਹਾ ਹੈ। ਇੱਕ ਰਿਪੋਰਟ ਅਨੁਸਾਰ, ਟਰੰਪ ਨੇ ਆਪਣੀ ਸੋਸ਼ਲ ਮੀਡੀਆ ਵੈਬਸਾਈਟ 'ਤੇ ਇੱਕ ਧਮਕੀ ਭਰੀ ਪੋਸਟ ਕਰਦਿਆਂ ਲਿਖਿਆ ਕਿ ਸਰਕਾਰ ਵੱਲੋਂ ਐਲਨ ਮਸਕ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਅਤੇ ਠੇਕਿਆਂ ਨੂੰ ਖਤਮ ਕਰਨਾ ਬਜਟ ਬਚਾਉਣ ਦਾ ਸਭ ਤੋਂ ਆਸਾਨ ਤਰੀਕਾ ਹੋਵੇਗਾ।

ਜੇਕਰ ਟਰੰਪ ਨੇ ਸਰਕਾਰੀ ਮਸ਼ੀਨਰੀ ਨੂੰ ਮਸਕ ਦੇ ਖਿਲਾਫ ਵਰਤਣਾ ਸ਼ੁਰੂ ਕਰ ਦਿੱਤਾ, ਤਾਂ ਇਹ ਐਲਨ ਮਸਕ ਲਈ ਮੁਸ਼ਕਲ ਪੈਦਾ ਕਰ ਸਕਦਾ ਹੈ। ਇਸੇ ਕਰਕੇ ਹੀ ਟੇਸਲਾ ਦੇ ਸ਼ੇਅਰਾਂ ਦੀ ਕੀਮਤ 'ਚ 14 ਫੀਸਦੀ ਦੀ ਭਾਰੀ ਕਮੀ ਆਈ।

ਪਰ ਇਹ ਵੀ ਕਹਿਣਾ ਪਵੇ ਕਿ ਇਹ ਵਿਵਾਦ ਇਕ ਪਾਸਾ ਨਹੀਂ ਹੈ। ਤਦੇ ਤਾਂ ਟਰੰਪ ਦੇ ਬਿਆਨ ਤੋਂ ਬਾਅਦ, ਮਸਕ ਨੇ ਉਨ੍ਹਾਂ ਦੇ ਇਮਪੀਚਮੈਂਟ ਦੀ ਮੰਗ ਕੀਤੀ ਅਤੇ ਕਿਹਾ ਕਿ ਜੇ ਹਿੰਮਤ ਹੈ ਤਾਂ ਉਹ ਉਨ੍ਹਾਂ ਦੀ ਕੰਪਨੀ ਦੀ ਫੰਡਿੰਗ ਵਿਚ ਕਟੌਤੀ ਕਰਕੇ ਵੇਖਣ।

ਮਸਕ ਨੇ ਇਹ ਵੀ ਕਿਹਾ ਕਿ ਉਹ ਆਪਣੇ ਡਰੈਗਨ ਸਪੇਸਕ੍ਰਾਫਟ ਪ੍ਰੋਜੈਕਟ ਨੂੰ ਖਤਮ ਕਰਨ ਦੀ ਰਫਤਾਰ ਵਧਾ ਰਹੇ ਹਨ- ਇਹ ਉਹੀਓ ਪ੍ਰੋਜੈਕਟ



ਹੈ ਜਿਸ ਉੱਤੇ ਅਮਰੀਕਾ ਅੰਤਰਰਾਸ਼ਟਰੀ ਅੰਤਰਿਕਸ਼ ਸਟੇਸ਼ਨ ਤੱਕ ਸਮਾਨ ਭੇਜਣ ਲਈ ਨਿਰਭਰ ਕਰਦਾ ਹੈ।

ਮਸਕ ਕੋਲ ਟਰੰਪ ਨੂੰ ਜਵਾਬ ਦੇਣ ਲਈ ਇੱਕ ਤਰ੍ਹਾਂ ਨਾਲ ਅਸੀਮਤ ਸਰੋਤ ਹਨ- ਉਹ ਅਗਲੇ ਚੋਣਾਂ ਵਿਚ ਰਿਪਬਲਿਕਨ ਵਿਰੋਧੀ ਉਮੀਦਵਾਰਾਂ ਨੂੰ ਫੰਡ ਦੇ ਸਕਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜੈਫਰੀ ਐਪਸਟਿਨ ਨਾਲ ਜੁੜੀਆਂ ਗੁਪਤ ਫਾਈਲਾਂ ਵਿਚ ਟਰੰਪ ਦਾ ਨਾਮ ਵੀ ਹੈ, ਹਾਲਾਂਕਿ ਉਨ੍ਹਾਂ ਨੇ ਇਸ ਦਾ ਕੋਈ ਸਬੂਤ ਨਹੀਂ ਦਿੱਤਾ।

ਉਧਰ ਟਰੰਪ ਦੀ ਪ੍ਰੈੱਸ ਸਕੱਤਰ ਕੈਰੋਲਿਨ ਲਿਊਟ ਨੇ ਮਸਕ ਦੇ ਇਲਜ਼ਾਮਾਂ 'ਤੇ ਸਿਰਫ ਇੱਕ ਸਧਾਰਣ ਬਿਆਨ ਦਿੱਤਾ ਅਤੇ ਕਿਹਾ ਕਿ ਮਸਕ ਸਿਰਫ਼ ਇਸ ਲਈ ਨਾਰਾਜ਼ ਹਨ ਕਿਉਂਕਿ ਬਜਟ 'ਚ ਉਹ ਨੀਤੀਆਂ ਨਹੀਂ ਸ਼ਾਮਿਲ ਕੀਤੀਆਂ ਗਈਆਂ ਜੋ ਉਹ ਚਾਹੁੰਦੇ ਸਨ।

ਟਰੰਪ ਨੇ ਵੀ ਗਰਮੀ ਘਟਾਉਣ ਦੀ ਕੋਸ਼ਿਸ਼ ਕੀਤੀ - ਇੱਕ ਸਰਕਾਰੀ ਸਮਾਗਮ ਵਿਚ ਮਸਕ ਉੱਤੇ ਕੋਈ ਟਿੱਪਣੀ ਕਰਨ ਤੋਂ ਬਚੇ ਅਤੇ ਟਰੂਥ ਸੋਸ਼ਲ 'ਤੇ ਕਿਹਾ ਕਿ ਮਸਕ ਦੇ ਵਿਰੋਧ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਪਰ ਉਨ੍ਹਾਂ ਨੂੰ ਕਾਸ਼ ਪਹਿਲਾਂ ਅਸਤੀਫਾ ਦੇ ਦੇਣਾ ਚਾਹੀਦਾ ਸੀ। ਉਸ ਤੋਂ ਬਾਅਦ ਉਨ੍ਹਾਂ ਆਪਣੇ 'ਵੱਡੇ ਅਤੇ ਸ਼ਾਨਦਾਰ' ਟੈਕਸ ਬਿਲ ਦੀ ਵਕਾਲਤ ਕੀਤੀ। ਉਨ੍ਹਾਂ ਨੇ ਮਸਕ ਦੇ ਵਿਰੋਧ 'ਤੇ ਹੈਰਾਨੀ ਜਤਾਈ ਅਤੇ ਕਿਹਾ ਕਿ ਉਨ੍ਹਾਂ ਦੀ ਚੋਣ ਜਿੱਤਣ ਵਿਚ ਮਸਕ ਦੇ ਸਮਰਥਨ ਦੀ ਕੋਈ ਖ਼ਾਸ ਭੂਮਿਕਾ ਨਹੀਂ ਸੀ।

ਮਸਕ ਨੇ ਆਪਣੇ ਦੋ ਕਰੋੜ ਤੋਂ ਵੱਧ ਫਾਲੋਅਰਾਂ ਨੂੰ ਜਵਾਬ ਦਿੰਦੇ ਹੋਏ ਲਿਖਿਆ ਕਿ ਉਹ ਗੱਡੀਆਂ 'ਤੇ ਸਬਸਿਡੀ ਦੀ ਪਰਵਾਹ ਨਹੀਂ ਕਰਦੇ, ਉਹ ਤਾਂ ਕੌਮੀ ਕਰਜ਼ਾ ਘਟਾਉਣਾ ਚਾਹੁੰਦੇ ਸਨ ਜੋ ਉਨ੍ਹਾਂ ਅਨੁਸਾਰ ਦੇਸ਼ ਲਈ ਵੱਡਾ ਖਤਰਾ ਬਣ ਚੁੱਕਾ ਹੈ। ਉਨ੍ਹਾਂ ਨੇ ਟਰੰਪ ਨੂੰ ਬੇਹੱਦ ਨਾ-ਸ਼ੁਕਰਾ ਕਰਾਰ ਦਿੱਤਾ ।

ਹੁਣ ਸਵਾਲ ਇਹ ਹੈ ਕਿ ਇਸ ਝਗੜੇ ਦਾ ਅੰਤ ਕੀ ਹੋਏਗਾ? ਕਾਂਗਰਸ ਵਿਚ ਰਿਪਬਲਿਕਨਾਂ ਲਈ ਟਰੰਪ ਦੇ ਬਿਲ ਦਾ ਸਮਰਥਨ ਕਰਨਾ ਮੁਸ਼ਕਿਲ ਹੋ ਰਿਹਾ ਹੈ ਕਿਉਂਕਿ ਮਸਕ ਉਨ੍ਹਾਂ ਨੂੰ ਵਿੱਤ ਪ੍ਰਦਾਨ ਕਰ ਰਹੇ ਹਨ।

ਟਰੰਪ ਨੇ ਪਹਿਲਾਂ ਹੀ ਮਸਕ ਦੇ ਸਰਕਾਰੀ ਠੇਕਿਆਂ ਨੂੰ ਖਤਮ ਕਰਨ ਦੀ ਧਮਕੀ ਦੇ ਦਿੱਤੀ ਹੈ, ਪਰ ਉਹ ਉਨ੍ਹਾਂ ਦੇ ਸਹਿਯੋਗੀਆਂ ਨੂੰ ਵੀ ਟੀਚਾ ਬਣਾ ਸਕਦੇ ਹਨ ਜਾਂ ਉਨ੍ਹਾਂ ਦੀਆਂ ਕੰਪਨੀਆਂ ਦੀ ਜਾਂਚ ਸ਼ੁਰੂ ਕਰਵਾ ਸਕਦੇ ਹਨ।

ਜਿੱਥੇ ਤੱਕ ਡੈਮੋਕਰੇਟਿਕ ਪਾਰਟੀ ਦੀ ਗੱਲ ਹੈ, ਉਹ ਫਿਲਹਾਲ ਇਸ ਸਾਰੇ ਝਗੜੇ ਦਾ ਇੱਕ ਤਰਾਂ ਨਾਲ ਮੂਕਦਰਸ਼ਕ ਬਣੀ ਅਨੰਦ ਲੈ ਰਹੀ ਹੈ । ਉਧਰ ਕੁਝ ਡੈਮੋਕਰੇਟ ਮਸਕ ਨੂੰ ਆਪਣੀ ਪਾਰਟੀ ਵਿਚ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ - ਕਿਉਂਕਿ ਉਹ ਹੁਣ ਰਿਪਬਲਿਕਨ ਵਿਰੋਧੀ ਹੋ ਗਏ ਹਨ। ਇਸ ਸੰਦਰਭ ਵਿਚ ਡੈਮੋਕਰੇਟਿਕ ਸਟ੍ਰੈਟਜਿਸਟ ਲੀਅਮ ਕੈਰ ਨੇ ਪੋਲਿਟੀਕੋ ਨੂੰ ਦੱਸਿਆ: 'ਇਸ ਖੇਡ ਵਿਚ ਕਿਸੇ ਨੂੰ ਵੀ ਲਾਭ ਨਹੀਂ, ਪਰ ਜੇ ਮਸਕ ਡੈਮੋਕਰੇਟ ਵੱਲ ਵਧਦੇ ਹਨ ਤਾਂ ਇਹ ਰਿਪਬਲਿਕਨ ਲਈ ਦਰਦ ਦਾ ਕਾਰਨ ਬਣੇਗਾ।'

ਹਾਲ ਦੀ ਘੜੀ ਵਿਚ ਡੈਮੋਕਰੇਟ ਪਿੱਛੇ ਰਹਿ ਕੇ ਇਸ ਲੜਾਈ ਦਾ ਆਨੰਦ ਲੈ ਰਹੇ ਹਨ ਅਤੇ ਜਦ ਤੱਕ ਇਹ ਲੜਾਈ ਜਾਰੀ ਰਹੇਗੀ, ਅਮਰੀਕੀ ਰਾਜਨੀਤੀ ਦਾ ਹੋਰ ਸਾਰਾ ਏਜੰਡਾ ਪਿੱਛੇ ਰਹਿ ਜਾਏਗਾ। ਪਰ ਇਹ ਉਮੀਦ ਨਾ ਰੱਖੋ ਕਿ ਇਹ ਝਗੜਾ ਜਲਦੀ ਖ਼ਤਮ ਹੋ ਜਾਵੇਗਾ। ਕਿਉਂਕਿ ਮਸਕ ਤੇ ਟਰੰਪ ਵਿਚਕਾਰ ਜੋ ਖਾਈ ਪੈਦਾ ਹੋ ਗਈ ਹੈ ਉਸ ਨੂੰ ਪਾਰ ਲਾਉਣਾ ਹਾਲ ਦੀ ਘੜੀ ਦੋਹਾਂ ਲਈ ਟੇਢ਼ੀ ਖੀਰ ਸਾਬਤ ਹੋ ਰਿਹਾ ਹੈ।

---

# ਭਗਤ ਕਾਲਾ ਕੁੱਤਾ

ਪਾਕਿਸਤਾਨੋਂ ਉੱਜੜ ਕੇ ਮੇਰੇ ਘਰ ਦੇ ਅਜੇ ਤਿੰਨ-ਚਾਰ ਮਹੀਨੇ ਹੀ ਪਿੰਡ ਬੈਠੇ ਸੀ। ਹੋਰ ਰਾਹ ਖੁੱਲ੍ਹ ਗਿਆ ਸੀ। ਦਾਦੀ ਦਸਦੀ ਹੁੰਦੀ ਸੀ ਕਿ ਉਹ ਦਿਨ ਬਾਹਲੇ ਔਖੇ ਸੀ। ਉਜਾੜੇ ਦਾ ਦੁੱਖ ਬਹੁਤਾ ਸੀ। ਝੱਟ 'ਚ ਲੱਖੋਂ ਕੱਖ ਦੇ ਹੋ ਗਏ ਸੀ। ਦਿਨਾਂ ਵਿਚ ਹੀ। ਦਿਨਾਂ ਦਾ ਗੇੜ, ਮੁਹਾਵਰਾ ਏਸ ਕਰਕੇ ਬਣਿਆ ਹੈ। ਤੇ ਦਿਨ ਬਦਲਦਿਆਂ ਨੂੰ ਵੀ ਅੱਖ ਦਾ ਫੇਰ ਲਗਦਾ ਹੈ।

ਫਿਰ ਸਬੱਬ ਬਣ ਗਿਆ ਸੀ। ਜਾਣੂੰ ਜੇਹਲਮੀਆਂ ਨੂੰ ਪਤਾ ਲੱਗ ਗਿਆ, ਕਿ ਰਾਮ ਸਿਓਂ ਖ਼ਾਲਮ-ਖ਼ਾਲੀ ਹੋ ਕੇ ਬਾਰ 'ਚੋਂ ਆਇਆ ਹੈ। ਲੁੱਟ-ਪੁੱਟ ਹੋ ਕੇ। ਉਹ ਇਨ੍ਹਾਂ ਨੂੰ ਲੈਣ ਆ ਗਏ। ਕਹਿੰਦੇ: ਰਾਮ ਸਿਆਂ, ਸਾਡੇ ਨਾਲ ਚੱਲ। ਓਥੇ ਆ ਕੇ ਜ਼ਮੀਨ ਸਾਂਭ ਲੈ। ਮੁੜ ਵਾਹੀ ਖੇਤੀ ਕਰ

**ਸੁਖਦੇਵ ਸਿੱਧੂ**

ਲੈ। ਭਾਪੇ ਦੇ ਮਨ ਨੂੰ ਇਹ ਗੱਲ ਭਾਅ ਗਈ। ਇਹ ਟੱਬਰ ਨੂੰ ਲੈ ਕੇ ਸਿੰਘਪੁਰ ਚਲੇ ਗਿਆ। ਹੋਰ ਪਿੰਡ। ਸਤਲੁਜ ਦਰਿਆ ਦੇ ਕੰਢੇ। ਬੇਟ 'ਚ। ਪਿੰਡੋਂ ਤਿੰਨ-ਚਾਰ ਮੀਲ, ਦੱਖਣ ਵੱਲ ਨੂੰ।

ਮੁਸਲਮਾਨ ਵੀ ਵਿਚਾਰੇ ਏਧਰੋਂ ਏਦਾਂ ਹੀ ਉੱਠ ਕੇ ਗਏ ਸੀ। ਵਸਦੇ-ਰਸਦੇ। ਨੰਗ-ਮਲੰਗ ਹੋ ਕੇ। 'ਅਪਣੇ' ਮੁਲਕ ਚੋਂ 'ਅਪਣੇ' ਮੁਲਕ ਨੂੰ। ਆਵਦੀ ਮਨ ਮਰਜ਼ੀ ਦੇ ਖ਼ਿਲਾਫ਼। ਸਭ ਕੁਝ ਪਿੱਛੇ ਛੱਡ ਗਏ ਸੀ। ਓਦਾਂ ਹੀ ਜਿੱਦਾਂ ਮੇਰਾ ਬਾਬਾ ਛੱਡ ਆਇਆ ਸੀ। ਉਨ੍ਹਾਂ ਦਾ ਮਾਲ-ਡੰਗਰ ਪਿੰਡ ਦੇ ਬਦਮਾਸ਼ਾਂ ਜਾਂ ਤਕੜਿਆਂ ਨੇ ਸਾਂਭ ਲਿਆ ਸੀ। ਸੁਆਰਥੀਆਂ ਨੇ ਲੁੱਟ ਵੀ ਕੀਤੀ ਸੀ। ਕਈ ਮੁਸਲਮਾਨਾਂ ਦੇ ਬੈਠਿਆਂ 'ਤੇ ਹੀ ਵਧੀਕੀਆਂ ਕਰਨ ਲਗ ਪਏ ਸੀ। ਮਾਲ-ਢਾਂਡਾ ਖੋਲ੍ਹਣਾ ਸ਼ੁਰੂ ਕਰ ਦਿੱਤਾ ਸੀ। ਅੱਖਾਂ ਪਰ੍ਹੇ ਕਰਦਿਆਂ ਸਮਾਨ ਲੁੱਟ ਲਿਆ ਸੀ। ਕਈ ਥੁੜ੍ਹਿਆਂ ਨੇ ਘਰ ਵਸਾਉਣ ਲਈ ਮੁਸਲਮਾਨਾਂ ਦੀਆਂ ਧੀਆਂ ਭੈਣਾਂ 'ਤੇ ਅੱਖਾਂ ਰੱਖ ਲਈਆਂ ਸੀ। ਕੁੱਝ ਕੇ ਨੇ ਜੋਰ ਨਾਲ ਚੱਕ ਵੀ ਲਿਆਂਦੀਆਂ ਸੀ।

ਸਿੰਘਪੁਰੇ ਆ ਕੇ ਬਾਬਾ ਜਿਸ ਮਕਾਨ 'ਚ ਬੈਠਾ, ਉਹ ਵੀ ਮੁਸਲਮਾਨ ਛੱਡ ਕੇ ਗਏ ਸੀ। ਸਰਦੇ-ਪੁਜਦੇ ਲਗਦੇ ਸੀ। ਵਿਚੇ ਚੱਕੀ ਲੱਗੀ ਹੋਈ ਸੀ। ਓਦਾਂ ਹੀ ਛੱਡ ਗਏ ਸੀ। ਲੁੱਟ ਵਾਲੇ ਇਹਦਾ ਸਮਾਨ ਲਾਹ ਕੇ ਲੈ ਗਏ ਸੀ।

ਸਾਰੇ ਜੀਆਂ ਰਲ਼ ਕੇ ਪੋਹਰਿਆ-ਪੋਹਰਿਆ ਕਰਕੇ ਮਿਹਨਤ ਕੀਤੀ ਤੇ ਬਾਬੇ ਦੀ ਵਾਹੀ ਫਿਰ ਚੱਲ ਪਈ। ਪਿੰਡ ਵਾਲੇ ਸੜਦੇ ਸੀ। ਬਾਬੇ ਨੇ ਕਾਲਾ ਕਤੂਰਾ ਲੈ ਆਂਦਾ। ਨਜ਼ਰਵੱਟੂ। ਨਿੱਕੀ-ਜਿਹੀ ਮਲੂਕੜੀ ਜਿੰਦ। ਬੜੇ ਚਾਅ ਨਾਲ ਪਾਲ਼ਿਆ ਇਨ੍ਹਾਂ ਨੇ। ਪਹਿਲਾਂ ਰੂੰਅ ਦੀਆਂ ਬੱਤੀਆਂ ਬਣਾਉਣੀਆਂ, ਫਿਰ ਦੁੱਧ ਚ ਭਿਉਂਣੀਆਂ। ਫਿਰ ਚੁੰਘਾਉਂਣੀਆਂ। ਹੌਲੀ-ਹੌਲੀ ਕਤੂਰੇ ਨੇ ਅੱਖਾਂ ਖੋਲ੍ਹ ਲਈਆਂ। ਰਤਾ ਕੁ ਸੁਰਤ ਫੜੀ, ਤਾਂ ਇਹ ਵਿਹੜੇ ਚ ਖੇਲ੍ਹਣ-ਮੱਲ੍ਹਣ ਭੱਜਣ-ਨੱਠਣ ਲੱਗਾ- ਨਿਆਣਿਆਂ ਹਾਰ। ਇਕ ਦਿਨ ਕੋਈ ਆਵਾਰਾ ਕੁੱਤੀ ਆਈ। ਕਤੂਰਾ ਮਮਤਾ ਵੱਸ ਕੁੱਤੀ ਵੱਲ ਨੂੰ ਹੋਇਆ। ਤੇਹੁ ਕਰਨ ਨੂੰ। ਕੁੱਤੀ ਨੇ ਐਸਾ ਝਪਟਾ ਮਾਰਿਆ ਕਿ ਕਤੂਰੇ ਦੀ ਅੱਖ ਕੱਢ ਦਿੱਤੀ। ਵਿਚਾਰਾ ਬੜਾ ਕੁਰਲਾਇਆ; ਬਾਲ ਉਮਰੇ ਹੀ ਅੱਖ ਗਵਾ ਬੈਠਾ। ਬਾਅਦ 'ਚ ਘਰਵਾਲੇ ਇਹਨੂੰ ਕਾਲਾ ਕੁੱਤਾ ਆਖਦੇ ਰਹੇ। ਪਿੰਡ ਵਾਲੇ ਕਾਣਾ ਕੁੱਤਾ ਕਹਿੰਦੇ। ਦਾਦੀ ਇਹਨੂੰ ਭਗਤ ਕਿਹਾ ਕਰਦੀ ਸੀ।

ਘਰਦਿਆਂ ਇਹਦੀ ਬੜੀ ਸੇਵਾ ਕੀਤੀ। ਘੱਟ ਇਹਨੇ ਵੀ ਨਹੀਂ ਕੀਤੀ, ਪੂਰਾ ਮੋੜ ਮੋੜਿਆ। ਦਰਿਆ ਕੰਢੇ ਹੋਣ ਕਰਕੇ ਫ਼ਸਲਾਂ ਨੂੰ ਗਿੱਦੜ, ਗੋਂਦਾਂ ਤੇ ਜੰਗਲੀ ਸੂਰ ਮਾਰ ਕਰਦੇ ਸੀ। ਕਮਾਦ ਤੇ ਮੱਕੀ ਨੂੰ। ਮੇਰੇ ਬਾਪ ਨੇ ਰਾਤ ਨੂੰ ਕਾਲੇ ਕੁੱਤੇ ਨੂੰ ਫ਼ਸਲ ਦੇ ਵਿਚਾਲ਼ੇ ਕਰਕੇ ਬੰਨ੍ਹ ਆਉਣਾ। ਜਦੋਂ ਸੂਰਾਂ, ਗੋਂਦਾਂ ਜਾਂ ਗਿੱਦੜਾਂ ਫ਼ਸਲ ਵੱਲ ਆਉਣਾ, ਕਾਲੇ ਕੁੱਤੇ ਨੇ ਜ਼ੋਰ-ਜ਼ੋਰ ਨਾਲ ਭੌਂਕਣਾ। ਜੰਗਲੀ ਜਾਨਵਰਾਂ ਡਰਦਿਆਂ ਭੱਜ ਜਾਣਾ। ਫ਼ਸਲ ਦਾ ਬਚਾਅ ਹੋ ਜਾਣਾ। ਇਨ੍ਹਾਂ ਨੇ ਸਵੇਰ ਨੂੰ ਕੁੱਤੇ ਨੂੰ ਖੋਲ੍ਹ ਕੇ ਲੈ ਆਉਣਾ। ਘਰ ਦਾ ਖੁੱਲਾ ਦੁੱਧ ਸੀ; ਦਾਦੀ ਨੇ ਦੁੱਧ ਪਿਆਉਣਾ; ਰੋਟੀ ਪਾਉਣੀ।

ਦਾਦੀ ਨੇ ਜਾਂ ਮਾਂ ਨੇ ਖੂਹ 'ਤੇ ਰੋਟੀ ਲੈ ਕੇ ਜਾਣੀ। ਇਹਨੇ ਵੀ ਨਾਲ ਤੁਰ ਪੈਣਾ। ਆਪੇ ਹੀ।



ਪੋਲੇ-ਪੋਲੇ ਪੈਰੀਂ। ਹੌਲੀ-ਹੌਲੀ। ਮਗ਼ਰੇ-ਮਗ਼ਰ। ਛਾਹ ਵੇਲੇ ਵੀ। ਦੁਪਿਹਰੀ ਵੇਲੇ ਵੀ ਤੇ ਲੌਢੇ ਵੇਲੇ ਵੀ। ਜਿੱਦਾਂ ਜਾਣਾ ਓਦਾਂ ਹੀ ਨਾਲ ਮੁੜ ਆਉਣਾ। ਰਾਤ ਨੂੰ ਘਰ ਦੀ ਰਾਖੀ ਕਰਨੀ ਜਾਂ ਫ਼ਸਲਾਂ ਦੀ। ਕਾਲਾ ਕੁੱਤਾ ਘਰ ਦਾ ਜੀਅ ਸੀ।

ਜਿੱਦਾਂ ਦਾ ਪਾਕਿਸਤਾਨ ਚ ਛੱਡ ਆ ਕੇ ਆਏ ਸੀ, ਬਾਬੇ ਦਾ ਕੰਮ ਸਿੰਘਪੁਰੇ ਆ ਕੇ ਮੁੜ ਓਦਾਂ ਦਾ ਹੀ ਹੋ ਗਿਆ। ਬਾਪ ਦਸਦਾ ਹੈ ਕਿ ਲੋਹੜੇ ਦੀ ਫ਼ਸਲ ਹੋਣੀ। ਬੋਹਲਾਂ ਦੇ ਬੋਹਲ ਲੱਗ ਜਾਣੇ। ਫ਼ਸਲ ਰੱਖਣ ਨੂੰ ਥਾਂ ਥੁੜ ਜਾਣਾ। ਲੋਕਾਂ ਸੜਨਾ। ਕਾਲੇ ਕੁੱਤੇ ਨੇ ਬੋਹਲਾਂ ਮੁੱਢ ਬੈਠੇ ਰਹਿਣਾ। ਖ਼ਬਰਦਾਰੀ ਰੱਖਣੀ-ਪੂਰੀ ਰਾਖੀ ਕਰਨੀ। ਮਜ਼ਾਲ ਆ ਕਿਤੇ ਚਿੜੀ ਵੀ ਫੜਕਣ ਦੇਣੀ।

ਫਿਰ ਅਚਾਨਕ ਚੰਗੇ ਭਲੇ ਵਗਣ ਵਾਲੇ ਪਸ਼ੂ ਮਰਨ ਲੱਗ ਪਏ। ਇਕ-ਇਕ ਕਰਕੇ ਘਰ ਦੇ ਜੀਅ ਮਰਨ ਲਗ ਪਏ। ਮੈਥੋਂ ਵੱਡੀਆਂ ਦੋ ਭੈਣਾਂ ਬਾਲ ਉਮਰੇ ਤੁਰ ਗਈਆਂ। ਮੈਥੋਂ ਵੱਡਾ ਵੀ ਤੁਰ ਗਿਆ। ਬਾਬਾ ਆਪ ਵੀ ਤੁਰ ਗਿਆ। ਬਾਪ ਦਾ ਦਿਲ ਟੁੱਟ ਗਿਆ। ਉੱਤੋਂ ਕਿਸੇ ਨੇ ਭਰਮ ਪਾ ਦਿੱਤਾ: ਜੇ ਏਥੇ ਰਹੋਗੇ, ਤਾਂ ਨੁਕਸਾਨ ਹੋਈ ਹੀ ਜਾਣਾ। ਜੀਆਂ ਦੇ ਬਚਾਅ ਲਈ ਥਾਂ ਬਦਲੋ। ਦਾਦੀ ਨੇ ਬਾਪ ਨੂੰ ਕਿਹਾ। ਦੇਖ ਪੁੱਤ, ਇਕੋ ਇਕ ਟਿੰਡ ਬਚੀ ਆ, ਇਹਨੂੰ ਪਿੰਡ ਲੈ ਚੱਲ। ਜੀਅ ਰਾਜ਼ੀ ਖ਼ੁਸ਼ੀ ਰਹਿਣ, ਕੰਮ ਆਪੇ ਚੰਗੇ ਮਾੜੇ ਚਲਦੇ ਰਹਿੰਦੇ ਹੁੰਦੇ ਆ। ਬਾਪ ਨੇ ਖਾਂਦਾ-ਪੀਂਦਾ ਘਰ ਛੱਡ ਕੇ ਮੁੜ ਪਿੰਡ ਆਉਣ ਦਾ ਮਨ ਬਣਾ ਲਿਆ। ਛੇ ਮਹੀਨੇ ਸਿੰਘਪੁਰਿਓਂ ਸਾਮਾਨ ਢੋਂਦੇ ਰਹੇ। ਲੋਕਾਂ ਸੁੱਤੇ ਹੋਣਾ। ਮਾਂ-ਬਾਪ ਨੇ ਰਾਤ ਨੂੰ ਦੋ ਗੇੜੇ ਲਾਉਣੇ। ਕਾਲੇ ਕੁੱਤੇ ਨੇ ਵੀ ਨਾਲ ਹੀ ਹੋਣਾ। ਇਨ੍ਹਾਂ ਦੇ ਮਗਰੇ-ਮਗਰ। ਜਦੋਂ ਪਿੰਡ ਆ ਵਸੇ, ਤਾਂ ਕਾਲਾ ਕੁੱਤਾ ਨਾਲ ਤਾਂ ਆ ਗਿਆ। ਪਰ ਫਿਰ ਮੁੜ ਗਿਆ। ਇਕ ਦੋ ਵਾਰ ਫਿਰ ਲਿਆਂਦਾ। ਇਹਨੇ ਫਿਰ ਮੁੜ ਜਾਣਾ।

ਹਰ ਸਾਲ ਦਾਦੀ ਨਾਲ ਮੈਂ ਸਿੰਘਪੁਰੇ ਮੇਲੇ 'ਤੇ ਜਾਣਾ। ਕੁੱਤੇ ਨੇ ਸਾਡੇ ਕੋਲ ਆ ਕੇ ਬਹਿ ਜਾਣਾ। ਹੌਲੀ-ਹੌਲੀ ਨੇੜੇ ਹੋ ਕੇ ਆਵਦੀ ਬੂਥੀ ਦਾਦੀ ਦੇ ਪੈਰਾਂ ਨੂੰ ਲਾ ਦੇਣੀ। ਜਿਵੇਂ ਪੈਰੀਂ ਪੈਣਾ ਕਰਦਾ ਹੋਵੇ। ਦਾਦੀ ਨੇ ਇਹਦੇ ਸਿਰ'ਤੇ ਹੱਥ ਫੇਰਨਾ। ਪਿਆਰ ਦੇਣਾ। ਇਹਨੇ ਲੋਟਣੀਆਂ ਖਾਣ ਲੱਗ ਜਾਣਾ। ਚਾਂਬਲ਼ ਜਾਣਾ। ਜਿੰਨਾ ਚਿਰ ਅਸੀਂ ਓਥੇ ਰਹਿਣਾ। ਕੁੱਤੇ ਨੇ ਸਾਡੇ ਕੋਲ ਹੀ ਬੈਠੇ ਰਹਿਣਾ-ਭੋਰਾ ਵਿਸਾਹ ਨਾ ਕਰਨਾ। ਜੇ ਅਸੀਂ ਉੱਠ ਕੇ ਕਿਤੇ ਹੋਰ ਵੀ ਜਾਣਾ ਤਾਂ ਦੱਬਵੇਂ ਪੈਰੀਂ ਇਹਨੇ ਵੀ ਨਾਲ ਹੀ ਹੋ ਤੁਰਨਾ।

ਜਦੋਂ ਅਸੀਂ ਸਿੰਘਪੁਰਿਓਂ ਘਰ ਨੂੰ ਵਾਪਸ ਮੁੜਨਾ, ਤਾਂ ਇਹਨੇ ਵੀ ਨਾਲ ਹੀ ਤੁਰ ਪੈਣਾ। ਸਹਿਜੇ ਸਹਿਜੇ, ਸਾਡੇ ਪਿੱਛੇ-ਪਿੱਛੇ। ਪੈੜ 'ਚ ਪੈੜ ਰੱਖੀ ਆਉਣੀ। ਅਖ਼ੀਰ ਤੇ ਜਦੋਂ ਬਾਲੋਕੀ ਲਾਗੇ ਆਉਣਾ, ਤਾਂ ਦਾਦੀ ਨੇ ਕਹਿਣਾ: ਭਗਤਾ, ਚਲ ਹੁਣ ਮੁੜ ਜਾਹ। ਇਹਨੇ ਪਹਿਲਾਂ ਓਥੇ ਖੜੋ ਜਾਣਾ। ਫਿਰ ਬਹਿ ਜਾਣਾ। ਜਿੰਨਾ ਚਿਰ ਅਸੀਂ ਅੱਖਾਂ ਤੋਂ ਓਹਲੇ ਨਾ ਹੋ ਜਾਣਾ, ਇਹਨੇ ਬੈਠਾ ਰਹਿਣਾ। ਫਿਰ ਮੋੜਾ ਪਾ ਲੈਣਾ। ਸਾਲੋ-ਸਾਲੀ ਇਹੀ ਵਰਤਾਰਾ ਚਲਦਾ ਰਿਹਾ ਸੀ।

ਫਿਰ ਇਕ ਵਾਰੀ ਮੇਲੇ 'ਤੇ ਗਏ, ਤਾਂ ਕਾਲਾ ਕੁੱਤਾ ਸਾਡੇ ਕੋਲ ਨਾ ਆਇਆ। ਨਾ ਹੋਰ ਕਿਤੇ ਈ ਦਿਸਿਆ। ਮੇਲੇ ਤੋਂ ਵਿਹਲੀ ਹੋ ਕੇ ਦਾਦੀ ਨੇ ਪੁੱਛਿਆ, ਤਾਂ ਪਤਾ ਲੱਗਾ ਕਿ ਉਹ ਤਾਂ ਤਿੰਨ ਕੁ ਮਹੀਨੇ ਹੋਏ ਤੁਰ ਗਿਆ ਸੀ। ਮਸੋਸੀ ਹੋਈ ਦਾਦੀ ਕਹਿੰਦੀ: ਭਗਤ ਆਵਦੀ ਪੂਰੀ ਨਿਭਾਅ ਗਿਆ।

ਸਿੰਘਪੁਰਾ ਮੁੜ ਕੇ ਉਹ ਨਹੀਂ ਸੀ ਰਿਹਾ। ਪਹਿਲਾਂ ਜਾਣਾ ਘਟ ਗਿਆ; ਫਿਰ ਉੱਕਾ ਹੀ ਛੁੱਟ ਗਿਆ। ਹੌਲੀ-ਹੌਲੀ ਸਿੰਘਪੁਰਾ ਭੁੱਲਦਾ ਭੁੱਲਦਾ ਭੁੱਲ ਹੀ ਗਿਆ। ਪਰ ਘਰ ਦਿਆਂ ਨੂੰ ਅਪਣਾ ਜੀਅ ਕਾਲਾ ਕੁੱਤਾ ਹਾਲੇ ਵੀ ਯਾਦ ਹੈ।

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਸਿਰਫ ਅੱਖਰਾਂ ਦੀ ਬਣਤਰ ਨਹੀਂ, ਰੂਹ ਦਾ ਉਚਾਰਨ ਹੈ -'ਲਾ ਮਿਜ਼ਰੇਬਲ'

ਵਿਕਟਰ ਹਿਊਗੋ ਦਾ ਮਹਾਂ ਸ਼ਾਹਕਾਰ 'ਲਾ ਮਿਜ਼ਰੇਬਲਜ਼' (Les Miserables) ਸਿਰਫ਼ ਨਾਵਲ ਨਹੀਂ, ਵਿਕਟਰ ਹਿਊਗੋ ਨੇ ਨਾਵਲ ਦੇ ਰੂਪ ਵਿਚ ਆਤਮਕ ਅਤੇ ਨੈਤਿਕ ਦਰਪਣ ਦੀ ਰਚਨਾ ਕੀਤੀ ਹੈ, ਜੋ ਮਨੁੱਖੀ ਚੇਤਨਾ ਦੇ ਸਭ ਤੋਂ ਅੰਧਕਾਰਮਈ ਹਿੱਸਿਆਂ ਅੰਦਰ ਰੋਸ਼ਨੀ ਪਾਉਂਦਾ ਹੈ।

ਇਸ ਰਚਨਾ ਵਿਚ ਉਹ ਨਾ ਕੇਵਲ ਇਕ ਗੁਨਾਹਗਾਰ ਦੇ ਪੁਨਰ-ਜਨਮ ਦੀ ਕਹਾਣੀ ਲਿਖਦਾ ਹੈ, ਸਗੋਂ ਮਨੁੱਖੀ ਮਾਫੀ, ਪਸਚਾਤਾਪ ਅਤੇ ਕਰੁਣਾ ਦੀ ਅਸਲ ਪਰਿਭਾਸ਼ਾ ਪੇਸ਼ ਕਰਦਾ ਹੈ।

ਯਾਂ ਵਲਜੀਨ, (Jean Valjean) ਉਹ ਪੀੜਤ ਕਿਰਦਾਰ ਜਿਸ ਨੂੰ ਸਿਰਫ ਰੋਟੀ ਚੋਰੀ ਕਰਨ ਕਰਕੇ 19 ਸਾਲਾਂ ਦੀ ਕਠੋਰ ਕੈਦ ਕੱਟਣ ਲਈ ਮਜਬੂਰ ਕੀਤਾ ਗਿਆ।



ਮਦਨਦੀਪ ਸਿੰਘ
ਫੋਨ: 85918-59124

ਨਾਵਲ ਪੜ੍ਹਦਿਆਂ ਇਹ ਸਮਝਿਆ ਜਾ ਸਕਦਾ ਹੈ ਕਿ ਯਾਂ ਵਲਜੀਨ, (Jean Valjean), ਹਿਊਗੋ ਲਈ ਸਿਰਫ਼ ਇੱਕ ਕਿਰਦਾਰ ਨਹੀਂ। ਅਣਮਨੁੱਖੀ ਵਰਤਾਰਿਆਂ ਵਾਲੇ ਸਮਾਜ ਦੀ ਕਠੋਰਤਾ ਦੇ ਵਿਰੁੱਧ ਖੜ੍ਹਾ ਜੀਵੰਤ ਚਿੰਨ੍ਹ ਹੈ, ਜੋ ਅੰਦਰੋਂ ਤਬਦੀਲ ਹੋਣ ਦੀ ਯੋਗਤਾ ਰੱਖਦਾ ਹੈ।

'ਲਾ ਮਿਜ਼ਰੇਬਲਜ਼' ਨਾਵਲ ਵਿਚ ਉਸ ਵੇਲੇ ਦੁਖਾਂਤਕ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ ਜਦੋਂ ਯਾਂ ਵਲਜੀਨ ਚੋਰੀ ਦੇ ਇਲਜ਼ਾਮ ਹੇਠ ਸਜ਼ਾ ਕੱਟ ਕੇ ਜੇਲ੍ਹ ਤੋਂ ਰਿਹਾਅ ਹੋ ਜਾਂਦਾ ਹੈ। ਉਹ ਪੂਰੀ ਤਰ੍ਹਾਂ ਭੋਲੇ-ਭਾਲੇ ਲੋਕਾਂ ਵੱਲੋਂ ਤ੍ਰਿਸਕਾਰ ਦਾ ਸ਼ਿਕਾਰ ਹੁੰਦਾ ਹੈ। ਉਸ ਕੋਲ 'ਪੀਲਾ ਪੱਤਰ' ਹੁੰਦਾ ਹੈ, ਜਿਸ 'ਤੇ ਕੈਦੀ ਹੋਣ ਦੀ ਜਾਣਕਾਰੀ ਲਿਖੀ ਹੁੰਦੀ ਹੈ। ਯਾਨੀ ਉਸ 'ਤੇ ਕੈਦੀ ਹੋਣ ਦਾ ਪੱਕਾ ਠੱਪਾ ਲੱਗ ਜਾਂਦਾ ਹੈ। 'ਪੀਲਾ ਪੱਤਰ' ਫ਼ਰਾਂਸ ਵਿਚ ਕੈਦੀਆਂ ਨੂੰ ਦਿੱਤਾ ਜਾਣ ਵਾਲਾ ਇੱਕ ਦਸਤਾਵੇਜ਼ ਹੁੰਦਾ ਸੀ, ਜਿਸ 'ਤੇ ਉਨ੍ਹਾਂ ਦੇ ਅਪਰਾਧ ਅਤੇ ਸਜ਼ਾ ਦੀ ਪੂਰੀ ਜਾਣਕਾਰੀ ਹੁੰਦੀ ਸੀ। ਸਜ਼ਾ ਯਾਫ਼ਤਾ ਮਨੁੱਖ ਲਈ ਇਹ ਪੱਤਰ ਨਾਸੂਰ ਬਣ ਜਾਂਦਾ ਸੀ, ਇਸ ਕਾਰਨ ਕੈਦੀ ਰਿਹਾਈ ਮਗਰੋਂ ਵੀ ਸਮਾਜ ਵਿਚ ਨਫ਼ਰਤ, ਬੇਇਜ਼ਤੀ ਅਤੇ ਤ੍ਰਿਸਕਾਰ ਦਾ ਸ਼ਿਕਾਰ ਬਣੇ ਰਹਿੰਦੇ ਸਨ। ਇਨ੍ਹਾਂ ਹਾਲਾਤਾਂ ਵਿਚ ਉਹ ਬਿਸ਼ਪ ਮਿਰੀਏਲ (Bishop Myriel) ਦੇ ਘਰ ਜਾਂਦਾ ਹੈ।

ਸੰਖੇਪ ਵਿਚ ਘਟਨਾ ਇਹ ਤਰ੍ਹਾਂ ਹੈ ਕਿ, ਯਾਂ ਵਲਜੀਨ ਨੂੰ ਹਰ ਥਾਂ ਤੋਂ ਠੁਕਰਾਇਆ ਜਾਂਦਾ ਹੈ। ਰਾਤ ਹੋ ਰਹੀ ਹੁੰਦੀ ਹੈ, ਥਕਿਆ, ਭੁੱਖਾ, ਨਿਰਾਸ਼ ਯਾਂ ਵਲਜੀਨ ਇੱਕ ਬਜ਼ੁਰਗ ਪੁਰਸ਼ ਦੇ ਕਹਿਣ 'ਤੇ ਬਿਸ਼ਪ ਮਿਰੀਏਲ ਦੇ ਘਰ ਜਾਂਦਾ ਹੈ। ਬਿਸ਼ਪ ਉਸ ਨਾਲ ਇਨਸਾਨੀਅਤ ਨਾਲ ਪੇਸ਼ ਆਉਂਦੇ ਹਨ। ਉਸ ਨੂੰ ਨਾ ਸਿਰਫ਼ ਰਾਤ ਰਹਿਣ ਲਈ ਥਾਂ ਮਿਲਦੀ ਹੈ, ਸਗੋਂ ਖਾਣ-ਪੀਣ ਅਤੇ ਆਦਰ ਵੀ ਮਿਲਦਾ ਹੈ। ਇਹ ਯਾਂ ਵਲਜੀਨ ਲਈ ਨਵਾਂ ਅਨੁਭਵ ਹੁੰਦਾ ਹੈ, ਕਿਉਂਕਿ ਇਸ ਤੋਂ ਪਹਿਲਾਂ ਉਸ ਨੂੰ ਸਿਰਫ਼ ਤਿਰਸਕਾਰ ਅਤੇ ਕਠੋਰਤਾ ਦਾ ਹੀ ਦੁਨਿਆਵੀ ਅਨੁਭਵ ਸੀ।

ਪਰ ਰਾਤ ਨੂੰ, ਜਦ ਹਰ ਕੋਈ ਸੌਂ ਰਿਹਾ ਹੁੰਦਾ ਹੈ, ਯਾਂ ਵਲਜੀਨ ਚਾਂਦੀ ਦੇ ਬਰਤਨ ਚੁਰਾ ਲੈਂਦਾ ਹੈ ਅਤੇ ਭੱਜ ਜਾਂਦਾ ਹੈ। ਪੁਲੀਸ ਉਸ ਨੂੰ ਫੜ ਲੈਂਦੀ ਹੈ ਅਤੇ ਬਿਸ਼ਪ ਕੋਲ ਲਿਆਉਂਦੀ ਹੈ, ਅਤੇ ਇੱਥੇ ਆਉਂਦੀ ਹੈ ਨਾਵਲ ਦੀ ਸਭ ਤੋਂ ਦਿਲ ਹਿਲਾ ਦੇਣ ਵਾਲੀ ਘਟਨਾ।

ਬਿਸ਼ਪ ਪੁਲੀਸ ਨੂੰ ਆਖਦੇ ਹਨ ਕਿ ਮੈਂ ਇਹ ਚਾਂਦੀ ਦੇ ਬਰਤਨ ਯਾਂ ਵਲਜੀਨ ਨੂੰ ਦਿੱਤੇ ਸਨ। ਨਾ ਸਿਰਫ਼ ਇਹ, ਬਲਕਿ ਦੋ ਚਾਂਦੀ ਦੇ ਕੈਂਡਲਸਟਿਕ ਵੀ ਉਨ੍ਹਾਂ ਨੂੰ ਮੈਂ ਦਿੱਤੇ ਸਨ ਜੋ ਉਹ ਲੈ ਕੇ ਨਹੀਂ ਸੀ ਗਿਆ। ਬਿਸ਼ਪ ਯਾਂ ਵਲਜੀਨ ਦੇ ਕੰਨ ਵਿਚ ਆਖਦੇ ਹਨ, 'ਮੇਰੇ ਭਾਈ, ਤੁਸੀਂ ਭੁੱਲ ਗਏ ਕਿ ਮੈਂ ਤੁਹਾਨੂੰ ਇਹ ਵੀ ਦਿੱਤਾ ਸੀ, ਇਹ ਦੋ ਚਾਂਦੀ ਦੇ ਕੈਂਡਲਸਟਿਕ ਤਾਂਕਿ ਤੁਸੀਂ ਇਸ ਦੇ ਚਾਨਣ ਵਿਚ ਆਪਣੇ ਜੀਵਨ ਨੂੰ ਚਮਕਾ ਸਕੋ।'

ਜਾਂ ਵਾਲਾਂ ਧੁਰ ਅੰਦਰੋਂ ਹਿਲ ਜਾਂਦਾ ਹੈ। ਇਹ ਦ੍ਰਿਸ਼ ਯਾਂ ਵਲਜੀਨਦੀ ਅੰਦਰੂਨੀ ਜੰਗ ਦਾ ਮੋੜ ਬਣ ਜਾਂਦਾ ਹੈ। ਇਹ ਪਹਿਲੀ ਵਾਰ ਹੁੰਦਾ ਹੈ ਜਦੋਂ ਕੋਈ ਉਸ ਉੱਤੇ ਇਤਬਾਰ ਕਰਦਾ ਹੈ, ਉਸ 'ਤੇ ਦਇਆ ਕਰਦਾ ਹੈ। ਇਹ ਮਿਹਰ ਦੀ ਲਹਿਰ ਉਸ ਦੀ ਆਤਮਾ ਨੂੰ ਹਿਲਾ ਦਿੰਦੀ ਹੈ।

ਚਾਂਦੀ ਦੇ ਕੈਂਡਲਸਟਿਕ, ਜੋ ਉਸ ਨੂੰ ਮਿਲਦੇ ਹਨ, ਉਸ ਦੀ ਆਤਮਕ ਰੋਸ਼ਨੀ ਬਣ ਜਾਂਦੇ ਹਨ। ਇਸ ਦਇਆ ਅਤੇ ਪਿਆਰ ਦੀ ਅਣਮੋਲ ਦਾਤ ਨੇ ਉਸ ਦੀ 'ਹਉਮੈ ਭਰੀ ਕੈਦੀ ਆਤਮਾ' ਨੂੰ ਮੈਲ ਮੁਕਤ ਕਰਨਾ ਸ਼ੁਰੂ ਕਰ ਦਿੱਤਾ। ਉਹ ਇਸ ਘਟਨਾ ਤੋਂ ਬਾਅਦ ਆਪਣੀ ਪੁਰਾਣੀ ਜ਼ਿੰਦਗੀ ਨੂੰ ਛੱਡ ਕੇ ਇੱਕ ਨਵਾਂ ਜੀਵਨ ਸ਼ੁਰੂ ਕਰਦਾ ਹੈ। ਇਹੀ ਘਟਨਾ 'ਲਾ ਮਿਜ਼ਰੇਬਲਜ'. ਦੇ ਨੈਤਿਕ ਢਾਂਚੇ ਦੀ ਨੀਂਹ ਰੱਖਦੀ ਹੈ। ਪਰੰਤੂ ਆਤਮਾ ਦੀ ਮੁਕਤੀ ਦਾ ਰਾਹ ਏਨਾ ਸੌਖਾ ਕਿੱਥੇ!!

ਪਾਦਰੀ ਦੇ ਘਰ ਵਾਪਰੀ ਘਟਨਾ ਮਗਰੋਂ ਯਾਂ ਵਲਜੀਨ ਇੱਕ ਅਜੀਬ ਪੀੜਾ ਦਾ ਸ਼ਿਕਾਰ ਹੋ ਗਿਆ, ਜਿਵੇਂ ਮਨੋਰੋਗੀ ਹੋ ਗਿਆ ਹੋਵੇ। ਉਹ ਆਵਾਰਗੀ 'ਚ ਬੇਸੁਧ ਸੜਕਾਂ 'ਤੇ ਤੁਰ ਰਿਹਾ ਸੀ। ਉਸ ਦੇ ਹਿਰਦੇ 'ਚ ਪਾਦਰੀ ਦੀ ਦਇਆ ਦੀ ਚਮਕ ਤਾਂ ਸੀ, ਪਰ ਜੀਵਨ ਦੀਆਂ ਲੰਬੀਆਂ ਕਾਲਖਾਂ ਦੇ ਧੱਬੇ ਏਨੇ ਸੌਖੇ ਕਿੱਥੇ ਧੋਤੇ ਜਾਂਦੇ ਨੇ। ਸੜਕ ਦੇ ਕਿਨਾਰੇ ਇਕ ਬਾਲ ਖੇਡ ਰਿਹਾ ਸੀ। ਉਸਦੇ ਹੱਥ 'ਚ ਚਮਕਦਾਰ ਸਿੱਕਾ ਸੀ। ਖੇਡਦਿਆਂ ਸਿੱਕਾ ਬਾਲਕ ਦੇ ਹੱਥੋਂ ਸੜਕ ਉੱਤੇ ਡਿੱਗ ਗਿਆ।

'ਮੇਰਾ ਸਿੱਕਾ!' ਬਾਲਕ ਚੀਕਿਆ।

ਸਿੱਕਾ ਯਾਂ ਵਲਜੀਨ ਦੇ ਪੈਰਾਂ ਕੋਲ ਆ ਡਿੱਗਿਆ। ਇੱਕ ਪਲ ਲਈ ਯਾਂ ਵਲਜੀਨ ਨੇ ਝੁਕਣ ਦੀ ਕੋਸ਼ਿਸ਼ ਕੀਤੀ ਪਰ ਫਿਰ ਰੁਕ ਗਿਆ। ਉਸਨੇ ਪੈਰ ਥੋੜ੍ਹਾ ਜਿਹਾ ਅੱਗੇ ਕਰਕੇ ਸਿੱਕੇ ਨੂੰ ਆਪਣੇ ਪੈਰ ਹੇਠਾਂ ਦੱਬ ਲਿਆ।

'ਕਿਰਪਾ ਕਰਕੇ ਮੇਰਾ ਪੈਸਾ ਦੇ ਦਿਓ...' ਇੰਤਜ਼ਾਰ 'ਚ ਬਾਲਕ ਉਸ ਦੇ ਮੂੰਹ ਵੱਲ ਤਕ ਰਿਹਾ



ਸੀ। ਯਾਂ ਵਲਜੀਨ ਦੇ ਅੰਦਰ ਕੋਈ ਕੁਝ ਕਹਿ ਰਿਹਾ ਸੀ, ਪਰ ਉਸ ਦੀ ਚੁੱਪੀ ਪੱਥਰ ਵਾਂਗ ਸੀ।

ਬਾਲਕ ਕੁਝ ਸਮੇਂ ਤੱਕ ਅੱਖਾਂ 'ਚ ਉਮੀਦ ਲਾਈ ਵੇਖਦਾ ਰਿਹਾ, ਫਿਰ ਹੌਲੀ-ਹੌਲੀ ਡੁਸਕਦਾ ਹੋਇਆ ਪਿਛੇ ਹਟ ਗਿਆ। ਉਹ ਰੋਂਦਾ ਤੇ ਗੁੱਸੇ 'ਚ ਪੈਰ ਪਟਕਦਾ ਦੂਰ ਜਾ ਰਿਹਾ ਸੀ।

ਯਾਂ ਵਲਜੀਨ ਅਜੇ ਵੀ ਉੱਥੇ ਖੜ੍ਹਾ ਸੀ। ਉਸ ਨੂੰ ਲੱਗ ਰਿਹਾ ਸੀ ਕਿ ਜੋ ਉਸ ਦੇ ਪੈਰ ਹੇਠ ਦੱਬਿਆ ਹੈ, ਕਿਸੇ ਦਾ ਪੈਸਾ ਨਹੀਂ ਉਹ ਆਪਣੇ ਪੈਰਾਂ ਹੇਠਾਂ ਤਿੱਖੀ ਸੂਲ ਦੱਬ ਕੇ ਖੜਾ ਸੀ। ਉਹ ਅਣਪਛਾਤੇ ਅਪਰਾਧੀ ਦੀ ਤਰ੍ਹਾਂ ਮਹਿਸੂਸ ਕਰ ਰਿਹਾ ਸੀ। ਇਹ ਅਪਰਾਧ ਕਰਦਿਆਂ ਉਸ ਦਾ ਸਰੀਰ ਉਸ ਨੂੰ ਬੋਝ ਲੱਗ ਰਿਹਾ ਸੀ। ਉਹ ਹੌਲੀ ਹੌਲੀ ਝੁਕਿਆ, ਉਸ ਨੇ ਸਿੱਕਾ ਚੁੱਕਿਆ, ਪਰ ਬਾਲਕ ਜਾ ਚੁੱਕਾ ਸੀ।

ਉਸ ਪਲ ਯਾਂ ਵਲਜੀਨ ਨੂੰ ਮਹਿਸੂਸ ਹੋਇਆ ਕਿ ਉਹ ਕੈਦੀ ਸਿਰਫ ਕਾਗਜ਼ਾਂ ਉੱਤੇ ਨਹੀਂ, ਉਹ ਕੋਈ ਭੇਦ ਭਰੀ ਕੈਦ ਭੋਗ ਰਿਹਾ ਹੈ। ਇਹ ਇਕ ਹੋਰ ਜਿੰਦਰਾ ਸੀ, ਜੋ ਉਸ ਦੀ ਆਤਮਾ ਉੱਤੇ ਲੱਗਾ ਹੋਇਆ ਸੀ। ਇਹ ਘਟਨਾ ਯਾਂ ਵਲਜੀਨ ਦੀ ਅੰਦਰੂਨੀ ਜੰਗ ਨੂੰ ਹੋਰ ਤੇਜ਼ ਕਰ ਦਿੰਦੀ ਹੈ, ਜੋ ਅੱਗੇ ਚਲ ਕੇ ਉਸ ਨੂੰ ਨਵੇਂ ਜੀਵਨ ਦੀ ਸ਼ੁਰੂਆਤ ਵੱਲ ਤੋਰ ਦਿੰਦੀ ਹੈ।

ਜਦੋਂ ਵਿਕਟਰ ਹਿਊਗੋ ਨੇ 'ਲਾ ਮਿਜ਼ਰੇਬਲਜ਼' ਨਾਵਲ ਦੀ ਰਚਨਾ ਕੀਤੀ, ਇਹ 19ਵੀਂ ਸਦੀ ਦਾ ਮੱਧਕਾਲੀ ਫਰਾਂਸ ਸੀ। ਉਸ ਸਮੇਂ ਫ਼ਰਾਂਸ ਵਿਚ ਸਮਾਜਕ, ਆਰਥਕ ਅਤੇ ਰਾਜਨੀਤਕ ਤਬਦੀਲੀਆਂ ਦਾ ਦੌਰ ਚੱਲ ਰਿਹਾ ਸੀ। ਇਹ ਨਾਵਲ 1862 ਵਿਚ ਪ੍ਰਕਾਸ਼ਤ ਹੋਇਆ ਸੀ, ਪਰ ਹਿਊਗੋ ਨੇ ਇਸ ਦੀ ਰਚਨਾ ਵਿਚ ਲਗਭਗ 17 ਸਾਲ ਲਾਏ। ਇਸ ਦੌਰਾਨ ਫਰਾਂਸ ਵਿਚ ਹੋ ਰਹੀ ਹਲਚਲ ਨੇ ਉਸ ਦੀ ਲੇਖਣੀ 'ਤੇ ਡੂੰਘਾ ਅਸਰ ਕੀਤਾ।

ਫਰਾਂਸ ਵਿਚ ਅਮੀਰੀ ਅਤੇ ਗਰੀਬੀ ਵਿਚਕਾਰ ਵੱਡਾ ਪਾੜਾ ਸੀ। ਉੱਚ ਵਰਗ ਕੋਲ ਪੈਸਾ, ਰੁਤਬਾ ਤੇ ਹਕੂਮਤੀ ਤਾਕਤ ਸੀ, ਜਦਕਿ ਗਰੀਬ ਵਰਗ, ਖ਼ਾਸ ਕਰਕੇ ਮਜ਼ਦੂਰ, ਔਰਤਾਂ, ਅਨਾਥ, ਅਮੀਰਾਂ ਅਤੇ ਹਕੂਮਤ ਲਈ ਅਪਰਾਧੀ ਸਨ। ਉਹ ਕੈਦ ਭੁੱਖ, ਬੇਰੋਜ਼ਗਾਰੀ ਅਤੇ ਤ੍ਰਿਸਕਾਰ ਦਾ ਸ਼ਿਕਾਰ ਸਨ। ਕਾਨੂੰਨ ਗਰੀਬਾਂ ਲਈ ਸਖ਼ਤ ਅਤੇ ਨਿਰਦਈ ਸੀ। ਜਿਵੇਂ ਯਾਂ ਵਲਜੀਨ ਨੂੰ ਇੱਕ ਰੋਟੀ ਚੋਰੀ ਕਰਨ ਲਈ 19 ਸਾਲ ਕੈਦ ਦੀ ਸਜ਼ਾ ਮਿਲੀ।

ਔਰਤਾਂ ਦੀ ਸਥਿਤੀ ਵੀ ਬਹੁਤ ਹੀ ਨਾਜ਼ੁਕ ਸੀ। ਉਨ੍ਹਾਂ ਉੱਤੇ ਸਮਾਜ ਦੀਆਂ ਪਾਬੰਦੀਆਂ ਅਤੇ ਮਰਦ ਪ੍ਰਧਾਨ ਸੋਚ ਨੇ ਅਨੇਕ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ। ਨਾਵਲ ਦੀ ਪਾਤਰ ਫਾਂਤਿਨ (Fantine) ਰਾਹੀਂ ਇਹ ਦੱਸਿਆ ਗਿਆ ਕਿ ਔਰਤਾਂ ਨੂੰ ਕਿਸੇ ਵੀ ਸਮਾਜਕ ਸਹਾਰੇ ਤੋਂ ਬਿਨਾ ਕਿੰਨੀ ਤਬਾਹੀ ਜ਼ੁਲਮ ਸਹਿਣਾ ਪੈਂਦਾ ਸੀ।

ਫਰਾਂਸ ਵਿਚ ਨੈਪੋਲੀਅਨ ਦੀ ਹਕੂਮਤ, ਰਾਜਸ਼ਾਹੀ ਖ਼ਿਲਾਫ਼ ਨੌਜਵਾਨ ਵਿਦਰੋਹ ਹੋ ਰਹੇ ਸਨ ਅਤੇ 1832 ਦੀ ਹਲਚਲ ਦਾ ਬਿਰਤਾਂਤ ਇਸ ਨਾਵਲ ਵਿਚ ਆ ਗਿਆ ਹੈ।

ਚਰਚ ਦੀ ਭੂਮਿਕਾ ਵੀ ਮਹੱਤਵਪੂਰਨ ਰਹੀ। ਹਾਲਾਂਕਿ ਇਹ ਆਧਿਕਾਰਕ ਢਾਂਚੇ ਦਾ ਹਿੱਸਾ ਸੀ, ਪਰ ਕਈ ਧਾਰਮਕ ਪਾਤਰ ਜਿਵੇਂ ਕਿ ਬਿਸ਼ਪ ਮਿਰੀਅਲ ਨੈਤਿਕਤਾ, ਦਇਆ ਅਤੇ ਆਤਮਕ ਚਾਨਣ ਦੇ ਪ੍ਰਤੀਕ ਬਣੇ।

ਵਿਕਟਰ ਹਿਊਗੋ ਨੇ ਇਹ ਵੀ ਵਿਖਾਇਆ ਕਿ ਕਿਵੇਂ ਸਮਾਜ ਇੱਕ ਮਨੁੱਖ ਨੂੰ ਅਪਰਾਧੀ ਬਣਾਉਂਦਾ ਹੈ, ਪਰ ਉਸ ਦੀ ਅੰਦਰਲੀ ਚਾਨਣ, ਦਇਆ ਅਤੇ ਪਸ਼ਚਾਤਾਪ ਰਾਹੀਂ ਉਹ ਮੁਕਤੀ ਦੇ ਰਾਹ ਪੈ ਸਕਦਾ ਹੈ।

'ਲਾ ਮਿਜ਼ਰੇਬਲਜ'. ਸਿਰਫ਼ ਇੱਕ ਨਾਵਲ ਨਹੀਂ, ਸਗੋਂ 19ਵੀਂ ਸਦੀ ਦੀ ਫਰਾਂਸੀਸੀ ਜਨਤਾ ਦੀ ਪੀੜਾ, ਲਾਚਾਰੀ, ਬੇਇਨਸਾਫੀ ਅਤੇ ਉਮੀਦ ਦਾ ਇੱਕ ਸੰਵੇਦਨਸ਼ੀਲ ਦਸਤਾਵੇਜ਼ ਹੈ। ਪੀੜਤ ਸਮਾਜਿਕ ਜੀਵਨ ਵਿਚ ਇਹ ਨਾਵਲ ਮਨੁੱਖਤਾ ਦੀ ਆਵਾਜ਼ ਬਣਿਆ।

ਜਿਵੇਂ ਕਿ ਮੈਂ ਉਪਰ ਵੀ ਲਿਖ ਚੁੱਕਿਆ ਹਾਂ ਕਿ ਹਿਊਗੋ ਨੇ ਇਸ ਨਾਵਲ ਦੀ ਰਚਨਾਕਾਰੀ ਲਗਭਗ ਸਤਾਰਾਂ ਸਾਲਾਂ ਦੀ ਅੰਦਰੂਨੀ ਤਪੱਸਿਆ ਵਿਚੋਂ ਕੀਤੀ। ਇਹ ਲਿਖਣ ਦੀ ਕਲਾ ਨਹੀਂ ਸੀ, ਇਹ ਆਤਮਾ ਦੀ ਅੰਤਹਕਰਨ ਨੂੰ ਰੂਪ ਦੇਣ ਦੀ ਲਗਨ ਸੀ।

ਪੁਲੀਸ ਅਫ਼ਸਰ ਜਾਵਰ, ਜੋ ਕਾਨੂੰਨ ਦੀ ਅੰਨ੍ਹੀ ਪਾਲਣਾ ਦਾ ਪ੍ਰਤੀਕ ਹੈ, ਯਾਂ ਵਲਜੀਨ ਦੇ ਨੈਤਿਕਤ ਕਿਰਦਾਰ ਦੇ ਸਾਹਮਣੇ ਕਿਵੇਂ ਢੇਰੀ ਹੋ ਜਾਂਦਾ ਹੈ, ਸੱਚ ਦੀ ਤਾਕਤ ਪ੍ਰਤੀਕ ਹੈ। ਇਹ ਸੰਘਰਸ਼ ਕਾਨੂੰਨ ਅਤੇ ਨਿਆਂ, ਤਰਕ ਅਤੇ ਦਇਆ, ਅਤੇ ਬਾਹਰੀ ਪਾਬੰਦੀਆਂ ਅਤੇ ਅੰਦਰੂਨੀ ਅਜ਼ਾਦੀ ਦਰਮਿਆਨ ਚੱਲਿਆ।

ਨਾਵਲ ਵਿਚ ਹਿਊਗੋ ਦੀ ਸਭ ਤੋਂ ਉੱਚੀ ਦਾਰਸ਼ਨਿਕਤਾ ਉਸ ਵੇਲੇ ਪ੍ਰਗਟ ਹੁੰਦੀ ਹੈ, ਜਦੋਂ ਯਾਂ ਵਲਜੀਨ ਆਪਣੇ ਪਿਛੋਕੜ ਨੂੰ ਪਿੱਛੇ ਛੱਡ ਕੇ ਕੋਜ਼ੈੱਟ ਲਈ ਪਿਤਾ ਬਣ ਜਾਂਦਾ ਹੈ। ਇੱਥੇ ਹਿਊਗੋ ਇਹ ਦਿਖਾਉਂਦਾ ਹੈ ਕਿ ਇੱਕ ਮਨੁੱਖ ਦੇ ਅੰਦਰ ਤਿਆਗ, ਨਿਸ਼ਕਾਮ ਸੇਵਾ ਅਤੇ ਪਿਆਰ ਦੀ ਸਮਰਥਾ ਕਿਸੇ ਵੀ ਕਾਨੂੰਨੀ ਜਾਂ ਸਮਾਜਕ ਪਛਾਣ ਤੋਂ ਉੱਚੀ ਹੁੰਦੀ ਹੈ। ਇਹ ਨਾਵਲ ਹਿਊਗੋ ਦੀ ਚੇਤਨਾ ਹੈ, ਉਸ ਨੇ ਦੱਸਿਆ ਕਿ ਕਿ ਗੁਨਾਹਗਾਰ ਦੇ ਅੰਦਰ ਚਾਨਣ ਦਾ ਪ੍ਰਵੇਸ਼ ਹੋ ਸਕਦਾ ਹੈ।

ਨਾਵਲ ਦੇ ਅੰਤ ਵਿਚ, ਯਾਂ ਵਲਜੀਨ ਦੀ ਮੌਤ ਇੱਕ ਦੁਖੀ ਘੜੀ ਨਹੀਂ, ਸਗੋਂ ਇੱਕ ਪ੍ਰਕਾਸ਼ਮਈ ਸਮਾਧੀ ਹੈ। ਉਹ ਵਿਅਕਤੀ ਜੋ ਸਮਾਜ ਦੀ ਕਠੋਰਤਾ ਦਾ ਝੰਭਿਆ ਹੈ, ਅੰਤ ਵਿਚ ਆਤਮਕ ਚਮਕ ਵਿਚ ਲੀਨ ਹੋ ਜਾਂਦਾ ਹੈ। ਇਹ ਲਿਖਤ ਸਿਰਫ਼ ਅੱਖਰਾਂ ਦੀ ਬਣਤ ਨਹੀਂ, ਰੂਹ ਦਾ ਉਚਾਰਨ ਹੈ।

ਯਾਂ ਵਲਜੀਨ ਦੀ ਆਤਮਕ ਚੇਤਨਾ ਦੀ ਯਾਤਰਾ। ਇੱਕ ਮਨੁੱਖੀ ਰੂਹ ਦੀ ਅੰਦਰੂਨੀ ਸੰਘਰਸ਼ ਦੀ ਰੋਮਾਂਚਕ ਕਹਾਣੀ ਹੈ।

ਉਹ ਅਭਾਗਾ, ਇਕ ਹਿੰਸਕ ਵਿਅਕਤੀ ਵਜੋਂ ਆਪਣਾ ਜੀਵਨ ਕੈਦ ਦੀਆਂ ਕੰਧਾਂ ਵਿਚ ਬਿਤਾਉਂਦਾ ਹੈ। ਉਸਦੇ ਅੰਦਰ ਕ੍ਰੋਧ ਅਤੇ ਹਉਮੈ ਵੱਧ ਰਹੀ ਹੈ। ਪਾਦਰੀ ਦੀ ਮਾਫੀ ਅਤੇ ਚਾਂਦੀ ਦੇ ਮੋਮਬੱਤੀ ਸਟੈਂਡ ਉਸ ਦੀ ਆਤਮਾ ਵਿਚ ਐਸਾ ਚਮਤਕਾਰ ਕਰਦੇ ਹਨ ਕਿ ਉਹ ਅੰਦਰੋਂ ਪਸਚਾਤਾਪ ਨਾਲ ਪਿਘਲ ਜਾਂਦਾ ਹੈ।

ਇਹੀ ਪਲ ਉਸਦੀ ਰੂਹ ਅੰਦਰ ਚਾਨਣ ਲਿਆਉਂਦੇ ਹਨ। ਪਾਦਰੀ ਦੇ ਸ਼ਬਦ 'ਮੈਂ ਤੇਰੀ ਆਤਮਾ ਪ੍ਰਭੂ ਵਾਸਤੇ ਖਰੀਦ ਲਈ ਹੈ' ਆਤਮਾ ਤੋਂ ਗਰਦ ਝੜ ਜਾਣ ਦਾ ਐਲਾਨ ਹੈ।

ਯਾਂ ਵਲਜੀਨ ਹੁਣ ਨਵਾਂ ਮਨੁੱਖ ਬਣ ਚੁੱਕਾ ਹੈ। ਉਹ ਆਪਣੇ ਅਤੀਤ ਨੂੰ ਮਿਟਾ ਕੇ ਨਵੀਂ ਪਹਿਚਾਣ 'ਮਾਡਲੈਨ' ਵਜੋਂ ਜੀਉਂਦਾ ਹੈ। ਉਹ ਦਇਆ, ਪਿਆਰ ਅਤੇ ਨਿਸ਼ਕਾਮਤਾ ਦੀ ਮੂਰਤੀ ਬਣ ਜਾਂਦਾ ਹੈ।

'ਲਾ ਮਿਜ਼ਰੇਬਲਜ' ਦੀ ਇਹ ਆਤਮਕ ਰੋਸ਼ਨੀ ਸਿਰਫ਼ ਨਾਵਲ ਦੇ ਪੰਨਿਆਂ 'ਚ ਨਹੀਂ, ਸਗੋਂ ਪਾਠਕ ਦੇ ਅੰਦਰ ਵੀ ਦੀਵਾ ਬਾਲਦੀ ਹੈ।

---

# ਗੁਰਦੇਵ ਪਿਤਾ


**ਪਿਤਾ ਦਿਵਸ 'ਤੇ ਵਿਸ਼ੇਸ਼**

ਦੁਨੀਆਂ ਦੇ ਸੂਝਵਾਨ ਹਲਕਿਆਂ ਵਿਚ ਮਾਂ ਨੂੰ ਰੱਬ ਦਾ ਦੂਜਾ ਰੂਪ ਕਹਿ ਕੇ ਸਤਿਕਾਰਿਆ ਅਤੇ ਪਿਆਰਿਆ ਜਾਂਦਾ ਹੈ। ਕਿਉਂਕਿ ਆਪਣੇ ਬੱਚੇ ਦੇ ਪਾਲਣ-ਪੋਸ਼ਣ ਹਿੱਤ ਆਪਣੀ ਮਾਂ ਤੋਂ ਵੱਡੀ ਕੁਰਬਾਨੀ ਦੁਨੀਆਂ ਦੇ ਹੋਰ ਕਿਸੇ ਵੀ ਰਿਸ਼ਤੇ ਵਿਚ ਦੇਖਣ ਨੂੰ ਨਹੀਂ ਮਿਲਦੀ ਪਰ ਇਸ ਕੁਰਬਾਨੀ ਦੇ ਜਜ਼ਬੇ ਨੂੰ ਹੁਲਾਰਾ ਬੱਚੇ ਦੇ ਪਿਤਾ ਵੱਲੋਂ ਹੀ ਦਿੱਤਾ ਜਾਂਦਾ ਹੈ। ਪਤਨੀ ਦੇ ਰੂਪ ਵਿਚ ਬੱਚੇ ਦੀ ਮਾਂ ਨੂੰ ਬੱਚੇ ਦੇ ਪਿਤਾ ਵੱਲੋਂ ਸਮੇਂ-ਸਮੇਂ ਦਿੱਤਾ ਗਿਆ ਹੁਲਾਰਾ ਅਤੇ ਸਹਾਰਾ ਉਸ ਮਾਂ ਦੀ ਸ਼ਕਤੀ

ਰਮੇਸ਼ ਬੱਗਾ
ਫੋਨ: 94631-32719

ਅਤੇ ਸਮਰੱਥਾ ਹੋ ਨਿਬੜਦੀ ਹੈ।

ਆਪਣੇ ਬੱਚਿਆਂ ਨੂੰ ਸਹੀ ਸਮੇਂ 'ਤੇ ਸਹੀ ਅਗਵਾਈ ਦੇਣੀ ਅਤੇ ਉਸ ਅਗਵਾਈ ਦੀ ਰੋਸ਼ਨੀ ਵਿਚ ਸਹੀ ਨਿਸ਼ਾਨਿਆਂ ਨੂੰ ਮਿਥਣ ਵਿਚ ਬੱਚੇ ਦੇ ਪਿਤਾ ਦਾ ਆਪਣਾ ਅਹਿਮ ਰੋਲ ਹੁੰਦਾ ਹੈ। ਜਿਹੜਾ ਪਿਤਾ ਆਪਣਾ ਇਹ ਰੋਲ ਸੁਚੱਜੇ ਢੰਗ ਨਾਲ ਨਹੀਂ ਨਿਭਾਉਂਦਾ, ਉਹ ਆਪਣੀ ਔਲਾਦ ਦੇ ਪਿਆਰ ਅਤੇ ਸਤਿਕਾਰ ਦਾ ਪਾਤਰ ਨਹੀਂ ਬਣ ਸਕਦਾ। ਇਸ ਰੋਲ ਦਾ ਨਿਭਾਅ ਕਿਸੇ ਪਿਤਾ ਦੀ ਆਰਥਿਕਤਾ ਨਾਲ ਵੀ ਜੁੜਿਆ ਹੁੰਦਾ ਹੈ। ਜੇਕਰ ਆਰਥਿਕਤਾ ਬਲਵਾਨ ਹੋਵੇਗੀ ਤਾਂ ਰੋਲ ਵੀ ਪ੍ਰਭਾਵਸ਼ਾਲੀ ਹੋਵੇਗਾ ਪਰ ਜੇਕਰ ਆਰਥਿਕਤਾ ਦਾਲ-ਫੁਲਕੇ ਜੋਗੀ ਹੀ (ਭਾਵ ਕਮਜ਼ੋਰ) ਹੋਵੇਗੀ ਤਾਂ ਪਿਤਾ ਜੀ ਦਾ ਇਹ ਰੋਲ ਵੀ ਬੁੱਤਾ-ਸਾਰ ਹੀ ਹੋਵੇਗਾ। ਖ਼ੈਰ ਆਰਥਿਕ-ਸਮਾਜਿਕ ਰੁਤਬਾ ਚਾਹੇ ਕੋਈ ਵੀ ਹੋਵੇ ਹਰੇਕ ਪਿਤਾ ਆਪਣੇ ਬੱਚਿਆਂ ਦਾ ਭਲਾ ਸੋਚਦਾ ਅਤੇ ਲੋਚਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਔਲਾਦ ਉਸ ਤੋਂ ਵੀ ਚਾਰ ਕਦਮ ਅਗੇਰੇ ਜਾਵੇ। ਉਸ ਦੇ ਬੱਚਿਆਂ ਦੀ ਕਾਮਯਾਬੀ ਵਿਚ ਹੀ ਉਸ ਦੀ ਆਪਣੀ ਕਾਮਯਾਬੀ ਅਤੇ ਖ਼ੁਸ਼ੀ ਛੁਪੀ ਹੁੰਦੀ ਹੈ। ਜੇਕਰ ਬੱਚਿਆਂ ਨੂੰ ਕੋਈ ਭੁੱਖ/ਦੁੱਖ ਹੋਵੇ ਤਾਂ ਪਿਤਾ ਆਪਣੇ ਹਿੱਸੇ ਦੀ ਬੁਰਕੀ/ ਸੁੱਖ ਆਪਣੇ ਬੱਚਿਆਂ ਤੋਂ ਵਾਰ ਦਿੰਦਾ ਹੈ। ਇਸ ਵਾਰਨੇ ਦੀ ਭਾਵਨਾ ਨੂੰ ਉਹ ਆਪਣਾ ਧੰਨ-ਭਾਗ ਸਮਝਦਾ ਹੈ। ਆਪਣੇ ਧੀਆਂ-ਪੁੱਤਰਾਂ ਦੀ ਤਰੱਕੀ ਉਸ ਲਈ ਖ਼ੁਸ਼ੀਆਂ-ਖੇੜਿਆਂ ਦਾ ਸਬੱਬ ਬਣਦੀ ਹੈ। ਜੱਗ 'ਤੇ ਪੁੱਤ ਤਾਂ ਕਪੁੱਤ ਹੁੰਦੇ ਅਕਸਰ ਸੁਣੇ ਜਾਂਦੇ ਹਨ ਪਰ ਕੋਈ ਪਿਤਾ ਕੁਪਿਤਾ ਹੁੰਦਾ ਬਹੁਤ ਹੀ ਘੱਟ ਸੁਣਾਈ/ਦਿਖਾਈ ਦਿੰਦਾ ਹੈ। ਪਿਤਾ ਆਪ ਤਾਂ ਕੰਡਿਆਲੀਆਂ ਰਾਹਾਂ 'ਤੇ ਵੀ ਤੁਰ ਲੈਂਦਾ ਹੈ ਪਰ ਆਪਣੇ ਧੀਆਂ-ਪੁੱਤਰਾਂ ਦੀਆਂ ਰਾਹਾਂ ਵਿਚੋਂ ਹਮੇਸ਼ਾਂ ਕੰਡੇ ਚੁਗਦਾ ਰਹਿੰਦਾ ਹੈ। ਉਸ ਦੀ ਕਮਾਈ ਅਤੇ ਭਲਾਈ ਸਦਕਾ ਹੀ ਉਸ ਦੀ ਸੰਤਾਨ ਸਦਾ ਮੌਜ ਵਿਚ ਰਹਿੰਦੀ ਹੈ। ਤਾਂਹੀਓਂ ਤਾਂ ਕਿਸੇ ਗਾਇਕ ਨੇ ਇਹ ਬੋਲ ਕਹੇ ਹਨ ਜੋ ਸੱਚ ਦੇ ਕਾਫ਼ੀ ਨੇੜੇ ਹਨ:- 'ਉਹ ਮੌਜਾਂ ਭੁੱਲਦੀਆਂ ਨਹੀਂ ਜੋ ਬਾਪੂ



(ਪਿਤਾ) ਦੇ ਸਿਰ 'ਤੇ ਕਰੀਆਂ'

ਸਾਡੇ ਗੁਰੂ ਸਾਹਿਬਾਨ ਨੇ ਮਾਤਾ ਦੇ ਨਾਲ-ਨਾਲ ਪਿਤਾ ਨੂੰ ਵੀ ਗੁਰਦੇਵ ਦਾ ਦਰਜਾ ਦਿੱਤਾ ਹੈ। ਇਸ ਦਰਜੇ ਤਹਿਤ ਮਾਤਾ-ਪਿਤਾ ਦੀ ਸੇਵਾ ਤੀਰਥ ਸਮਾਨ ਮੰਨੀ ਗਈ ਹੈ। ਪਰ ਅਜੋਕੇ ਸਮੇਂ ਵਿਚ ਇਹ ਸਮੀਕਰਣਾਂ ਦਿਨ-ਬ-ਦਿਨ ਬਦਲਦੀਆਂ ਜਾ ਰਹੀਆਂ ਹਨ। ਇਨ੍ਹਾਂ ਸਮੀਕਰਣਾਂ ਕਾਰਨ ਸਾਡੀ ਰਿਸ਼ਤਾ-ਨਾਤਾ ਪ੍ਰਣਾਲੀ ਵੀ ਮਤਲਬਖ਼ੋਰੀ ਪਹੁੰਚ ਦਾ ਸ਼ਿਕਾਰ ਹੋ ਰਹੀ ਹੈ। 'ਗੌਂ ਭੁਨਾਵੇਂ ਜੌਂ' ਦੀ ਤਰਜ਼ 'ਤੇ ਹਰੇਕ ਬੰਦਾ ਆਪਣੇ ਮਤਲਬ ਨਾਲ ਬੱਝਾ ਹੋਇਆ ਹੈ। ਮਤਲਬ ਨਿਕਲ ਜਾਣ ਤੋਂ ਬਾਅਦ ਉਹ ਸਿੱਧੇ ਮੂੰਹ ਗੱਲ ਵੀ ਨਹੀਂ ਕਰਦਾ। ਬਦਲੀਆਂ ਹੋਈਆਂ ਇਨ੍ਹਾਂ ਸਮੀਕਰਣਾਂ ਦਾ ਅਸਰ ਬਾਪ-ਬੇਟੇ/ ਬੇਟੀਆਂ ਦੇ ਰਿਸ਼ਤਿਆਂ ਵਿਚ ਵੀ ਸਾਫ ਦਿਖਾਈ ਦੇਣ ਲੱਗ ਪਿਆ ਹੈ। ਜਿਹੜੀ ਸੰਤਾਨ ਦੀ ਵਿਗੜੀ ਸੰਵਾਰਨ ਲਈ ਪਿਤਾ ਵੱਲੋਂ ਅਕਸਰ ਕੋਈ ਨਾ ਕੋਈ ਘਾਲਣਾ ਘਾਲੀ ਜਾਂਦੀ ਹੈ। ਉਹੀ ਸੰਤਾਨ ਲੋੜ ਪੈਣ 'ਤੇ ਉਸ (ਪਿਤਾ) ਨੂੰ ਅੱਖਾਂ ਦਿਖਾਉਣ ਲੱਗ ਪੈਂਦੀ ਹੈ। ਪਿਛਲੀ ਉਮਰੇ ਕਈ ਬਾਪ ਤਾਂ ਆਪਣੇ ਬੱਚਿਆਂ ਦੀ ਬੇਧਿਆਨੀ ਦਾ ਸ਼ਿਕਾਰ ਹੋ ਕੇ ਬਿਰਧ ਆਸ਼ਰਮ ਦੀ ਸ਼ਰਨ ਤੱਕ ਲੈ ਲੈਂਦੇ ਹਨ। ਦੁਖੀ ਹੋਈ ਉਨ੍ਹਾਂ ਦੀ ਆਤਮਾ ਤਾਂ ਇਹ ਵੀ ਕਹਿ ਦਿੰਦੀ ਹੈ ਕਿ 'ਅਜਿਹੀ ਔਲਾਦ ਨਾਲੋਂ ਤਾਂ ਬੇਔਲਾਦੇ ਹੀ ਚੰਗੇ ਸੀ'। ਅਜਿਹੀ ਸੂਰਤ-ਏ-ਹਾਲ ਕਈ ਵਾਰ ਤਾਂ ਕਈ ਬੱਚਿਆਂ ਵਿਚ ਪਿਤਾ ਦੀ ਦੌਲਤ ਪ੍ਰਤੀ ਲਾਲਚ ਦੀ ਭਾਵਨਾ ਉਪਜ ਪੈਂਦੀ ਹੈ। ਦੌਲਤ ਦੀ ਵੰਡ ਅਤੇ ਔਲਾਦ ਦੀ ਬੇਰੁਖ਼ੀ ਤਾਂ ਹੁਣ ਮਾਪਿਆਂ ਨੂੰ ਵੀ ਵੰਡਣ ਲੱਗ ਪਈ ਹੈ। ਆਪਣੀ ਜ਼ਿੰਮਵਾਰੀ ਤੋਂ ਕਿਨਾਰਾ ਕਰਨ ਵਾਲੀ ਸੰਤਾਨ ਮਾਂ ਨੂੰ ਕਿਤੇ ਹੋਰ ਅਤੇ ਬਾਪ (ਪਿਤਾ) ਨੂੰ ਕਿਤੇ ਹੋਰ ਰਹਿਣ ਲਈ ਮਜਬੂਰ ਕਰ ਦਿੰਦੀ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਉਨ੍ਹਾਂ ਨੂੰ ਮਾਨਸਿਕ ਕਸ਼ਟ ਸਹਿਣਾ ਪੈਂਦਾ ਹੈ ਉਥੇ ਉਨ੍ਹਾਂ ਦਾ ਬੁਢਾਪਾ ਵੀ ਮਿੱਟੀ ਵਿਚ ਰੁਲ ਜਾਂਦਾ ਹੈ।

ਸੋ ਪਿਤਾ ਦਿਵਸ ਮਨਾਉਣਾ ਤਦ ਹੀ ਸਾਰਥਕ ਹੋ ਸਕਦਾ ਹੈ ਜੇਕਰ ਅਸੀਂ ਆਪਣੇ ਪਿਤਾ ਨੂੰ ਉਨ੍ਹਾਂ ਸਾਰੀਆਂ ਤੱਤੀਆਂ ਹਵਾਵਾਂ (ਦੁੱਖ਼-ਤਕਲੀਫ਼ਾਂ) ਤੋਂ ਬਚਾ ਕੇ ਰੱਖੀਏ ਜਿਹੜੀਆਂ ਉਸ ਲਈ ਸਰੀਰਕ ਅਤੇ ਮਾਨਸਿਕ ਪੀੜਾ ਦਾ ਕਾਰਨ ਬਣਦੀਆਂ ਹੋਣ ਅਤੇ ਔਲਾਦ ਲਈ ਜਗ-ਹਸਾਈ ਦਾ ਸਬੱਬ ਹੋ ਨਿਬੜਦੀਆਂ ਹਨ। ਪੈਸੇ ਨਾਲੋਂ ਵਧ ਕੇ ਪਿਤਾ ਨੂੰ ਪਿਆਰ ਦੀ ਭੁੱਖ ਹੁੰਦੀ ਹੈ ਜੋ ਬੱਚਿਆਂ ਵੱਲੋਂ ਪਿਆਰ ਦੇ ਦੋ ਬੋਲ, ਬੋਲ ਕੇ ਹੀ ਪੂਰੀ ਕੀਤੀ ਜਾ ਸਕਦੀ ਹੈ। ਤੇ ਇਨ੍ਹਾਂ ਬੋਲਾਂ ਉਪਰ ਕੋਈ ਖਾਸ ਖਰਚ ਵੀ ਨਹੀਂ ਜੇ ਆਉਂਦਾ।

# ਕਿਰਦਾਰ ਅਤੇ ਕਿਰਦਾਰ...

ਛੋਟੇ ਹੁੰਦਿਆਂ ਸਾਡੇ ਪਿੰਡ ਤੋਂ ਕੁਝ ਵਿੱਥ 'ਤੇ ਜਲੰਧਰ ਛਾਉਣੀ ਦੀ ਦਸਹਿਰਾ ਗਰਾਊਂਡ ਵਿਚ ਦਸਹਿਰੇ ਦਾ ਮੇਲਾ ਦੇਖਣ ਦਾ ਬੜਾ ਚਾਅ ਹੁੰਦਾ ਸੀ। ਮੇਲੇ ਵਿਚ ਘੁੰਮ-ਫਿਰ ਅਤੇ ਖਾਣ-ਪੀਣ ਤੋਂ ਬਾਅਦ ਅਸਾਂ ਦਸਹਿਰਾ ਗਰਾਊਂਡ ਵਿਚ ਰਾਵਣ, ਕੁੰਭਕਰਨ ਅਤੇ ਮੇਘ ਨਾਥ ਵਗੈਰਾ ਦੇ ਬੁੱਤ ਦੇਖਣ ਪਹੁੰਚ ਜਾਣਾ। ਉੱਥੇ ਕਈ ਤਰ੍ਹਾਂ ਦੇ ਸਾਂਗ (ਸਵਾਂਗ) ਦੇਖਦਿਆਂ ਅਸਾਂ ਐਵੇਂ ਈ ਸੋਚਦੇ ਰਹਿਣਾ...ਇਸ ਨਕਲੀ ਰੂਪ ਦੇ ਪਿੱਛੇ...ਅਸਲੀ ਚਿਹਰਾ ਕੌਣ ਹੋਵੇਗਾ? ਉਹਦੀ ਬੋਲਚਾਲ ਅਤੇ ਵਿਵਹਾਰ ਕਿਹੋ ਜਿਹਾ ਹੋਵੇਗਾ? ਉਹ ਇਸ ਮਖੌਟੀ ਕਿਰਦਾਰ ਨਾਲ ਕਿਤਨਾ ਕੁ ਮਿਲਦਾ-ਜੁਲਦਾ ਹੋਵੇਗਾ? ਸਾਡਾ ਇਹੀ ਹਾਲ ਸਾਡੇ ਪਿੰਡ ਵਿਚ ਹੁੰਦੀਆਂ 'ਨਕਲਾਂ ਦੇ ਨਕਲੀਆਂ' ਨੂੰ ਦੇਖ ਕੇ ਹੁੰਦਾ...। ਖੈਰ, ਅਸੀਂ ਕਿਰਦਾਰਾਂ ਦੇ ਮਖੌਟਿਆਂ ਪਿੱਛੇ ਛੁਪੇ ਅਸਲੀ ਲੋਕਾਂ ਨੂੰ ਘੱਟ ਹੀ ਦੇਖ ਪਾਉਂਦੇ...। ਦੋਸਤੋ, ਅਸਲ ਜੀਵਨ ਵਿਚ ਵੀ ਕੋਈ ਬਹੁਰੂਪੀਏ ਦੇਖੇ...ਕਦੇ?

ਸਾਡਾ ਪੰਜਾਬੀ ਵਿਚ ਜ਼ਰਾ ਹੱਥ ਤੰਗ ਹੁੰਦਿਆਂ ਵੀ ਗਿਆਨੀ ਮਾਸਟਰ ਜੀ ਨੇ ਕਹਿ ਦੇਣਾ- 'ਸਰਲ-ਅਰਥ' ਕਰੋ ਬਈ...

'ਹਾਥੀ ਦੇ ਦੰਦ ਖਾਣ ਦੇ ਹੋਰ...ਤੇ ਦਿਖਾਉਣ ਦੇ ਹੋਰ' ਅਤੇ

ਕੁਲਵਿੰਦਰ ਬਾਠ, ਕੈਲੀਫੋਰਨੀਆ

ਨਾਲ ਲੱਗਦਿਆਂ ਈ ਲੰਮੀ ਸਾਰੀ ਹੇਕ ਲਗਾ ਕੇ ਕਹਿ ਦੇਣਾ-

'ਹਰ ਚਮਕਦੀ ਹੋਈ ਸ਼ੈਅ...ਸੋਨਾ ਨਹੀਂ ਹੁੰਦੀ'

ਸਾਨੂੰ ਇਹ ਸਭ ਭੰਬਲਭੂਸਾ ਜਿਹਾ ਈ ਲੱਗਣਾ ਅਤੇ ਅਸਾਂ ਸਿਰ ਖੁਰਕਦਿਆਂ ਨੇ ਸੋਚਣਾ ਕਿ ਇਸ ਦੇ ਅਰਥ ਹੋਰ ਕੀ ਸਰਲ ਹੋਣਗੇ? ਕੁਛ ਬਹੁਤਾ ਪੱਲੇ ਨਾ ਪੈਣਾ ਤਾਂ ਹਥਿਆਰ ਸੁੱਟ ਕੇ ਸੋਚਣਾ...ਸ਼ਾਇਦ ਮਾਸਟਰ ਜੀ ਐਵੇਂ 'ਝੂਠ-ਮੂਠ' ਈ ਕਹੀ ਜਾਂਦੇ ਨੇ!!

ਹਾਥੀ ਦੇ 'ਹੋਰ' ਦੰਦ ਵੀ ਹੁੰਦੇ ਹਨ? ਕਿੱਥੇ? ਕਦੇ ਦੇਖੇ ਈ ਨਹੀਂ ਸਨ!

ਸੋਨੇ ਵਾਂਗ ਚਮਕਦੀ ਸ਼ੈਅ ਜੇਕਰ ਸੋਨਾ ਨਹੀਂ ਤਾਂ ਹੋਰ ਕੀ ਸ਼ੈਅ ਹੋ ਸਕਦੀ ਐ??

ਜਦ ਉਮਰ ਦੇ ਕੁਛ 'ਵਾਰ' ਹੋਰ ਆਏ ਤਾਂ ਕੁਝ ਕੁ ਸੋਝੀ ਪਈ...।

ਕੋਈ ਲੇਖਕ ਤਾਂ ਨਹੀਂ, ਪਰ ਕਦੇ-ਕਦੇ ਮਨ ਦੇ ਵਲਵਲਿਆਂ ਨੂੰ ਲਫ਼ਜ਼ਾਂ ਵਿਚ ਉਤਾਰ ਕੇ ਮੈਂ ਆਪਣੇ ਦੋਸਤਾਂ-ਮਿੱਤਰਾਂ ਨਾਲ ਸਾਂਝੇ ਕਰ ਲੈਂਦਾ ਹਾਂ। ਇਕ ਦਿਨ ਇਕ ਸੁਲਝੇ ਹੋਏ ਸੱਜਣ-ਮਿੱਤਰ ਨੇ ਮੇਰੇ ਮਨ ਵਿਚ ਰਿੜਕਦੀ ਗੱਲ ਫਟਾਫਟ ਇੰਜ ਕਹਿ ਮਾਰੀ...'ਵੈਸੇ ਬਹੁਤੇ ਵਧੀਆ ਲਿਖਣ ਅਤੇ ਟਾਹਰਾਂ ਮਾਰਨ ਵਾਲਿਆਂ ਦੇ ਖੁਦ ਦੇ ਕਿਰਦਾਰ ਬਹੁਤੇ ਚੰਗੇ ਨਹੀਂ ਹੁੰਦੇ...! ਅਮੂਮਨ ਜਿਹੜੇ ਲੇਖਕਾਂ ਦੀਆਂ ਲਿਖ਼ਤਾਂ ਵਧੀਆ ਹੁੰਦੀਆਂ ਹਨ, ਉਨ੍ਹਾਂ ਦਾ ਕਿਰਦਾਰ ਅਕਸਰ...ਉਨਾ ਵਧੀਆ ਨਹੀਂ ਹੁੰਦਾ...।'

ਯਕੀਨਨ ਹੀ ਇਹ ਸੱਜਣ ਆਪਣੀ ਜ਼ਿੰਦਗੀ ਦਾ ਤਜਰਬਾ ਸਾਂਝਾ ਕਰ ਰਿਹਾ ਸੀ। ਕੌੜਾ...ਪਰ...ਸੱਚੋ-ਸੱਚ। ਦੋਗਲਾਪਣ ਸਾਡੀ ਜ਼ਿੰਦਗੀ ਦੇ ਖੋਖਲੇਪਣ ਵਿਚ ਘੁਸ ਗਿਆ ਹੈ। ਜ਼ਿੰਦਗੀ ਦਾ ਹਿੱਸਾ ਬਣ ਚੁੱਕਾ ਹੈ, ਹਾਥੀ ਦੇ ਦੰਦਾਂ ਵਾਂਗ। ਕੋਈ ਝਿਜਕ ਨਹੀਂ ਹੋਣੀ ਚਾਹੀਦੀ ਇਹ ਗੱਲ ਮੰਨਣ ਵਿਚ। ਅਕਸਰ ਹੀ ਅਜਿਹੀਆਂ ਪ੍ਰਸਿੱਧ ਸ਼ਖ਼ਸੀਅਤਾਂ ਜਾਂ ਉਘੇ ਵਿਦਵਾਨਾਂ ਨਾਲ ਤੁਹਾਡਾ ਵੀ ਵਾਹ-ਵਾਸਤਾ ਪਿਆ ਹੋਵੇਗਾ ਜਾਂ ਫਿਰ ਕਦੇ ਜ਼ਰੂਰ ਪਵੇਗਾ। ਸਿਰਫ ਲੇਖਕ ਹੀ ਨਹੀਂ ਬਲਕਿ ਹੋਰ ਬੁੱਧੀਜੀਵੀ, ਕਲਾਕਾਰ, ਅਧਿਆਪਕ ਅਤੇ ਕਈ ਹੋਰ 'ਵਗੈਰਾ-ਵਗੈਰਾ' ਵੀ ਸ਼ਾਮਲ ਹਨ। ਸ਼ਾਇਦ ਕਦੇ ਇਨ੍ਹਾਂ 'ਦੂਰ ਦੇ ਭੁਲੇਖਿਆਂ' ਵਿਚ ਤੁਹਾਡਾ ਮਨ ਵੀ ਕੁਰਲਾ ਉੱਠਿਆ ਹੋਵੇਗਾ...।

ਦੂਰੋਂ..
ਜੋ ਜਾਪਦੇ ਸਨ ਛੂਹਣ ਅਸਮਾਨਾਂ ਨੂੰ
ਕੋਲੋਂ ਜਾ ਦੇਖਿਆ...ਤਾਂ ਸਿੰਬਲ ਜਿਹੇ ਰੁੱਖ ਈ ਨਿਕਲੇ!
ਦੂਰੋਂ...ਜੋ ਜਾਪਦੇ ਸਨ ਭਲੇ ਇਨਸਾਨਾਂ ਜਿਹੇ
ਕੋਲੋਂ ਜਾ ਦੇਖਿਆ...ਤਾਂ ਨਾ-ਸ਼ੁਕਰੇ ਲੋਕ ਈ ਨਿਕਲੇ!

ਵਿਦਵਾਨਾਂ ਜਾਂ ਮਹਾਨ ਸ਼ਖ਼ਸੀਅਤਾਂ ਦੀ ਗੱਲ-ਬਾਤ ਜਾਂ ਭਰਮ-ਭੁਲੇਖੇ ਕਿਤੇ ਫੇਰ ਸਹੀ, ਪਰ ਅੱਜ ਦੋ ਕੁ ਪੁਰਾਣੀਆਂ ਯਾਦਾਂ ਮਨ ਵਿਚੋਂ ਉੱਲਰ-ਉੱਲਰ ਕੇ ਆਪ ਸਭ ਨਾਲ ਸਾਂਝਾਂ ਪਾਉਣ ਨੂੰ ਕਾਹਲੀਆਂ ਪੈ ਰਹੀਆਂ ਹਨ...।

ਡਾਕਟਰ ਅਤੇ ਡਾਕਟਰ...

ਡਾਕਟਰ ਅਤੇ ਮਰੀਜ਼ ਦਾ ਆਪਸੀ ਸਬੰਧ ਬੜਾ ਨਾਜ਼ੁਕ ਹੁੰਦਾ ਹੈ। ਮਰੀਜ਼ ਡਾਕਟਰ 'ਤੇ ਆਸ ਦੇ ਨਾਲ ਈ ਵਿਸ਼ਵਾਸ ਵੀ ਕਰਦਾ ਹੈ। ਬਹੁਤੇ ਡਾਕਟਰ ਇਸ ਇੱਜ਼ਤ ਅਤੇ ਵਿਸ਼ਵਾਸ ਨੂੰ ਕਾਇਮ ਰੱਖਦੇ ਹਨ। ਇਹ ਉਨ੍ਹਾਂ ਦੀ ਟਰੇਨਿੰਗ ਦਾ ਹਿੱਸਾ ਵੀ ਹੁੰਦਾ ਹੈ।

ਜਿਉਂਦੇ ਜੀਅ ਅਸੀਂ ਸਭ ਅੱਧੇ-ਅਧੂਰੇ ਹੀ ਹਾਂ। ਮੇਰਾ ਕੈਨੇਡਾ ਵੱਸਦਾ ਚੰਗਾ ਪੜ੍ਹਿਆ-ਲਿਖਿਆ ਤੇ ਸੁਲਝਿਆ ਹੋਇਆ ਦੋਸਤ ਅਕਸਰ ਆਪਣੇ ਬਾਪ ਨੂੰ ਇਕ ਪੰਜਾਬੀ ਡਾਕਟਰ ਪਾਸ ਲੈ ਕੇ ਜਾਂਦਾ ਸੀ...। ਜਦ ਡਾਕਟਰ ਨੇ ਚੈੱਕ ਕਰਨ ਲਈ ਕਮਰੇ ਵਿਚ ਆਉਣਾ ਤਾਂ ਉਹਦੇ ਪਿਤਾ ਜੀ ਨੇ ਦੋਨੋਂ ਹੱਥ ਜੋੜ ਕੇ ਬੋਲਣਾ... ਸਾ-ਸਰੀ-ਕਾਲ, ਡਾਕਟਰ ਸਾਹਿਬ! ਦੋਸਤ ਨੇ 'ਵਾਰ-ਵਾਰ' ਨੋਟ ਕੀਤਾ ਕਿ ਡਾਕਟਰ ਨੇ 'ਹਰ ਵਾਰ ਈ' ਬਿਨਾਂ ਕੋਈ ਜਵਾਬ ਦਿਤਿਆਂ...ਚੈੱਕ-ਅਪ ਵਗੈਰਾ ਕਰ ਕੇ ਬਾਹਰ ਨਿਕਲ ਜਾਣਾ... ਇੱਕ ਵਾਵਰੋਲੇ ਦੀ ਤਰ੍ਹਾਂ। ਉਸ ਨੂੰ ਮਹਿਸੂਸ ਹੋਇਆ ਕਿ ਇਹ (ਉਸ ਦਾ ਪਿਤਾ) ਸਿਆਣਾ-ਬਿਆਣਾ ਬੰਦਾ ਡਾਕਟਰ ਨੂੰ ਹਰ ਵਾਰ ਨਿਮਰਤਾ ਨਾਲ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ, ਡਾਕਟਰ ਕਦੇ ਉਸ ਦਾ ਜਵਾਬ ਹੀ ਨਹੀਂ ਦਿੰਦਾ,...ਪਰ ਕਿਉਂ? ਉਸ ਨੇ ਸੋਚਿਆ,...ਹੋ ਸਕਦੈ ਟਾਈਮ ਦੀ ਤੰਗੀ ਹੁੰਦੀ ਹੋਵੇਗੀ...। ਪਰ ਟਾਈਮ ਦੀ ਤੰਗੀ? ਸਿਰਫ ਜ਼ੁਬਾਨ, ਸਿਰ ਜਾਂ ਹੱਥ ਹਿਲਾਉਣ ਨੂੰ ਜਾਂ ਮੁਸਕਰਾਉਣ ਨੂੰ ਕੀ ਟਾਈਮ ਲੱਗਦਾ? ਇੱਕ ਦਿਨ ਆਖ਼ਰ ਉਸ ਨੇ ਪੁੱਛ ਈ ਲਿਆ, 'ਡਾਕਟਰ ਸਾਹਿਬ ਗੱਲ ਸਧਾਰਨ ਜਿਹੀ ਵੀ ਹੈ ਅਤੇ ਨਹੀਂ ਵੀ...ਮੇਰਾ ਬਾਪ ਹਰੇਕ ਵਾਰੀ ਤੁਹਾਨੂੰ ਬੜਾ ਨਿਮਰ ਹੋ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ! ਪਰ...ਕੀ ਗੱਲ? ਤੁਸੀਂ ਕਦੇ ਉਸ ਦਾ ਜਵਾਬ ਕਿਉਂ ਨਹੀਂ ਦਿੰਦੇ? ਇਹ ਤੁਹਾਡਾ ਮਰੀਜ਼ ਹੈ ਅਤੇ ਹਮੇਸ਼ਾ ਤੁਹਾਡੇ ਕੋਲ ਚੈੱਕਅਪ ਲਈ ਆਉਣਾ ਚਾਹੁੰਦਾ ਹੈ! ਡਾਕਟਰ ਕਾਹਲੀ ਵਿਚ ਬੋਲਿਆ...'ਜਵਾਬ ਦਿੱਤਾ... ਜਾਂ...ਨਾ ਦਿੱਤਾ...ਇੱਕ ਬਰਾਬਰ ਈ ਹੈ। ਤੁਹਾਨੂੰ ਤਾਂ ਪਤਾ ਈ ਐ... ਇਹਨੂੰ ਕਿਹੜਾ ਸੁਣਦਾ ਹੈ?' ਸਿਰਫ ਘੱਟ ਸੁਣਨ ਵਾਲੇ ਕੰਨਾਂ ਤੋਂ ਇਲਾਵਾ ਬਾਕੀ ਮੂੰਹ-ਹੱਥ ਅਤੇ ਬਾਡੀ ਲੈਂਗੁਏਜ ਵਗੈਰਾ ਨੂੰ ਇਸ ਡਾਕਟਰ ਨੇ ਸਿਰੇ ਤੋਂ ਕੱਟ-ਵੱਢ ਹੀ ਦਿੱਤਾ...। ਜ਼ਿੰਦਗੀ ਦੇ ਕਈ ਦਹਾਕੇ ਕੈਨੇਡਾ ਵਰਗੇ ਮਨੁੱਖੀ ਕਦਰਾਂ-ਕੀਮਤਾਂ ਵਾਲੇ ਮੁਲਖ ਵਿਚ ਬਤੀਤ ਕਰਦਿਆਂ ਦੋਸਤ ਨੇ ਇੰਜ ਸੰਖੇਪ ਜਿਹਾ ਜਵਾਬ ਦਿੱਤਾ...'ਡਾਕਟਰ ਸਾਹਿਬ! ਮੈਨੂੰ ਹੁਣ ਲੱਗਦਾ ਹੈ ਕਿ ਤੁਹਾਡੇ ਨਾਲ 'ਸਾਹਿਬ' ਸ਼ਬਦ ਲਾਉਣਾ ਨਹੀਂ ਚਾਹੀਦਾ ਤੇ ਨਾ ਸ਼ੋਭਾ ਈ ਦਿੰਦਾ ਹੈ। ਜ਼ਰੂਰੀ ਨਹੀਂ, ਪਰ ਹੋ ਸਕਦੈ, ਤੁਸੀਂ ਆਪਣੇ ਕਿੱਤੇ ਦੇ ਮਾਹਰ ਹੋਵੋ, ਫਿਰ ਵੀ ਤੁਹਾਨੂੰ ਤਾਂ ਇੱਕ ਆਮ ਇਨਸਾਨ ਨਾਲ ਵਿਚਰਨ ਅਤੇ ਗੱਲਬਾਤ ਕਰਨ ਦਾ ਤਰੀਕਾ ਵੀ ਨਹੀਂ ਆਉਂਦਾ...। ਜਾਂ ਤੁਸਾਂ ਸਿੱਖਿਆ ਈ ਨਹੀਂ ਜਾਂ ਫਿਰ ਸਿਖਾਇਆ ਨਹੀਂ, ਪਰ ਇੱਕ ਗੱਲ ਪੱਕੀ ਹੈ ਕਿ ਇਹ ਤੁਹਾਨੂੰ ਆਇਆ ਨਹੀਂ! ਕੀ ਇਹੀ ਪ੍ਰੋਫੈਸ਼ਨ ਹੈ...ਜੀ, ਤੁਹਾਡਾ? ਤੁਸੀਂ ਕਿਸ ਬਾਗ ਦੀ ਮੂਲੀ ਹੋ.. ਜੀ? ਜ਼ਰਾ ਕੁ ਸੋਚਿਓ, ਅਗਰ ਕਦੇ ਟਾਇਮ ਲੱਗਾ...ਤਾਂ। ਪਰ ਇੱਕ ਹੋਰ ਗੱਲ ਪੱਕੀ ਹੈ ਕਿ...ਅੱਜ 'ਤੋਂ ਬਾਅਦ ਮੇਰਾ ਬਾਪ ਤੁਹਾਡੇ ਕੋਲ ਨਹੀਂ ਆਵੇਗਾ...ਸਾ-ਸਰੀ-ਕਾਲ...।'

ਦੂਰੋਂ...ਜੋ ਜਾਪਦੇ ਸਨ ਆਸਾਂ ਤੇ ਉਮੀਦਾਂ ਜਿਹੇ
ਕੋਲੋਂ ਜਾ ਦੇਖਿਆ...ਤਾਂ ਸਭ ਭਰਮ-ਭੁਲੇਖੇ ਈ ਨਿਕਲੇ!

ਕਈ ਸਾਲ ਪਹਿਲਾਂ ਕੈਲੀਫੋਰਨੀਆ ਵਿਚ ਰਹਿੰਦੀ ਮੇਰੀ ਮਾਤਾ ਦੀ ਪੇਸ-ਮੇਕਰ ਦੀ ਸਰਜਰੀ ਹੋਈ। ਇਕ ਦਿਨ ਉਸ ਨੂੰ ਘਰ ਦੇਖਣ ਆਈ ਉਸਦੀ ਦੀ ਸਹੇਲੀ ਬੋਲੀ, 'ਤੇਰਾ 'ਪਰੌਸ਼ਨ (ਸਰਜਰੀ) ਗੱਲਤ ਥੈਂਹ ਕਰ ਦਿੱਤਾ ਹੈ!! ਮੇਰੀ ਫਲਾਣੀ ਸਹੇਲੀ ਦਾ ਇਹੀ ਪਰੌਸ਼ਨ ਹੋਰ ਜਗ੍ਹਾ ਹੋਇਆ ਹੈ' ਵਹਿਮ ਦਾ ਇਲਾਜ ਸ਼ਾਇਦ ਅੱਜੇ ਤੱਕ ਕਿਸੇ ਨੂੰ ਲੱਭਾ ਨਹੀਂ...ਹੈਅ। ਮਾਂ ਨੂੰ ਆਪਣੀ ਸਹੇਲੀ ਦਿਲ ਦੇ ਸਰਜਨ ਨਾਲੋਂ ਵੀ ਜ਼ਿਆਦਾ ਸਿਆਣੀ ਲੱਗੀ...। ਭਾਵੇਂ ਇਹ ਗੱਲ ਹੈ ਤਾਂ ਮਜ਼ਾਕ ਵਰਗੀ ਹੀ ਸੀ, ਪਰ ਦੁਬਾਰਾ ਆਪਣੇ ਡਾਕਟਰ ਕੋਲ ਚੈੱਕ ਅਪ ਕਰਾਉਣ ਗਈ ਕਹਿੰਦੀ ਇਹਨੂੰ ਪੁੱਛੋ 'ਪਰੌਸ਼ਨ' ਸਹੀ ਥਾਂ ਕਿਉਂ ਨਹੀਂ ਕੀਤਾ? ਡਾਕਟਰ ਨੂੰ ਗੱਲ ਦੱਸੀ ਤਾਂ ਉਹ ਉੱਚੀ-ਉੱਚੀ ਹੱਸਦਿਆਂ ਅਤੇ ਮਾਂ ਨੂੰ ਕਲਾਵੇ ਵਿਚ ਲੈਂਦਾ ਬੋਲਿਆ,...'ਮਾਂ! ਕੋਈ ਫ਼ਿਕਰ ਨਹੀਂ ਕਰਨਾ! ਸੱਭ ਕੁਝ ਸਹੀ ਹੈ...।' ਉਹਦੇ ਕਹਿਆਂ...ਸ਼ਾਇਦ ਮਾਂ ਨੂੰ 'ਯਕੀਨ' ਜਿਹਾ ਆ ਗਿਆ। ਮੈਂ ਡਾਕਟਰ ਨੂੰ ਕਿਹਾ,...'ਕਿਤੇ ਗੁੱਸਾ ਤਾਂ ਨਹੀਂ ਕੀਤਾ, ਤੁਸੀਂ?' ਉਹ ਹੱਸ ਕੇ ਬੋਲਿਆ, ...'ਮੈਂ...ਦਿਲ ਦੀ ਸਰਜਰੀ ਦੇ ਨਾਲ-ਨਾਲ ਈ ਦਿਲ ਤੋਂ ਮੁਹੱਬਤਾਂ ਵੀ ਵੰਡਦਾ ਹਾਂ!! ਦਵਾ ਅਤੇ ਮੁਹੱਬਤ ਰਲ ਕੇ ਜ਼ਿਆਦਾ ਕੰਮ ਕਰਦੀਆਂ ਹਨ। ਇਹੀ ਜ਼ਿੰਦਗੀ ਆ, ਮੇਰੇ ਦੋਸਤ!'

ਅਧਿਆਪਕ ਅਤੇ ਅਧਿਆਪਕ...

ਅਧਿਆਪਕ ਦੀ ਸ਼ਖ਼ਸੀਅਤ ਦਾ ਬੱਚੇ ਦੀ ਜ਼ਿੰਦਗੀ ਉਪਰ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਬੱਚੇ ਤਾਂ ਗਿੱਲੀ ਮਿੱਟੀ ਵਾਂਗ ਹੀ ਹੁੰਦੇ ਹਨ ਅਤੇ ਚੰਗੇ ਅਧਿਆਪਕ ਉਨ੍ਹਾਂ ਨੂੰ ਤਰਾਸ਼ ਕੇ



ਉੱਚਕੋਟੀ ਦੇ ਸਾਇੰਸਦਾਨ, ਡਾਕਟਰ, ਇੰਜੀਨੀਅਰ, ਖਿਡਾਰੀ, ਅਧਿਆਪਕ, ਕਾਰੋਬਾਰੀ ਵਗੈਰਾ ਅਤੇ ਇਸ ਸੱਭ ਤੋਂ ਵੀ ਉਪਰ 'ਵਧੀਆ ਇਨਸਾਨ' ਬਣਾ ਦਿੰਦੇ ਹਨ। ਚੰਗੇ ਅਧਿਆਪਕਾਂ ਨੂੰ ਬਣਦਾ ਮਾਨ ਸਨਮਾਨ ਮਿਲਣਾ ਚਾਹੀਦਾ ਹੈ।

ਉਦੋਂ ਮੈਂ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ ਪ੍ਰੀ-ਮੈਡੀਕਲ ਵਿਚ ਪੜ੍ਹਦਾ ਸੀ। ਹੋਰਨਾਂ ਵਿਸ਼ਿਆਂ 'ਤੋਂ ਇਲਾਵਾ ਸਾਨੂੰ ਬਾਇਓਲੋਜੀ ਅਤੇ ਫਿਜ਼ਿਕਸ ਦੇ ਵਿਸ਼ੇ ਵੀ ਲੈਣੇ ਹੁੰਦੇ ਸਨ। ਉਨ੍ਹਾਂ ਦਿਨਾਂ ਵਿਚ (ਅਤੇ ਅੱਜਕਲ ਸ਼ਾਇਦ ਉਸ ਤੋਂ ਵੀ ਜ਼ਿਆਦਾ) ਟਿਊਸ਼ਨ ਦਾ ਰਿਵਾਜ ਹੋਇਆ ਕਰਦਾ ਸੀ, ਜੋ ਮੇਰੇ ਵਰਗਿਆਂ ਦੇ ਵਿੱਤ ਤੋਂ ਬਾਹਰ ਦੀਆਂ ਹੀ ਗੱਲਾਂ ਸਨ। ਸੈਸ਼ਨ ਦੇ ਸ਼ੁਰੂ ਵਿਚ ਬਾਇਓਲੋਜੀ ਦੀ ਕਲਾਸ ਵਾਲੇ ਪ੍ਰੋਫੈਸਰ ਨੇ ਲੋੜੀਂਦੀ ਕਿਤਾਬ ਦਾ ਨਾਮ ਵਗੈਰਾ ਬੋਰਡ ਉਪਰ ਲਿਖ ਦਿੱਤਾ। ਮੈਂ ਅਤੇ ਮੇਰੇ ਵਰਗੇ ਕਈ ਹੋਰ ਮਾਈ ਹੀਰਾਂ ਗੇਟ ਜਲੰਧਰ ਕਿਤਾਬਾਂ ਦੇ ਬਜ਼ਾਰ ਵਿਚੋਂ ਕਿਤਾਬਾਂ ਖ਼ਰੀਦਣ ਪਹੁੰਚ ਗਏ...।

ਅੱਧਾ ਕੁ ਸੈਮੈਸਟਰ ਵੀ ਲੰਘ ਗਿਆ...ਤਾਂ ਦੇਖਿਆ ਕਿ ਪ੍ਰੋਫੈਸਰ ਦਾ ਪੜ੍ਹਾਇਆ ਹੋਇਆ ਸਾਨੂੰ ਉਸ ਦੀ ਦੱਸੀ ਹੋਈ ਕਿਤਾਬ ਵਿਚੋਂ ਭਾਲਦਿਆਂ ਵੀ ਨਾ ਲੱਭਦਾ। ਟਿਊਸ਼ਨਾਂ ਵਾਲਿਆਂ ਦੇ ਨੋਟਸ ਪ੍ਰੋਫੈਸਰ ਸਾਹਿਬ ਦੀ ਪੜ੍ਹਾਈ ਨਾਲ ਹੂ-ਬ-ਹੂ ਹੀ ਮਿਲਦੇ-ਜੁਲਦੇ ਸਨ। ਭਾਵੇਂ ਇੱਕ ਚੰਗਾ ਅਧਿਆਪਕ ਤਾਂ ਇਹੀ ਚਾਹੁੰਦਾ ਹੋਵੇਗਾ ਕਿ ਉਸ ਦੀ ਸਾਰੀ ਕਲਾਸ ਹੀ ਚੰਗੇ ਨੰਬਰਾਂ ਨਾਲ ਪਾਸ ਹੋਵੇ, ਪਰ ਸਾਡੇ ਗਰੁੱਪ ਨੂੰ ਇਹ ਕਿਸੇ ਭੰਬਲਭੂਸੇ ਤੋਂ ਘੱਟ ਨਾ ਲੱਗਿਆ। ਫੇਲ੍ਹ ਹੋਣ ਦਾ ਡਰ ਅਲੱਗ ਸਿਰ ਦੁਆਲੇ ਚੱਕਰ ਕੱਢਣ ਲੱਗ ਪਿਆ। ਇੱਕ ਦਿਨ ਇੱਕ ਟਿਊਸ਼ਨ ਪੜ੍ਹਨ ਵਾਲੇ ਭੋਲੇ ਜਿਹੇ ਮੁੰਡੇ ਨੂੰ 'ਪਤਿਆ' ਕੇ ਪੁੱਛਿਆ...'ਯਾਰ ਆਹ ਕਲਾਸ ਵਾਲਾ ਸਮਾਨ ਤਾਂ ਕਿਤਾਬ ਵਿਚ ਹੁੰਦਾ ਈ ਨਹੀਂ, ਕੀ ਕਰੀਏ? ਉਸ ਨੇ ਕਿਤਾਬਾਂ ਵਾਲੇ ਝੋਲੇ ਵਿਚੋਂ ਅਸਲੀ ਕਿਤਾਬ ਦੇ ਮਸਾਂ ਅੱਧ-ਪਚੱਧੇ 'ਦਰਸ਼ਨ' ਕਰਾਏ ਜਿਸ ਵਿਚੋਂ ਕਲਾਸ ਵਿਚ ਅਤੇ ਟਿਊਸ਼ਨ ਪੜ੍ਹਾਈ ਜਾਂਦੀ ਸੀ। ਦੂਸਰੇ ਦਿਨ ਅਸੀਂ ਮਾਈ ਹੀਰਾਂ ਗੇਟ ਫੇਰ ਪਹੁੰਚ ਗਏ ਤੇ ਉਹ ਕਿਤਾਬ ਖ਼ਰੀਦ ਕੇ ਆਖ਼ਰ ਆਪਣਾ ਮੰਝਧਾਰ ਵਿਚ ਡੱਕੋ-ਡੋਲੇ ਖਾਂਦਾ ਬੇੜਾ ਬੰਨ੍ਹੇ ਲਾਇਆ! ਉਦਾਸ ਹੋਣ ਨਾਲੋਂ ਅਸੀਂ ਖ਼ੁਸ਼ ਇਸ ਕਰਕੇ ਸੀ ਕਿ ਸਾਨੂੰ ਪਾਸ ਹੋਣ ਦਾ ਮੰਤਰ ਲੱਭ ਗਿਆ, ਭਾਵੇਂ ਵਿੰਗ-ਵਲ ਪਾ ਕੇ ਈ ਸਹੀ। ਅਸਲੀ ਕਿਤਾਬ ਦੇ 'ਅੱਧ-ਪਚੱਧੇ' ਦਰਸ਼ਨ ਸਾਨੂੰ 'ਪੱਤ ਢੱਕਣ ਵਾਲੇ ਪ੍ਰੇਮ-ਪਟੋਲੇ' ਵਾਂਗ ਈ ਲੱਗੇ। ਇਹ ਸਭ ਕਿਉਂ ਹੋਇਆ ਜਾਂ ਕਿਉਂ ਕੀਤਾ ਜਾ ਰਿਹਾ ਸੀ, ਇਸ ਬਾਰੇ ਅਸੀਂ ਬਹੁਤਾ ਸੋਚਿਆ ਈ ਨਹੀਂ...ਪਰ ਉਂਜ ਉਸ ਪ੍ਰੋਫੈਸਰ ਬਾਰੇ ਸਾਡਾ ਨਜ਼ਰੀਆ...'ਜ਼ਰਾ ਕੁ' ਬਦਲ ਗਿਆ, ਜਿਵੇਂ ਸਿਆਣੇ ਕਹਿੰਦੇ ਹਨ- ਉਪਰੋਂ ਡਿੱਗਾ ਸੰਭਲੇ ਪਰ ਨਜ਼ਰੋਂ ਡਿੱਗਾ ਨਾ ਸੰਭਲੇ...।

ਦੂਰੋਂ...ਜੋ ਜਾਪਦੇ ਸਨ ਮੰਜ਼ਲਾਂ ਦੇ ਰਾਹ ਦਸੇਰੇ
ਕੋਲੋਂ ਜਾ ਦੇਖਿਆ...ਤਾਂ ਰਾਹਾਂ ਦੇ ਪੱਥਰ ਈ ਨਿਕਲੇ!

ਫਿਜ਼ਿਕਸ ਨੂੰ ਸਾਇੰਸ ਦਾ ਖ਼ੁਸ਼ਕ ਅਤੇ ਔਖਾ ਵਿਸ਼ਾ ਮੰਨਿਆ ਗਿਆ ਹੈ। ਪਰ ਮੈਡੀਕਲ ਸਾਇੰਸ ਦਾ ਵਿਦਿਆਰਥੀ ਹੁੰਦਿਆਂ ਵੀ ਮੈਨੂੰ ਫਿਜ਼ਿਕਸ ਨਾਲ ਬੜਾ ਲਗਾ" ਹੁੰਦਾ ਸੀ। ਜੀਵਨ ਜਿਉਣ ਦੀਆਂ 'ਉਡਾਰੀਆਂ ਅਤੇ ਗਰਾਰੀਆਂ' ਵਿਚ ਫਿਜ਼ਿਕਸ ਦਾ ਤਕੜਾ ਰੋਲ ਹੁੰਦਾ ਹੈ। ਉਸ ਟਾਇਮ ਫਿਜ਼ਿਕਸ ਵਿਭਾਗ ਵਿਚ ਇੱਕ ਗੋਲਡ ਮੈਡਲਿਸਟ ਪ੍ਰੋਫੈਸਰ ਸਨ। ਪਰ ਉਹ ਸਾਡੇ ਸੈਕਸ਼ਨ ਨੂੰ ਨਹੀਂ ਸਨ ਪੜ੍ਹਾਉਂਦੇ। ਕਾਲਜ ਦੇ ਪਹਿਲੇ ਦਿਨ ਉਹ ਬੋਰਡ 'ਤੇ ਕਲਾਸਾਂ ਦਾ ਟਾਈਮ-ਟੇਬਲ ਲਿਖਣ ਪਹੁੰਚੇ ਤਾਂ ਮੈਂ ਦੇਖਿਆ ਕਿ ਸ਼ਹਿਰ ਦੇ ਕੁਝ ਭੂਤਰੇ ਹੋਏ ਅਤੇ ਕੁਝ ਕੁ 'ਵਾਰ ਵਾਰ ਫੇਲ੍ਹ ਹੋ ਕੇ ਨਾਲ ਰਲੇ' ਵਿਦਿਆਰਥੀ ਉਸਦੇ ਕਹਿੰਦਿਆਂ-ਕਹਿੰਦਿਆਂ ਵੀ ਰੌਲਾ ਪਾਈ ਜਾਣ। ਉਸ ਨੇ ਬੋਰਡ ਤੇ ਲਿਖਣਾ ਬੰਦ ਕਰਦਿਆਂ ਅਤੇ ਖੌਰੂ ਪਾਉਣ ਵਾਲਿਆਂ ਨੂੰ ਸੰਬੋਧਨ ਕਰਦਿਆਂ ਕਿਹਾ, 'ਤੁਸੀਂ ਕਿਤਾਬਾਂ ਵਿਚ ਪੜ੍ਹਿਆ ਤਾਂ ਹੋਣਾ ਈ ਆ...'ਫੈਲੇ ਵਿੱਦਿਆ ਚਾਨਣ ਹੋਏ'। ਤੁਹਾਡੇ ਵਰਗਿਆਂ ਦੀਵਿਆਂ 'ਤੋਂ ਵੀ ਤੁਹਾਡੇ ਮਾਂ-ਪਿ" ਨੇ ਚਾਨਣ ਦੀ ਆਸ ਤਾਂ ਰੱਖੀ ਹੋਈ ਆ...ਪਰ ਲੱਗਦਾ...ਜ਼ੀਰੋ ਦੇ ਬਲਬ 'ਤੋਂ ਜ਼ਿਆਦਾ ਤੁਹਾਡੀ ਲੋਅ ਨਹੀਂ ਹੋਣੀ!! ਐਵੇਂ ਮਾਂ-ਪੇ ਦੇ ਪੈਸੇ ਬਰਬਾਦ ਕਰੀ ਜਾਨੇ ਆਂ..।' ਇਹ ਸੁਣਦਿਆਂ ਈ ਰੌਲਾ ਪਾਉਣ ਵਾਲੇ ਮੂਤ ਦੀ ਝੱਗ ਵਾਂਗ ਬਹਿ ਗਏ। ਖੈਰ, ਕਦੇ ਕਦੇ ਲੰਘਦਿਆਂ-ਵੜਦਿਆਂ ਮੈਂ ਉਸ ਨੂੰ ਹੱਥ ਜੋੜ ਕੇ ਸਾ-ਸਰੀ-ਕਾਲ ਬੁਲਾ ਦੇਣੀ। ਇੱਕ ਦਿਨ ਉਨ੍ਹਾਂ ਮੈਨੂੰ ਆਪਣੇ ਦਫ਼ਤਰ ਬੁਲਾ ਲਿਆ ਤਾਂ ਮੈਂ ਕੁਝ ਸਹਿਮ ਜਿਹਾ ਗਿਆ। ਅੰਦਰ ਗਿਆ ਤਾਂ ਬੋਲੇ,...ਭਾਵੇਂ ਮੈਂ ਤੁਹਾਡੇ 'ਸੈਕਸ਼ਨ ਨੂੰ ਨਹੀਂ ਪੜ੍ਹਾਉਂਦਾ, ਪਰ ਜਦ ਵੀ ਕੋਈ ਚੀਜ਼ ਔਖੀ ਲੱਗੇ ਤਾਂ ਮੇਰੇ ਕੋਲ ਆ ਜਾਵੀਂ...ਡਰਨਾ ਨਹੀਂ.. ਜੇ ਮੈਂ ਐਥੇ ਨਾ ਹੋਵਾਂ ਤਾਂ ਐਥੇ ਲਾਗੇ ਈ ਸਟਾਫ ਕਲੋਨੀ ਵਿਚ ਮੇਰੇ ਘਰੇ ਈ ਆ ਜਾਵੀਂ। ਜੇ ਕਿਸੇ ਹੋਰ ਨੇ ਵੀ ਨਾਲ ਆਉਣਾ...ਤਾਂ ਵੀ ਲੈ ਆਵੀਂ। ਮੇਰੇ ਹੱਥ ਜੋੜ ਕੇ ਧੰਨਵਾਦ ਕਰਦਿਆਂ ਅਤੇ ਮੁੜਦਿਆਂ ਦਰਵਾਜ਼ੇ ਨੂੰ ਪਾਰ ਕਰਦਿਆਂ ਪਿਛਿਓਂ ਅਵਾਜ਼ ਆਈ...'ਇਹਦੀ ਕੋਈ ਫ਼ੀਸ-ਫੂਸ ਨਹੀਂ ਆ!... ਮੈਨੂੰ ਪਤੈ...ਤੁਸੀਂ ਪਿੰਡਾਂ 'ਤੋਂ ਆਉਂਦੇ ਆਂ...ਤੇ ਕਿੰਨੇ ਕੁ ਪੈਸੇ ਵਾਲੇ ਆਂ..।' ਨਮ ਅੱਖਾਂ ਪੂੰਝਦਿਆਂ ਮੈਂ ਵਾਪਸ ਬਾਇਓਲੋਜੀ ਦੀ ਲੈਬ ਵਿਚ ਪਹੁੰਚ ਗਿਆ...।


ਮਾਪਿਆਂ ਤੇ ਵੱਡਿਆਂ ਦੀ ਨਸੀਹਤ, ਅਧਿਆਪਕਾਂ ਦੀ ਸਿੱਖਿਆ, ਭਲੇ ਪੁਰਸ਼ਾਂ ਦਾ ਸੰਗ, ਅਤੇ ਚੰਗੀਆਂ ਕਿਤਾਬਾਂ ਦਾ ਅਧਿਐਨ ਕਰਨਾ ਮਨੁੱਖ ਦੇ ਮਨ 'ਤੇ ਚੰਗਾ ਅਸਰ ਪਾਉਂਦਾ ਹੈ। ਇਹ ਧਰਤੀ ਤਾਂ ਭਾਂਤ-ਭਾਂਤ ਦੇ ਇਨਸਾਨਾਂ ਦਾ ਭਾਰ ਸਹਿ ਹੀ ਰਹੀ ਹੈ। 'ਨਾ-ਚੰਗਿਆਂ' ਦੇ ਸੰਗ ਬਹੁਤ ਸਾਰੇ ਚੰਗੇ ਵੀ ਹਨ।

ਗੁਰੂਆਂ ਦੀ ਬਾਣੀ ਵੀ ਕਹਿੰਦੀ ਹਮ- ਹਮ ਨਹੀ ਚੰਗੇ ਬੁਰਾ ਨਹੀ ਕੋਇ॥

ਦੋਸਤੋ, ਚੱਲੋ ਫਿਰ ਚੰਗਿਆਂ ਨੂੰ ਢੂੰਡੀਏ...ਮੁਹੱਬਤਾਂ ਵੰਡੀਏ ਅਤੇ ਕੁਝ ਚੰਗਾ ਕਰਨ ਦੀ ਕੋਸ਼ਿਸ਼ ਹੀ ਕਰ ਲਈਏ!!

ਭਾਵੇਂ..
ਕਦੇ ਕਦਾਈਂ ਹੀ ਸਹੀ
ਪਰ ਕੁਝ ਕੁ ਜ਼ਿੰਦਾ-ਦਿਲ ਲੋਕ
ਮਿਲਦੇ ਹਨ...ਤਾਂ ਮਹਿਕਾਂ ਫੈਲਾ ਜਾਂਦੇ ਨੇ
ਲੰਘਦੇ-ਲੰਘਦੇ ਸੰਦਲੀ ਪੈੜਾਂ ਪਾ ਜਾਂਦੇ ਨੇ
ਜ਼ਿੰਦਾ-ਦਿਲੀ ਦੀ ਜਿਉਂਦੀ ਮਿਸਾਲ ਬਣ ਜਾਂਦੇ ਨੇ
ਚਿੱਟੀ ਧੁੱਪ ਦੀਆਂ ਕਣੀਆਂ ਵਿਚ ਖਿੜ-ਖਿੜ
ਹੱਸਦੇ ਫੁੱਲਾਂ ਵਾਂਗ ਮੁਹੱਬਤਾਂ ਵੰਡਦੇ ਜਾਂਦੇ ਨੇ
ਉਂਜ ਐਸੇ ਖੁੱਲ੍ਹ-ਦਿਲੇ ਲੋਕ
ਕਿਤੇ ਕਿਤੇ ਈ ਮਿਲਦੇ ਹਨ
ਬੰਦਿਆਂ ਦੀਆਂ ਲੰਮੀਆਂ ਚੌੜੀਆਂ
ਭੀੜਾਂ ਵਿਚੋਂ ਐਸੇ ਮੁਹੱਬਤੀ ਵਣਜਾਰਿਆਂ ਨੂੰ
ਢੂੰਡਣਾ ਮੁਸ਼ਕਲ ਹੈ...
ਛੱਡਣਾ ਹੋਰ ਮੁਸ਼ਕਲ ਹੈ...
ਵਿਛੜਨਾ ਉਸ ਤੋਂ ਵੀ ਮੁਸ਼ਕਲ ਹੈ...
ਭੁੱਲਣਾ ਤਾਂ ਨਾਮੁਮਕਿਨ ਹੀ ਹੁੰਦਾ ਹੈ...।
ਜ਼ਿੰਦਗੀ ਜ਼ਿੰਦਾਬਾਦ!

# ਅਸਲ ਸਤਿਕਾਰ ਦਾ ਹੱਕਦਾਰ ਕੌਣ?



ਡਾ. ਹਰਗੁਣਪ੍ਰੀਤ ਸਿੰਘ
ਫੋਨ: 94636-19353

ਸਮਾਜ ਵਿਚ ਅਕਸਰ ਸਤਿਕਾਰ ਅਤੇ ਆਦਰ ਨੂੰ ਅਹੁਦੇ, ਪੈਸੇ ਜਾਂ ਪਦਵੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਜਦੋਂ ਕੋਈ ਵਿਅਕਤੀ ਕਿਸੇ ਉੱਚ ਅਹੁਦੇ 'ਤੇ ਪਹੁੰਚਦਾ ਹੈ ਤਾਂ ਲੋਕ ਉਸ ਨੂੰ ਨਮਸਕਾਰ ਕਰਦੇ ਹਨ, ਉਸ ਦੀ ਗੱਲ ਨੂੰ ਮਹੱਤਵ ਦਿੰਦੇ ਹਨ ਅਤੇ ਉਸ ਨਾਲ ਸਾਂਝ ਪਾਉਣ ਵਿਚ ਮਾਣ ਮਹਿਸੂਸ ਕਰਦੇ ਹਨ। ਪਰ ਇਹ ਸਤਿਕਾਰ ਕਿੰਨਾ ਕੁ ਸੱਚਾ ਅਤੇ ਟਿਕਾਊ ਹੁੰਦਾ ਹੈ, ਇਹ ਉਦੋਂ ਹੀ ਪਤਾ ਚੱਲਦਾ ਹੈ ਜਦੋਂ ਵਿਅਕਤੀ ਕੋਲ ਉਹ ਅਹੁਦਾ ਜਾਂ ਰੁਤਬਾ ਨਹੀਂ ਰਹਿੰਦਾ। ਜੇ ਕੋਈ ਵਿਅਕਤੀ ਆਪਣੇ ਅਹੁਦੇ ਜਾਂ ਨੌਕਰੀ ਤੋਂ ਸੇਵਾਮੁਕਤ ਹੋਣ ਮਗਰੋਂ ਵੀ ਆਪਣੇ ਚੰਗੇ ਵਿਅਕਤਿਤਵ ਸਦਕਾ ਲੋਕਾਂ ਦੇ ਦਿਲਾਂ ਵਿਚ ਪਹਿਲਾਂ ਵਾਂਗ ਹੀ ਮਾਣ-ਇੱਜ਼ਤ ਪਾਉਂਦਾ ਹੈ, ਉਸ ਦੀ ਗੱਲ ਨੂੰ ਅਹਿਮ ਮੰਨਿਆ ਜਾਂਦਾ ਹੈ ਅਤੇ ਉਸ ਦੀ ਸਲਾਹ ਲੈਣੀ ਪਸੰਦ ਕੀਤੀ ਜਾਂਦੀ ਹੈ, ਬਸ ਇਹੀ ਅਸਲ ਸਤਿਕਾਰ ਹੁੰਦਾ ਹੈ। ਇਹ ਸਤਿਕਾਰ ਵਿਅਕਤੀ ਦੀ ਨਿਰਮਲ ਸੋਚ, ਸੇਵਾ ਭਾਵਨਾ ਅਤੇ ਚੰਗੇ ਆਚਰਨ ਆਦਿ ਨੈਤਿਕ ਗੁਣਾਂ ਦਾ ਨਤੀਜਾ ਹੁੰਦਾ ਹੈ। ਅਜਿਹੇ ਲੋਕ ਆਪਣੀ ਨੌਕਰੀ ਦੇ ਪ੍ਰਭਾਵ ਨਾਲ ਹੀ ਨਹੀਂ, ਸਗੋਂ ਆਪਣੇ ਚੰਗੇ ਵਿਹਾਰ ਨਾਲ ਲੋਕਾਂ ਦੇ ਦਿਲਾਂ 'ਚ ਆਪਣੀ ਥਾਂ ਬਣਾਉਂਦੇ ਹਨ। ਅਸਲ ਸਤਿਕਾਰ ਦਾ ਹੱਕਦਾਰ ਕੇਵਲ ਉਹੀ ਵਿਅਕਤੀ ਹੁੰਦਾ ਹੈ ਜੋ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਵਚਨਬੱਧਤਾ ਨਾਲ ਨਿਭਾਵੇ, ਆਪਣੀ ਨੌਕਰੀ ਨੂੰ ਸਿਰਫ਼ ਕਮਾਈ ਦਾ ਸਾਧਨ ਹੀ ਨਾ ਸਮਝ ਕੇ ਸਮਾਜ ਸੇਵਾ ਦਾ ਮਾਧਿਅਮ ਬਣਾਵੇ, ਹਮੇਸ਼ਾ ਦੂਸਰਿਆਂ ਦੀਆਂ ਭਾਵਨਾਵਾਂ ਦੀ ਕਦਰ ਕਰੇ ਅਤੇ ਆਪਣੀ ਬੋਲਚਾਲ ਵਿਚ ਸਹਿਣਸ਼ੀਲਤਾ ਅਤੇ ਹਲੀਮੀ ਕਾਇਮ ਰੱਖੇ।

ਇਸ ਲਈ ਸਾਡੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਆਪਣੀ ਸ਼ਕਤੀ ਦੀ ਦੁਰਵਰਤੋਂ ਨਾ ਕਰੀਏ, ਕਿਉਂਕਿ ਅਸੀਂ ਨਹੀਂ ਜਾਣਦੇ ਕਿ ਕੱਲ੍ਹ ਨੂੰ ਇਹ ਸ਼ਕਤੀ ਕਿਸ ਕੋਲ ਹੋਵੇਗੀ। ਜਦੋਂ ਸਾਨੂੰ ਦੂਸਰਿਆਂ ਤੋਂ ਉੱਪਰ ਰਹਿਣ ਦਾ ਅਵਸਰ ਮਿਲਦਾ ਹੈ, ਤਾਂ ਸਾਡਾ ਨਿਮਰਤਾ ਵਿਚ ਰਹਿਣਾ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਇਹ ਸਾਡੀ ਕਮਜ਼ੋਰੀ ਨਹੀਂ, ਬਲਕਿ ਸਭ ਤੋਂ ਵੱਡੀ ਤਾਕਤ ਸਿੱਧ ਹੁੰਦੀ ਹੈ। ਜਦੋਂ ਕੋਈ ਵਿਅਕਤੀ ਕਿਸੇ ਉੱਚ ਅਹੁਦੇ 'ਤੇ ਪਹੁੰਚਦਾ ਹੈ, ਤਾਂ ਲੋਕਾਂ ਦੀਆਂ ਉਸ ਪ੍ਰਤੀ ਉਮੀਦਾਂ ਅਤੇ ਆਲੋਚਨਾਵਾਂ ਸੁਭਾਵਕ ਤੌਰ 'ਤੇ ਵਧ ਜਾਂਦੀਆਂ ਹਨ। ਸਮਾਜ ਵਿਚ ਉਚਾਈ 'ਤੇ ਹੋਣਾ ਸਿਰਫ਼ ਮਾਣ ਨਹੀਂ, ਬਲਕਿ ਇੱਕ ਵੱਡਾ ਇਮਤਿਹਾਨ ਵੀ ਹੁੰਦਾ ਹੈ, ਕਿਉਂਕਿ ਜਿੰਨੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਓਨੀ ਹੀ ਵੱਡੀ ਪਰਖ ਵੀ ਹੁੰਦੀ ਹੈ।

ਕੰਮਕਾਜ ਦੇ ਦੌਰਾਨ ਮਨੁੱਖ ਤੋਂ ਕਈ ਵਾਰੀ ਜਾਣੇ-ਅਣਜਾਣੇ ਕੁਝ ਗਲਤੀਆਂ ਵੀ ਹੋ ਸਕਦੀਆਂ ਹਨ। ਐਸੇ ਹਾਲਾਤ ਵਿਚ ਉਸ ਨੂੰ ਆਪਣੀਆਂ ਖਾਮੀਆਂ ਦੀ ਪਛਾਣ ਕਰ ਕੇ ਨਿਮਰਤਾ, ਸੰਵੇਦਨਸ਼ੀਲਤਾ ਅਤੇ ਗੰਭੀਰਤਾ ਨੂੰ ਕਾਇਮ ਰੱਖਣਾ ਚਾਹੀਦਾ ਹੈ, ਤਾਂ ਜੋ ਉਹ ਸਿਰਫ਼ ਆਪਣੇ ਅਹੁਦੇ ਦਾ ਹੀ ਨਹੀਂ, ਬਲਕਿ ਆਪਣੀ ਵਿਅਕਤੀਗਤ ਉੱਚਤਾ ਦਾ ਵੀ ਨਿਭਾਉ ਕਰ ਸਕੇ। ਜਿਹੜੇ ਲੋਕ ਆਪਣੇ ਨਿੱਜੀ ਸੁਆਰਥਾਂ ਤੋਂ ਉੱਪਰ ਉਠ ਕੇ ਨਿਰੰਤਰ ਲੋਕ-ਭਲਾਈ ਲਈ ਕੰਮ ਕਰਦੇ ਰਹਿੰਦੇ ਹਨ, ਉਨ੍ਹਾਂ ਦੀ ਮਾਣਤਾ ਅਤੇ ਪ੍ਰਭਾਵ ਸਦਾ ਬਣਿਆ ਰਹਿੰਦਾ ਹੈ। ਇਸ ਲਈ ਅਹੁਦੇ ਨਾਲ ਮਿਲੀ ਇੱਜ਼ਤ ਅਸਥਾਈ ਹੁੰਦੀ ਹੈ, ਪਰ ਵਿਅਕਤਿਤਵ ਨਾਲ ਖੱਟੀ ਇੱਜ਼ਤ ਸਦੀਵੀ ਕਾਇਮ ਰਹਿੰਦੀ ਹੈ। ਅਸਲ ਸਤਿਕਾਰ ਕੋਈ ਮੰਗਣ ਵਾਲੀ ਚੀਜ਼ ਨਹੀਂ, ਬਲਕਿ ਇਹ ਤਾਂ ਆਪਣੇ ਵਿਚਾਰ, ਵਿਵਹਾਰ ਅਤੇ ਕਿਰਦਾਰ ਨਾਲ ਕਮਾਇਆ ਜਾ ਸਕਦਾ ਹੈ।

# ਅਦਾਕਾਰ ਲੋਕ ਗਾਇਕ ਲਫ਼ਜ਼ ਧਾਲੀਵਾਲ

ਅਦਾਕਾਰ, ਰੰਗਕਰਮੀ ਤੇ ਲੋਕ ਗਾਇਕ ਲ਼ਫ਼ਜ਼ ਧਾਲੀਵਾਲ ਖ਼ੂਬਸੂਰਤ ਰੁਮਾਂਟਿਕ ਗੀਤ 'ਚੰਨ ਤਾਰਿਆਂ' ਲੈ ਸਰੋਤਿਆਂ ਸਨਮੁੱਖ ਹੋ

**ਸ਼ਿਵਨਾਥ ਦਰਦੀ**

ਰਿਹਾ। ਪੰਜਾਬ ਦੇ ਜ਼ਿਲੇ ਫਾਜ਼ਿਲਕਾ ਦੇ ਪਿੰਡ 'ਉਸਮਾਨ ਖੇੜਾ' ਜੋ ਰਾਜਸਥਾਨ ਬਾਰਡਰ ਤੇ ਪੈਂਦਾ ਹੈ, ਇਸ ਪਿੰਡ ਦੇ ਸ੍ਰੀ ਸਵਰਨਜੀਤ ਸਿੰਘ




ਦੇ ਘਰ ਮਾਤਾ ਨਰਿੰਦਰ ਕੌਰ ਦੇ ਕੁੱਖੋ ਜਨਮੇ 'ਜਸਵਿੰਦਰ ਲ਼ਫ਼ਜ' ਉਰਫ 'ਲ਼ਫ਼ਜ ਧਾਲੀਵਾਲ' ਨਾਮ ਫਿਲਮ ਇੰਡਸਟ੍ਰੀਜ ਵਿੱਚ ਜਾਣੇ ਜਾਂਦੇ ਹਨ।

ਓਨਾਂ ਬਚਪਨ ਤੋ ਬਾਲ ਸਭਾਵਾਂ ਵਿੱਚ ਬੇਮਿਸਾਲ ਗਾਇਕੀ ਵੱਲੋ ਕਦਮ ਪੁੱਟਿਆ। ਸੁਰੀਲੀ ਮਿੱਠੀ ਦਮਦਾਰ ਆਵਾਜ ਨੇ ਸਰੋਤਿਆ ਦੇ ਦਿਲਾਂ ਤੇ ਇੱਕ ਵਿਲੱਖਣ ਛਾਪ ਛੱਡੀ ਸਕੂਲ ਪੱਧਰ ਤੇ 'ਜਸਵੰਤ ਜੱਸੀ ਤੂਤਵਾਲਾ' ਤੇ 'ਝੂਮਰ ਵਾਲੇ ਬਾਬੇ' ਦੀ ਰਹਿਨੁਮਾਈ ਹੇਠ ਛੇਵੀ ਜਮਾਤ ਵਿੱਚ , ਉਹਨਾਂ ਦੁਆਰਾ ਲਿਖਿਆ ਗੀਤ 'ਟੌਹਰੇ ਸਦਾ ਨੀਂ ਪੱਗਾਂ ਦੇ ਉੱਚੇ ਰਹਿੰਦੇ' ਗਾ ਕੇ ਜਿਲੇ ਵਿੱਚ ਦੂਸਰਾ ਸਥਾਨ ਹਾਸਲ ਕੀਤਾ। ਏਸੇ ਤਰਾਂ ਕਦਮ ਦਰ ਕਦਮ ਜਾਰੀ ਰੱਖਿਆ। ਡੀ.ਏ.ਵੀ ਕਾਲਜ ਅਬੋਹਰ ਵਿਖੇ ਯੂਥ ਫੈਸਟੀਵਲ 'ਚ ਭਾਗ ਲੈ ਕੇ ਆਪਣੀ ਮੰਝੀ ਹੋਈ ਗਾਇਕੀ ਸਥਾਪਤ ਕੀਤੀ। ਦੋਗਾਣਾ 'ਲ਼ਫ਼ਜ ਧਾਲੀਵਾਲ' ਦੁਆਰਾ ਪਹਿਲਾ 2010 'ਚ ਪਤੀ ਪਤਨੀ ਦੀ ਨੋਕ ਝੋਕ 'ਟਾਟੋ ਮਾਟੋ ' ਜਿਸ ਦੀ ਵੀਡੀਓ 'ਦੇਵੀ ਸ਼ਰਮਾਂ ਜੀ' ਵੱਲੋ ਤਿਆਰ ਕੀਤੀ ਗਈ ਸੀ , ਜੋ 'ਗੰਗਾਨਗਰ' ਦੀ ਪ੍ਰਸਿੱਧ ਕੰਪਨੀ 'ਬਲੂ ਸਟਾਰ' ਵੱਲੋ ਪੇਸ਼ ਕੀਤਾ ਗਿਆ। ਇਸ ਤੋ ਦੂਜੇ ਸਿੰਗਲ ਟਰੈਕ ਗੀਤ ' ਇੱਕ ਵਾਰ ਹਾਂ ਕਰਦੇ' ਤੀਸਰਾ ਗੀਤ 'ਦੋ ਤਾਰਾਂ ਬੋਲਦੀਆਂ' ਜਲੰਧਰ ਦੂਰਦਰਸ਼ਨ ਟੀ.ਵੀ ਤੇ ਨਵੇ ਸਾਲ 2015 ਰੰਗਾਰੰਗ ਪ੍ਰੋਗਰਾਮ ਵਿੱਚ ਪੇਸ਼ ਕੀਤਾ।

ਜਦੋਂ 2016 ਵਿੱਚ ਪ੍ਰਸਿੱਧ ਰੰਗਕਰਮੀ 'ਰਾਜਵਿੰਦਰ ਸਮਰਾਲਾ ਜੀ' ਦੀ ਟੀਮ ਦਾ ਨਾਟਕ ਦੇਖਿਆਂ ਤਾਂ ਉਸਦੇ ਮੁਰੀਦ ਹੋ ਗਏ ਅਤੇ ਓਨਾਂ ਦੀ ਟੀਮ ਵਿਚ



ਸ਼ਾਮਲ ਹੋ ਗਏ ਅਤੇ ਕਈ ਸਟੇਜਾਂ ਤੇ ਰੰਗਕਰਮੀ ਦੇ ਤੌਰ ਨਾਟਕ ਖੇਡੇ, ਅੱਜ ਵੀ ਸਟੇਜੀ ਬਰੀਕੀ ਸਿੱਖਿਆਂ ਪ੍ਰਸਿੱਧ ਰੰਗਕਰਮੀ 'ਰਾਜਵਿੰਦਰ ਸਮਰਾਲਾ ਜੀ' ਤੋ ਹਾਸਲ ਕਰਦੇ ਰਹਿੰਦੇ ਹਨ।

ਪ੍ਰਸਿੱਧ ਚਰਚਿਤ ਡਾਇਰੈਕਟਰ ਭਗਵੰਤ ਕੰਗ ਦੀ ਲਘੂ ਫ਼ਿਲਮ 'ਤੀਵੀਆਂ' ਵਿੱਚ ਪ੍ਰਸਿੱਧ ਅਦਾਕਾਰ ਦਿਲਾਵਰ ਸਿੱਧੂ ਨਾਲ ਕੰਮ ਕਰਨ ਦਾ ਮੌਕਾ ਮਿਲਿਆਂ। ਏਸੇ ਤਰਾਂ ਨਾਵਲ 'ਬਾਕੀ ਸਫਾ ਪੰਜ' ਬੂਟਾ ਸਿੰਘ ਚੌਹਾਨ ਜੀ ਦਾ ਨਾਵਲ 'ਉਜੜੇ ਖੂਹ ਦਾ ਪਾਣੀ' ਵਿਚ ਫਿਲਮ ਇੰਡਸਟ੍ਰੀਜ ਦੇ ਚਰਚਿਤ ਅਦਾਕਾਰ 'ਕੁਲਦੀਪ ਨਿਆਮੀ ਜੀ' ਨਾਲ, ਜਤਿੰਦਰ ਹਾਂਸ ਜੀ ਦੀ ਕਹਾਣੀ ਤੇ 'ਨੰਗੇਜ਼' ਲਘੂ ਫਿਲਮ ਵਿਚ ਸਟੂਡੀਓ ''7 ਆਰ''ਦੇ ਬੈਨਰ ਹੇਠ 'ਪਛਤਾਵਾਂ' ਵਿੱਚ ਅਤੇ ਵੈੱਬਸੀਰੀਜ਼ 'ਕਤਲ ' 'ਹਰਭਜਨ ਸਿੰਘ ਖੰਨਾ' ਦੁਆਰਾ ਨਿਰਦੇਸ਼ਕ ਕੀਤੀ ਜਾ ਰਹੀ ਹੈ, ਉਸ ਵਿਚ ਨਜ਼ਰ ਆਉਣਗੇ ਅਤੇ ਡਾਇਰੈਕਟਰ 'ਵਿਰਾਟ ਮਾਹਲ ਜੀ' ਵੱਲੋ ਡਾਇਰੈਕਟ ਕੀਤਾ, ਪੰਜਾਬੀ ਨਾਟਕ 'ਮੁਕੰਦ ਬਾਜੀਗਰ' ਵਿਚ ਬਾ ਕਮਾਲ ਅਦਾਕਾਰੀ ਦੇਖਣ ਨੂੰ ਮਿਲੇਗੀ। ਅੱਜਕੱਲ ਡਾਇਰੈਕਟਰ 'ਵਿਰਾਟ ਮਾਹਲ' ਦੇ ਚੈਨਲ 'ਓਕੇ ਜੱਟਾਂ ਰੈਕਡ' ਦੇ ਬੈਨਰ ਹੇਠ ਲੜੀਵਾਰ ਨਾਟਕ 'ਮੁਕਲਾਵਾਂ' ਆਪਣੇ ਕਿਰਦਾਰ ਨਿਭਾਅ ਦਰਸ਼ਕਾਂ ਦਾ ਦਿਲ ਜਿੱਤਣ ਜਾ ਰਹੇ ਹਨ।

ਏਥੇ ਹੀ ਬਸ ਨਹੀ 'ਲ਼ਫ਼ਜ ਧਾਲੀਵਾਲ' ਕੁਦਰਤ ਪ੍ਰੇਮੀ, ਸਹਿਤਕ ਪ੍ਰੇਮੀ , ਜੀਵ ਜੰਤੂਆਂ ਨਾਲ ਮੋਹ ਮੁਹੱਬਤ ਰੱਖਣ ਵਾਲੇ ਸਾਫ ਅਕਸ ਦੇ ਇਨਸਾਨ ਹਨ। ਉਹ ਕਵੀ ਦਰਬਾਰਾਂ ਵਿੱਚ ਕਾਵਿ ਰੰਗ ਬਿਖੇਰਿਆ ਕਰਦੇ ਹਨ। 'ਲ਼ਫ਼ਜ਼ ਧਾਲੀਵਾਲ' ਦਾ ਖ਼ੂਬਸੂਰਤ ਦਮਦਾਰ ਬੁਲੰਦ ਆਵਾਜ਼ ਵਿੱਚ ਰੁਮਾਂਟਿਕ ਗੀਤ 'ਚੰਨ ਤਾਰਿਆਂ' ਪ੍ਰਸਿੱਧ ਕਮੇਡੀਅਨ ਤੇ ਲੋਕ ਗਾਇਕ 'ਫਤਹਿ ਸਿਹਾਂ' ਦੇ 'ਫਤਹਿ ਫਿਲਮ' ਬੈਨਰ ਹੇਠ ਵੱਡੇ ਪੱਧਰ ਤੇ ਲੋਕ ਅਰਪਣ ਹੋਣ ਜਾ ਰਿਹਾ। ਇਸ ਨੂੰ ਸੰਗੀਤਕ ਧੁੰਨਾਂ ਨਾਲ ਸਿੰਗਾਰਿਆਂ ਹੈ 'ਬਲੈਸ ਬੀਟ' ਤੇ ਖ਼ੂਬਸੂਰਤ ਪੋਸਟਰ 'ਬੋਬੀ ਵਰਮਾਂ' ਨੇ ਤਿਆਰ ਕੀਤਾ।

ਲਫ਼ਜ਼ ਧਾਲੀਵਾਲ ਨੂੰ ਬਹੁਤ ਮੁਬਾਰਕਬਾਦ, ਏਨਾਂ ਦੀਆਂ ਮਿਹਨਤਾਂ ਬੁਲੰਦੀਆਂ ਛੂਹਣ ਅਤੇ ਆਪਣੇ ਹਰ ਮੁਕਾਮ ਤੇ ਫਤਿਹ ਪਾਉਣ।

## ਕਲਾ ਪਰਿਕਰਮਾ

## 'ਭਾਬੀ ਜੀ ਘਰ ਪਰ ਹੈਂ' ਦੀ 'ਅਨੀਤਾ ਭਾਬੀ'

# ਵਿਦਿਸ਼ਾ ਸ੍ਰੀਵਾਸਤਵ



ਬਹੁਮੁਖੀ ਪ੍ਰਤਿਭਾ ਦੀ ਧਨੀ ਅਦਾਕਾਰਾ ਵਿਦਿਸ਼ਾ ਸ੍ਰੀਵਾਸਤਵ ਨੇ ਤੇਲਗੂ ਸਿਨੇਮਾ ਤੋਂ ਲੈ ਕੇ ਹਿੰਦੀ ਟੈਲੀਵਿਜ਼ਨ ਤੱਕ ਆਪਣੀ ਛਾਪ ਛੱਡੀ ਹੈ। ਕਾਮੇਡੀ ਸ਼ੋਅ 'ਭਾਬੀ ਜੀ ਘਰ ਪਰ ਹੈਂ' ਵਿਚ ਉਸ ਦੀ ਭੂਮਿਕਾ ਨੇ ਉਸ ਨੂੰ ਘਰ-ਘਰ ਮਸ਼ਹੂਰ ਕਰ ਦਿੱਤਾ। 'ਭਾਬੀ ਜੀ ਘਰ ਪਰ ਹੈਂ' ਵਿਚ ਅਨੀਤਾ ਭਾਬੀ ਦੇ ਰੂਪ ਵਿਚ ਸੌਮਿਆ ਟੰਡਨ ਭਾਵ ਗੋਰੀ ਮੈਮ ਨੂੰ ਵੱਡੀ ਪਛਾਣ ਮਿਲੀ ਸੀ। ਉਸ ਦੇ ਜਾਣ ਤੋਂ ਬਾਅਦ ਨੇਹਾ ਪੇਂਡਸੇ ਨੇ ਲਗਭਗ ਇਕ ਸਾਲ ਇਸ ਭੂਮਿਕਾ ਨੂੰ ਨਿਭਾਇਆ ਪਰ ਇਨ੍ਹੀਂ ਦਿਨੀਂ ਅਦਾਕਾਰਾ ਵਿਦਿਸ਼ਾ ਸ੍ਰੀਵਾਸਤਵ ਅਨੀਤਾ ਵਿਭੂਤੀ ਨਾਰਾਇਣ ਮਿਸ਼ਰਾ ਗੋਰੀ ਮੈਮ ਦੇ ਕਿਰਦਾਰ ਨੂੰ ਨਿਭਾ ਰਹੀ ਹੈ। ਫ਼ਿਲਮਾਂ ਦੇ ਨਾਲ ਵਿਦਿਸ਼ਾ ਨੇ ਟੈਲੀਵਿਜ਼ਨ ਲਈ ਵੀ ਕਾਫ਼ੀ ਕੰਮ ਕੀਤਾ ਹੈ। ਸਾਲ 2014 ਵਿਚ ਸਟਾਰ ਪਲੱਸ ਦੇ ਸ਼ੋਅ 'ਯੇ ਹੈ ਮੁਹੱਬਤ ਤੋਂ ਛੋਟੇ ਪਰਦੇ 'ਤੇ ਸ਼ੁਰੂਆਤ ਕਰਨ ਤੋਂ ਬਾਅਦ ਉਹ 'ਭਾਬੀ ਜੀ ਘਰ ਪਰ ਹੈਂ' ਵਿਚ ਅਨੀਤਾ ਭਾਬੀ ਦੀ ਭੂਮਿਕਾ ਵਿਚ ਉਹ ਨੇਹਾ ਪੇਂਡਸੇ ਦੀ ਥਾਂ ਆਈ ਅਤੇ ਦਰਸ਼ਕਾਂ ਦਾ ਬਹੁਤ ਪਿਆਰ ਬਟੋਰਿਆ। ਉਹ 'ਕਹਿਤ ਹਨੂਮਾਨ ਜੈ ਸ੍ਰੀ ਰਾਮ' ਵਿਚ ਮਾਂ ਪਾਰਵਤੀ ਦੀ ਭੂਮਿਕਾ ਵਿਚ ਨਜ਼ਰ ਆਈ। 'ਮੇਰੀ ਗੁੜੀਆ', 'ਦੁਰਗਾ-ਮਾਤਾ ਕੀ ਛਾਇਆ', 'ਯੇ ਜਾਦੂ ਹੈ ਜਿੰਨ ਕਾ' ਅਤੇ 'ਤੁਝਸੇ ਹੈ ਰਾਬਤਾ' ਵਿਚ ਵੀ ਉਸ ਦੇ ਕੰਮ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ। ਜ਼ੀ ਟੀ.ਵੀ. ਦੇ ਸ਼ੋਅ 'ਕਾਸ਼ੀਬਾਈ' ਵਿਚ ਉਸ ਦੀ ਭੂਮਿਕਾ ਬੇਹੱਦ ਰੋਮਾਂਚਕਾਰੀ ਸੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਜੂਨ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-695



*ਸਾਂਝ ਸਾਹਾਂ ਦੀ ਭਾਵੇਂ ਮੁੱਕ ਗਈ ਜਾਪੇ, ਪਰ ਚੰਦਰਾ ਮੋਹ ਨਹੀਂ ਮਰਦਾ,*
*ਦੇਖੋ ਆਖਰੀ ਦਰਸ਼ਨ ਕਰ ਕਰ ਇਹ, ਜੀਅ ਬਿਚਾਰਾ ਨਹੀਂ ਭਰਦਾ।*
*ਯਾਦਾਂ ਦਾ ਝੁਰਮਟ ਜਦੋਂ ਪੈਣਾ ਇਕੱਠਾ, ਹਉਕੇ ਹਾਵੇ ਬਾਝੋਂ ਨਾ ਸਰਦਾ,*
*ਦਰਦ ਕਹਾਣੀ ਇਸ਼ਕ ਹਕੀਕੀ ਦੀ ਹੈ, ਅੰਤ ਵਿਛੋੜਾ ਦਿਲ ਨ ਜਰਦਾ।*

## ਕੈਪਸ਼ਨ ਮੁਕਾਬਲਾ-693



ਸੁੰਨ-ਮ-ਸੁੰਨੀ ਛਾਂ ਪਿੱਪਲਾਂ ਦੀ,
ਸੀਨੇ ਸੱਟ ਇਕੱਲਤਾ ਮਾਰੀ।
ਮੰਜੇ ਡਾਹੁਣ ਵਾਲੇ ਜਹਾਨੋਂ ਤੁਰ ਗਏ,
ਨਵੀਂ ਪੀੜ੍ਹੀ ਮਾਰੀ, ਬਾਹਰ ਉਡਾਰੀ।
ਹੁਣ ਨ੍ਹੀ ਇੱਥੇ ਪੈਂਦੀਆਂ ਪੀਘਾਂ,
ਤਾਸ਼ ਦੀ ਬਾਜ਼ੀ, ਮੋਬਾਈਲਾਂ ਨੇ ਮਾਰੀ।
ਹਾਸੇ-ਠੱਠੇ ਗਾਇਬ ਨੇ ਇੱਥੇ,
ਘਣਛਾਵੇਂ ਰੁੱਖ ਨੇ ਉਦਾਸੀ ਧਾਰੀ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਕੋਈ ਕਹੇ ਬਨੀਅਨ,
ਕੋਈ ਆਖਦਾ ਬਰੋਟਾ।
ਸੱਦਦੇ ਵੀ ਬੋਹੜ ਮੈਨੂੰ,
ਜੋ ਰੁੱਖਾਂ 'ਚੋਂ ਰੁੱਖ ਮੋਟਾ।
ਪਿੰਡ ਵਾਲਿਆਂ ਨੂੰ
ਮੈਂ ਹਾਂ ਲਗਦਾਂ ਪਿਆਰਾ।
ਕੋਲ ਮੇਰੇ ਜੁੜ-ਜੁੜ ਬਹਿੰਦਾ ਪਿੰਡ ਸਾਰਾ।
ਹੋਣ ਭਾਵੇਂ ਪਿੰਡ ਵਿਚ
ਪੱਤੀਆਂ ਵੀ ਥਾਂ ਥਾਂ।
ਆਣ ਮੇਰੇ ਕੋਲ ਜਦ
ਬੈਠਣ ਸੱਭੇ ਇਕ ਥਾਂ।
ਪੰਚ ਸਰਪੰਚ ਸਭ,
ਆ ਥੱਲੇ ਮੇਰੇ ਬਹਿੰਦੇ।
ਝੇੜੇ-ਝਗੜਿਆਂ 'ਤੇ ਰਲ
ਫ਼ੈਸਲੇ ਉਹ ਲੈਂਦੇ।
ਘਰ ਘਰ ਵਾਲੇ ਹਾਂ ਮੈਂ,
ਰਾਜ਼ ਸਾਂਭੀ ਬੈਠਾ।
ਜਾਣਦਾ ਹਾਂ ਸਭ ਕੌਣ
ਸੱਚਾ ਏ ਜਾਂ ਝੂਠਾ।
ਬੁੱਢਾ ਭਾਵੇਂ ਹੋ ਗਿਆਂ
ਜਟਾਂ ਲਟਾਂ ਲਟਕਣ।
ਜਮਦੂਤ ਨੇੜੇ ਮੇਰੇ
ਜਮ੍ਹਾਂ ਵੀ ਨਾ ਫਟਕਣ।
ਮਰਦਾਂ ਮੈਂ ਤਾਂ,
ਜੇ ਉਹ ਆਪ ਮੈਨੂੰ ਵੱਢਦੇ।
ਮਹਿਰਮ ਜੋ ਮੇਰੇ ਜਦੋਂ
ਦਿਲੋਂ ਮੈਨੂੰ ਕੱਢਦੇ।
ਰੱਖ ਲਵੋ ਸਾਂਭ ਲਵੋ
ਪੰਜਾਬ ਜਾਵੇ ਸੁੱਕਦਾ।
ਕੂਕ ਕੂਕ 'ਨਾਕਾਮ' ਕਹੇ
ਪਾਣੀ ਜਾਵੇ ਮੁੱਕਦਾ।
***-ਗੁਰਬਖਸ਼ ਸਿੰਘ 'ਨਾਕਾਮ'***

---

ਸੰਗ 'ਵਾ ਦੇ ਬੀਜ ਉੱਡ ਕੇ
ਧਰਤੀ ਮਾਂ ਦੇ ਗਰਭ 'ਚ ਆਇਆ।
ਨਿੱਕੇ ਤੋਂ ਫਿਰ ਗੱਭਰੂ ਹੋਇਆ
ਪੰਛੀਆਂ ਨੇ ਵੀ ਖ=ਝੁਰਮਟ ਪਾਇਆ।
ਦਾੜ੍ਹੀ ਆ ਧਰਤੀ ਨੂੰ ਲੱਗੀ
ਜਦੋਂ ਫੇਰ ਬੁਢਾਪਾ ਆਇਆ।
ਫੜ ਫੜ ਦਾੜ੍ਹੀ ਖੇਡਣ ਬੱਚੇ
ਕਦੇ ਨਾ ਇਸ ਨੇ ਬੁਰਾ ਮਨਾਇਆ।
***-ਕੇਵਲ ਸਿੰਘ ਕਲਾਹੜ***

---

ਅਸਲੀਅਤ ਦਰਖ਼ਤਾਂ ਦੇ ਵੀ ਦਾੜ੍ਹੀ ਹੁੰਦੀ
ਤਣੇ 'ਚੋਂ ਨਿਕਲ
ਧਰਤ 'ਚ ਆ ਜੜ੍ਹਾਂ ਪਸਾਰਦੀ
ਆਵੇ ਹਵਾ ਦਾ ਬੁੱਲ੍ਹਾ
ਹਾਥੀ ਸੁੰਢ ਵਾਂਗ ਅੱਗੇ ਪਿੱਛੇ ਝੂਲਦਾ।
ਦਰਖਤ ਭਾਵੇਂ ਸੁੱਕ ਜਾਵੇ
ਇਹ ਹਨ ਲਟੈਣਾਂ
ਗੱਡ ਹੋ ਗਈਆਂ ਜ਼ਮੀਨ 'ਚ।
ਸਹਾਰਾ ਹੀ ਨਹੀਂ
ਖ਼ੂਬਸੂਰਤ ਦ੍ਰਿਸ਼ ਬਣਦੀਆਂ।
***-ਦਰਸ਼ਨ ਪਾਲ ਦੋਸਾਂਝ***

# ਤੱਤੀ ਤਵੀ ਅਤੇ ਗੋਲੀ ਦਾ ਅੰਤਰ-ਸੰਵਾਦ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਗੂੜ੍ਹੀ ਨੀਂਦੇ ਸੁੱਤਿਆਂ ਸੁਪਨੇ ਵਿਚ ਤੱਤੀ ਤਵੀ ਅਤੇ ਗੋਲੀ ਦੀ ਘੁਸਰ-ਮੁਸਰ ਅਵਾਜ਼ਾਰ ਕਰਦੀ ਹੈ ਜਿਸ ਨਾਲ ਮੇਰੀ ਰੂਹ ਝਰੀਟੀ ਜਾਂਦੀ ਹੈ।

ਤੱਤੀ ਤਵੀ ਕਹਿੰਦੀ ਹੈ ਕਿ ਮੈਨੂੰ ਉਹ ਪਲ ਅਜੇ ਤੀਕ ਨਹੀਂ ਭੁੱਲੇ ਜਦ ਮੇਰੇ ਤਪਦੇ ਪਿੰਡੇ 'ਤੇ ਨੂਰਾਨੀ ਜੋਤ ਨੇ ਚੌਂਕੜਾ ਮਾਰਿਆ ਸੀ। ਹੇਠਲੀ ਅੱਗ ਮੇਰਾ ਪਿੰਡਾ ਲੂਹੇ, ਵਰ੍ਹਦੀ ਅੱਗ ਮੇਰੇ ਮਾਲਕ 'ਤੇ ਕਹਿਰ ਢਾਹੇ ਅਤੇ ਰੂਹਾਨੀ ਜਾਮਾ ਸ਼ਾਂਤ ਚਿੱਤ ਹੋ ਕੁਦਰਤ ਦੇ ਭਾਣੇ ਵਿਚ ਰੰਗਿਆ ਮੰਨ ਰਿਹਾ ਸੀ ਰੱਬ ਦੀ ਰਜ਼ਾ। ਭਲਾ ਮੈਂ ਕੀ ਕਰਦੀ? ਮੈਂ ਤਾਂ ਹਾਕਮਾਂ ਦੀ ਬਾਂਦੀ ਸਾਂ। ਮੇਰੇ ਅੰਦਰਲੀ ਚੀਸ ਨੇ ਮੈਨੂੰ ਬਹੁਤ ਤੜਫਾਇਆ। ਮੈਂ ਜ਼ਾਰ-ਜ਼ਾਰ ਰੋਈ ਪਰ ਮੈਨੂੰ ਦੇਖ ਕੇ ਆਲ਼ੇ-ਦੁਆਲੇ ਬੈਠਿਆਂ ਦੀ ਅੱਖ ਨਾ ਗਿੱਲੀ ਹੋਈ। ਸਿਰਫ਼ ਸਾਈਂ ਜੀ ਨੇ ਆਹ ਭਰੀ ਅਤੇ ਇਸ ਕਹਿਰੀ ਵਰਤਾਰੇ ਨੂੰ ਭਵਿੱਖੀ ਤਬਾਹੀ ਦਾ ਸੂਚਕ ਕਿਹਾ।

ਇਹ ਸੁਣ ਕੇ ਗੋਲੀ ਕਹਿਣ ਲੱਗੀ ਮੈਂ ਵੀ ਕਿਹੜਾ ਚਾਹੁੰਦੀ ਸਾਂ ਕਿ ਆਪਣਿਆਂ ਦੀਆਂ ਲਾਸ਼ਾਂ ਵਿਛਾਵਾਂ। ਆਪਣਿਆਂ ਦੇ ਲਹੂ ਵਿਚ ਨਹਾਵਾਂ ਅਤੇ ਅੰਮ੍ਰਿਤ ਜਲ ਨੂੰ ਲਹੂ ਰੰਗਾ ਬਣਾਵਾਂ। ਇਹ ਤਾਂ ਸੀ ਮੇਰੀ ਲਾਚਾਰੀ ਕਿ ਮੈਂ ਉਨ੍ਹਾਂ ਦੇ ਹੱਥਾਂ ਵਿਚ ਸਾਂ ਜਿਹੜੇ ਆਪਣੇ ਹੋ ਕੇ ਆਪਣਿਆਂ ਨੂੰ ਹੀ ਮੁਕਾਉਣ ਤੁਰੇ ਸਨ। ਮੇਰਾ ਧਰਮ ਤਾਂ ਜਬਰ-ਜ਼ੁਲਮ ਢਾਹੁਣ ਵਾਲਿਆਂ ਦਾ ਖ਼ਾਤਮਾ ਕਰਨਾ ਹੁੰਦਾ। ਅਕਸਰ ਮੈਂ ਸ਼ਾਂਤ ਹੀ ਰਹਿੰਦੀ ਹਾਂ ਪਰ ਕਦੇ ਕਦਾਈਂ ਹੀ ਮੈਂ ਆਪਣੀ ਹੋਂਦ ਨਾਲ ਜਿਊਣ ਨੂੰ ਮੌਤ ਦਾ ਦਰਜਾ ਦਿੰਦੀ ਹਾਂ। ਪਰ ਮੈਨੂੰ ਅੱਖਰਿਆ ਸੀ ਆਪਣਿਆਂ ਹੱਥੋਂ ਆਪਣਿਆਂ ਦੀਆਂ ਕਬਰਾਂ ਦੀ ਖ਼ੁਦਾਈ। ਪਤਾ ਨਹੀਂ ਬੰਦੇ ਦੀ ਕਿਹੜੀ ਮਾਨਸਿਕਤਾ ਆਪਣਿਆਂ ਦਾ ਸਿਵਾ ਸੇਕਣ ਲਈ ਉਤਾਵਲੀ ਹੁੰਦੀ?

ਤੇ ਤੱਤੀ ਤਵੀ ਨੇ ਆਪਣਾ ਦਰਦ ਫਰੋਲਦਿਆਂ ਕਿਹਾ ਕਿ ਮੈਨੂੰ ਤਾਂ ਅਜੇ ਤੀਕ ਯਾਦ ਨੇ ਪਾਤਸ਼ਾਹੀ ਚੌਂਕੜੇ ਦੇ ਨਕਸ਼, ਅਨੂਠੀ ਛੋਹ ਨਾਲ ਮੇਰੇ ਅੰਦਰਲੀ ਮਖ਼ਰੂਰੀ। ਕੋਮਲਤਾ ਦਾ ਅਹਿਸਾਸ, ਸ਼ਾਂਤੀ ਦੇ ਪੁੰਜ ਦੀ ਰਹਿਮ-ਦਿਲੀ, ਫ਼ਰਾਖ਼-ਦਿਲੀ ਅਤੇ ਦਰਿਆ-ਦਿਲੀ ਕਿ ਉਨ੍ਹਾਂ ਨੇ ਸੇਕ ਵਿਚ ਤਪਦਿਆਂ ਵੀ ਠੰਢ ਵਰਤਾਉਣ ਦੀ ਆਰਜਾ ਕੀਤੀ। ਵਰ੍ਹਦੀਆਂ ਅੱਗਾਂ ਅਤੇ ਕਹਿਰ ਦੀ ਰੁੱਤੇ ਕੋਈ ਵਿਰਲਾ ਹੀ ਹੁੰਦਾ ਜੋ ਸੀਤ ਹਵਾਵਾਂ ਦੀ ਅਰਦਾਸ ਕਰਦਿਆਂ, ਆਪਣੀ ਜਾਨ ਦੀ ਅਹੂਤੀ ਨੂੰ ਵੀ ਪਰਵਰਦਿਗਾਰ ਦਾ ਭਾਣਾ ਮੰਨਦਾ। ਚਿਹਰੇ ਦੇ ਨੂਰ ਅਤੇ ਹੋਠਾਂ ਵਿਚੋਂ ਝਰਦੇ ਅੰਮ੍ਰਿਤਮਈ ਬੋਲਾਂ ਵਿਚ ਮੈਂ ਖ਼ੁਦ ਨੂੰ ਗਵਾਚਿਆ ਮਹਿਸੂਸ ਕੀਤਾ ਸੀ। ਮੈਂ ਪੀੜਾ-ਪੀੜਾ ਹੋਈ ਸੱਚੇ ਪਾਤਸ਼ਾਹ 'ਤੇ ਢਾਹੇ ਜਾ ਰਹੇ ਜਬਰ ਨੂੰ ਰੋਕਣ ਵਿਚ ਅਸਫਲ ਸਾਂ। ਮੈਂ ਗੁਰੂ ਜੀ ਦੇ ਅਤਿ ਨੇੜੇ ਹੋ ਕੇ ਵੀ ਨਿਕਰਮੀ ਜੂਨ ਹੰਢਾਉਣ ਜੋਗੀ ਹੀ ਰਹਿ ਗਈ।

ਤੱਤੀ ਤਵੀ ਦੀ ਹਿਰਦੇਵੇਧਕ ਵੇਦਨਾ ਨੂੰ ਸੁਣ ਕੇ ਗੋਲੀ ਬੋਲੀ ਕਿ ਤੇਰਾ ਦਰਦ ਮੇਰੇ ਦਰਦ ਸਾਹਵੇਂ ਤਾਂ ਤੁੱਛ ਵੀ ਨਹੀਂ। ਮੈਂ ਤਾਂ ਮੌਤ ਦਾ ਪੈਗ਼ਾਮ ਉਸ ਫ਼ਿਜ਼ਾ ਵਿਚ ਫੈਲਾਉਣ ਦੀ ਨਾਕਾਮ ਕੋਸ਼ਿਸ਼ ਹੀ ਕਰਦੀ ਰਹੀ ਜਿਸ ਤੋਂ ਹਰੇਕ ਨੂੰ ਜੀਵਨ ਦਾਨ ਮਿਲਦਾ ਹੈ। ਰੂਹਾਂ ਨੂੰ ਸਰਸ਼ਾਰ ਕਰਨ ਵਾਲੇ ਚੌਗਿਰਦੇ ਨੂੰ ਭੈਭੀਤ ਕਰਨ ਅਤੇ ਇਸ ਦੀ ਆਬੋ ਹਵਾ ਵਿਚ ਮੌਤ ਮੰਡਰਾਉਣ ਲਈ ਮੈਂ ਹੀ ਜ਼ਿੰਮੇਵਾਰ ਸਾਂ। ਕਾਸ਼! ਮੈਂ ਇਸ ਦੀ ਹਵਾ ਵਿਚ ਪਲ ਭਰ ਸਾਹ ਲੈ ਕੇ ਆਪਣੀ ਮਾਰੂ ਸੋਚ ਅਤੇ ਕਬਰਾਂ ਪੁੱਟਣ ਵਾਲੀ ਤਾਸੀਰ ਨੂੰ ਬਦਲ ਲੈਂਦੀ। ਮੈਂ ਕੇਹੀ ਅਭਾਗਣ ਕਿ ਵੈਰੀਆਂ ਦੀਆਂ ਲਾਸ਼ਾਂ ਵਿਛਾਉਣ ਵਾਲੀ ਆਪਣਿਆਂ ਦੀਆਂ ਲਾਸ਼ਾਂ ਦੀ ਗਿਣਤੀ ਵਿਚ ਹੀ ਉਲਝ ਕੇ ਰਹਿ ਗਈ। ਬਹੁਤ ਅਫ਼ਸੋਸ ਹੁੰਦਾ ਹੈ ਮੈਨੂੰ ਆਪਣੀ ਮਨਹੂਸ ਹੋਂਦ ਅਤੇ ਅਮਾਨਵੀ ਹਾਸਲਤਾ ਤੇ ਜਿਸ ਦੀ ਚਸਕ ਸਦੀਆਂ ਤੋਂ ਬਾਅਦ ਵੀ ਕਦੇ ਨਹੀਂ ਘਟਣੀ।

ਗੋਲੀ ਦੇ ਦਰਦ ਵਿਚ ਦਰਦਵੰਤੀ ਬਣੀ ਤੱਤੀ ਤਵੀ ਨੇ ਆਪਣੇ ਦਿਲ ਦੀ ਵੇਦਨਾ ਨੂੰ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ ਆਪਣੀ ਤਾਸੀਰ ਖ਼ੁਦ ਨਹੀਂ ਲਿਖ ਸਕਦੀਆਂ। ਸਾਡੀ ਤਕਦੀਰ ਤਾਂ ਸਾਡੇ ਮਾਲਕਾਂ ਨੇ ਲਿਖਣੀ ਹੁੰਦੀ। ਮੇਰੇ 'ਤੇ ਰੋਟੀਆਂ ਪਕਾ ਕੇ ਪੇਟ ਦੀ ਅੱਗ ਵੀ ਤਾਂ ਬੁਝਾਈ ਜਾ ਸਕਦੀ ਸੀ। ਮੇਰੇ ਉੱਪਰ ਬੱਚੇ ਆਟੇ ਦੀਆਂ ਚਿੜੀਆਂ ਬਣਾ ਕੇ ਪਰਿੰਦਿਆਂ ਨੂੰ ਚੋਗ ਵੀ ਪਾ ਸਕਦੇ ਸਨ। ਪਰ ਨਹੀਂ। ਇਹ ਹਾਕਮ ਦਾ ਹੁਕਮ ਸੀ ਕਿ ਮੈਂ ਆਪਣੇ ਤਪਦੇ ਲਾਲ ਸੂਹੇ ਪਿੰਡੇ ਉੱਪਰ ਰਹਿਮਤਾਂ ਦੇ ਮਾਲਕ ਨੂੰ ਬਿਠਾਉਣਾ ਸੀ। ਕੇਹਾ ਮੰਜ਼ਰ ਸੀ ਜਦ ਕੋਮਲ ਜੋਤ ਨੇ ਮਲਕੜੇ ਜਹੇ ਮੇਰੇ ਤੇ ਚੌਂਕੜਾ ਮਾਰਿਆ ਅਤੇ ਵਾਹਿਗੁਰੂ ਦਾ ਮੰਤਰ ਉਚਾਰਦਿਆਂ, ਜ਼ਾਲਮਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਦਿਖਾ ਕੇ ਜੋਤ, ਜੋਤ ਵਿਚ ਰਲ ਗਈ। ਤਾਰੀਖ਼ ਨੂੰ ਇਹ ਸਬਕ ਦੇ ਗਈ ਕਿ ਇੰਝ ਵੀ ਬੁੱਲ੍ਹਾਂ ਤੋਂ ਸੀਅ ਨਾ ਉਚਾਰਦਿਆਂ, ਜ਼ਬਰ ਤੇ ਤਸ਼ੱਦਦ ਨੂੰ ਸਹਿ ਕੇ ਵਾਹਿਗੁਰੂ ਦੀਆਂ ਰਹਿਮਤਾਂ ਦਾ ਕਰਜ਼ ਉਤਾਰਿਆ ਜਾ ਸਕਦਾ।

ਤੇ ਕੁਝ ਚੇਤੇ ਕਰਕੇ ਗੋਲੀ ਬੋਲੀ ਕਿ ਮੈਂ ਤਾਂ ਸਮਝਦੀ ਸਾਂ ਕਿ ਮੇਰੀ ਅਵਾਜ਼ ਹੀ ਮਨਾਂ ਵਿਚ ਅਜੇਹਾ ਡਰ ਪੈਦਾ ਕਰਦੀ ਹੈ ਕਿ ਹਰ ਕੋਈ ਆਪਣੀ ਜਾਨ ਲੁਕਾਉਣ ਲਈ ਦੌੜਦਾ। ਪਰ ਇਹ ਮੇਰਾ ਭਰਮ ਹੀ ਨਿਕਲਿਆ। ਉਹ ਕੇਹਾ ਮੰਜ਼ਰ ਸੀ ਕਿ ਮੈਂ ਹਿੱਕਾਂ ਨੂੰ ਛਣਨੀ ਕਰਦੀ ਰਹੀ ਅਤੇ ਰੂਹ-ਰੱਤੇ ਹਿੱਕ ਨੂੰ ਲੀਰਾਂ ਕਰਵਾਉਂਦਿਆਂ, ਹੱਸ ਹੱਸ ਕੇ ਸ਼ਹਾਦਤ ਦਾ ਜਾਮ ਪੀਂਦੇ ਰਹੇ।





ਉਨ੍ਹਾਂ ਦੇ ਚਿਹਰਿਆਂ ਦਾ ਸਕੂਨ ਅਤੇ ਮੌਤ ਵਿਹਾਜਣ ਦੇ ਜਨੂੰਨ ਦੀ ਅਦਾ ਹੁਣ ਤੀਕ ਵੀ ਹੈਰਾਨ ਅਤੇ ਪਰੇਸ਼ਾਨ ਕਰਦੀ ਹੈ ਕਿ ਕੋਈ ਕੌਮ ਇੰਝ ਵੀ ਆਪਣੇ ਅਕੀਦਤ ਯੋਗ ਅਸਥਾਨ ਦੀ ਪਾਕੀਜ਼ਗੀ ਦੀ ਬਰਕਰਾਰੀ ਲਈ ਆਪਣੇ ਪਿੰਡਿਆਂ ਦੀ ਢਾਲ ਉਸਾਰ ਸਕਦੀ ਹੈ। ਮੇਰੇ ਅਵਚੇਤਨ ਵਿਚ ਬੈਠਾ ਇਹ ਦ੍ਰਿਸ਼ ਹੁਣ ਵੀ ਜਦ ਚੇਤੇ ਆਉਂਦਾ ਤਾਂ ਮਨ ਵਿਚ ਕੰਬਣੀ ਪੈਦਾ ਹੁੰਦੀ, ਰੂਹ ਕੰਬ ਜਾਂਦੀ। ਨਿਰਭੈਤਾ ਦਾ ਸਬਕ ਉਸ ਪਾਕ ਫ਼ਿਜ਼ਾ ਵਿਚ ਲੀਨ ਹੁੰਦਾ ਰਿਹਾ।

ਤੇ ਤੱਤੀ ਤਵੀ ਨੂੰ ਯਾਦ ਆਇਆ ਕਿ ਜਦ ਗੁਰੂ ਦੇ ਹਠ ਨੂੰ ਪਰਖਣ ਲਈ ਜ਼ਾਲਮ ਹੇਠਾਂ ਬਲਦੀ ਅੱਗ ਨੂੰ ਤੇਜ਼ ਕਰਦਾ ਰਿਹਾ ਅਤੇ ਉੱਪਰ ਤੱਤੀ ਰੇਤਾ ਛਾਲਿਆਂ ਨਾ ਭਰੇ ਜਿਸਮ ਨੂੰ ਪੀੜਾਂ ਨਾਲ ਵਿੰਨ੍ਹਦੀ ਰਹੀ ਤਾਂ ਗੁਰੂ ਜੀ ਦੇ ਹੋਠਾਂ ਵਿਚੋਂ ਅੰਮ੍ਰਿਤ ਬਾਣੀ ਝਰਦੀ ਰਹੀ। ਉਹ ਗੁਰੂ ਦੇ ਭਾਣੇ ਵਿਚ ਲੀਨ, ਰੱਬ ਦੀ ਇਬਾਦਤ ਕਰਦੇ ਰਹੇ। ਕਿਸੇ ਦਰਦ ਅਤੇ ਚੀਸ ਤੋਂ ਬੇਖ਼ਬਰ, ਉਨ੍ਹਾਂ ਦੇ ਚਿਹਰੇ ਦਾ ਨੂਰ ਜ਼ੁਲਮ ਢਾਹੁਣ ਵਾਲਿਆਂ ਨੂੰ ਅੱਗ ਲਾਉਂਦਾ ਰਿਹਾ। ਉਹ ਰੱਬ ਦੇ ਭਾਣੇ ਵਿਚ ਮਸਤ ਸਾਹਾਂ ਦੀ ਇਨਾਇਤ ਪੜ੍ਹਦੇ ਰਹੇ ਅਤੇ ਸਨੇਹੀਆਂ ਨੂੰ ਠੰਢ ਵਰਤਾਉਣ ਦਾ ਸੰਦੇਸ਼ਾ ਦਿੰਦੇ ਰਹੇ ਕਿਉਂਕਿ ਉਹ ਜਾਣਦੇ ਸਨ ਕਿ ਅੱਤ ਅਤੇ ਰੱਬ ਦੇ ਵੈਰ ਹੁੰਦਾ ਅਤੇ ਇਕ ਦਿਨ ਇਸ ਅੱਤ ਨੇ ਆਪਣੀ ਮੌਤੇ ਜ਼ਰੂਰ ਮਰਨਾ ਹੈ। ਜ਼ੁਲਮ ਦੀ ਹਨੇਰੀ ਸਾਹਵੇਂ ਬਾਣੀ ਦੀਆਂ ਰਮਜ਼ਾਂ ਦਾ ਪ੍ਰਸ਼ਾਦ ਵਰਤਾਉਣ ਵਾਲੇ ਕਦ ਬਿਫਰੀ ਮੌਤ ਤੋਂ ਡਰਦੇ ਨੇ ਅਤੇ ਅਜੇਹਾ ਭਾਣਾ ਮੈਂ ਆਪਣੀਆਂ ਅੱਖਾਂ ਸਾਹਵੇਂ ਵਾਪਰਦਾ ਦੇਖਿਆ ਹੈ।

ਤੇ ਗੋਲੀ ਨੂੰ ਯਾਦ ਆਇਆ ਕਿ ਜਦ ਮੇਰੇ ਸਾਹਵੇਂ ਹਿੱਕ ਡਾਹਿਆਂ ਦੇ ਸੀਨਿਆਂ ਨੂੰ ਮੈਂ ਚੀਰਦੀ ਸਾਂ ਤਾਂ ਉਨ੍ਹਾਂ ਦੇ ਹਿਰਦਿਆਂ ਵਿਚੋਂ ਨਿਕਲਦੇ ਵਾਹਿਗੁਰੂ ਦੇ ਜਾਪ ਨੂੰ ਸੁਣ ਕੇ ਮੈਂ ਸੁੰਨ ਹੋ ਜਾਂਦੀ ਸਾਂ। ਇਹ ਕੇਹਾ ਗ਼ਜ਼ਬ ਕਿ ਕੋਈ ਮੌਤ ਵਿਚੋਂ ਵਾਹਿਗੁਰੂ ਦਾ ਸ਼ੁਕਰਾਨਾ ਭਾਲ ਸਕਦਾ? ਆਪਣੇ ਆਖ਼ਰੀ ਸਾਹ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਹੋਣ ਲਈ, ਜਿਸਮਾਨੀ ਰੂਪ ਵਿਚੋਂ ਆਜ਼ਾਦ ਹੋ ਰੂਹਾਨੀ ਉਡਾਣ ਭਰ ਸਕਦਾ। ਇਹ ਅਚੰਭਾ ਕਦੇ ਨਾ ਹੀ ਸੁਣਿਆ ਅਤੇ ਨਾ ਹੀ ਕਦੇ ਡਿੱਠਾ ਸੀ ਪਰ ਇਸ ਵਾਰ ਮੈਂ ਇਸ ਨੂੰ ਸਾਖਸ਼ਾਤ ਦੇਖਿਆ ਅਤੇ ਸੁਣਿਆ ਹੈ। ਧੰਨ ਨੇ ਇਹ ਲੋਕ ਅਤੇ ਧੰਨ ਹੈ ਇਨ੍ਹਾਂ ਦੀ ਆਪਣੇ ਅਕੀਦੇ ਪ੍ਰਤੀ ਸਮਰਪਿਤਾ ਅਤੇ ਅਕੀਦਤ ਪ੍ਰਤੀ ਅਦਬ ਅਤੇ ਅਦਾਇਗੀ। ਮੌਤ ਨੂੰ ਤਾਂ ਟਿੱਚ ਜਾਣਨ ਵਾਲਿਆਂ ਨਾਲ ਮੇਰਾ ਇਹ ਪਹਿਲਾ ਅਤੇ ਸ਼ਾਇਦ ਆਖ਼ਰੀ ਵਾਹ ਹੀ ਹੋਵੇ।

ਤੇ ਇਕ ਹਉਕਾ ਭਰ ਕੇ ਤੱਤੀ ਤਵੀ ਬੋਲੀ ਕਿ ਮੈਂ ਤਾਂ ਆਪਣੇ ਸੱਚੇ ਪਾਤਸ਼ਾਹ ਦੇ ਨਕਸ਼ ਆਪਣੇ ਉੱਪਰ ਉੱਕਰ ਲਏ ਸਨ। ਇਨ੍ਹਾਂ ਨਕਸ਼ਾਂ 'ਚੋਂ ਉੱਠਦੇ ਸੇਕ ਵਿਚੋਂ ਤਾਂ ਆਉਣ ਵਾਲੀਆਂ ਨਸਲਾਂ ਉਸ ਕਰੂਰਤਾ ਨੂੰ ਸੁਣਦੀਆਂ ਅਤੇ ਸਮਝਦੀਆਂ ਹਨ। ਮੈਂ ਆਪਣੇ ਅੰਤਰੀਵ ਰਾਹੀਂ ਨੂਰਾਨੀ ਪੈਗ਼ਾਮ ਹਰ ਤਹਿਜ਼ੀਬ ਦੇ ਵਰਕੇ 'ਤੇ ਉੱਕਰ ਰਹੀ ਹਾਂ। ਪਰ ਮੈਂ ਅਭਾਗਣ ਹੋ ਕੇ ਵੀ ਭਾਗਾਂ ਵਾਲੀ ਹਾਂ ਕਿ ਮੇਰੇ ਨਾਮ ਵਿਚੋਂ ਵੀ ਬੀਤੇ ਦੇ ਨਕਸ਼ ਦਿਖਾਈ ਦਿੰਦੇ ਹਨ।

ਅਤੇ ਗ਼ਮਗੀਨ ਗੋਲੀ ਕਹਿਣ ਲੱਗੀ ਕਿ ਇਹ ਨਿਸ਼ਾਨ ਹੀ ਹੁੰਦੇ ਜੋ ਵਕਤ ਨਾਲ ਨਹੀਂ ਮਿਟਦੇ ਭਾਵੇਂ ਜ਼ਖ਼ਮ ਮਿਟ ਵੀ ਜਾਣ। ਰੂਹਾਂ 'ਤੇ ਲੱਗੇ ਫੱਟ ਕਦੇ ਨਹੀਂ ਮਿਟਦੇ। ਹਰ ਦਮ ਚਸਕਦੇ, ਪੀੜਤ ਕਰਦੇ, ਬੀਤੇ ਨੂੰ ਅੱਖਾਂ ਸਾਹਵੇਂ ਲਿਆ ਖਲਿਆਰਦੇ। ਫਿਰ ਭੂਤ ਦੀ ਕਸ਼ੀਦਗੀ ਵਿਚੋਂ ਬਹੁਤ ਕੁਝ ਪ੍ਰਾਪਤ ਕਰ, ਮੌਜੂਦਾ ਦੌਰ ਦੇ ਵਰਤਾਰਿਆਂ ਨੂੰ ਪਰਿਭਾਸ਼ਿਤ ਕਰਨ ਲੱਗਦੇ। ਅਕੀਦਤ ਯੋਗ ਅਸਥਾਨ 'ਤੇ ਲੱਗੇ ਹੋਏ ਮੇਰੇ ਨਿਸ਼ਾਨ ਅਤੇ ਗੁਰਜੋਤ ਵਿਚ ਉੱਕਰੀ ਮੇਰੀ ਚੰਦਰੀ ਹੋਂਦ ਨੂੰ ਦੇਖ ਕੇ ਮੈਂ ਬਹੁਤ ਝੂਰਨ ਲੱਗਦੀ ਹਾਂ। ਤੂੰ ਸੋਚ ਕਿ ਜਦ ਕੋਈ ਗੁਰ ਜੋਤ ਵਿਚਲੇ ਮੇਰੇ ਨਿਸ਼ਾਨਾਂ ਨੂੰ ਦੇਖਦਾ ਹੋਵੇਗਾ ਜਾਂ ਦੀਵਾਰਾਂ 'ਤੇ ਮੇਰੇ ਨਿਸ਼ਾਨਾਂ ਵੰਨੀ ਕੈੜੀ ਨਜ਼ਰ ਨਾਲ ਦੇਖਦਾ ਹੋਵੇਗਾ ਤਾਂ ਸ਼ਰਧਾਲੂ ਦੇ ਮਨ 'ਤੇ ਕੀ ਬੀਤਦੀ ਹੋਵੇਗੀ? ਇਨ੍ਹਾਂ ਨਿਸ਼ਾਨਾਂ ਨੂੰ ਦੇਖ ਕੇ 'ਕੇਰਾਂ ਜ਼ਰੂਰ ਮਰਦਾ ਹੋਵੇਗਾ ਜਦ ਵੀ ਇਸ ਅਸਥਾਨ ਦੇ ਦਰਸ਼ ਦੀਦਾਰੇ ਲਈ ਆਉਂਦਾ ਹੋਵੇਗਾ ਅਤੇ ਮੈਨੂੰ ਕੋਸਦਾ ਹੋਵੇਗਾ ਭਾਵੇਂ ਕਿ ਮੇਰਾ ਤਾਂ ਕੋਈ ਕਸੂਰ ਨਹੀਂ ਸੀ। ਮੈਂ ਤਾਂ ਕਿਸੇ ਦੀ ਰਖੇਲ ਸਾਂ ਅਤੇ ਇਹ ਤਾਂ ਮਾਲਕ ਦੀ ਮਰਜ਼ੀ ਹੁੰਦੀ ਕਿ ਉਸ ਨੇ ਮੇਰੀ ਵਰਤੋਂ ਕਿਸੇ ਵੈਰੀ ਦੇ ਸ਼ਿਕਾਰ ਲਈ ਕਰਨੀ ਜਾਂ ਆਪਣੇ ਪੈਰਾਂ ਵਿਚ ਆਪਣਿਆਂ ਦੀਆਂ ਲਾਸ਼ਾਂ ਵਿਛਾਉਣੀਆਂ। ਪਰ ਨਾ ਮਿਟਣ ਵਾਲੇ ਮੇਰੇ ਨਿਸ਼ਾਨਾਂ ਨੇ ਸਦੀਆਂ ਤੀਕ ਮੈਨੂੰ ਤੁਹਮਤਾਂ ਲਾਉਂਦੇ ਰਹਿਣਾ ਅਤੇ ਮੈਂ ਬੇਆਬਰੂ ਹੁੰਦੀ ਰਹਿਣਾ। ਪਰ ਮੈਂ ਅਬੋਲ ਕਰ ਵੀ ਕੀ ਸਕਦੀ ਹਾਂ?

ਉਦਾਸੀਨਤਾ ਦੀ ਮੂਰਤ ਬਣੀ ਤੱਤੀ ਤਵੀ ਕਹਿਣ ਲੱਗੀ ਕਿ ਮੈਂ ਆਪਣੇ ਪਾਪਾਂ ਦਾ ਰਿਣ ਉਤਾਰਨ ਅਤੇ ਮਨ ਦਾ ਬੋਝ ਹਲਕਾ ਕਰਨ ਲਈ ਹੁਣ ਲੰਗਰ ਦਾ ਹਿੱਸਾ ਬਣ ਚੁੱਕੀ ਹਾਂ। ਨਿੱਤ ਦਿਨ ਮੈਂ ਲੰਗਰ ਬਣਾਉਂਦੀ ਹਾਂ, ਭੁੱਖਿਆਂ ਨੂੰ ਛਕਾਉਂਦੀ ਹਾਂ, ਗੁਨਾਹਾਂ ਦਾ ਭਾਰ ਘਟਾਉਂਦੀ ਹਾਂ ਅਤੇ ਰੱਬ ਦਾ ਸ਼ੁਕਰ ਮਨਾਉਂਦੀ ਹਾਂ ਕਿ ਮੈਨੂੰ ਇਹ ਸੇਵਾ ਮਿਲੀ ਹੈ। ਵਰਨਾ ਮੈਂ ਤਾਂ ਸਾਰੀ ਉਮਰ ਤਰਾਸਦੀ ਦੀ ਜੂਨ ਹੰਢਾਉਣੀ ਸੀ। ਜਦ ਮੇਰੇ ਉੱਪਰ ਪਕਾਏ ਫੁਲਕੇ ਦੀ ਬੁਰਕੀ ਕਿਸੇ ਭੁੱਖੇ ਦੀ ਅਸੀਸ ਦਾ ਰੂਪ ਧਾਰਦੀ ਹੈ ਤਾਂ ਮੈਂ ਬੀਤੇ ਪਲਾਂ ਨੂੰ ਚਿਤਾਰਦਿਆਂ ਵੀ ਵਰਤਮਾਨ ਵਿਚੋਂ ਸੁਖਨ ਦੀ ਪ੍ਰਾਪਤੀ ਕਰਦੀ ਹਾਂ। ਇਹ ਗੁਰਘਰਾਂ ਦੀ ਦਰਿਆ ਦਿਲੀ ਹੀ ਹੈ ਕਿ ਮੈਂ ਮੇਰੇ ਉੱਪਰ ਬੈਠ ਕੇ ਸ਼ਹਾਦਤ ਪ੍ਰਾਪਤ ਕਰਨ ਵਾਲੇ ਗੁਰੂ ਦੇ ਗੁਰਸਿੱਖਾਂ ਨੇ ਮੈਨੂੰ ਆਪਣੇ ਗਲ਼ ਨਾਲ ਲਾਇਆ ਹੈ। ਮੈਂ ਆਪਣਾ ਹਰ ਪਲ ਅਤੇ ਸਾਹ ਗੁਰੂ ਜੀ ਨੂੰ ਅਰਪਿਤ ਕਰ ਖ਼ੁਦ ਨੂੰ ਧੰਨਭਾਗਾ ਸਮਝਦੀ ਹਾਂ। ਅਰਦਾਸ ਕਰਦੀ ਹਾਂ ਕਿ ਸਾਰੀ ਹਯਾਤੀ ਇੰਝ ਹੀ ਗੁਰੂ ਜੀ ਦੇ ਅਕੀਦੇ ਨੂੰ ਮਨ ਵਿਚ ਵਸਾਈ ਸ਼ੁਕਰਗੁਜ਼ਾਰੀ ਵਿਚੋਂ ਸਾਹਾਂ ਨੂੰ ਸੰਤੋਖਦੀ ਤੁਰ ਜਾਵਾਂ। ਤੇ ਸਿਸਕਦਿਆਂ ਕਹਿਣ ਲੱਗੀ;

ਮੈਂ ਤੱਤੜੀ ਨੇ
ਦਗਦੇ ਚਿਹਰੇ ਅਤੇ ਚੌਂਕੜੇ ਦੇ ਨਕਸ਼
ਆਪਣੇ ਪਿੰਡੇ 'ਤੇ ਖੁਣ ਲਏ
ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ
ਇਨ੍ਹਾਂ ਨਕਸ਼ਾਂ ਵਿਚੋਂ ਨਿਕਲਦੇ
ਸੇਕ ਦੀ ਇਬਾਰਤ ਪੜ੍ਹ ਸਕਣ।

ਉੱਬਲਦੇ ਪਾਣੀ 'ਚ
ਸੀਤ ਦਾ ਮੁਜੱਸਮਾ
ਭਾਫ਼ ਤੇ ਭਵਿੱਖ ਖੁਣਦਾ
ਦੇਗ ਨੂੰ ਸ਼ਬਦ ਸੁਣਾਉਂਦਾ
ਤਸਲੀਮੀ ਤਾਰੀਖ਼ ਸਿਰਜ ਗਿਆ
ਤਾਂ ਕਿ ਉਸ ਦੇ ਵਾਰਸ
ਉੱਬਲਦੇ ਪਾਣੀਆਂ ਦੀ ਤਾਸੀਰ ਨੂੰ
ਮਨ-ਸੋਚਾਂ ਦਾ ਤਖ਼ੱਲਸ ਦੇ ਸਕਣ।

ਰਾਵੀ 'ਚ ਚੁੱਭੀ ਲਾਉਂਦਿਆਂ
ਰੂਹਾਨੀ ਨੂਰ ਨੇ
ਰਾਵੀ ਨੂੰ ਗਲ ਨਾਲ ਲਾ
ਸ਼ਹਾਦਤ ਦੀ ਦਾਸਤਾਂ
ਧਰਤ 'ਚ ਜੀਰਨ ਲਈ ਕਿਹਾ ਹੋਵੇਗਾ
ਤੇ ਦਰਦਵੰਤੀ ਰਾਵੀ
ਹਟਕੋਰੇ ਭਰਦਿਆਂ
ਜੋਤ ਨੂੰ ਆਪਣੇ 'ਚ ਸਮਾ
ਸਦੀਵ-ਸਮਾਧੀ ਤੋਂ ਦੂਰ ਚਲੇ ਗਈ
ਤਾਂ ਕਿ ਉਸ ਦੀਆਂ ਸਿਸਕੀਆਂ
ਸੱਚੇ ਪਾਤਸ਼ਾਹ ਦੀ ਸੁੰਨ-ਸਮਾਧੀ ਨੂੰ ਭੰਗ ਨਾ ਕਰਨ।

ਤੇ ਗੋਲੀ ਨੇ ਤੱਤੀ ਤਵੀ ਨੂੰ ਬੁੱਕਲ ਵਿਚ ਲੈ ਕੇ ਕਿਹਾ ਕਿ ਆ ਆਪਾਂ ਦੋਵੇਂ ਅਰਦਾਸ ਕਰੀਏ ਕਿ ਕਦੇ ਵੀ ਕਾਲੇ ਪਹਿਰਾਂ ਅਤੇ ਤੱਤੀਆਂ ਹਵਾਵਾਂ ਦੀ ਰੁੱਤ ਵਕਤ ਦੇ ਵਿਹੜੇ ਦਸਤਕ ਨਾ ਦੇਵੇਂ। ਸਗੋਂ ਇਸ ਦੇ ਚੌਗਿਰਦੇ ਵਿਚ ਮਹਿਕੀਲੀਆਂ ਰੁੱਤਾਂ ਅਤੇ ਠੰਢੜੀਆਂ ਪੌਣਾਂ ਦਾ ਸੁਰ-ਸੰਗੀਤ ਵੱਜਦਾ ਰਹੇ। ਗੁਰਬਾਣੀ ਦੀ ਨਿਰੰਤਰਤਾ ਮਨ-ਰੂਹਾਂ ਵਿਚ ਵਿਸਮਾਦ ਅਤੇ ਵਜਦ ਪੈਦਾ ਕਰਦੀ ਰਹੇ। ਲੋਹ-ਲੰਗਰ ਸਦਾ ਚੱਲਦਾ ਰਹੇ ਅਤੇ ਅਰਜੋਈਆਂ ਕਰਦੇ ਹਰ ਲੋੜਵੰਦ ਦੀਆਂ ਅਰਦਾਸਾਂ ਪੂਰੀਆਂ ਹੁੰਦੀਆਂ ਰਹਿਣ। ਜੀਣ ਦੀ ਆਰਜਾ ਰਹਿਬਰੀ ਨਿਆਮਤਾਂ ਸੰਗ ਭਰਪੂਰ ਹੋ, ਸਮੁੱਚੀ ਮਾਨਵਤਾ ਦੀ ਸਦੀਵਤਾ ਦੀ ਹਾਮੀ ਭਰਦੀ ਰਹੇ। ਮਨ ਵਿਚ ਕਦੇ ਵੀ ਨਫ਼ਰਤ, ਈਰਖਾ, ਦਵੈਤ ਜਾਂ ਖ਼ੌਫ਼ ਦਾ ਧੁੰਦੂਕਾਰਾ ਨਾ ਹੋਵੇ। ਹਰ ਹੋਠ 'ਤੇ ਸ਼ੁਕਰਾਨੇ ਦਾ ਨਾਦ ਗੂੰਜਦਾ ਰਹੇ ਅਤੇ ਸਰਬੱਤ ਦੇ ਭਲੇ ਦੇ ਬੋਲਬਾਲੇ ਗੁਣਗੁਣਾਉਂਦੇ ਰਹਿਣ।

ਇਹ ਸੁਣਦਿਆਂ ਹੀ ਮੇਰੀ ਅੱਖ ਖੁੱਲ੍ਹ ਗਈ। ਮੈਂ ਸੋਚਣ ਲੱਗਾ ਕਿ ਕਾਸ਼! ਤੱਤੀ ਤਵੀ ਅਤੇ ਗੋਲੀ ਦੇ ਸਾਂਝੇ ਬੋਲ ਹਰ ਸਮੇਂ ਵਿਚ ਸੱਚੇ ਹੋ ਰਹਿਣ। ਮਨ ਵਿਚ ਬੀਤੇ ਦੀਆਂ ਪਰਤਾਂ ਫਰੋਲਦਿਆਂ ਹੀ ਸਵੇਰ ਦੀ ਲੋਅ ਨਿਕਲ ਆਈ।

---

## ਕਵਿ-ਕਿਆਰੀ

### ਨਹੀਂ ਚੇਤਾ ਭੁੱਲਣਾ ਚੁਰਾਸੀ ਜੂਨ ਤੇਰਾ

ਨਾ ਭੁੱਲਣਾ ਹੈ ਭੈੜਾ ਨੀਲਾ ਤਾਰਾ, ਨਾ ਹੀ ਭੁੱਲਣੀ ਹੈ ਜੂਨ ਚੁਰਾਸੀ,
ਕਰਫ਼ਿਊ ਲਾ ਕੇ ਨੂੜ ਪੰਜਾਬ ਨੂੰ, ਸਰਕਾਰ ਨੇ ਕਰੀ ਸੀ ਬਦਮਾਸ਼ੀ।
ਸਾਡੇ ਘਰ ਹੀ ਸਨ ਮਾਰਨ ਆਏ, ਲਾ ਬਹਾਨਾ ਹਥਿਆਰ ਤੈਲਾਸ਼ੀ,
ਘੱਲੂਘਾਰਾ ਵਰਤਾ ਹਰਿਮੰਦਿਰ, ਢਾਹੇ ਅਕਾਲ ਤਖਤ ਅਵਿਨਾਸ਼ੀ।

ਤ੍ਰਬਕੇ ਪਿੰਡ-ਪਿੰਡ ਸ਼ਹਿਰ-ਸ਼ਹਿਰ, ਕਹਿਰ ਕਹਿਰ ਦੇ ਚੱਤੋ ਪਹਿਰ,
ਅਤਿ ਦੀ ਗਰਮ ਸਿਖਰ ਦੁਪਹਿਰ, ਸਾੜਦੀ ਰਹੀ ਲੂਅ ਦੀ ਲਹਿਰ।
ਵਾਂਗ ਕੈਦੀਆਂ ਪੰਜਾਬੀ ਸਨ ਤੂੜੇ, ਫਿਰਕਾਪ੍ਰਸਤੀ ਨੇ ਭਰੀ ਜ਼ਹਿਰ,
ਪਹਿਲਾ ਹਫ਼ਤਾ ਜੂਨ ਚੁਰਾਸੀ ਦਾ, ਉਠਾਈ ਬਰੂਦਾਂ ਚੁਫ਼ੇਰੇ ਗਹਿਰ।

ਅਣਖ ਪੰਜਾਬ ਦੀ ਨੂੰ ਹੱਥ ਪਾ ਕੇ, ਆ ਵੈਰੀ ਨੇ ਸੁੱਤੇ ਜਗਾਏ ਸ਼ੇਰ,
ਯੋਧਿਆਂ ਝੱਟ ਅਰਦਾਸਾ ਸੋਧਿਆ, ਚੁੱਕੀ ਸੰਤਾਲ਼ੀ ਲਾਈ ਨਾ ਦੇਰ।
ਤੜ ਤੜ ਚੱਲਦੀਆਂ ਸੀ ਗੋਲੀਆਂ, ਧੜਾ ਧੜ ਲਾਏ ਲੋਥਾਂ ਦੇ ਢੇਰ ,
ਅਣਿਆਈ ਮੌਤੇ ਮਾਰ 'ਤੇ ਮਸੂਮ, ਹੋਈ ਲੱਥ ਪੱਥ ਪਰਿਕਰਮਾ ਫੇਰ।

ਯੁੱਧ ਹਿੰਦ-ਪੰਜਾਬ ਦਾ ਛਿੜ ਪਏ, ਪਾਕ-ਪਰਿਕਰਮਾ ਬਣੇ ਮੈਦਾਨ,
ਤੇ ਵਾਹਣ ਭੱਜਿਆਂ ਨੂੰ ਇੱਕੋ ਜਿਹੇ, ਆਹਮੋ-ਸਾਹਮਣੇ ਡਟੇ ਜਵਾਨ।

ਤੋਪ ਵਰਸਾਏ ਗੋਲ਼ੇ ਮੀਂਹ ਵਾਂਗਰਾਂ, ਉਡੇ ਲੋਥੜੇ ਪੱਤੇ ਜਿਉਂ ਤੂਫ਼ਾਨ,
ਜੈਕਾਰੇ ਬੋਲੇ ਸੋ ਨਿਹਾਲ ਦੇ ਛੱਡਦੇ, ਖਾਲਸੇ ਕਰਦੇ ਗਏ ਪ੍ਰਸਥਾਨ।

ਦੌਰ ਸਖਤੀਆਂ ਵਾਲ਼ਾ ਸੀ ਚੱਲਿਆ, ਖੌਲਦੇ ਸੀ ਦੇਖ ਖੂਨ ਪੰਜਾਬੀ,
ਚੱਪਾ ਚੱਪਾ ਸਤਲੁਜ ਦਾ ਰੰਗਿਆ, ਬਿਆਸ 'ਚ ਡੋਬੀ ਪੱਤ ਨਵਾਬੀ।
ਪੱਤਣ ਬਣ ਕੇ ਗਵਾਹ ਕਰਤੂਤ ਦਾ, ਕੁਰਲਾਇਆ ਸੀ ਰੂਪ ਸ਼ਬਾਬੀ,
ਹੰਢਾਇਆ ਵੈਣਾਂ ਦਾ ਇੱਕ ਯੁੱਗ, ਮੁਰਝਾਇਆ ਸੀ ਫੁੱਲ ਗੁਲਾਬੀ।

ਸੁੱਖ ਭੋਗਿਆ ਦੇਹ ਬਲ਼ੀ ਦੇ ਬੂਤੇ, ਪਰ ਸਿਆਸਤਾਂ ਨੇ ਮੁੱਲ ਪਾਏ ਨਾ,
ਅੰਜਾਈਂ ਚਲ ਗਏ ਭੰਗ ਦੇ ਭਾੜੇ, ਕਦੇ ਖਿਆਲ ਉਨ੍ਹਾਂ ਦੇ ਆਏ ਨਾ।
ਅਕ੍ਰਿਤਘਣਾਂ ਰਲ਼ ਸਾਜਿਸ਼ ਕੀਤੀ, ਮੁੱਦੇ ਅੰਜ਼ਾਮਾਂ ਤੱਕ ਪਹੁੰਚਾਏ ਨਾ,
ਗਿਰਗਿਟ ਵਾਂਗੂੰ ਰੋਜ਼ ਬਦਲ ਕੇ, ਪਰ ਰੰਗ ਚੜ੍ਹ ਮਜੀਠੇ ਆਏ ਨਾ।

*-ਸੇਵਾ ਸਿੰਘ 'ਨੂਰਪੁਰੀ'*

---

### ਜੇਠ ਮਹੀਨਾ

ਠੰਡੇ ਠਾਰ ਤੇ ਸੀਤਲ ਰਹੀਏ, ਭਾਵੇਂ ਆਵੇ ਜੇਠ ਮਹੀਨਾ।
ਲੋਹੇ ਲਾਖੇ ਕਦੇ ਨਾ ਹੋਈਏ, ਕੋਮਲ ਰੱਖੀਏ ਆਪਣਾ ਸੀਨਾ।

ਤਪਦੇ ਏਸ ਮਹੀਨੇ ਦੇ ਵਿਚ, ਗੁਰੂ ਅਰਜਨ ਦਿੱਤੀ ਕੁਰਬਾਨੀ।
ਤੱਤੇ ਰੇਤ ਦੇ ਕੜਛੇ ਪੈਂਦੇ, ਸੀ ਬਲੀਦਾਨ ਬੜਾ ਲਾਸਾਨੀ।
ਤੱਤੀ ਤਵੀ 'ਤੇ ਬਹਿ ਕੇ ਉਨ੍ਹਾਂ, ਮੁੱਖੋਂ ਮੂਲੋਂ ਸੀਅ ਨਾ ਕੀਤੀ।
ਲਿਖ ਨਾ ਸਕਦੀ ਕਾਨੀ ਮੇਰੀ, ਨਾਲ ਗੁਰੂ ਦੇ ਜੋ ਵੀ ਬੀਤੀ।

ਜੂਨ ਮਹੀਨਾ ਸਾਲ ਚੁਰਾਸੀ, ਸਿੱਖਾਂ ਉੱਤੇ ਬਿਪਤਾ ਭਾਰੀ।
ਗੋ਼ਲੀਆਂ ਚੱਲਣ ਚਾਰੇ ਪਾਸੇ, ਸੁਖਮਨੀ ਸਾਹਿਬ ਜਾਣ ਉਚਾਰੀ।

ਦੱਸਿਆ ਸਾਡੇ ਗੁਰਾਂ ਨੇ ਸਾਨੂੰ, ਹਿੰਮਤ ਕਦੇ ਨਾ ਹਾਰੋ ਭਾਈ।
ਓਹੀ ਸੱਚੇ ਸਿੱਖ ਗੁਰੂ ਦੇ, ਚੱਲਦੇ ਨੇ ਜੋ ਹੁਕਮ ਰਜ਼ਾਈ।

ਆਵੇ ਪਤਝੜ ਹੋਵੇ ਵਰਖਾ, ਜਾਂ ਆ ਜਾਏ ਸਰਦੀ ਗਰਮੀ।
ਹਿਰਦਾ ਜੋ ਇਕਸਾਰ ਰਖੇਂਦਾ, ਉਹ ਬੰਦਾ ਹੈ ਅਸਲੀ ਧਰਮੀ।

*-ਪ੍ਰੋ. ਨਵ ਸੰਗੀਤ ਸਿੰਘ*
*ਫੋਨ: 94176-92015*

# ਮਹਿਫ਼ਲਾਂ ਦਾ ਸਰਦਾਰ ਸੀ ਰਛਪਾਲ ਸਿੰਘ ਗਿੱਲ

ਮਿੱਤਰਾਂ ਵਿਚ ਅਮਰਗੜ੍ਹ ਦੇ ਨੇੜੇ ਝੂੰਦਾਂ ਪਿੰਡ ਹਰਿੰਦਰ ਸਿੰਘ ਮਹਿਬੂਬ ਦੇ ਨਾਮ ਨਾਲ ਜਾਣਿਆ ਜਾਂਦਾ ਰਿਹਾ ਹੈ ਅਤੇ ਇਸ ਵਾਸਤੇ ਯਾਦਗਾਰੀ ਭਵਨ ਪਿੰਡ ਝੂੰਦਾਂ ਵਿਖੇ ਉਸਾਰਿਆ ਹੋਇਆ ਹੈ। ਉਥੇ ਹਰ ਸਾਲ ਮਿੱਤਰਾਂ ਦਾ ਇਕੱਠ ਰਛਪਾਲ ਸਿੰਘ ਗਿੱਲ ਦੀ ਅਗਵਾਈ ਵਿਚ ਹੁੰਦਾ ਰਿਹਾ ਹੈ। ਮੇਰੇ ਤੋਂ ਛੇ ਸਾਲ ਛੋਟੇ ਰਛਪਾਲ ਗਿੱਲ ਦੇ ਕੈਨੇਡਾ ਬੀ.ਸੀ ਦੇ ਸ਼ਹਿਰ ਐਬਸਫੋਰਡ ਵਿਚ ਆਖਰੀ ਫਤਹਿ ਬੁਲਾਉਣ ਦੀ ਖਬਰ ਗੁਰਦਿਆਲ ਬੱਲ ਨੇ ਤਿੰਨ ਜੂਨ ਸ਼ਾਮ ਨੂੰ ਦੇਂਦਿਆਂ ਕਿਹਾ ਸੀ ਕਿ ਗਿੱਲ ਸਾਹਿਬ ਦੋ ਜੂਨ ਨੂੰ ਵਿਛੋੜਾ ਦੇ ਗਏ ਹਨ।

ਅਰਬਨ ਐਸਟੇਟ ਪਟਿਆਲਾ ਵਿਖੇ ਬੱਲ ਦੇ ਘਰ ਤੋਂ ਹੀ ਗਿੱਲ ਸਾਹਿਬ ਨਾਲ ਨੇੜਤਾ ਦੀ ਸ਼ੁਰੂਆਤ ਹੋਈ ਸੀ। ਉਹ ਮਹਿਬੂਬ ਸਾਹਿਬ ਨੂੰ ਨਾਲ ਲੈ ਕੇ ਆਏ ਹੋਏ ਸਨ। ਉਸੇ ਦਿਨ ਹੀ ਮੈਨੂੰ ਲੱਗਿਆ ਸੀ ਕਿ ਗਿੱਲ ਸਾਹਿਬ ਮਹਿਫਲਾਂ ਦੇ ਜਨਕ ਵੀ ਹਨ ਅਤੇ ਮਹਿਫਲਾਂ ਦਾ ਸ਼ਿੰਗਾਰ ਵੀ ਹਨ। ਫਿਰ ਤਾਂ ਗਿੱਲ ਸਾਹਿਬ ਦੀਆਂ ਬਹੁਤੀਆਂ ਸ਼ਾਮਾਂ ਅਰਬਨ ਐਸਟੇਟ



ਬਲਕਾਰ ਸਿੰਘ ਪ੍ਰੋਫੈਸਰ
ਫੋਨ: +91-93163-01328

ਹੀ ਲੰਘਣ ਲਗ ਪਈਆਂ ਸਨ। ਛੇਤੀ ਹੀ ਇਹ ਪਤਾ ਲੱਗ ਗਿਆ ਸੀ ਕਿ ਗਿੱਲ ਨੂੰ ਮਹਿਬੂਬ ਵਾਲੀ ਅਦਬੀ ਮਹਿਫਲ ਅਤੇ ਬੱਲ ਵਾਲੀ ਦਾਰੂ ਮਹਿਫਲ ਨਾਲ ਇਕੋ ਜਿੰਨੀ ਮੁਹਾਰਤ ਨਾਲ ਨਿਭਣ ਦਾ ਸਲੀਕਾ ਆਉਂਦਾ ਸੀ। ਦੋਹਾਂ ਹੀ ਮਹਿਫਲਾਂ ਵਿਚ ਗਿੱਲ ਦੀ ਹਿੱਸੇਦਾਰੀ ਸਰੋਤੇ ਵਾਂਗ ਵਧੇਰੇ ਹੁੰਦੀ ਸੀ। ਮਿਲਦਿਆਂ-ਗਿਲਦਿਆਂ ਸਮਝ ਆਉਣ ਲੱਗ ਪਿਆ ਸੀ ਕਿ ਗਿੱਲ ਦਾ ਜ਼ਿੰਦਗੀ ਦੇ ਖੂਬਸੂਰਤ ਸਰੋਕਾਰਾਂ ਨਾਲ ਆਸ਼ਕੀ ਵਰਗਾ ਰਿਸ਼ਤਾ ਸੀ। ਜਦੋਂ ਹਸਪਤਾਲ ਵਿਚ ਸਪੋਰਟ ਸਿਸਟਮ ਨਾਲ ਗਿੱਲ ਜੂਝ ਰਿਹਾ ਸੀ, ਉਸ ਵੇਲੇ ਮੈਂ ਉਹਨੂੰ ਇਕ ਪਾਕਿਸਤਾਨੀ ਸ਼ਾਇਰਾ ਦੀ ਉਹ ਗ਼ਜ਼ਲ ਸੋਸ਼ਲ ਮੀਡੀਆ 'ਤੇ ਭੇਜੀ ਸੀ, ਜਿਸ ਦੇ ਇਸ ਸ਼ੇਅਰ ਨੇ ਮੈਨੂੰ ਪ੍ਰਭਾਵਿਤ ਕੀਤਾ ਸੀ ਕਿ ਕੁੜੀ ਜਵਾਨ ਹੋ ਰਹੀ ਹੋਵੇ ਤਾਂ ਊਂਧੀ ਪਾ ਕੇ ਤੁਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਮੁੰਡਾ ਜਵਾਨ ਹੋ ਰਿਹਾ ਹੋਵੇ ਤਾਂ ਗਰਦਨ ਅਕੜਾ ਕੇ ਤੁਰਨਾ ਸ਼ੁਰੂ ਕਰ ਦਿੰਦਾ ਹੈ। ਹੁੰਗਾਰਾ ਨਾ ਆਉਣ 'ਤੇ ਹੈਰਾਨੀ ਹੋਈ ਸੀ, ਕਿਉਂਕਿ ਅਕਸਰ ਉਸ ਵਲੋਂ ਵੇਖ ਲੈਣ ਦੇ ਸੰਕੇਤ ਆ ਜਾਂਦੇ ਸਨ। ਤੁਰ ਜਾਣ ਦਾ ਪਤਾ ਲੱਗਿਆ ਤਾਂ ਮੈਨੂੰ ਮੀਰ ਤਕੀ ਮੀਰ ਦਾ ਸ਼ੇਅਰ 'ਸਿਰਹਾਨੇ ਮੀਰ ਕੇ ਜ਼ਰਾ ਆਇਸਤਾ ਬੋਲੋ, ਟੁਕ ਰੋਤੇ ਰੋਤੇ ਸੋ ਗਿਆ ਹੈ' ਬੜਾ ਯਾਦ ਆਇਆ। ਏਸੇ ਨੂੰ ਮੈਂ 'ਟੁਕ ਹਸਤੇ ਹਸਤੇ ਸੋ ਗਿਆ ਹੈ' ਵਜੋਂ ਸਾਂਝਾ ਕਰਨਾ ਚਾਹੁੰਦਾ ਹਾਂ। ਏਸੇ ਕਰਕੇ ਤਾਂ ਮੈਨੂੰ ਉਹ ਮਿੱਤਰਾਂ ਦੀਆਂ ਮਹਿਫਲਾਂ ਦੇ ਜਨਕ ਅਤੇ ਸ਼ਿੰਗਾਰ ਲੱਗਦੇ ਰਹੇ ਸਨ। ਉਹ ਲਿਬਰਲ ਸਿੱਖ ਸਨ ਅਤੇ ਧਰਮ ਨਾਲ ਨਿਭਣ ਦੀ ਕੋਸ਼ਿਸ਼ ਸੰਜੀਦਗੀ ਨਾਲ ਕਰਦੇ ਸਨ ਅਤੇ ਨਾਲੋ-ਨਾਲ ਸਭਿਆਚਾਰਕ ਸੁਰ ਵਿਚ ਜਿਊਣ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹਿੰਦੇ ਸਨ। ਉਨ੍ਹਾਂ ਨੂੰ ਇਹ ਸ਼ੈਲੀ ਭਾਸ਼ਾ ਵਿਭਾਗ ਵਿਚ ਕੰਮ ਕਰਦਿਆਂ ਬਹੁਤ ਕੰਮ ਆਈ ਸੀ, ਜਿਥੋਂ ਉਹ ਭਾਸ਼ਾ ਵਿਭਾਗ ਪਟਿਆਲਾ ਦੇ ਡਾਇਰੈਕਟਰ ਵਜੋਂ ਸੇਵਾ ਮੁਕਤ ਹੋਏ ਸਨ।

ਮੈਂ ਗਿੱਲ ਪਰਿਵਾਰ ਦਾ ਭੇਤੀ ਹੋ ਕੇ ਮਹਿਸੂਸ ਕਰਦਾ ਰਿਹਾ ਹਾਂ ਕਿ ਏਧਰ-ਓਧਰ ਖਿਲਰ ਜਾਣ ਦੇ ਬਾਵਜੂਦ ਇਕੋ ਪਰਿਵਾਰ ਵਾਂਗ ਹਾਜ਼ਰ ਤੇ ਗੈਰ-ਹਾਜ਼ਰ ਸਾਰੇ ਗਿੱਲ ਝੂੰਦਾਂ ਪਿੰਡ ਵਿਚ ਇਕੱਠੇ ਰਹਿੰਦੇ ਹਨ। ਇਹ ਸਹਿਯੋਗੀ ਅਤੇ ਮੁਹੱਬਤੀ ਪੰਜਾਬੀਅਤ ਅਜ-ਕਲ੍ਹ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। ਇਸ ਵਿਚੋਂ ਹੀ ਨਿਕਲੀ ਹੋਈ ਸੀ ਰਛਪਾਲ ਦੀ ਸੰਵੇਦਨ-ਸ਼ੈਲੀ। ਉਹ ਆਪਸੀ ਲੜਾਈਆਂ ਦੀ ਜੜ੍ਹ ਹਉਮੈਂ ਨਾਲ ਤੁਰਨਾ ਬੇਸ਼ਕ ਸਿੱਖ ਗਏ ਸਨ ਅਤੇ ਜਿਥੇ ਆਪਸੀ ਵਿਰੋਧ ਭਖ ਜਾਏ ਉਥੋਂ ਕਿਨਾਰਾ ਕਰ ਲੈਂਦੇ ਸਨ। ਜਿੰਨੀ ਸਫਲਤਾ ਨਾਲ ਉਸ ਨੇ ਨੌਕਰੀ ਕੀਤੀ ਸੀ, ਓਨੀ ਹੀ ਸਫਲਤਾ ਨਾਲ ਉਸ ਦਾ ਪਰਿਵਾਰ ਪਿੰਡ ਵਿਚ ਖੇਤੀ ਕਰਦਾ ਆ ਰਿਹਾ ਹੈ। ਅਰਬਨ ਐਸਟੇਟ ਪਟਿਆਲਾ ਨਾਲ ਜਿਹੜਾ ਰਿਸ਼ਤਾ ਬੱਲ ਦੇ ਘਰ ਤੋਂ ਸ਼ੁਰੂ ਹੋਇਆ ਸੀ, ਉਹ ਡਾ. ਹਰੀ ਸਿੰਘ ਰਾਹੀਂ ਗਿੱਲ ਨੇ ਆਖਰੀ ਸਾਹਾਂ ਤੱਕ ਨਿਭਾਇਆ ਸੀ। ਉਸ ਨਾਲ ਜੁੜੀਆਂ ਯਾਦਾਂ ਦੀ ਦਾਸਤਾਨ ਨੂੰ ਇਕ ਲੜੀ ਵਿਚ ਪਰੋਣਾ ਸੌਖਾ ਨਹੀਂ ਹੈ, ਕਿਉਂਕਿ ਉਹ ਜਿੰਨੀ ਸੌਖ ਅਤੇ ਸ਼ੌਕ ਨਾਲ ਕਵਿਤਾਵਾਂ ਸੁਣ ਸਕਦੇ ਸਨ, ਓਸੇ ਸ਼ੌਕ ਨਾਲ ਫੁਟਬਾਲ ਦਾ ਮੈਚ ਵੀ ਵੇਖ



ਰਛਪਾਲ ਸਿੰਘ ਗਿੱਲ, ਗੁਰਦਿਆਲ ਸਿੰਘ ਬੱਲ ਅਤੇ ਉਨ੍ਹਾਂ ਦੇ ਨਾਲ ਖੜ੍ਹਾ ਨਜ਼ਰ ਆ ਰਿਹਾ ਹੈ ਬਲਬੀਰ ਸਿੰਘ ਹਾਕੀ ਓਲੰਪੀਅਨ (ਰੇਲਵੇ ਵਾਲਾ)।

ਸਕਦੇ ਸਨ। ਜਿਸ ਨਾਲ ਨਿਭਣ ਵਿਚ ਗਿੱਲ ਨੂੰ ਔਖ ਮਹਿਸੂਸ ਹੁੰਦੀ ਸੀ, ਉਹ ਉਸ ਪਾਸੇ ਜਾਂਦੇ ਸਾਰੇ ਰਸਤੇ ਹੀ ਬੰਦ ਕਰ ਦੇਂਦੇ ਸਨ। ਉਚੀ ਬੋਲਣਾ ਅਤੇ ਉਚੀ ਸੁਣਨਾ ਉਸ ਨੂੰ ਬਿਲਕੁਲ ਪਸੰਦ ਨਹੀਂ ਸੀ।

ਪ੍ਰਾਹੁਣਾਚਾਰੀ ਉਸ ਨੂੰ ਪਰਿਵਾਰਕ ਖਾਸੀਅਤ ਜਾਂ ਪਿਤਾ ਪੁਰਖੀ ਮਿਲੀ ਹੋਈ ਸੀ। ਉਸ ਦੇ ਸਹਿਚਾਰੀਆਂ ਵਿਚ ਪਟਿਆਲੇ ਦਾ ਹਰ ਉਹ ਬੰਦਾ ਸ਼ਾਮਲ ਸੀ, ਜਿਹੜਾ ਕਿਸੇ ਵੱਖਰੀ ਪਛਾਣ ਦਾ ਪ੍ਰਤੀਨਿਧ ਸੀ। ਖਾਸੀਅਤਾਂ ਦੇ ਉਲਾਰ ਵਿਚ ਵਹਿ ਜਾਣ ਵਾਲਿਆਂ ਨੂੰ ਵੇਖ ਕੇ ਅਣਡਿੱਠ ਕਰਨ ਦੀ ਕੋਸ਼ਿਸ਼ ਸਫਲ ਹੁੰਦੀ ਨਾ ਦਿਸੇ ਤਾਂ ਉਹ ਪਾਸਾ ਵੱਟ ਕੇ ਲੰਘਣਾ ਸ਼ੁਰੂ ਕਰ ਦੇਂਦੇ ਸਨ। ਸ਼ਿਕਾਇਤੀ ਖਿੜਕੀ 'ਤੇ ਖਲੋਣ ਦੀ ਆਦਤ ਨਾਲ ਨਿਭਣ ਤੋਂ ਇਨਕਾਰੀ ਹੋਣ ਦਾ ਸਹਿਜ ਉਸ ਨੇ ਸਦਾ ਹੰਢਾਇਆ ਸੀ। ਕੁਲ ਮਿਲਾ ਕੇ ਗਿੱਲ ਖੁਸ਼ੀਆਂ ਵੰਡਦਾ ਰਿਹਾ ਸੀ ਅਤੇ ਗਮੀਆਂ ਨੂੰ ਚੁਪਕੇ ਭੁਗਤਦਾ ਰਿਹਾ ਸੀ। ਇਸ ਵਾਰੀਂ ਪਟਿਆਲੇ ਆਇਆ ਤਾਂ ਬਹੁਤ ਘੱਟ ਮਿਲਿਆ ਸੀ। ਤੁਰ ਗਿਐ ਤਾਂ ਪਤਾ ਲੱਗ ਰਿਹਾ ਹੈ ਕਿ ਉਹ ਸਰੀਰਕ ਤੌਰ 'ਤੇ ਠੀਕ ਨਹੀਂ ਸੀ। ਆਪਣੇ ਕਨੇਡੀਅਨ ਡਾਕਟਰ ਦੇ ਸੰਪਰਕ ਵਿਚ ਰਹਿੰਦਾ ਸੀ ਅਤੇ ਮੈਡੀਕਲ ਸਲਾਹ 'ਤੇ ਹੀ ਉਸ ਨੂੰ ਵਾਪਸ ਜਾਣਾ ਪਿਆ ਸੀ ਕਿਉਂਕਿ ਉਸ ਨੂੰ ਸਾਹ ਲੈਣ ਵਿਚ ਤਕਲੀਫ ਹੋਣ ਲੱਗ ਪਈ ਸੀ। ਉਸ ਦੇ ਸਮਕਾਲੀਆਂ ਵਿਚ ਪੁਸਤਕ ਸਭਿਆਚਾਰ ਦੇ ਬਹੁਰੰਗੇ ਦੋਸਤਾਂ ਦੇ ਦੁਸ਼ਮਨ ਵੀ ਸ਼ਾਮਲ ਸਨ। ਦੁਸ਼ਮਨ ਨੂੰ ਅਸਹਿਮਤ ਪੜ੍ਹਨਾ ਵਧੇਰੇ ਠੀਕ ਹੋਵੇਗਾ। ਵਿਸਥਾਰ ਵਿਚ ਜਾਏ ਬਿਨਾ ਇਹ ਕਹਿਣਾ ਚਾਹ ਰਿਹਾ ਹਾਂ ਕਿ ਉਨ੍ਹਾਂ ਵਿਚ ਪੜ੍ਹੇ ਲਿਖੇ ਕੱਟੜਵਾਦੀ ਅਤੇ ਲਿਬਰਲ ਸ਼ਾਮਲ ਸਨ। ਪੜ੍ਹਤ ਦੇ ਭਾਰ ਹੇਠ ਦੱਬੇ ਹੋਇਆਂ ਤੋਂ ਦੂਰ ਰਹਿਣਾ ਉਹ ਪਸੰਦ ਕਰਦੇ ਸਨ ਕਿਉਂਕਿ ਉਸ ਨੂੰ ਅਜਿਹੇ ਲੋਕਾਂ ਦਾ ਵੀ ਪਤਾ ਸੀ ਜਿਹੜੇ ਸਮਝਦੇ ਸਨ ਕਿ ਸੂਚਨਾ ਅਤੇ ਸਮਝ ਵਿਚਲੇ ਫਰਕ ਨੂੰ ਮੇਟੇ ਬਿਨਾ ਗਲ ਵੱਢਵੇਂ ਮੁਕਾਬਲਿਆਂ ਤੋਂ ਬਚਿਆ ਨਹੀਂ ਜਾ ਸਕਦਾ। ਇਹੋ ਜਿਹਾ ਇਕ ਲਤੀਫਾ ਪੰਜਾਬੀ ਯੂਨੀਵਰਸਿਟੀ ਵਿਚ ਇਹ ਚੱਲਿਆ ਸੀ ਕਿ ਪੜ੍ਹੇ ਲਿਖੇ ਕਮਲਿਆਂ ਨਾਲ ਵੈਰ ਵਿੱਢਣ ਦੀ ਥਾਂ ਉਨ੍ਹਾਂ ਨੂੰ ਮੁਫਤ ਕਾਫੀ ਵਾਲਾ ਕਾਫੀ ਹਾਊਸ ਖੋਲ੍ਹ ਦਿਉ, ਆਪੇ ਪੀ ਪੀ ਕੇ ਮਰ ਜਾਣਗੇ।

ਗਿੱਲ ਵਰਗੀਆਂ ਰੱਜੀਆਂ-ਪੁੱਜੀਆਂ ਰੂਹਾਂ ਨੂੰ ਸਿਧਾਂਤਕੀ ਦੀ ਘੋੜ-ਦੌੜ ਦੇ ਉਲਾਰ ਵਿਚ ਨਹੀਂ ਉਲਝਣਾ ਚਾਹੀਦਾ ਅਤੇ ਉਹ ਨਹੀਂ ਉਲਝੇ ਸਨ। ਹਿਜਰਤੀ ਦੁਸ਼ਵਾਰੀਆਂ ਬਾਰੇ ਉਸ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਅਤੇ ਇਸ ਬਾਰੇ ਕਦੇ ਗੱਲ ਵੀ ਨਹੀਂ ਕਰਦਾ ਸੀ। ਮੈਂ ਉਸ ਨੂੰ ਉਸ ਦੇ ਪੁੱਤਰ ਦੇ ਘਰ ਮਿਲਣ ਗਿਆ ਸੀ ਐਬਸਫੋਰਡ। ਸੰਤੁਸ਼ਟ ਲੱਗਦਾ ਸੀ ਪਰ ਮੈਂ ਉਸ ਵਿਚੋਂ ਕੁਝ ਹੋਰ ਹੀ ਭਾਲਦਾ ਰਿਹਾ ਸੀ। ਮੇਰਾ ਕਨੇਡੀਅਨ ਬੇਟਾ ਬਲਜੀਤ ਸਿੰਘ ਬਦੇਸ਼ਾ ਮੇਰੇ ਨਾਲ ਸੀ। ਸਾਡੇ ਵਰਗੀ ਪਟਿਆਲਵੀ ਸਾਂਝ ਸਾਡੇ ਚਾਹੁਣ ਦੇ ਬਾਵਜੂਦ ਸਾਡੇ ਬੇਟਿਆਂ ਵਿਚ ਹੋਣ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਲੱਗਦੀਆਂ ਸਨ। ਸਰੀ ਦੇ ਗੁਰੂਘਰ ਵਿਖੇ ਉਹ ਮੈਨੂੰ ਮਿਲੇ ਸਨਮਾਨ ਸਮਾਰੋਹ ਵਿਚ ਹਾਜ਼ਰ ਹੋਇਆ ਸੀ ਅਤੇ ਐਤਵਾਰ ਅੱਠ ਜੂਨ 2025 ਨੂੰ ਉਸੇ ਗੁਰੂਘਰ ਵਿਚ ਪੰਜਾਬ, ਅਮਰੀਕਾ ਅਤੇ ਕੈਨੇਡਾ ਤੋਂ ਪਹੁੰਚੇ ਉਸ ਦੇ ਸਨੇਹੀਆਂ ਵਲੋਂ ਉਸ ਨੂੰ ਅੰਤਿਮ ਸ਼ਰਧਾਂਜਲੀ ਅਰਪਿਤ ਕੀਤੀ ਗਈ ਹੈ। ਕੈਨੇਡਾ ਵਿਚ ਇਹ ਆਖਰੀ ਰਸਮ ਸਿੱਖ ਰੰਗ ਵਿਚ ਨਿਭਾਈ ਗਈ। ਉਂਜ ਰਸਮਾਂ ਨਾਲ ਜਾਣ ਵਾਲੇ ਦਾ ਭਲਾ ਕੀ ਸਬੰਧ? ਜਿਸ ਸਫਰ 'ਤੇ ਉਹ ਨਿਕਲ ਗਿਆ ਹੈ, ਉਸ ਦੀਆਂ ਪੈੜਾਂ ਨੂੰ ਨੱਪਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਮਿੱਤਰ ਮੰਡਲੀ ਵਿਚੋਂ ਉਸ ਦੀ ਗੈਰ ਹਾਜ਼ਰੀਆਂ ਦੀਆਂ ਗੱਲਾਂ ਹੁੰਦੀਆਂ ਰਹਿਣੀਆਂ ਹਨ। ਗਿੱਲ ਦੀਆਂ ਯਾਦਾਂ ਦਾ ਸਕਰਮਕ ਦੌਰ ਬੇਸ਼ਕ ਮੁਕ ਗਿਆ ਹੈ ਪਰ ਉਸ ਦੀਆਂ ਯਾਦਾਂ ਦਾ ਮੁਹੱਬਤੀ ਪ੍ਰਸੰਗ ਤਾਂ ਬਣਿਆ ਹੀ ਰਹਿਣਾ ਹੈ। ਪਰਿਵਾਰ ਨੂੰ ਇਸ ਵਿਛੋੜੇ ਨਾਲ ਭਾਣੇ ਵਿਚ ਨਿਭਣਾ ਪੈਣਾ ਹੈ। ਗਿੱਲ ਦੀ ਉਹ ਮੁਸਕਰਾਹਟ ਜਿਹੜੀ ਉਹ ਗੱਲ-ਬਾਤ ਵੇਲੇ ਵਰਤਦਾ ਰਹਿੰਦਾ ਸੀ, ਉਸ ਨੂੰ ਅੱਖਰਾਂ ਵਿਚ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਹਿਸਾਸ, ਕੇਵਲ ਰੂਹ ਨਾਲ ਮਹਿਸੂਸ ਕਰਕੇ ਹੀ ਜ਼ਿੰਦਾ ਰੱਖੇ ਜਾ ਸਕਦੇ ਹਨ। ਅਲਵਿਦਾ ਪਿਆਰੇ ਰਛਪਾਲ ਸਿੰਘ ਗਿੱਲ ਅਲਵਿਦਾ। ਗੁਰੂ ਜੀ ਅੰਗ-ਸੰਗ ਹੋਵਨ ਦੀ ਅਰਦਾਸ ਹੈ।

# ਰਹਣੁ ਕਥਾਊ ਨਾਹਿ

ਕਈ ਸਦੀਆਂ ਪਹਿਲਾਂ ਉਚਾਰੇ ਗਏ ਬਾਬਾ ਸ਼ੇਖ ਫਰੀਦ ਦੇ ਸ਼ਬਦਾਂ ਨੂੰ ਦੁਹਰਾਇਆ ਜਾਂਦਾ ਹੈ ਤਾਂ ਮਨ ਵਿਚ ਕਈ ਤਰ੍ਹਾਂ ਦੇ ਭਾਵ ਪੈਦਾ ਹੁੰਦੇ ਹਨ। ਇਹ ਭਾਵ ਜਾਂ ਵਿਚਾਰ ਤਕਰੀਬਨ ਸਾਡੀ ਉਸ ਵੇਲੇ ਦੀ ਸੋਚ ਮੁਤਾਬਿਕ ਹੀ ਹੁੰਦੇ ਹਨ। ਜਿਵੇਂ ਕੋਈ ਜ਼ਿੰਦਗੀ ਦਾ ਆਨੰਦ ਲੈ ਰਿਹਾ ਇਨਸਾਨ ਤਾਂ ਸੋਚੇਗਾ ਕਿ ਕਿਓਂ ਭਲਾ? ਕਿਓਂ ਰਹਿਣ ਨੂੰ ਥਾਂ ਨਹੀਂ, ਸਾਰੀ ਦੁਨੀਆਂ ਰਹਿਣ ਵਾਸਤੇ ਹੀ ਤਾਂ ਹੈ! ਕਿੰਨੀ ਵਿਸ਼ਾਲ, ਖੂਬਸੂਰਤ, ਹਰਿਆਲੀ ਤੇ ਰੰਗ ਰੰਗੀਲੀ ਧਰਤੀ, ਰੰਗ-ਰੂਪ ਤੇ ਸੁਭਾਅ ਬਦਲਦੇ ਨੀਲੇ ਅੰਬਰ, ਸੋਹਣੀਆਂ ਬਦਲੀਆਂ ਤੋਂ ਰਿਮ-ਝਿਮ ਵੱਸਦੀ ਅਚੰਭਿਤ ਕਰਦੀ ਬਾਰਿਸ਼ ਵਾਲੀ ਧਰਤੀ ਅਜੂਬਾ ਹੀ ਤਾਂ ਹੈ! ਧਰਤੀ ਨੂੰ ਘੁੱਟ ਕੇ ਫੜੀ ਬੈਠੇ ਵੱਡੇ ਵੱਡੇ ਬਰਫ਼ਾਂ ਦੀਆਂ ਮੋਟੀਆਂ ਚਾਦਰਾਂ ਦੀਆਂ ਬੁੱਕਲਾਂ ਮਾਰੀ ਬੈਠੇ

ਅਰਤਿੰਦਰ ਸੰਧੂ

ਪਰਬਤ, ਪਰਬਤਾਂ ਦੀਆਂ ਵੱਖੀਆਂ ਵਿਚੋਂ ਰਿਸਦੀਆਂ ਧੁੰਦਾਂ ਤੇ ਉਨ੍ਹਾਂ ਉਹਲਿਓਂ ਫੁੱਟਦੀਆਂ, ਨੱਚਦੀਆਂ ਗਾਉਂਦੀਆਂ ਨਦੀਆਂ।ਧਰਤੀ ਵਿਚ ਅਭੋਲ ਜਿਹੇ ਸਿਰ ਚੁੱਕ ਕੇ ਹਰੀਆਂ ਪੱਤੀਆਂ ਪਿੱਛੋਂ ਮੁਸਕਰਾਉਂਦੇ ਰੰਗ-ਬਿਰੰਗੇ ਫੁੱਲ! ਜ਼ਿੰਦਗੀ ਦੇ ਇਸ ਤਲਿਸਮ ਨੂੰ ਰੇਸ਼ਮੀ ਕਿਰਨਾਂ ਨਾਲ ਜਗਾਉਂਦਾ, ਹਸਾਉਂਦਾ ਤੇ ਪਾਲਦਾ ਸੁਨਹਿਰੀ ਸੂਰਜ! ਛਲਕਦਾ, ਮਟਕਦਾ, ਉੱਛਲਦਾ ਹਾਸਿਆਂ ਦੀਆਂ ਲਹਿਰਾਂ ਹੇਠ ਮਚਲਦਾ ਸਮੁੰਦਰ! ਅਨੇਕ ਰੰਗਾਂ, ਭਾਅਾਂ ਤੇ ਸੁਭਾਵਾਂ ਵਾਲੇ ਜੀਅ ਪਰਿੰਦੇ! ਤੇ ਹੋਰ ਕਿੰਨਾ ਹੀ ਕੁਝ। ਜ਼ਿੰਦਗੀ ਦੇ ਸਾਹ ਚੁੱਕੀ ਫਿਰਦੀਆਂ ਦਿੱਖ-ਅਦਿੱਖ ਜਾਦੂਗਰਨੀਆਂ ਹਵਾਵਾਂ। ਰੰਗੀਨੀਆਂ ਭਰਪੂਰ ਜ਼ਿੰਦਗੀ ਮਾਣਦੇ ਮੇਰਾ ਆਰ-ਪਰਿਵਾਰ ਦੋਸਤ-ਮਿੱਤਰ ਤੇ ਮੈਂ...ਇਹ ਸਭ ਕੁਝ ਜੀਂਦਿਆਂ ਦੇ ਰਹਿਣ ਵਾਸਤੇ ਹੀ ਤਾਂ ਹੈ! ਨਾ ਭਈ...!

ਜੀ ਨਹੀਂ ਜਾਣ ਨੂੰ ਕਰਦਾ, ਰੰਗਲੀ ਦੁਨੀਆਂ ਤੋਂ। ਹੈ ਵੀ ਠੀਕ, ਇਹ ਰੰਗ ਨਜ਼ਾਰੇ, ਇਹ ਚੰਦ-ਸਿਤਾਰੇ ਤੇ ਇਨ੍ਹਾਂ ਦੀਆਂ ਸਰਗੋਸ਼ੀਆਂ ਇਹ ਜੀਂਦਿਆਂ ਤੇ ਇੱਥੇ ਰਹਿੰਦਿਆਂ ਵਾਸਤੇ ਹੀ ਤਾਂ ਹਨ। 'ਆਪ ਮਰੇ ਜੱਗ ਪਰਲੋ' ਇਸ ਧਰਤੀ ਤੇ ਰਹਿਣਾ, ਇੱਕ ਜਾਦੂ, ਇੱਕ ਦੁਰਲੱਭ ਅਜੂਬਾ, ਇੱਕ ਆਨੰਦ ਇੱਕ ਇਨਾਮ ਹੀ ਤਾਂ ਹੈ! ਤੇ ਗੀਤ ਚੇਤੇ ਆ ਜਾਂਦਾ ਏ:

'ਮਸਤ ਬਹਾਰੋਂ ਕਾ ਮੈਂ ਆਸ਼ਿਕ, ਸਾਰਾ ਜਹਾਂ ਹੈ ਮੇਰੇ ਲੀਏ...ਮੇਰੇ ਲੀਏ।

ਤੇ ਹੈ ਵੀ ਇਸੇ ਤਰ੍ਹਾਂ, ਜੇ ਕੋਈ ਜ਼ਿੰਦਗੀ ਦੇ ਸਦੀਆਂ ਲੰਮੇ ਪੈਂਡਿਆਂ ਦੇ ਨਜ਼ਾਰੇ, ਰੋਲ-ਘਚੋਲੇ, ਕੰਦਰਾਂ, ਉਚਾਣਾਂ-ਨਿਵਾਣਾਂ, ਬਹਾਰਾਂ ਪਤਝੜਾਂ, ਜੰਗਲਾਂ ਤੇ ਮਾਰੂਥਲਾਂ, ਚਾਨਣਾਂ-ਹਨੇਰਿਆਂ ਤੇ ਵਿਸ਼ਾਲਤਾ ਦੇ ਰਹੱਸ ਨੂੰ ਸਮਝਣ ਤੁਰ ਪਵੇ, ਜਾਂ ਸਮਝ ਲਵੇ, ਫਿਰ ਆਪਣੀ ਨਜ਼ਰ ਤੇ ਮਨ ਅੰਦਰ ਉਤਾਰ ਵੀ ਲਵੇ ਤਾਂ ਲੋਕ ਮਨ ਦਾ ਕਥਨ ਸਾਕਾਰ ਹੋ ਕੇ ਗੁਣਗੁਣਾਉਣ ਲੱਗ ਸਕਦਾ ਹੈ:

ਸਦਾ ਦੀਵਾਲੀ ਸਾਧ ਕੀ, ਅੱਠੇ ਪਹਿਰ ਬਸੰਤ! ਪਰ ਅਸਲ ਵਿਚ ਇਹ ਸਥਿਤੀ ਹੈ ਬੜੀ ਮੁਸ਼ਕਿਲ, ਕਿਓਂਕਿ ਇੱਥੇ ਆਮ ਤੌਰ ਤੇ ਇਨਸਾਨ ਪਹੁੰਚਦਾ ਹੀ ਨਹੀਂ। ਸਾਡੇ ਕੋਲ ਤਾਂ ਇਸ ਤੋਂ ਆਸੇ-ਪਾਸੇ ਹੀ ਬਹੁਤ ਕੁਝ ਪਿਆ ਹੋਇਆ ਹੁੰਦਾ ਹੈ। ਪਿਆਰਿਆਂ ਰਿਸ਼ਤਿਆਂ ਦੇ ਉਹਲਿਆਂ ਦੀਆਂ ਪਰਤਾਂ ਵਿਚ ਪਏ ਹੋਏ ਧੋਖੇ, ਬੇਈਮਾਨੀਆਂ ਦੋਗਲਾਪਣ ਤੇ ਇਸ ਤਰ੍ਹਾਂ ਦਾ ਕਈ ਕੁਝ ਉਸ ਦੁਨੀਆਂ ਦੇ ਅਕਸ ਵਿਚ ਤਰੇੜਾਂ ਪਾਉਣ ਲੱਗ ਪੈਂਦਾ ਹੈ ਜਿਸ ਤੋਂ ਇਨਸਾਨ ਦਾ ਜਾਣ ਨੂੰ ਜੀਅ ਨਹੀਂ ਕਰ ਰਿਹਾ ਹੁੰਦਾ। ਜਦੋ ਦੋਸਤੀਆਂ ਦੇ ਰੰਗ ਬਦਲ ਜਾਣ ਜਾਂ ਬਦਲੇ ਰੰਗਾਂ ਦੀ ਸੋਝੀ ਆਵੇ ਤਾਂ ਜ਼ਿੰਦਗੀ ਦਾ ਸ਼ੀਸ਼-ਮਹਿਲ ਤਿੜਕਣ ਲੱਗ ਪੈਂਦਾ ਹੈ। ਹੱਥੀਂ ਪਾਲੇ ਤੇ ਪ੍ਰਵਾਨ ਚੜ੍ਹਾਏ ਰਿਸ਼ਤਿਆਂ ਦੀ ਬੇਪਰਵਾਹੀ ਬੰਦੇ ਦੇ ਮਾਨ-ਅਭਿਮਾਨ ਤੇ ਹੰਮੇ ਦਾਅਵੇ ਨੂੰ ਰੱਦਣ ਲੱਗ ਪੈਂਦੀ ਹੈ। ਉਦੋਂ ਅੰਦਰਲੇ ਸੰਸਾਰ ਵਿਚ ਮੋਹ ਦਾ ਤਾਣਾ-ਬਾਣਾ ਬੁਣੀ ਬੈਠੀਆਂ ਰੇਸ਼ਮੀ ਤੰਦਾਂ ਤਿੜਕਣ ਲੱਗ ਪੈਂਦੀਆਂ ਹਨ। ਤਿੜਕੀਆਂ ਤੰਦਾਂ ਦਾ ਦਰਦ ਵੀ ਤਾਂ ਆਪ ਨੂੰ ਹੀ ਹੋਣਾ ਹੁੰਦਾ ਹੈ ਆਖਿਰ। ਜਦੋਂ ਮਨ ਹੀ ਆਪਣੇ ਜਲੌਅ ਵਿਚੋਂ ਭੁਰ-ਭੁਰ ਕੇ ਖਿਸਕਦਾ ਜਾਏ ਤਾਂ ਬੰਦੇ ਦਾ ਕੁਦਰਤ ਦੇ ਕਿਸੇ ਜਲਵੇ, ਰੰਗ ਜਾਂ ਕ੍ਰਿਸ਼ਮੇ ਵੱਲ ਧਿਆਨ ਹੀ ਨਹੀਂ ਜਾਂਦਾ। ਜਦੋਂ ਇਸ ਤਰ੍ਹਾਂ ਹੁੰਦਾ ਹੈ ਤਾਂ ਮਨ ਤਾਂ ਉਦਾਸ ਹੁੰਦਾ ਹੀ ਹੈ ਤਨ ਵੀ ਆਪਣੇ ਆਪ ਵਿਚੋਂ ਢਹਿਣ ਲੱਗ ਪੈਂਦਾ ਹੈ। ਫਿਰ ਇਸ ਤਨ ਨੂੰ ਢਾਹੁਣ ਵਾਸਤੇ ਕਈ ਮਾਨਸਿਕ ਤੇ ਸਰੀਰਕ ਰੋਗ ਆ ਹਾਜ਼ਰ ਹੁੰਦੇ ਹਨ। ਤਨ ਦੇ ਢਹਿਣ ਵਾਸਤੇ ਤਾਂ ਕਈ ਕੁਝ ਆਸ-ਪਾਸ ਪਹਿਲਾਂ ਹੀ ਮੌਜੂਦ ਹੁੰਦਾ ਹੈ।

ਕਿਹਾ ਜਾਂਦਾ ਹੈ ਨਾ...ਜੋ ਬ੍ਰਹਿਮੰਡੇ ਸੋਈ ਪਿੰਡੇ

ਪਰ ਜਦੋਂ ਬੰਦੇ ਦਾ ਮਨ ਆਪਣੇ ਵੱਸ ਵਿਚ ਨਹੀਂ ਤਾਂ ਫਿਰ ਮਨ ਭਾਵੇਂ ਕਿੰਨੇ ਬ੍ਰਹਿਮੰਡ ਗਾਹ ਆਵੇ ਵੱਸਦਾ ਤਾਂ ਆਖਿਰ ਸਰੀਰ ਵਿਚ ਹੀ ਹੈ। ਬੰਦੇ ਨੂੰ ਜਾਪਣ ਲਗਦਾ ਹੈ, ਸਭ ਕੁਝ ਬੇਕਾਰ ਤੇ ਝੂਠ ਹੈ, ਉਸ ਦੀ ਨਜ਼ਰ ਦਾ ਧੋਖਾ ਹੀ ਹੈ, ਬੱਸ! ਫਿਰ ਉਸ ਦੇ ਮਨ ਅੰਦਰਲਾ ਵਰਤਾਰਾ ਉਲਟ ਕੇ

ਜੋ ਪਿੰਡੇ ਸੋਈਂ ਬ੍ਰਹਿਮੰਡੇ...ਦੀ ਲੀਹ ਤੇ ਮੰਨਣ ਲੱਗ ਪੈਂਦਾ ਹਾਂ ਕਿ ਇਹ ਦੁਨੀਆਂ ਰਹਿਣ ਦੇ ਕਾਬਲ ਹੈ ਹੀ ਨਹੀਂ।

'ਯੇ ਦੁਨੀਆਂ ਯੇਹ ਮਹਿਫ਼ਲ, ਮੇਰੇ ਕਾਮ ਕੀ ਨਹੀਂ'

ਇਸ ਅਹਿਸਾਸ ਨੂੰ ਤਾਕਤ ਦੇਂਦੇ ਕਈ ਹੋਰ ਮਸਲੇ ਵੀ ਨਜ਼ਰ ਆਉਣ ਲੱਗਦੇ ਹਨ। ਰਿਸ਼ਤਿਆਂ ਤੋਂ ਬਾਹਰ ਸਮਾਜ ਵਿਚ ਵਿਚਰਦੇ ਬੰਦੇ ਦਾ ਵਾਸਤਾ ਆਪਣੇ ਆਲੇ-ਦੁਆਲੇ ਨਾਲ ਖੁੱਲ ਕੇ ਪੈਂਦਾ ਹੈ। ਇਹ ਵੇਖਦਿਆਂ ਦੁਨੀਆਂ ਵਿਚਲਾ ਅਸਾਵਾਂਪਨ ਉਸ ਨੂੰ ਚੁਭਣ ਲੱਗਦਾ ਹੈ ਜਿੱਥੇ ਸਾਰੇ ਇਨਸਾਨ ਇੱਕੋ ਜਿਹੇ ਹੁੰਦਿਆਂ ਵੀ ਇੱਕੋ ਜਿਹੇ ਨਹੀਂ ਹਨ। ਜਿੱਥੇ ਇਨਸਾਨਾ ਦੇ ਪੁਰਜੇ ਬਣ ਜਾਣ ਦੀਆਂ ਅਨੇਕਾਂ ਲੜੀਆਂ ਹਨ। ਜਿਸ ਵਾਸਤੇ ਦੂਜੇ ਪੁਰਜ਼ੇ ਹਨ ਉਹ ਖੁਦ ਕਿਸ ਹੋਰ ਮਸ਼ੀਨ ਦਾ ਪੁਰਜ਼ਾ ਬਣਿਆ ਹੋਇਆ ਨਜ਼ਰ ਆਉਂਦਾ ਹੈ। ਸਰੋਤਾਂ ਦੀ ਕਾਣੀ ਵੰਡ ਕਾਰਨ ਕੁਝ ਲੋਕ ਬਹੁਤ ਕੁਝ ਸੰਭਾਲ ਕੇ ਬੈਠੇ ਹਨ ਕੇ ਦੂਜੇ ਉਨ੍ਹਾਂ ਦੀ ਚਾਕਰੀ ਵਿਚ ਜ਼ਿੰਦਗੀ ਗੁਜ਼ਾਰ ਦੇਂਦੇ ਹਨ। ਸਾਡੇ ਗੁਰੂਆਂ ਨੇ ਤਾਂ ਕਿਹਾ ਸੀ:

ਏਕ ਪਿਤਾ ਏਕਸ ਕੇ ਹਮ ਬਾਰਿਕ
ਤੇ
ਏਕ ਨੂਰ ਤੇ ਸਭ ਜੱਗ ਉਪਜਿਆ, ਕਉਨ ਭਲੇ ਕੋ ਮੰਦੇ।

ਪਰ ਅਜੋਕੇ ਵਰਤਾਰਿਆਂ ਨੇ ਇੱਕੋ ਜਿਹੇ ਹੁੰਦਿਆਂ ਵੀ ਬਹੁਤੇ ਲੋਕਾਂ ਨੂੰ ਮੰਡੀ ਦੀ ਵਿਕਾਊ ਵਸਤ ਬਣਾ ਕੇ ਰੱਖ ਦਿੱਤਾ ਹੈ। ਜਿਊਂਦਿਆਂ ਨੂੰ ਰੋਟੀ ਵਾਸਤੇ ਕਿੱਥੇ ਕਿੱਥੇ ਨਹੀਂ ਜਾਣਾ ਪੈਂਦਾ। ਪਰ ਬੰਦੇ ਨੂੰ ਆਪਣੀ ਮਿਹਨਤ ਦਾ ਮੁੱਲ ਫਿਰ ਵੀ ਨਹੀਂ ਮਿਲਦਾ। ਸੋਚਵਾਨ ਬੰਦੇ ਨੂੰ ਇਹ ਸਭ ਕੁਝ ਬੇਚੈਨ ਕਰਦਾ ਹੈ। ਕਈ ਸਦੀਆਂ ਤਾਂ ਸਰਦੇ-ਪੁੱਜਦੇ ਲੋਕ ਦੂਜਿਆਂ ਨੂੰ ਗੁਲਾਮ ਬਣਾ ਕੇ ਰੱਖਦੇ ਰਹੇ ਤੇ ਉਨ੍ਹਾਂ ਨੂੰ ਪਸ਼ੂਆਂ ਵਾਂਗ ਖ਼ਰੀਦਦੇ-ਵੇਚਦੇ ਵੀ ਰਹੇ। ਕਾਨੂੰਨੀ ਤੌਰ 'ਤੇ ਇਹ ਵਰਤਾਰੇ ਭਾਵੇਂ ਖ਼ਤਮ ਹਨ ਪਰ ਹਕੀਕਤ ਵਿਚ ਅੰਦਰਖਾਤੇ ਕਈ ਕੁਝ ਅਜੇ ਵੀ ਚੱਲਦਾ ਰਹਿੰਦਾ ਹੈ। ਅਜਿਹੀਆਂ ਹਾਲਤਾਂ ਵਿਚ ਜਾਂ ਤਾਂ ਕੋਈ ਆਪਣੇ ਨਾਲ ਹੁੰਦੀਆਂ ਜ਼ਿਆਦਤੀਆਂ ਨਾਲ ਸਮਝੌਤਾ ਕਰ ਲਵੇ ਤੇ ਸੋਚੇ ਕਿ ਠੀਕ ਹੈ ਮੈਂ ਇਸੇ ਤਰ੍ਹਾਂ ਜੀਣਾ ਹੈ। ਪਰ ਇਹ ਮਨ ਦੇ ਹਾਰਨ ਦੀ ਸਥਿਤੀ ਹੈ। ਪਰ ਇਸ ਦੇ ਉਲਟ ਜੇ ਕੋਈ ਲੁੱਟ-ਖਸੁੱਟ ਤੇ ਮਕਾਰੀਆਂ ਨੂੰ ਨਹੀਂ ਸਹਿਣ ਕਰ ਸਕਦਾ ਤਾਂ ਉਸ ਨੂੰ ਦੁਨੀਆਂ ਰਹਿਣ ਯੋਗ ਨਹੀਂ ਲੱਗਦੀ। ਕਿਸਾਨੀ ਦੀ ਹਾਲਤ ਵੇਖਦਿਆਂ ਸਾਡੇ ਦੇਸ਼ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਉਪਰੋਕਤ ਵਰਤਾਰਿਆਂ ਦੀ ਸਟੀਕ ਉਦਾਹਰਣ ਹੈ। ਭਾਵੇਂ ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ, ਪਰ ਕਈ ਵਾਰ ਨਿਰਾਸ਼ ਇਨਸਾਨ ਨੂੰ ਇਹ ਦੁਨੀਆਂ ਰਹਿਣ ਯੋਗ ਲੱਗਣੋਂ ਹੀ ਹਟ ਜਾਂਦੀ ਹੈ। ਇਸ ਨਾਲ ਸਬੰਧਿਤ ਇੱਕ ਪੁਰਾਣੀ ਫ਼ਿਲਮ ਦਾ ਗੀਤ ਯਾਦ ਆਇਆ:

ਬੜਾ ਬੇਦਰਦ ਜਹਾਂ ਹੈ, ਯਹਾਂ ਇਨਸਾਫ਼ ਕਹਾਂ ਹੈ

ਮੁਝੇ ਓ ਦੁਨੀਆਂ ਵਾਲੇ, ਵਾਪਸ ਬੁਲਾ ਲੇ।

ਬਹੁਤੀ ਨਿਰਾਸ਼ਾ ਦਾ ਸ਼ਿਕਾਰ ਬੰਦਾ ਆਪ ਹੀ ਵਾਪਸ ਜਾਣ ਦਾ ਇੰਤਜ਼ਾਮ ਕਰ ਲੈਂਦਾ ਹੈ।

ਹੁਣ ਅਜੋਕੇ ਸਮਿਆਂ ਵਿਚ ਬੰਦੇ ਦੇ ਹਰ ਦਿਨ ਤਾਂ ਕੀ ਹਰ ਪਲ ਨਵੀਆਂ ਖੋਜਾਂ ਕਰ ਕੇ ਸ਼ਕਤੀਸ਼ਾਲੀ ਹੁੰਦੇ ਜਾਣ ਦੇ ਅਹਿਸਾਸ ਬਾਰੇ ਸੋਚਣਾ ਬਣਦਾ ਹੈ। ਇਨਸਾਨ ਦੇ ਕਥਿਤ ਸ਼ਕਤੀਸ਼ਾਲੀ ਹੋਣ ਦਾ ਧਰਤੀ ਤੇ ਵਾਤਾਵਰਣ 'ਤੇ ਕੀ ਅਸਰ ਪੈ ਰਿਹਾ ਹੈ ਇਸ ਤੋਂ ਕੋਈ ਵੀ ਅਨਜਾਣ ਨਹੀਂ ਰਿਹਾ। ਧਰਤੀ ਦਾ ਸੁਭਾਅ ਕੁਦਰਤੀ ਤੌਰ ਤੇ ਸਿਰਜਣਸ਼ੀਲ ਹੈ। ਮਨੁੱਖਾਂ ਦੇ ਖੇਤੀ ਸ਼ੁਰੂ ਕਰਨ ਤੋਂ ਪਹਿਲਾਂ ਹੀ ਕੁਦਰਤ ਨੇ ਅਥਾਹ ਕਿਸਮ ਦੇ ਬੀਜ ਮਿੱਟੀ ਵਿਚ ਸੁੱਟੇ ਹੋਏ ਸਨ। ਇਸ ਕਰਕੇ ਸਾਰੀ ਧਰਤੀ 'ਤੇ ਥਾਂ-ਥਾਂ ਬਿਰਖ ਉੱਗੇ। ਜਿੱਥੇ ਜਿੱਥੇ ਬਹੁਤੇ ਸੰਘਣੇ ਬਿਰਖ ਸਨ ਉਹ ਜੰਗਲ ਬਣ ਗਏ। ਜੰਗਲਾਂ ਵਿਚ ਹਜ਼ਾਰਾਂ ਕਿਸਮਾਂ ਦੇ ਜਾਨਵਰ, ਪੈਦਾ ਹੋ ਗਏ ਤੇ ਪਲਣ ਲੱਗੇ। ਧਰਤੀ ਤੇ ਤੁਰਨ ਵਾਲੇ, ਰੀਂਗਣ ਵਾਲੇ, ਬਿਰਖਾਂ ਤੇ ਰਹਿਣ ਵਾਲੇ ਤੇ ਉੱਡਣ ਵਾਲੇ ਧਰਤੀ ਦੇ ਅੰਦਰ ਹਨੇਰੇ ਵਿਚ ਰਹਿਣ ਵਾਲੇ ਆਦਿ। ਇਨ੍ਹਾਂ ਸਾਰੇ ਜੀਵਾਂ ਦੀਆਂ ਭੋਜਨ ਲੜੀਆਂ ਕੁਦਰਤ ਵੱਲੋਂ ਨਿਸ਼ਚਿਤ ਸਨ। ਕੋਈ ਘਾਹ ਖਾਣ ਵਾਲੇ ਨੂੰ ਖਾ ਕੇ ਜੀਂਦਾ ਤੇ ਕੋਈ ਹੋਰ ਉਸ ਜੀਵ ਨੂੰ ਖਾ ਕੇ ਜੀਣ ਵਾਲਾ ਹੁੰਦਾ। ਇੱਕ ਸੰਤੁਲਨ ਬਣਿਆ ਰਹਿੰਦਾ ਸੀ। ਇਸੇ ਤਰ੍ਹਾਂ ਸਮੁੰਦਰ ਦੇ ਅਥਾਹ ਪਾਣੀਆਂ ਵਿਚ ਵੀ ਬੇਹਿਸਾਬ ਜਾਤੀਆਂ ਪ੍ਰਜਾਤੀਆਂ ਦੇ ਜੀਵ ਪੈਦਾ ਹੋ ਗਏ। ਪਹਾੜਾਂ ਤੇ ਮੈਦਾਨਾਂ ਵਿਚ ਰੰਗ-ਬਿਰੰਗੇ ਪੰਖੇਰੂ ਉਡਾਰੀਆਂ ਲਾ ਰਹੇ ਸਨ। ਏਨਾ ਖੂਬਸੂਰਤ ਨਜ਼ਾਰਾ, ਕਿ ਸ਼ਬਦਾਂ ਵਿਚ ਸਮਾ ਹੀ ਨਾ ਸਕੇ। ਸਾਰੀ ਕਾਇਨਾਤ ਵਿਚ ਲਹਿਰ-ਬਹਿਰਾਂ ਸਨ। ਇਹ ਉਦੋਂ ਦੀ ਗੱਲ ਹੈ ਜਦੋਂ ਬੰਦਾ ਅਜੇ ਆਪਣੇ-ਆਪ ਨੂੰ ਦੂਜੇ ਜੀਵਾਂ ਤੋਂ ਵਧੀਆ ਤੇ ਵਿਸ਼ੇਸ਼ ਨਹੀਂ ਸੀ ਸਮਝਣ ਲੱਗਾ। ਪਰ ਜਿਓਂ ਜਿਓਂ ਉਸ ਦੀ ਬੁੱਧੀ ਵਿਕਸਿਤ ਹੁੰਦੀ ਗਈ ਉਸ ਨੇ ਉੱਪਰ ਲਿਖੀ ਗੀਤ ਦੀ ਇਬਾਰਤ ਵਾਂਗ ਮੰਨ ਲਿਆ ਕਿ

ਸਾਰਾ ਜਹਾਂ ਹੈ ਮੇਰੇ ਲੀਏ...

ਤੇ ਸੱਚਮੁੱਚ ਉਹ ਆਪਣੇ ਆਪ ਨੂੰ ਸਾਰੀ ਕਾਇਨਾਤ ਦਾ ਮਾਲਕ ਸਮਝ ਕੇ ਤੇ ਇਸ ਨੂੰ ਆਪਣੇ ਵਾਸਤੇ ਹੀ ਬਣਾਈ ਗਈ ਮੰਨਣ ਲੱਗ ਪਿਆ। ਫਿਰ ਸਾਰੀ ਸ੍ਰਿਸ਼ਟੀ ਨੂੰ ਆਪਣੇ ਮੁਤਾਬਿਕ ਵਰਤਣ ਵੀ ਤੁਰ ਪਿਆ। ਵੱਧ ਤੋਂ ਵੱਧ ਫ਼ਸਲ ਲੈਣ ਵਾਸਤੇ ਧਰਤੀ ਵਿਚ ਅਨੇਕਾਂ ਖਾਦਾਂ ਪਾਈਆਂ ਜਾਣ ਲੱਗੀਆਂ, ਕੀਟ ਨਾਸ਼ਕ ਛਿੜਕੇ ਜਾਂਦੇ ਹਨ। ਪਹਿਲਾਂ ਕਿਸਾਨ ਆਪ ਪੈਲੀਆਂ ਵਿਚ ਜਾ ਕੇ ਘਾਹ ਬੂਟ ਰੰਬੇ ਨਾਲ ਹੌਲੀ ਹੌਲੀ ਖੋਦ ਕੇ ਕੱਢਦੇ ਸਨ। ਹੁਣ ਨਦੀਨ ਨਾਸ਼ਕਾਂ ਪਾਏ ਜਾਣ ਲੱਗੇ ਹਨ। ਇਨ੍ਹਾਂ ਨਾਲ ਘਾਹ ਬੂਟ ਤਾਂ ਨਹੀਂ ਉੱਗਦਾ ਪਰ ਕੁਦਰਤੀ ਤੌਰ ਤੇ ਉੱਗਦੀਆਂ ਪੌਦਿਆਂ ਦੀਆਂ ਅਨੇਕਾਂ ਕਿਸਮਾਂ ਜਿਹੜੀਆਂ ਦਵਾਈ ਬੂਟੀ ਵਾਸਤੇ ਵੀ ਵਰਤੀਆਂ ਜਾਂਦੀਆਂ ਸਨ, ਖਤਮ ਹੋ ਗਈਆਂ।

(ਬਾਕੀ ਅਗਲੇ ਸਫੇ 'ਤੇ)

ਵਿਅੰਗ

# ਗੱਲ ਸੁਣੀਂ ਵੇ ਜੋਗੀਆ...!

ਜੋਗੀਆ ਵੀਰਾ...! ਮੇਰੀ ਇੱਕ ਗੱਲ ਸੁਣ ਕੇ ਜਾਈਂ...!

ਆਪ ਦੇ ਨਾਥ ਜੀ ਨੂੰ ਆਖ ਦੇਵੀਂ। ਇੱਥੇ ਹੁਣ ਪੋਠੋਹਾਰ ਦੀ ਕੁੜੀ ਨਹੀਂ, 'ਮਿੱਸਾਂ' ਵਸਦੀਐਂ! ਬਾਈ ਨੰਦ ਲਾਲ ਨੂਰਪੁਰੀ ਨੂੰ ਕਹੀਂ, ਇੱਥੇ ਹੁਣ ਗੋਰੀ ਦੀਆਂ ਝਾਂਜਰਾਂ ਨਹੀਂ ਬੁਲਾਉਂਦੀਆਂ, ਡਿਸਕੋ-ਮਿਊਜ਼ਿਕ ਕੰਨ ਪਾੜਦੈ! ਇੱਥੇ ਸੁਆਣੀਆਂ ਦੁੱਧਾਂ 'ਚ ਮਧਾਣੀਆਂ ਨਹੀਂ ਪਾਉਂਦੀਆਂ, 'ਮੁੰਨੀ ਬਦਨਾਮ ਹੂਈ-ਡਾਰਲਿੰਗ ਤੇਰੇ ਲੀਏ' 'ਤੇ 'ਝੋਲ-ਨਾਚ' ਕਰਦੀਐਂ! ਗੱਭਰੂ ਸੂਰਮਿਆਂ ਦੀਆਂ 'ਵਾਰਾਂ' ਨਹੀਂ ਸੁਣਦੇ, 'ਮੁੰਡਿਆਂ ਤੋਂ ਬਚ ਕੇ ਰਹੀਂ' ਦੇ ਸੋਹਿਲੇ ਗਾਉਂਦੇ ਐ! ਹੁਣ ਇੱਥੇ ਸ਼ੌਂਕਣਾਂ ਦੇ ਮੇਲੇ ਨਹੀਂ ਲੱਗਦੇ, ਹੁਣ ਤਾਂ 'ਟਿੱਕ ਟੌਕ' ਦੀ ਮਾਡਲ-ਮੰਡੀ 'ਤੇ



ਸ਼ਿਵਚਰਨ ਜੱਗੀ ਕੁੱਸਾ
ਫੋਨ: +44-78533-17891

ਮੁਟਿਆਰਾਂ ਦੀ ਨੁਮਾਇਸ਼ ਹੁੰਦੀ ਐ..! ਹੁਸਨ, ਮੰਡੀਆਂ 'ਤੇ ਨਿਲਾਮ ਹੁੰਦੈ...! ਜੋਬਨ ਪਸ਼ੂਆਂ ਵਾਂਗ ਵਿਕਦੈ...! ਇੱਕ ਗੱਲ ਆਪਣੇ ਨਾਥ ਜੀ ਨੂੰ ਇਹ ਵੀ ਕਹਿ ਦੇਈਂ, ਪੰਜਾਬ ਦੀਆਂ ਔਰਤਾਂ ਅੱਜ-ਕੱਲ੍ਹ ਬੰਦੇ ਬਹਾਦਰ ਅਤੇ ਹਰੀ ਸਿੰਘ ਨਲੂਏ ਨਹੀਂ, ਅਮਲੀ ਜੰਮਦੀਐਂ..! ਬਾਈ ਸਿਆਂ, ਅਮਲੀ ਤਾਂ ਫਿਰ ਵੀ ਚੰਗੇ ਐ..! ਪਰ ਜੰਮੇਂ ਅਕ੍ਰਿਤਘਣ। ਬੰਦੇ ਦੇ ਕੀਤੇ ਗੁਣ ਤਾਂ ਕੀ? ਰੱਬ ਨੂੰ ਵੀ ਦਿਹਾੜੀਦਾਰ ਹੀ ਸਮਝਦੇ ਨੇ..! ਗੌਂਅ ਵੇਲੇ ਹਰ ਕੋਈ ਭਾਈ-ਭਤੀਜਾ ਬਣ ਬਹਿੰਦੈ! ਪਰ ਪਿੱਛੋਂ: 'ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥'

ਜੇ ਪ੍ਰੋਫ਼ੈਸਰ ਮੋਹਣ ਸਿੰਘ ਮਿਲੇ ਤਾਂ ਉਸ ਨੂੰ ਵੀ ਸੁਨੇਹਾ ਦੇਈਂ! ਕਦੇ 'ਟੈ' ਨਾ ਕਹਾਉਣ ਵਾਲੇ ਯੋਧੇ ਅੱਜ-ਕੱਲ੍ਹ ਸਿਆਸਤਦਾਨਾਂ ਅਤੇ ਏਜੰਟਾਂ ਦੇ ਛਿੱਤਰ ਖਾਂਦੇ ਐ! ਅੱਜ-ਕੱਲ੍ਹ ਮਿਰਜ਼ੇ ਆਪਣੇ ਤੀਰਾਂ ਅਤੇ ਭੱਥੇ ਦੀ ਸਿਫ਼ਤ ਨਹੀਂ ਕਰਦੇ, ਫ਼ੈਂਸੀ-ਡਰਿੱਲ ਅਤੇ ਨਸ਼ੇ ਵਾਲੀਆਂ ਗੋਲੀਆਂ ਦੇ ਗੁਣ ਗਾਉਂਦੇ ਐ! ਅੱਜ-ਕੱਲ੍ਹ ਜੋਬਨ-ਮੱਤੀ ਹੀਰ ਮੰਗੂ ਚਾਰਦੇ ਰਾਂਝੇ ਲਈ ਚੂਰੀ ਨਹੀਂ ਕੁੱਟ ਕੇ ਲਿਜਾਂਦੀ, ਅਫ਼ੀਮ ਦਾ 'ਕੰਡਾ' ਜਾਂ ਡਰੱਗ ਦੀ ਚੂੰਢੀ ਦੇ ਕੇ ਆਉਂਦੀ ਐ...! ਚੋਬਰਾਂ ਦੇ ਸੀਨੇ, ਝਨਾਂ ਦੇ ਪੱਤਣਾਂ ਵਾਂਗ ਖੁਰਦੇ ਜਾਂਦੇ ਐ! ਇੱਕ ਗੱਲ ਹੋਰ ਦੱਸੀਂ ਵੀਰਿਆ, ਕਿ ਜਿਹੜੇ ਡਾਕਟਰਾਂ ਨੂੰ ਲੋਕ ਕਦੇ 'ਰੱਬ ਦੇ ਰੂਪ' ਆਖਦੇ ਹੁੰਦੇ ਸੀ, ਅੱਜ ਉਹ 'ਚੰਡਾਲ਼' ਬਣੇ ਲੋਕਾਂ ਦੇ ਧੀਆਂ-ਪੁੱਤ ਮਾਰੀ ਜਾਂਦੇ ਨੇ। ਹੁਣ ਤਾਂ ਵੱਡੇ-ਵੱਡੇ ਹਸਪਤਾਲਾਂ ਵਿਚ ਡਾਕਟਰਾਂ ਨੂੰ 'ਟਾਰਗਿੱਟ' ਦਿੱਤੇ ਜਾਂਦੇ ਨੇ, ਕਿ ਤੂੰ ਐਨੇ ਬਾਈਪਾਸ ਅਪਰੇਸ਼ਨ ਕਰਨੇ ਨੇ, ਤੇ ਐਨੇ ਸਟੈਂਟ ਪਾਉਣੇ ਨੇ। ਮਰੇ ਪਏ ਮਰੀਜ਼ਾਂ ਦੇ ਪੰਦਰਾਂ-ਪੰਦਰਾਂ ਦਿਨ ਆਕਸੀਜਨ ਲਾਈ ਰੱਖਣੀ ਤਾਂ 'ਆਮ' ਵਰਤਾਰਾ ਹੈ ਜੀ। ਮਰੇ ਪਏ ਮਰੀਜ਼ਾਂ ਦਾ 'ਡਾਇਲਸੈੱਸ' ਰਾਹੀਂ ਖ਼ੂਨ ਬਦਲੀ ਕਰੀ ਜਾਣਾ ਵੀ ਹੁਣ ਹਸਪਤਾਲ਼ਾਂ ਵਿਚ 'ਸ਼ੁਗਲ' ਬਣਿਆ ਹੋਇਆ ਹੈ। ਖੇਡ ਸਾਰੀ ਪੈਸੇ ਦੀ ਹੈ ਵੀਰਿਆ। ਇਨਸਾਨੀਅਤ ਨਾਲ ਇਨ੍ਹਾਂ ਡਾਕਟਰਾਂ ਦਾ ਕੋਈ ਵਾਹ-ਵਾਸਤਾ ਨਹੀਂ। ਦਇਆ, ਫ਼ਰਜ਼ ਜਾਂ ਜ਼ਿੰਮੇਵਾਰੀ ਇਨ੍ਹਾਂ ਲਈ ਕੋਈ ਮਾਅਨੇ ਨਹੀਂ ਰੱਖਦੀ, ਪੈਸੇ ਨੂੰ ਹੀ ਸਭ ਤੋਂ ਵੱਡਾ 'ਬਾਪੂ' ਮੰਨਦੇ ਨੇ, ਇਨਸਾਨੀਅਤ ਪਵੇ ਖੂਹ-ਖਾਤੇ 'ਚ। ਕੀ ਇਹ 'ਘਿਨਾਉਣਾ ਧੰਦਾ' ਦੇਸ਼ ਦੀਆਂ ਏਜੰਸੀਆਂ, ਜਾਂ ਸਰਕਾਰਾਂ ਤੋਂ ਲੁਕਿਆ ਹੋਇਆ ਹੈ? ਜਾਂ ਉਨ੍ਹਾਂ ਨੂੰ ਮਰੀਜ਼ਾਂ ਦੇ ਹੋ ਰਹੇ 'ਘਾਣ' ਨੂੰ ਰੋਕਣ ਵਿਚ ਕੋਈ ਦਿਲਚਸਪੀ ਨਹੀਂ? ਜਾਂ ਅੱਖੀਂ ਦੇਖ ਕੇ ਮੱਖੀ ਨਿਗਲਣਾਂ ਉਨ੍ਹਾਂ ਦੀ ਵੀ ਕੋਈ 'ਮਜਬੂਰੀ' ਹੈ? ਕਿੰਨੀਆਂ ਪਾਰਟੀਆਂ ਅਤੇ ਕਿੰਨੀਆਂ ਸਰਕਾਰਾਂ ਵਜ਼ਾਰਤ ਵਿਚ ਆਈਆਂ, ਪਰ ਇਹ 'ਖ਼ੂਨੀ ਖੇਡ' ਸ਼ਰ੍ਹੇਆਮ ਖੇਡੀ ਜਾਂਦੀ ਰਹੀ, ਅਤੇ ਕਿਸੇ ਨੇ ਵੀ ਇਸ ਨੂੰ ਨੱਥ ਪਾਉਣ ਦਾ ਜਿਗਰਾ ਨਾ ਕੱਢਿਆ।

ਜੇ ਕਿਤੇ ਧੰਨ ਗੁਰੂ ਨਾਨਕ ਪਾਤਿਸ਼ਾਹ ਮਿਲਣ ਤਾਂ ਕਹੀਂ, ਗੁਰੂ ਪਾਤਿਸ਼ਾਹ...! ਥੋਡੀ ਅਤੇ ਭਾਈ ਮਰਦਾਨੇ ਵਾਲੀ ਯਾਰੀ ਹੁਣ ਇੱਥੇ ਖ਼ਤਮ ਹੋ ਚੁੱਕੀ ਹੈ! ਹੁਣ ਇੱਥੇ 'ਤੇਰਾਂ-ਤੇਰਾਂ' ਨਹੀਂ, 'ਅੱਧ' ਈ ਤੋਲਿਆ ਜਾਂਦੈ। ਭੈਣ ਨਾਨਕੀ ਵੀਰ ਨੂੰ ਪ੍ਰਛਾਦਾ ਛਕਾਉਣ ਲਈ ਨਹੀਂ, ਅੱਜ ਦੀ ਭੈਣ ਤਾਂ ਬਾਹਰ ਬੈਠੇ ਵੀਰ ਦਾ 'ਚੈੱਕ' ਉਡੀਕਦੀ ਹੈ! ਰੱਖੜੀ ਇੱਥੇ ਮੁਹੱਬਤ ਦੀ 'ਆੜ' ਬਣਦੀ ਜਾਂਦੀ ਐ! ਅੱਜ-ਕੱਲ੍ਹ ਬੇਬੇ ਸੁਲੱਖਣੀ ਪਤੀ-ਪ੍ਰਮੇਸ਼ਰ ਨੂੰ ਨਹੀਂ ਉਡੀਕਦੀ, ਅੱਜ-ਕੱਲ੍ਹ ਦੀਆਂ 'ਸੁਲੱਖਣੀਆਂ' ਤਾਂ, ਲੋਟ ਲੱਗੇ ਤਾਂ ਪਤੀ-ਦੇਵ ਦਾ 'ਟੱਟੂ-ਪਾਰ' ਵੀ ਕਰਵਾ ਧਰਦੀਐਂ! ਧੰਨ ਗੁਰੂ ਨਾਨਕ ਪਾਤਿਸ਼ਾਹ ਨੂੰ ਆਖੀਂ, ਇਹ ਗੱਲਾਂ ਮੈਂ ਨਹੀਂ ਕਰਦਾ, ਰੋਜ਼ ਦੀਆਂ ਅਖ਼ਬਾਰਾਂ ਦੱਸਦੀਐਂ!! ਇੱਥੇ ਗਰੀਬ, ਮਜ਼ਦੂਰ, ਕਿਸਾਨ ਤੋਂ ਬਿਨਾ ਅਕਾਲ-ਪੁਰਖ ਨੂੰ ਕੋਈ ਮਿਹਣਾ ਨਹੀਂ ਮਾਰਦਾ: 'ਏਤੀ ਮਾਰ ਪਈ ਕੁਰਲਾਣੇ॥ ਤੈਂ ਕੀ ਦਰਦੁ ਨ ਆਇਆ॥' ਚਿੱਟੇ ਜਾਂ ਗੋਲੀ ਨਾਲ ਮਰੇ ਜੁਆਨ ਮੁੰਡਿਆਂ ਦੀਆਂ ਮਾਵਾਂ ਮਿੱਤਰ ਪਿਆਰੇ ਨੂੰ ਮੁਰੀਦਾਂ ਦਾ ਹਾਲ ਜ਼ਰੂਰ ਰੋ-ਰੋ ਕੇ ਸੁਣਾਉਂਦੀਐਂ! ਇੱਥੇ ਕਿਸਾਨ ਦਾ ਪੁੱਤ ਹੁਣ ਥੋਡੇ ਵਾਂਗੂੰ ਹਲ ਨਹੀਂ ਵਾਹੁੰਦਾ ਗੁਰੂ ਜੀ, ਭਈਆ ਟਰੈਕਟਰ ਚਲਾ ਰਿਹਾ ਹੁੰਦੈ ਤੇ ਕਿਸਾਨ ਦਾ ਪੁੱਤ ਸ਼ਹਿਰ ਫ਼ਿਲਮ ਦੇਖਦਾ ਹੁੰਦੈ, ਜਾਂ ਕਿਸੇ ਨਹਿਰ 'ਤੇ ਬੈਠਾ ਲਾਹਣ ਜਾਂ ਚਿੱਟਾ ਪੀਂਦਾ ਹੁੰਦੈ, ਤੇ ਜਾਂ ਕਿਸੇ ਗਾਇਕ ਦੀ ਖ਼ਾਤਰ ਕਿਸੇ ਨਾਲ ਮਰਨ-ਮਾਰਨ ਮਿਥੀ ਬੈਠਾ ਹੁੰਦੈ! ਅੱਜ-ਕੱਲ੍ਹ ਉਸ ਦਾ ਇੱਕ ਹੱਥ ਮੋਟਰ ਸਾਈਕਲ ਤੇ ਇੱਕ ਹੱਥ ਮੋਬਾਈਲ ਫ਼ੋਨ ਨੂੰ ਹੁੰਦੈ!

ਜੋਗੀ ਵੀਰਿਆ! ਜੇ ਤੈਨੂੰ ਪੁੱਤਰਾਂ ਦਾ ਦਾਨੀਂ, ਸਰਬੰਸ ਵਾਰਨ ਵਾਲਾ ਯੋਧਾ, ਕਥਨੀ-ਕਰਨੀ ਦਾ ਪੂਰਾ-ਸੂਰਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਿਲੇ ਤਾਂ ਦੱਸ ਦੇਵੀਂ ਕਿ ਹੁਣ ਤਾਂ ਆਪਣੇ ਜਥੇਦਾਰ ਵੀ ਭ੍ਰਿਸ਼ਟਾਚਾਰ ਦੇ ਰਾਹ ਪੈ ਗਏ! 'ਪੋਥੀ ਪ੍ਰਮੇਸਰ ਕਾ ਥਾਨੁ' ਗੁਰੂ ਗ੍ਰੰਥ ਸਾਹਿਬ ਨੂੰ ਅਦਾਲਤਾਂ ਵਿਚ ਲਿਜਾਣ ਲੱਗ ਪਏ। ਦਰਬਾਰ ਸਾਹਿਬ ਅੰਦਰ ਮੁਜ਼ਾਹਰੇ ਹੋਣ ਲੱਗ ਪਏ। ਹੁਣ ਸੂਰਮੇ ਯੋਧੇ ਮੈਦਾਨਿ-ਜੰਗ ਵਿਚ ਨਹੀਂ, ਦਰਬਾਰ ਸਾਹਿਬ ਵਿਚ ਹੀ 'ਆਪਣੇ-ਆਪਣੇ' ਜੌਹਰ ਦਿਖਾਉਣ ਤੁਰ ਪਏ! ਹੁਣ ਤੁਹਾਡੇ ਵਾਂਗੂੰ 'ਅਗਲੇ' ਆਪਣੇ ਪੁੱਤਰਾਂ ਨੂੰ ਜੰਗ ਵਿਚ ਨਹੀਂ ਤੋਰਦੇ, ਅਮਰੀਕਾ ਕੈਨੇਡਾ ਭੇਜ ਦਿੰਦੇ ਐ! ਹਾਂ, ਦੂਜਿਆਂ ਦੀ ਪੂਛ ਨੂੰ ਬੜਾ ਵੱਟ ਚਾੜ੍ਹਦੇ ਐ! ਕਹੀਂ, ਸੱਚੇ ਪਾਤਿਸ਼ਾਹ! ਤੁਹਾਨੂੰ ਤਾਂ ਖ਼ਾਲਸਾ-ਪੰਥ ਨੇ ਗਲਤ-ਫ਼ਹਿਮੀਂ ਵਿਚ ਦਾਦੂ ਦੀ ਸਮਾਧ 'ਤੇ ਤੀਰ ਨਾਲ ਸਿਜਦਾ ਕਰਨ ਬਦਲੇ 'ਤਨਖਾਹ' ਲਾ ਦਿੱਤੀ ਸੀ, ਤੁਸੀਂ ਤਨਖਾਹ ਕਬੂਲ ਵੀ ਕਰ ਲਈ ਸੀ। ਪਰ ਅੱਜ ਦੇ 'ਪੰਥਕ-ਬੰਦੇ' ਤਾਂ ਮਰਿਆਦਾ ਦੀਆਂ ਸ਼ਰ੍ਹੇਆਮ ਧੱਜੀਆਂ ਉਡਾਈ ਜਾਂਦੇ ਐ, ਇਨ੍ਹਾਂ ਦਾ ਕੀ ਕਰੀਏ...? ਕਿਹੜੇ ਖੂਹ ਵਿਚ ਸੁੱਟੀਏ...? ਤਨਖਾਹਾਂ ਨੂੰ ਤਾਂ ਇਹ ਗੌਲ਼ਦੇ ਈ ਕੱਖ ਨਹੀਂ! ਗਿੱਟੇ ਉਤੇ ਡੰਡਾ ਖਾ ਕੇ ਵੀ ਲੱਤ ਫਿਰ ਉਥੇ ਈ ਧਰ ਲੈਂਦੇ ਐ ਜੀ! ਸੱਚੇ ਪਾਤਿਸ਼ਾਹ! ਇੱਥੇ ਸਾਧ ਅਤੇ ਸੰਤ ਬੜੇ ਹਨ ਜੀ, ਕੋਈ ਅੰਤ ਨਹੀਂ! ਪਰ ਤੇਰਾ ਪੰਥ ਟੁੱਟੇ ਤਾਰੇ ਵਾਂਗੂੰ ਫਿਰ ਵੀ ਥੱਲੇ ਨੂੰ ਜਾ ਰਿਹਾ ਹੈ ਜੀ! ਇਹਦਾ ਕੋਈ ਹੱਲ ਸੋਚੋ!

ਜੋਗੀ ਵੀਰਿਆ! ਜੇ ਕਿਤੇ ਤੈਨੂੰ ਅਕਾਲ-ਪੁਰਖ ਮਿਲ ਜਾਵੇ, ਤਾਂ ਕਹੀਂ...!!!

-'ਸੁਣੀ ਪੁਕਾਰ ਦਾਤਾਰ ਪ੍ਰਭੁ॥ ਗੁਰੁ ਨਾਨਕੁ ਜਗਿ ਮਾਹਿ ਪਠਾਇਆ॥' ਹੁਣ ਕੋਈ ਪਿਆਰਾ ਬਾਬਾ ਨਾਨਕ ਕਦੋਂ ਪ੍ਰਤੱਖ ਚਰਨ ਪਾਊ ਜੀ? ਅਸੀਂ, 'ਮਨੁ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ਹਰਿ ਮੰਗਲ ਗਾਉ ਸਖੀ ਗ੍ਰਿਹਿ ਮੰਦਰਿ ਬਣਿਆ॥' ਕਦੋਂ ਦੁਹਰਾ ਸਕਾਂਗੇ ਜੀ? ਹੁਣ ਤਾਂ ਜੀ 'ਸਿੱਧੁ ਛਪਿ ਬੈਠੇ ਪਰਬਤੀਂ॥ ਕਾਉਣ ਜਗਿ ਕਉ ਪਾਰਿ ਉਤਾਰਾ॥' ਵਾਲਾ ਕਲਯੁੱਗ ਇੱਥੇ ਆਪ ਹੁਦਰਾ ਹੋਇਆ ਫਿਰਦੈ! ਇੱਥੇ ਤਾਂ, 'ਸਹਸ ਖਟੇ ਲਖਿ ਕਉ ਉਠਿ ਧਾਵੈ॥ ਤ੍ਰਿਪਤ ਨ ਆਵੈ॥ ਮਾਇਆ ਪਾਛੈ ਪਾਵੈ॥' ਦਾ ਬੋਲਬਾਲਾ ਹੈ ਜੀ! ਹੁਣ ਤਾਂ 'ਨਿਰਵੈਰੈ ਨਾਲਿ ਵੈਰੁ ਰਚਾਇਦਾ॥ ਅਪਣੈ ਘਰਿ ਲੂਕੀ ਲਾਇ॥' ਅਨੁਸਾਰ ਕੋਈ ਨਹੀਂ ਤੁਰਦਾ। ਹੁਣ ਤਾਂ ਇੱਥੇ, 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕੁ॥ ਰਤੁ ਕਾ ਕੁੰਗੂ ਪਾਇ ਵੇ ਲਾਲੋ॥' ਹੀ ਸੁਣੀਂਦੇ ਹਨ। ਇਸ ਤੋਂ ਇਲਾਵਾ, 'ਕਲਿ ਕਾਤੀ ਰਾਜੇ ਕਸਾਈ॥ ਧਰਮ ਪੰਖਿ ਕਰ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ॥ ਦੀਸੈ ਨਾਹੀ ਕਹ ਚੜਿਆ॥' ਪ੍ਰਸਿੱਧ ਹੋ ਗਿਆ ਹੈ। ਪਾਪ ਦੀ ਜੰਝ ਕਾਬਲੋਂ ਆਉਂਦੀ ਹੈ ਅਤੇ ਜੋਰੀ ਦਾਨ ਮੰਗਿਆ ਜਾਂਦੈ! ਸ਼ਰਮ ਅਤੇ ਧਰਮ ਦੋਵੇਂ ਹੀ ਛੁਪ ਗਏ ਹਨ ਅਤੇ ਕੂੜ ਪ੍ਰਧਾਨ ਫਿਰਦਾ ਹੈ ਜੀ!

-'ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥' ਤਾਂ ਲੀਡਰਾਂ ਲਈ ਕੋਈ ਮਾਅਨਾ ਨਹੀਂ ਰੱਖਦਾ। ਉਹ ਤਾਂ ਪਤ ਲੁਹਾ ਕੇ ਵੀ ਦਾਰੂ-ਮੁਰਗਾ ਚਟਮ ਕਰ ਲੈਂਦੇ ਹਨ ਜੀ! ਉਹ ਰਣਜੀਤ ਸਿੰਘ ਮਹਾਰਾਜੇ ਵਾਂਗੂੰ ਕੋਰੜੇ ਖਾਣ ਨਹੀਂ ਗਿੱਝੇ ਜੀ!! ਅਤੇ ਨਾ ਹੀ 'ਬੁੱਢੇ-ਢੱਗੇ' ਅਖਵਾਉਣ ਦੇ ਆਦੀ ਐ! ਅੱਜ-ਕੱਲ੍ਹ ਇੱਥੇ ਖ਼ਾਲਸਾ-ਰਾਜ ਦੇ ਉਸਰੱਈਆਂ, ਅਕਾਲੀ ਫੂਲਾ ਸਿੰਘ, ਮਹਾਰਾਜਾ ਸ਼ੇਰ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ ਨਲੂਏ, ਮਹਾਰਾਜਾ ਰਣਜੀਤ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆਂ ਵਰਗਿਆਂ ਦੀ ਸਖ਼ਤ ਜ਼ਰੂਰਤ ਹੈ ਜੀ! ਜੇ ਕੋਈ ਵਿਹਲਾ ਹੋਵੇ ਤਾਂ ਜ਼ਰੂਰ ਭੇਜਿਓ! ਹੁਣ ਇੱਥੇ ਭਾਈ ਮਨੀ ਸਿੰਘ ਵਰਗੇ ਆਪਾ ਵਾਰੂ ਘੱਟ ਅਤੇ 'ਖੌਰੂ ਪਾਊ' ਵੱਧ ਨੇ ਜੀ!

ਜੋਗੀ ਵੀਰਿਆ! ਜੇ ਕਿਤੇ ਬਾਬਾ ਸਾਹਿਬ, ਡਾਕਟਰ ਅੰਬੇਦਕਰ ਮਿਲੇ ਤਾਂ ਕਹੀਂ, ਬਾਬਾ! ਤੇਰਾ ਸਵਿਧਾਨ ਅੱਜ ਇੱਥੇ ਤਰਸ ਦੀ ਮੂਰਤ ਬਣਿਆਂ ਬੈਠਾ, ਬਿਲਕੀ ਜਾ ਰਿਹੈ! ਕਾਤਲ ਸਾਫ਼ ਬਰੀ ਅਤੇ ਨਿਰਦੋਸ਼ ਤਖ਼ਤੇ 'ਤੇ ਚੜ੍ਹਾਈ ਜਾਂਦੇ ਐ! ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਪਰੋਸ-ਪਰੋਸ ਕੇ ਦਿੱਤਾ ਜਾ ਰਿਹੈ! ਪੰਜਾਬ ਦਾ ਕਿਸਾਨ ਹੁਣ ਫ਼ਸਲ ਨੂੰ ਨਹੀਂ, ਸੋਕੇ ਨੂੰ ਨਿਰਖਦਾ, ਖ਼ੁਦਕੁਸ਼ੀਆਂ ਕਰੀ ਜਾਂਦੈ! ਦਾਜ-ਦਹੇਜ ਨਾ ਲੈਣ ਦਾ ਰੌਲਾ ਪਾਉਣ ਵਾਲੇ ਖ਼ੁਦ ਹੀ ਮਗਰਮੱਛਾਂ ਵਾਂਗੂੰ ਮੂੰਹ ਅੱਡੀ ਖੜ੍ਹੇ ਹਨ। ਮਾਈਕਰੋਫ਼ੋਨ 'ਤੇ ਕੁਝ ਹੋਰ ਆਖਦੇ ਹਨ, ਪਰ ਨੂੰਹਾਂ ਨੂੰ ਬੜਾ ਟਿਕਾਅ ਕੇ 'ਮੁੰਨਦੇ' ਐ ਜੀ! ਹਕੂਮਤਾਂ ਬਦਲਣ ਕਰਕੇ ਪੰਜਾਬ ਦੇ ਵਿਕਾਸ ਦਾ ਸੂਰਜ ਹਰ ਰੋਜ਼ ਜਵਾਬ ਦੇਈ ਜਾਂਦਾ ਹੈ ਬਾਬਾ ਜੀ! ਪੰਜਾਬ ਦੇ ਸਕੂਲਾਂ ਵਿਚ ਮਾਸਟਰ ਹੀ ਹੈ ਨਹੀਂ ਜੀ, ਪਰ ਬੇਰੁਜ਼ਗਾਰ ਮਾਸਟਰ ਨਿੱਤ ਚੰਡੀਗੜ੍ਹ ਧਰਨਾ ਦਿੰਦੇ ਐ! ਇਸ ਗੱਲ ਦੀ ਲੋਕਾਂ ਨੂੰ ਸਮਝ ਨਹੀਂ ਆ ਰਹੀ ਜੀ! ਇੱਕ ਪਾਸੇ ਸਕੂਲ ਵਿਹਲੇ, ਤੇ ਇੱਕ ਪਾਸੇ ਮਾਸਟਰ ਵਿਹਲੇ? ਅਖ਼ਬਾਰਾਂ ਹੋਰ ਵੀ ਦੱਸਦੀਐਂ ਜੀ, ਬਈ ਹੁਣ ਤਾਂ ਠਾਣਿਆਂ ਵਿਚ ਵੀ ਸ਼ਰਾਬ ਨਿੱਕਲਦੀ ਐ! ਇਹ ਕਾਨੂੰਨ ਮੈਨੂੰ ਮੈਦ ਐ ਤੁਸੀਂ ਤਾਂ ਲਿਖਿਆ ਨਹੀਂ ਸੀ ਜੀ?

ਰਿਸ਼ਵਤਖੋਰੀ ਕਰਕੇ ਬੜੇ ਮੰਤਰੀ ਅੰਦਰ ਕੀਤੇ ਐ ਜੀ! ਪੈਸਾ ਵੀ ਬੜਾ ਮਿਲਿਐ! ਕਹਿੰਦੇ ਲਾਕਰਾਂ 'ਚ ਪਿਆ ਸੀ! ਪਰ ਇਤਨੀਆਂ ਗ੍ਰਿਫ਼ਤਾਰੀਆਂ ਅਤੇ ਲਾਕਰਾਂ 'ਚੋਂ ਮਿਲੇ ਪੈਸੇ ਦਾ ਕਿਸਾਨ ਨੂੰ ਕੀ ਫ਼ਾਇਦਾ ਹੋਇਆ ਜੀ? ਉਹਨੂੰ ਕਮਲੇ ਨੂੰ ਮਰਨ ਤੋਂ ਬਿਨਾ ਹੋਰ ਕੁਛ ਕਿਉਂ ਨਹੀਂ ਦਿਸਦਾ ਜੀ? ਹੁਣ ਕਈ ਸਾਹਿਬਾਨ 'ਗਰਮ-ਗੋਸ਼ਤ' ਦਾ ਸੁਆਦ ਲੈਣ ਕਰਕੇ ਬੜੇ ਹੀ ਮਸ਼ਹੂਰ ਹੋਏ ਐ ਜੀ! ਸ਼ਰਾਬ, ਕਵਾਬ ਅਤੇ ਸ਼ਬਾਬ ਨਾਲ ਰਾਤਾਂ ਬੜੀਆਂ ਨਿੱਘੀਆਂ ਕਰਦੇ ਐ ਜੀ! ਉਨ੍ਹਾਂ ਨੂੰ ਕੋਈ ਕੁਛ ਨਹੀਂ ਕਹਿੰਦਾ। ਪਰ ਮੁਜ਼ਾਹਰਾ ਕਰਨ ਆਏ ਮਾਸਟਰਾਂ ਤੇ ਕਿਸਾਨਾਂ ਨੂੰ ਫੱਟ ਦੇਣੇਂ ਮੂਧੇ ਪਾ ਲੈਂਦੇ ਐ ਜੀ! ਬਈ ਉਹ ਆਪਣੇ ਹੱਕਾਂ ਲਈ 'ਵਿਖਾਵਾ' ਕਿਉਂ ਕਰਦੇ ਐ? ਕਿਸਾਨ ਤੇ ਮਾਸਟਰ ਵੀ ਕਮਲੇ ਐ ਜੀ! ਉਨ੍ਹਾਂ ਨੂੰ ਸੁੱਤੀ ਪਈ ਗੌਰਮਿੰਟ ਨੂੰ ਜਗਾਉਣ ਦਾ ਦੱਸੋ ਭਲਾ ਕੀ ਹੱਕ ਐ? ਇਨ੍ਹਾਂ 'ਵਿਹਲੇ' ਕਿਸਾਨਾਂ ਨੂੰ ਹੋਰ ਕੋਈ ਕੰਮ ਈ ਹੈਨੀ ਜੀ? ਜਦੋਂ 'ਅਗਲੇ' ਤੋਪਾਂ ਦੀਆਂ ਅਵਾਜ਼ਾਂ ਨਹੀਂ ਸੁਣ ਸਕਦੇ ਜੀ, ਥੋਡੇ ਨਾਅਰੇ ਤੇ ਫ਼ੋਕੇ ਦਬਕਾੜੇ ਕਿੱਥੋਂ ਸੁਣਨਗੇ ਜੀ? ਇਨ੍ਹਾਂ ਨੂੰ ਕੁਛ ਸਮਝਾਓ ਬਾਬਾ ਜੀ! ਇਨ੍ਹਾਂ ਨੂੰ ਲੜਨ ਮਰਨ ਤੋਂ ਬਿਨਾ ਕੁਛ ਆਉਂਦਾ ਈ ਨਹੀਂ ਜੀ? ਕਮਲ਼ੇ ਐ ਜੀ!!

ਜੋਗੀ ਵੀਰਿਆ! ਜੇ ਕਿਤੇ ਮੇਰਾ ਬਾਈ ਸ਼ਿਵ ਕੁਮਾਰ ਬਟਾਲਵੀ ਮਿਲ ਪਵੇ। ਉਹਨੂੰ ਕਹੀਂ, ਤੂੰ ਤਾਂ ਇੱਕ 'ਲੂਣਾ' ਦੀ ਗੱਲ ਕੀਤੀ ਸੀ। ਇੱਥੇ ਤਾਂ ਹੁਣ 'ਘਰਿ ਘਰਿ ਏਹਾ ਅਗਿ' ਫਿਰਦੀ ਐ ਮਿੱਤਰਾ..! ਇੱਥੇ ਹੁਣ ਸੱਠ-ਸੱਠ ਸਾਲ ਦੇ 'ਬਾਹਰਲੇ' ਲਾੜੇ ਵੀਹ-ਵੀਹ ਸਾਲ ਦੀਆਂ 'ਲੂਣਾ' ਵਿਆਹ ਕੇ, ਲੈ ਕੇ ਜਾਂਦੇ ਐ ਬਾਈ! ਇੱਥੇ ਇਕੱਲੀਆਂ ਲੂਣਾ ਦੇ ਦੁਖਾਂਤ ਹੀ ਨਹੀਂ ਹਨ ਬਾਈ ਜੀ, ਲਵੀ ਉਮਰ ਦੇ 'ਪੂਰਨ' ਵੀ 'ਬਾਹਰਲੀਆਂ' ਬੁੱਢੀਆਂ ਲਾੜੀਆਂ ਵੱਲੋਂ ਬੜੀ ਸ਼ਾਨ ਨਾਲ ਵਿਆਹ ਕੇ ਲਿਜਾਏ ਜਾਂਦੇ ਐ...! ਉਨ੍ਹਾਂ ਨੂੰ ਸਿਰਫ਼ ਵੱਢ ਕੇ ਖੂਹ ਵਿਚ ਹੀ ਨਹੀਂ ਸੁੱਟਿਆ ਜਾਂਦਾ, ਪਰ ਕਸਰ ਕੋਈ ਨਹੀਂ ਛੱਡੀ ਜਾਂਦੀ ਜੀ! ਕੱਚੇ ਧਾਗੇ ਨਾਲ ਵਲਾਇਤ ਦੇ ਖੂਹ 'ਚੋਂ ਨਿਕਲਣਾ ਉਨ੍ਹਾਂ ਦੇ ਵੱਸ ਦਾ ਰੋਗ ਹੀ ਨਹੀਂ ਰਹਿ ਜਾਂਦਾ। ਫਿਰ ਉਹ ਤੇਰੇ ਵਾਂਗ ਪਲ-ਪਲ ਮਰਦੇ ਹਨ ਬਾਈ ਮੇਰਿਆ! ਦਾਰੂ ਦਾ ਆਸਰਾ ਲੈ ਕੇ ਆਪਣਾ-ਆਪ ਗਾਲਦੇ ਰਹਿੰਦੇ ਐ!...ਤੇ ਫਿਰ ਇੱਕ ਦਿਨ ਡਾਕਟਰ ਦੀ 'ਟੂਟੀ' ਉਸ ਨੂੰ 'ਮੁਰਦਾ' ਕਰਾਰ ਦੇ ਦਿੰਦੀ ਹੈ, ਜਿਹੜਾ ਅੰਦਰੋਂ 'ਕਦੋਂ ਦਾ' ਮਰ ਚੁੱਕਿਆ ਹੁੰਦੈ!

ਜੋਗੀ ਵੀਰਿਆ! ਜੇ ਤੈਨੂੰ 'ਹੱਥ ਦੇਖਣ' ਵਾਲੇ 'ਬਾਬੇ' ਮਿਲ ਪੈਣ ਤਾਂ ਪੁੱਛੀਂ, ਬਾਬਿਓ! ਪੰਜਾਬ ਦਾ ਅਮਨ ਚੈਨ ਕਦੋਂ ਕੁ ਵਾਪਿਸ ਮੁੜੂਗਾ ਜੀ? ਜਾਂ ਦੱਸ ਦਿਓ ਕਿਹੜੀ ਕੂਟੀਂ ਚੜ੍ਹ ਗਿਐ? ਜਾ ਕੇ ਫੜ ਈ ਲਿਆਈਏ? ਇਹ ਵੀ ਦੱਸ ਦਿਓ ਕਿ ਰੂਸ ਦੇ ਵਲਾਦੀਮੀਰ ਪੁਤਿਨ ਅਤੇ ਯੂਕਰੇਨ ਦੇ ਵਲੋਦੀਮੀਰ ਜ਼ੇਲੈਂਸਕੀ ਦਾ ਸਿਤਾਰਾ ਕਿਉਂ ਨਹੀਂ ਮਿਲਿਆ? ਨਾਂਵਾਂ ਵੱਲ ਦੇਖੀਏ ਤਾਂ ਉਨ੍ਹਾਂ ਦੀ ਰਾਸ਼ੀ ਵੀ ਇੱਕ ਹੀ ਹੈ ਜੀ। ਤੁਸੀਂ ਦਾਅਵਾ ਕਰਦੇ ਰਹਿੰਦੇ ਹੋ, 'ਦੁਸ਼ਮਣ ਮਿੱਤਰ ਬਣ ਜਾਣਗੇ' ਪਰ ਥੋਡੀ ਗਿੱਦੜਸਿੰਗੀ ਰੂਸ ਅਤੇ ਯੂਕਰੇਨ ਵੇਲੇ ਖੁੰਢੀ ਕਿਉਂ ਹੋ ਗਈ? ਜੇ ਰੂਸ ਤੇ ਯੂਕਰੇਨ ਵਾਲਿਆਂ ਨੂੰ ਥੋਡੇ ਕੋਲੇ ਲੈ ਕੇ ਆਈਏ, ਕੋਈ ਜਾਦੂ ਧੂੜ ਦਿਓਗੇ ਜੀ? ਰਾਜ਼ੀਨਾਵਾਂ ਹੀ ਕਰ ਲੈਣ! ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੇ ਤਾਂ ਵਿਚੋਲਗਿਰੀ ਦੀਆਂ ਮੁੰਦਰੀਆਂ ਜ਼ਰੂਰ ਪਾਓ ਜੀ! ਇਹ ਵੀ ਦੱਸਿਓ ਪੱਤਰੀ ਖੋਲ੍ਹ ਕੇ ਬਾਬਾ ਜੀ, ਬਈ ਅਮਰੀਕਾ ਉਤਰੀ ਕੋਰੀਆ ਅਤੇ ਇਰਾਕ ਬਾਰੇ ਦੋ-ਧਾਰਾ ਤੂੰਬਾ ਕਿਉਂ ਵਜਾਉਂਦੈ? ਹਥਿਆਰ ਤਾਂ ਨੌਰਥ ਕੋਰੀਆ ਕੋਲੇ ਵੀ ਖ਼ਤਰਨਾਕ ਹੈਗੇ ਐ! ਉਤਰੀ ਕੋਰੀਆ ਨੂੰ ਇਰਾਕ ਵਾਂਗੂੰ ਟੁੱਟ ਕੇ ਕਿਉਂ ਨਹੀਂ ਪੈਂਦਾ ਜੀ? ਉਹਦੇ ਨਾਲ ਦੋ-ਦੋ ਹੱਥ ਕਾਹਤੋਂ ਮਿਲਾਉਂਦੈ? ਮੈਨੂੰ ਮੈਦ ਐ ਅਮਰੀਕਾ ਉਹਦੇ 'ਤੂਈਆਂ' ਜਿਹੀਆਂ ਵਾਲੇ 'ਭੜ੍ਹਾਕਿਆਂ' ਤੋਂ ਡਰਦੈ ਜੀ! ਜੇ ਨੌਰਥ ਕੋਰੀਆ ਵਾਲੇ ਕਿਮ ਯੌਂਗ-ਉਨ ਤੇ ਡੋਨਲਡ ਟਰੰਪ ਨੂੰ ਤੁਹਾਡੇ ਕੋਲ ਭੇਜੀਏ, ਮਿੱਤਰ ਬਣਾ ਦਿਉਂਗੇ..? ਮੰਤਰ ਮਾਰ ਕੇ ਇਹ ਵੀ ਦੱਸਣਾ ਕਿ ਡੋਨਲਡ ਟਰੰਪ ਤੇ ਕਿਮ ਯੌਂਗ-ਉਨ-ਇਨ੍ਹਾਂ ਦੋਨਾਂ ਦੇ ਮੂੰਹ ਸੁੱਜੇ-ਸੁੱਜੇ ਜਿਹੇ ਕਿਉਂ ਰਹਿੰਦੇ ਐ ਜੀ? ਇਨ੍ਹਾਂ ਦੇ ਚਿਹਰਿਆਂ 'ਤੇ ਮੁਸਕੁਰਾਹਟ ਦਾ ਅਤਰ-ਜਲ ਜ਼ਰੂਰ ਛਿੜਕੋ ਜੀ..! ਇਥੋਪੀਆ 'ਚ ਭੁੱਖੇ ਮਰਦੇ ਲੋਕਾਂ ਨੂੰ ਜ਼ਰੂਰ ਕੋਈ ਕਾਲਾ ਜਾਦੂ ਦਿਓ ਜੀ! ਉਥੇ ਅੰਬ ਜ਼ਰੂਰ ਲੱਗਣ ਲੱਗ ਪੈਣ! ਤੁਸੀਂ ਬਾਬਾ ਜੀ ਘੌਲ ਕਰ ਜਾਂਦੇ ਓ! ਹੜ੍ਹ ਵਾਲਾ ਪਾਣੀ ਮੰਤਰ ਮਾਰ ਕੇ ਸੋਕੇ ਵਾਲੇ ਪਾਸੇ ਨੂੰ ਕਿਉਂ ਨਹੀਂ ਧੱਕ ਦਿੰਦੇ?

ਜੋਗੀਆ! ਬਾਈ ਮੇਰਿਆ!! ਜੇ ਕਿਤੇ ਬਾਬਾ ਬੁੱਲ੍ਹੇ ਸ਼ਾਹ, ਸੱਯਦ ਵਾਰਿਸ ਸ਼ਾਹ ਜਾਂ ਬਾਬਾ ਫ਼ਰੀਦ ਜੀ ਤਾਂ ਸਾਰਿਆਂ ਤੋਂ ਪਹਿਲਾਂ ਉਨ੍ਹਾਂ ਦੇ ਚਰਨੀਂ ਡਿੱਗ ਕੇ ਮੇਰਾ 'ਸਲਾਮ' ਦੇਈਂ ਤੇ ਆਖੀਂ, ਆਪਣੀ 'ਪੰਜਾਬੀ-ਬੇਬੇ' ਭੁੱਖੀ-ਤਿਹਾਈ, ਲੰਗਾਰ ਹੰਢਾਉਂਦੀ ਐ! ਬਿਮਾਰ ਤਾਂ ਉਹ 1947 ਤੋਂ ਈ ਰਹਿੰਦੀ ਐ, ਇੱਕ ਪਾਸਾ ਜੂ ਮਾਰਿਆ ਗਿਆ ਸੀ! ਹੁਣ ਤਾਂ ਉਸ ਦੇ ਪੁੱਤ-ਪੋਤੇ ਵੀ ਅੰਗਰੇਜ਼ੀ 'ਅੰਟੀ' ਵਿਚ ਪਰਚ ਗਏ ਐ! ਦੁਆਈ-ਬੂਟੀ ਵੀ ਨਹੀਂ ਦਿੰਦੇ! ਹੁਣ ਤਾਂ ਜਦੋਂ ਮੰਜੇ 'ਤੇ ਪਈ ਖੰਘਦੀ ਐ ਨਾ, ਤਾਂ ਮੂੰਹ 'ਚੋਂ ਖ਼ੂਨ ਆਉਂਦੈ! ਸ਼ਾਇਦ ਅੰਗਰੇਜ਼ੀ ਟੀ.ਬੀ. ਹੋ ਗਈ ਐ! ਡਾਕਟਰ ਕਹਿੰਦੇ ਹੁਣ ਬਾਹਲਾ ਚਿਰ ਨਹੀਂ ਕੱਟਦੀ! ਪਰ ਪੁੱਤਾਂ-ਪੋਤਿਆਂ ਨੂੰ ਫੇਰ ਵੀ ਅਸੀਸਾਂ ਹੀ ਦੇਈ ਜਾਂਦੀ ਐ, 'ਜਿਉਂਦੇ ਵਸਦੇ ਰਹਿਣ-ਦੁੱਧੀਂ ਪੁੱਤੀਂ ਫ਼ਲਣ!' ਕਹਿੰਦੀ ਐ, 'ਪੁੱਤ ਧੀਆਂ ਸੌ ਵਾਰੀ ਬੇਮੁੱਖ ਹੋ ਜਾਣ, ਪਰ ਮਾਂ ਬੇਮੁੱਖ ਕਦੇ ਨਹੀਂ ਹੁੰਦੀ।' ਅੱਖਾਂ ਤੋਂ ਦਿਸਣਾ ਤਾਂ ਕੀ ਸੀ? ਹੁਣ ਤਾਂ ਆਪਦੀ ਕਿਰਿਆ ਵੀ ਮਸਾਂ ਈ ਸੋਧਦੀ ਐ! ਪੋਤੇ ਉਹਦੀ ਖੂੰਡੀ 'ਤੇ ਹੱਸਦੇ ਐ, ਪੋਤੀਆਂ ਚੁੰਨੀ ਤੋਂ ਖਿਝਦੀਐਂ! ਉਹਦੀਆਂ ਪੁਰਾਣੀਆਂ ਰਵਾਇਤਾਂ ਤੋਂ ਨੱਕ-ਬੁੱਲ੍ਹ ਮਾਰਦੇ ਐ! ਝੁਰੜੀਆਂ ਤੋਂ ਚਿੜ੍ਹਦੇ ਐ! ਮੁਸ਼ਕ ਆਉਣ ਦਾ ਦਾਅਵਾ ਵੀ ਕਰਦੇ ਐ ਅਤੇ ਕਦੇ-ਕਦੇ 'ਉਜੱਡ-ਬੁੱਢੀ' ਵੀ ਕਹਿੰਦੇ ਐ! ਅਲਕਤ ਮੰਨਦੇ ਐ! ਉਹ ਟੁੱਟੀ ਮੰਜੀ 'ਤੇ ਪਈ, ਘੰਗਾਰ ਸੁੱਟਦੀ ਰਹਿੰਦੀ ਐ! ਕਦੇ-ਕਦੇ ਵੈਰਾਗ 'ਚ ਆ ਕੇ ਰੋ ਵੀ ਪੈਂਦੀ ਐ! ਪਰ ਉਸ ਦੇ ਹੰਝੂ ਕੋਈ ਨਹੀਂ ਪੂੰਝਦਾ, ਹਾਸੇ ਦਾ ਵਿਸ਼ਾ ਜ਼ਰੂਰ ਬਣਦੀ ਰਹਿੰਦੀ ਐ!

ਜੋਗੀ ਵੀਰਿਆ! ਇਹ ਵੀ ਦੱਸੀਂ ਬਈ ਹੋਰ ਤਾਂ ਹੋਰ ਹੁਣ ਤਾਂ 'ਪੰਜਾਬੀ-ਬੇਬੇ' ਦਾ ਹਾਲ ਉਸ ਦੇ ਮੰਤਰੀ-ਸ਼ੰਤਰੀ ਪੁੱਤਰ ਵੀ ਨਹੀਂ ਪੁੱਛਦੇ। ਪੰਜਾਬੀ ਮਾਂ ਦੀ ਗੱਲ ਵੀ ਅੰਗਰੇਜ਼ੀ ਵਿਚ ਹੀ ਕਰਦੇ ਹਨ! ਵੋਟਾਂ ਵੇਲੇ ਬੇਬੇ ਦੇ ਗੀਝੇ ਵਿਚ ਹੱਥ ਜ਼ਰੂਰ ਮਾਰ ਲੈਂਦੇ ਹਨ। ਪੰਜਾਬੀ ਬੁੱਧੀਜੀਵੀ ਵੀ ਆਪਣੇ ਬੱਚਿਆਂ ਦੇ ਨਾਂ 'ਰੌਬਿਨ' ਜਾਂ 'ਡੇਵਿਡ' ਹੀ ਰੱਖਣ ਲੱਗ ਪਏ! ਨੰਦ ਲਾਲ, ਸ਼ਿਵ ਕੁਮਾਰ, ਪੂਰਨ ਸਿੰਘ ਅਤੇ ਭਾਈ ਵੀਰ ਸਿੰਘ ਵਰਗਿਆਂ ਨੂੰ ਭੁੱਲ ਗਏ। ਮਾਤਾ ਭਾਗ ਕੌਰ, ਸਦਾ ਕੌਰ ਵਿਸਰ ਗਈਆਂ ਅਤੇ 'ਬੈਗੀ' ਅਤੇ 'ਸੈਂਡੀ' ਉੱਗ ਪਈਆਂ। ਸਕੂਲਾਂ ਵਿਚ ਅੰਗਰੇਜ਼ੀ ਸ਼ੁਰੂ ਹੋ ਗਈ। ਪਰ ਬੱਚਿਆਂ ਨੂੰ ਹਾਲੀ ਤੱਕ 'ਨਲੀ-ਪੂੰਝਣ' ਦੀ ਅੰਗਰੇਜ਼ੀ ਨਹੀਂ ਆਉਂਦੀ। 'ਨੋਜੀ ਆ-ਗੀ..!' ਹੀ ਦੱਸਦੇ ਐ!

ਜੋਗੀ ਵੀਰਿਆ! ਉਨ੍ਹਾਂ ਮਹਾਂਪੁਰਸ਼ਾਂ ਨੂੰ ਸੱਭਿਆਚਾਰ ਬਾਪੂ ਦਾ ਹਾਲ-ਚਾਲ ਵੀ ਜ਼ਰੂਰ ਦੱਸੀਂ! ਉਹਨੂੰ ਵੀ ਜੀਨ, ਸਕਰਟ ਅਤੇ ਬੌਬੀ-ਕੱਟ ਰੋਗ ਐ! ਇਲਾਜ ਲਈ ਇੰਗਲੈਂਡ ਭੇਜਿਆ ਸੀ। ਪਰ 'ਬਾਹਰਲੇ' ਡਾਕਟਰਾਂ ਨੇ ਉਸ ਦੇ ਰੋਗਾਂ ਬਾਰੇ ਸੁਣ ਕੇ ਹੀ ਹੱਸ ਛੱਡਿਆ। ਉਹ ਕਹਿੰਦੇ ਇਹਨੂੰ ਕੋਈ ਰੋਗ ਨਹੀਂ, ਇਹਦੇ ਦਿਮਾਗ 'ਚ ਫ਼ਰਕ ਪੈ ਗਿਆ। ਉਥੋਂ ਦੇ ਕੰਪਿਊਟਰਾਂ ਨੂੰ ਤਾਂ ਇਹਦੇ ਰੋਗਾਂ ਦੇ ਨਾਵਾਂ ਦਾ ਵੀ ਨਹੀਂ ਪਤਾ! ਜਦੋਂ ਉਥੋਂ ਦੇ ਵੱਡੇ 'ਹਸਪਤਾਲ' ਵਿਚ ਲੈ ਕੇ ਗਏ ਤਾਂ ਉਥੇ ਇਹ ਪਿੱਟ ਉਠਿਆ! ਕਹਿੰਦਾ, ਮੈਂ ਲੀੜੇ ਨਹੀਂ ਲਾਹੁਣ ਦੇਣੇ, ਮੇਰੀ ਊਂ ਡਾਕਟਰੀ ਕਰ ਲਵੋ, ਮੈਂ ਨਿਰਵਸਤਰ ਨਹੀਂ ਹੋਣਾ! ਹੁਣ ਇਹਦਾ ਵੀ ਇੱਕ ਪਾਸਾ ਮਾਰਿਆ ਪਿਐ! ਉਠਣ ਜੋਕਰਾ ਨਹੀਂ ਰਿਹਾ!

ਜੋਗੀ ਵੀਰਿਆ! ਇਹ ਮੇਰੇ ਸੁਨੇਹੇਂ ਜ਼ਰੂਰ ਦੇ ਦੇਵੀਂ। ਬੱਸ ਵੀਰਿਆ! ਜਿਉਂਦਾ ਵਸਦਾ ਰਹਿ! ਜੁੱਗ-ਜੁੱਗ ਜੀਵੇਂ! ਜਵਾਨੀਆਂ ਮਾਣੇਂ! ਖੁਸ਼ੀ-ਖੁਸ਼ੀ ਜਾਹ ਤੇ ਖੁਸ਼ੀ-ਖੁਸ਼ੀ ਮੁੜ ਕੇ ਆ। ਹਾਂ, ਪਰ ਮੇਰੀਆਂ ਗੱਲਾਂ ਦਾ ਜਵਾਬ ਜ਼ਰੂਰ ਲੈ ਕੇ ਆਈਂ ਵੀਰਿਆ! ਤੇਰੀ ਉਡੀਕ 'ਚ ਮੈਂ ਇਸ ਬੇਲੇ 'ਚ ਹੀ ਮਿਲੂੰ। ਰੱਬ ਖ਼ੈਰਾਂ ਬਖਸ਼ੇ! ਜਿਉਂਦਾ ਵਸਦਾ ਰਹਿ!!

---

*(ਪਿਛਲੇ ਸਫੇ ਦਾ ਬਾਕੀ)*

ਕੀਟਨਾਸ਼ਕਾਂ ਨਾਲ ਧਰਤੀ ਹੇਠਲੇ ਕਿਸਾਨ ਦੇ ਮਿੱਤਰ ਜੀਵ ਵੀ ਮਰ ਜਾਂਦੇ ਹਨ। ਫਸਲਾਂ ਤੇ ਛਿੜਕੇ ਜਾ ਰਹੀਆਂ ਦੁਆਈਆਂ ਨੇ ਉਨ੍ਹਾਂ ਪੰਖੇਰੂਆਂ ਨੂੰ ਮੁਕਾ ਦਿੱਤਾ ਹੈ ਜਿਹੜੇ ਖੇਤਾਂ ਵਿਚ ਦਾਣਾ-ਦੁੱਕਾ ਖਾ ਕੇ ਪਲ਼ਦੇ ਸਨ। ਜੰਗਲਾਂ ਦੇ ਬਿਰਖਾਂ ਦੀ ਬੇਤਹਾਸ਼ਾ ਕਟਾਈ ਹੋਣ ਨਾਲ ਧਰਤੀ ਦੀ ਉੱਪਰਲੀ ਉਪਜਾਊ ਪਰਤ ਬਾਰਿਸ਼ ਨਾਲ ਖੁਰ ਕੇ ਵਹਿ ਜਾਣ ਲੱਗ ਪਈ ਹੈ। ਜੰਗਲਾਂ ਵਿਚ ਪੈਦਾ ਹੁੰਦੇ ਤੇ ਬਿਰਖ ਬੂਟਿਆਂ ਵਿਚ, ਬਨਸਪਤੀ ਵਿਚ ਖੇਡਣ-ਮੱਲ੍ਹਣ ਤੇ ਜੀਣ ਵਾਲੇ ਕਈ ਜਾਨਵਰ ਖਤਮ ਹੋ ਰਹੇ ਹਨ ਤੇ ਕੁਦਰਤ ਵੱਲੋਂ ਬਣੀਆਂ ਭੋਜਨ ਲੜੀਆਂ ਟੁੱਟ ਰਹੀਆਂ ਹਨ। ਕਈ ਜਾਨਵਰ ਬੇਘਰੇ ਹੋ ਕੇ ਗੁੱਸੇ ਵਿਚ ਆਸ-ਪਾਸ ਦੀਆਂ ਮਨੁੱਖੀ ਬਸਤੀਆਂ ਦਾ ਨੁਕਸਾਨ ਕਰਦੇ ਦੇਖੇ ਜਾਂਦੇ ਹਨ ਤੇ ਫਿਰ ਮਨੁੱਖਾਂ ਵੱਲੋਂ ਮਾਰੇ ਜਾ ਰਹੇ ਹਨ।

ਇਸ ਤਰ੍ਹਾਂ ਦੇ ਅਸਰ ਹੀ ਸਮੁੰਦਰ ਵਿਚਲੇ ਜੀਵਾਂ ਤੇ ਹੋ ਰਹੇ ਹਨ। ਮਨੁੱਖ ਵੱਲੋਂ ਉੱਥੇ ਪਲਾਸਟਿਕ ਤੇ ਹੋਰ ਕਈ ਕਿਸਮਾਂ ਦਾ ਕੂੜਾ ਸੁੱਟਣ ਨਾਲ ਸਮੁੰਦਰ ਦਾ ਪਾਣੀ ਪਲੀਤ ਹੋ ਰਿਹਾ ਹੈ। ਉੱਥੇ ਵੀ ਪਾਣੀ ਵਿਚ ਰਹਿਣ ਵਾਲੇ ਜੀਵ ਮਰ ਰਹੇ ਹਨ। ਮਰੇ ਜੀਵਾਂ ਦੇ ਸਰੀਰਾਂ ਵਿਚੋਂ ਸਾਡੇ ਵੱਲੋਂ ਸਮੁੰਦਰ ਵਿਚ ਸੁੱਟੀ ਜਾ ਰਹੀ ਪਲਾਸਟਿਕ ਦੇ ਅੰਸ਼ ਮਿਲ ਰਹੇ ਹਨ। ਸਮੁੰਦਰ ਵੀ ਬੇਚੈਨ ਹੈ। ਮਨੁੱਖ ਵੱਲੋਂ ਆਪਣੇ ਸੁੱਖ ਆਰਾਮ ਵਾਸਤੇ ਵਰਤੀ ਜਾ ਰਹੀ ਅਥਾਹ ਮਸ਼ੀਨਰੀ ਸੇਕ ਪੈਦਾ ਕਰ ਰਹੀ ਹੈ। ਵੱਡੀਆਂ ਮਸ਼ੀਨਾਂ ਨਾਲ ਪਹਾੜ ਤੋੜੇ ਜਾ ਰਹੇ ਤੇ ਇਸ ਕੀਤੀ ਜਾ ਰਹੀ ਛੇੜਛਾੜ ਨਾਲ ਟੁੱਟ ਵੀ ਰਹੇ ਹਨ। ਮਸ਼ੀਨਰੀ ਤੇ ਵਧਦੀ ਆਬਾਦੀ ਨਾਲ ਪੈਦਾ ਹੋ ਰਹੇ ਸੇਕ ਨਾਲ ਹਜ਼ਾਰਾਂ ਸਾਲਾਂ ਤੋਂ ਪਹਾੜਾਂ ਤੇ ਜੰਮੀਆਂ ਬਰਫ਼ਾਂ ਪਿਘਲ ਰਹੀਆਂ ਹਨ ਤੇ ਉਹ ਕਿਸੇ ਵੇਲੇ ਧਰਤੀ ਤੇ ਹੜ ਵਰਗੀ ਤਬਾਹੀ ਮਚਾ ਸਕਦੀਆਂ ਹਨ। ਹੁਣ ਤਾਂ ਮਨੁੱਖ ਆਪਣੀ ਤਰੱਕੀ ਦਾ ਆਨੰਦ ਲੈਂਦਾ ਪੁਲਾੜ ਤੱਕ ਵੀ ਕੂੜਾ-ਕਰਕਟ ਖਿਲਾਰਨ ਲੱਗ ਪਿਆ ਹੈ। ਪਾਰ ਬੈਂਗਣੀ ਕਿਰਨਾਂ ਧਰਤੀ ਤੇ ਆਉਣੋਂ ਰੋਕਣ ਵਾਲੀ ਓਜ਼ੋਨ ਦੀ ਤਹਿ ਵਿਚ ਵੀ ਛੇਕ ਪੈ ਰਹੇ ਹਨ। ਗੱਲ ਕੀ ਇਹ ਸਿਲਸਿਲਾ ਸ਼ਬਦਾਂ ਦੀ ਤਾਕਤ ਤੋਂ ਕਿਤੇ ਵੱਡਾ ਹੈ। ਤਰੱਕੀ ਸਾਨੂੰ ਚੰਗੀ ਤਾਂ ਲੱਗਦੀ ਹੈ, ਇਸ 'ਤੇ ਮਾਣ ਵੀ ਕਰਦੇ ਹਾਂ, ਪਰ ਕੀ ਅਸੀਂ ਸਾਰੇ ਵਾਯੂਮੰਡਲ ਨੂੰ ਪਲੀਤ ਕਰ ਕੇ ਇਸ ਨੂੰ ਬੀਮਾਰੀਆਂ ਦਾ ਘਰ ਨਹੀਂ ਬਣਾਉਂਦੇ ਜਾ ਰਹੇ? ਹੁਣ ਜਦੋਂ ਕਿ ਪੀਣ ਵਾਲਾ ਪਾਣੀ ਜ਼ਹਿਰੀਲਾ ਹੋ ਰਿਹਾ ਹੈ ਹਵਾ ਸਾਹ ਲੈਣ ਦੇ ਕਾਬਲ ਨਹੀਂ ਰਹਿ ਜਾਣ ਲੱਗੀ ਤਾਂ ਜ਼ਿੰਦਗੀ ਦੇ ਸਾਹ ਨਹੀਂ ਘੁੱਟੇ ਜਾ ਰਹੇ। ਇਹ ਕੁਝ ਬਿਨਾਂ ਕਿਸੇ ਸੋਚ-ਸਮਝ ਤੇ ਲੋੜੀਂਦੇ ਸੰਤੁਲਨ ਤੋਂ ਬਿਨਾਂ ਜਾਰੀ ਰਿਹਾ ਤਾਂ ਅਸੀਂ ਖ਼ੁਦ ਕਹਿ ਉੱਠਣਾ ਹੈ:

ਚਾਰੇ ਕੂਟਾਂ ਢੂੰਡੀਆਂ ਰਹਿਣੁ ਕਿਥਾਊ ਨਾਹਿ

ਸ਼ੇਖ ਫਰੀਦ ਦਾ ਇਹ ਕਥਨ ਮਨੁੱਖ ਨੂੰ ਅਹਿਸਾਸ ਦੁਆਉਣ ਵਾਸਤੇ ਸੀ ਕਿ ਮਨੁੱਖ ਨੇ ਧਰਤੀ ਤੋਂ ਜਾਣਾ ਹੀ ਹੈ, ਸਾਰੇ ਸੰਸਾਰ ਵਿਚ ਐਸੀ ਕੋਈ ਜਗ੍ਹਾ ਨਹੀਂ ਲਭਦੀ ਜਿੱਥੇ ਉਹ ਹਮੇਸ਼ਾਂ ਵਾਸਤੇ ਰਹਿੰਦਾ ਹੀ ਰਹੇ। ਪਰ ਮਨੁੱਖ ਦੇ ਕਾਰਨਾਮੇ ਉਸ ਨੂੰ ਤੇ ਧਰਤੀ 'ਤੇ ਵੱਸਦੀ ਜ਼ਿੰਦਗੀ ਨੂੰ ਧਰਤੀ ਤੋਂ ਜਲਦੀ ਹੀ ਭੇਜਣ ਦਾ ਕਾਰਨ ਨਾ ਬਣ ਜਾਣ ਇਹ ਸੋਚਣਾ ਵੀ ਉਸੇ ਦੀ ਜ਼ਿੰਮੇਵਾਰੀ ਹੈ। ਜ਼ਰੂਰੀ ਹੈ ਕਿ ਉਹ ਲੱਖਾਂ-ਹਜ਼ਾਰਾਂ ਸਾਲਾਂ ਤੋਂ ਵੱਸੀ ਜ਼ਿੰਦਗੀ ਦੇ ਸਵਰਗੀ ਸਮੁੱਚ ਨੂੰ ਆਪਣੀ ਮਲਕੀਅਤ ਸਮਝ ਕੇ ਤਬਾਹ ਕਰਨ ਤੋਂ ਗੁਰੇਜ਼ ਕਰੇ।

# ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਦਾ ਚਲਾਣਾ ਤੇ ਮਨ ਦੇ ਵਲਵਲੇ

ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਬੰਬੇ ਵਾਲੇ, ਮਾਤਰ ਸੱਠ ਸਾਲ ਤੋਂ ਵੀ ਘੱਟ ਉਮਰ ਵਿਚ ਸਰੀਰ ਤਿਆਗ ਗਏ। ਦਸਮ ਦੀ ਬਾਣੀ ਗਾਉਣ ਵਿਚ ਉਨ੍ਹਾਂ ਦਾ ਅੱਜ ਦੀ ਤਰੀਕ ਵਿਚ ਕੋਈ ਸਾਨੀ ਨਹੀਂ ਸੀ। ਗੁਰਬਾਣੀ ਗਾਂਵਦੇ ਹੋਏ, ਜਿੱਥੇ ਉਨ੍ਹਾਂ ਨੂੰ ਵਿਸ਼ਰਾਮ ਲਾ ਕੇ, ਗੁਰਬਾਣੀ ਦੇ ਅਰਥ ਸਮਝਾਉਣ ਦੀ ਕਮਾਲ ਦੀ ਮੁਹਾਰਤ ਸੀ, ਉਥੇ ਰਾਗ-ਬੱਧ ਬਾਣੀ ਗਾਉਣ ਦੀ ਵੀ ਉਹ ਹਿੰਮਤ ਰੱਖਦੇ ਸਨ। ਸੁਭਾਅ ਪੱਖੋਂ, ਸ਼ਾਇਦ ਹੀ ਉਨ੍ਹਾਂ ਨੂੰ ਮਿਲਣ



ਰਾਜਿੰਦਰ ਸਿੰਘ ਟਾਂਡਾ

ਵਾਲਾ ਕੋਈ ਸੱਜਣ ਹੋਵੇ, ਜਿਹੜਾ ਉਨ੍ਹਾਂ ਨਾਲ ਬਹੁਤ ਮੁਹੱਬਤ ਨਾ ਕਰਦਾ ਹੋਵੇ। ਅਤਿ ਮਿਲਾਪੜੇ ਸੁਭਾਅ ਦੇ ਮਾਲਕ, ਭਾਈ ਸਾਹਿਬ ਦਾ ਵਿਛੋੜਾ ਪੰਥਕ ਸਫ਼ਾਂ ਨੂੰ ਬੜਾ ਵੱਡਾ ਧੱਕਾ ਦੇ ਕੇ ਗਿਆ ਹੈ।

ਪਰ ਕੁਝ ਸੁਆਲ ਮੇਰੇ ਮਨ ਵਿਚ ਕੱਲ੍ਹ ਦੇ ਉਠ ਰਹੇ ਹਨ ਕਿ ਇੱਕ ਚੰਗਾ ਕਥਾਵਾਚਕ ਬਣਨ ਨੂੰ ਜਾਂ ਇੱਕ ਚੰਗਾ ਕੀਰਤਨੀਆ ਬਣਨ ਨੂੰ ਕੋਈ ਵੀਹ ਤੋਂ ਪੰਝੀ ਸਾਲ ਲਗਦੇ ਨੇ ਅਸਲ ਵਿਚ, ਕੋਈ ਵੀ ਡਾਕਟਰ, ਵਕੀਲ, ਅਧਿਆਪਕ ਜਾਂ ਪ੍ਰਚਾਰਕ ਪੰਜਾਹ ਸਾਲ ਦੀ ਉਮਰ ਤੋਂ ਬਾਅਦ, ਆਪਣੇ ਕਿੱਤੇ ਦਾ ਅਸਲ ਮਾਹਿਰ ਬਣਦਾ ਹੈ, ਕਿਉਂਕਿ ਇਸ ਉਮਰ ਤੱਕ ਪਹੁੰਚਦਿਆਂ, ਸਿਖਲਾਈ ਅਤੇ ਮਿਹਨਤ ਦੇ ਵਿਚ, ਜ਼ਿੰਦਗੀ ਦਾ ਤਜਰਬਾ ਵੀ ਜਮ੍ਹਾਂ ਹੋ ਜਾਂਦਾ ਹੈ। ਸੋ ਇਨ੍ਹਾਂ ਕਿੱਤਿਆਂ ਦੇ ਮਾਹਿਰਾਂ ਦੀ, ਆਪਣੀ ਗੱਲ ਕਹਿਣ ਜਾਂ ਪ੍ਰਚਾਰਨ ਦੀ ਅਸਲ ਉਮਰ ਪੰਜਾਹ ਤੋਂ ਬਾਅਦ ਸ਼ੁਰੂ ਹੁੰਦੀ ਹੈ। ਸੋ ਕਿਸੇ ਵੀ ਪ੍ਰਚਾਰਕ, ਕਥਾ ਵਾਚਕ ਜਾਂ ਕੀਰਤਨੀਏ ਦੇ ਪ੍ਰਚਾਰ ਵਿਚ ਪ੍ਰਪੱਕਤਾ ਕੋਈ ਪੰਜਾਹ ਸਾਲ ਤੋਂ ਬਾਅਦ ਆਉਂਦੀ ਹੈ ਪਰ ਸਾਡੀ ਇਹ ਬਦਕਿਸਮਤੀ ਹੈ ਅੱਜ ਪੰਥ ਦੇ ਸਿਰਮੌਰ ਪ੍ਰਚਾਰਕ ਇਸ ਉਮਰ ਤੱਕ ਪੁੱਜਦਿਆਂ ਜਾਂ ਇਸ ਤੋਂ ਵੀ ਪਹਿਲਾਂ, ਬਲੱਡ ਪ੍ਰੈਸ਼ਰ, ਸ਼ੂਗਰ ਜਾਂ ਹੋਰ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਨੇ ਕਾਰਨ ਕੀ ਹੈ?

ਕੋਈ ਸ਼ੱਕ ਨਹੀਂ ਕਿ ਅਸਲ ਜੀਵਨ ਵਿਚ ਸਾਡੇ ਖਾਣ-ਪੀਣ, ਕਸਰਤ ਨਾ ਹੋਣ ਕਰਕੇ ਅੱਗੇ ਨਾਲੋਂ ਇਹ ਬਿਮਾਰੀਆਂ ਵਧ ਰਹੀਆਂ ਹਨ, ਪਰ ਪ੍ਰਚਾਰਕਾਂ ਦੀ ਚੰਗੀ ਸਿਹਤ ਤੇ ਲੰਬੀ ਉਮਰ ਕੌਮ ਦੀ ਲੋੜ ਹੈ। ਇੱਕ ਚੰਗਾ ਪ੍ਰਚਾਰਕ, ਦਹਾਕਿਆਂ ਵਿਚ ਬਣਦਾ ਹੈ। ਉਹਦਾ ਕਿਸੇ ਬਿਮਾਰੀ ਨਾਲ ਗ੍ਰਸਤ ਹੋਣਾ, ਕੌਮ ਲਈ ਚਿੰਤਾ ਦਾ ਵਿਸ਼ਾ ਵੀ ਹੈ ਤੇ ਕੌਮੀ ਨੁਕਸਾਨ ਵੀ। 'ਸਾਹ ਮਹਾਰਾਜ ਨੇ ਗਿਣ ਕੇ ਦਿੱਤੇ ਹਨ', ਜਾਂ 'ਸਮਾਂ ਆ ਗਿਆ ਸੀ' ਵਰਗੀ ਦਲੀਲ ਦੇ ਕੇ ਇਸ ਲੇਖ ਨੂੰ ਮੂਲੋਂ ਰੱਦ ਕੀਤਾ ਜਾ ਸਕਦਾ ਹੈ ਪਰ, ਜੇਕਰ ਅਸੀਂ ਇੰਨੇ ਭਾਣੇ ਵਿਚ ਚਲੀਏ ਤਾਂ ਫਿਰ ਸਾਰੇ ਹਸਪਤਾਲ ਬੰਦ ਹੋ ਜਾਣੇ ਚਾਹੀਦੇ ਨੇ।

ਖੈਰ, ਮੈਂ ਵਿਚਾਰ ਉੱਤੇ ਰਹਾਂ ਕਿ ਪ੍ਰਚਾਰਕਾਂ ਦੀ, ਖਾਸ ਕਰ ਵਿਦੇਸ਼ਾਂ ਵਿਚ ਰਹਿਣ ਵਾਲਿਆਂ ਨੂੰ ਬਿਮਾਰੀਆਂ ਕਿਓਂ ਜ਼ਿਆਦਾ ਪ੍ਰਭਾਵਿਤ ਕਰ ਰਹੀਆਂ ਹਨ ਤਾਂ, ਲਗਦਾ ਹੈ ਕਿ ਦੌੜ-ਭੱਜ ਇੱਕ ਵੱਡਾ ਕਾਰਨ ਹੈ-ਇੱਕ ਦੇਸ਼ ਤੋਂ ਦੂਜੇ ਦੇਸ਼, ਇੱਕ ਦੇਸ਼ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਰਾਤਾਂ ਦੇ ਸਫ਼ਰ, ਨੀਂਦ ਦੀ ਅਵਾਜ਼ਾਰੀ ਤੇ ਅੱਗੋਂ ਗੁਰਦੁਆਰਾ ਸਾਹਿਬਾਨ ਵਿਚ ਕੋਈ ਬਹੁਤ ਵਧੀਆ ਸਿਸਟਮ ਨਾ ਹੋਣਾ। ਅਕਸਰ ਇਨ੍ਹਾਂ ਪ੍ਰਚਾਰਕਾਂ ਨੂੰ, ਠੰਡੀਆਂ



ਦਾਲਾਂ, ਠੰਡੇ ਫੁਲਕੇ ਆਦਿ ਨਾਲ ਡੰਗ ਸਾਰਨਾ ਪੈਂਦਾ ਹੈ, ਖਾਸ ਕਰ ਕੀਰਤਨੀਏ, ਜਿਨ੍ਹਾਂ ਦਾ ਸਾਰਾ ਦਾਰਮੁਦਾਰ ਹੀ ਗਲੇ ਉੱਤੇ ਨਿਰਭਰ ਹੈ। ਮੈਂ ਅਕਸਰ ਕੀਰਤਨੀਆਂ ਨੂੰ ਕੈਲੇਫੋਰਨੀਆ ਤੋਂ ਈਸਟ ਵੱਲ ਨੂੰ ਰਾਤ ਦੇ ਸਫ਼ਰ ਕਰਦੇ ਦੇਖਦਾ ਹਾਂ ਤਾਂ ਕਿ ਇੱਕ ਦਿਨ ਬਚ ਜਾਵੇ। ਰਾਤ ਦੇ ਉਨੀਂਦਰੇ, ਸਵੇਰੇ ਪਹੁੰਚ ਕੀਰਤਨ ਕਰਨਾ ਬੜਾ ਮੁਸ਼ਕਲ ਕੰਮ ਹੈ। ਇੱਕ-ਡੇਢ ਘੰਟਾ, ਲਗਾਤਾਰ ਬੋਲਣਾ ਪੈ ਜਾਵੇ ਤਾਂ ਚਾਹ ਦੀ ਲੋੜ ਮਹਿਸੂਸ ਹੋਣ ਲੱਗ ਜਾਂਦੀ ਹੈ ਪਰ ਲਗਾਤਾਰ ਘੰਟਾ ਡੇਢ ਘੰਟਾ ਚੌਕੜੀ ਮਾਰ ਮਾਈਕ ਸਾਹਵੇਂ ਕੀਰਤਨ ਕਰਨਾ, ਕੋਈ ਸੌਖਾ ਕੰਮ ਨਹੀਂ। ਬੱਸ ਗੁਰੂ ਕਿਰਪਾ ਕਰਵਾ ਦਿੰਦੀ ਹੈ, ਨਹੀਂ ਬੰਦੇ ਦੇ ਵੱਸ ਦੀ ਖੇਡ ਨਹੀਂ।

ਅਕਸਰ ਕੋਈ ਰਾਗੀ, ਸ਼ਾਮ ਨੂੰ, ਗਲਾ ਤਰ ਕਰਨ ਲਈ, ਦੁੱਧ ਵਿਚ ਘਿਓ ਪਾ ਕੇ ਪੀ ਲਵੇ ਤਾਂ ਕੰਨਾਂ ਵਿਚ ਖੁਸਰ-ਫੁਸਰ ਹੋਣ ਲੱਗ ਜਾਂਦੀ ਹੈ। ਅਸਲ ਵਿਚ ਰਾਗੀ, ਢਾਡੀ, ਕਥਾ ਵਾਚਕ ਤੇ ਖਾਸ ਕਰ ਜਿਹੜੇ ਬਹੁਤ ਗੁਣਵਾਨ ਨੇ, ਪੰਥਕ ਸਫ਼ਾਂ ਵਿਚ ਇੱਕ ਵੱਡਾ ਕੰਮ ਕਰ ਰਹੇ ਨੇ, ਦੀ ਸੰਭਾਲ, ਕੌਮ ਦੀ ਸਾਂਝੀ ਜ਼ਿੰਮੇਵਾਰੀ ਹੈ। ਗੁਰਦੁਆਰਾ ਸਾਹਿਬਾਨ ਦੇ ਹਦੂਦ ਦੇ ਅੰਦਰ, ਇਨ੍ਹਾਂ ਖਾਸ ਕਰ ਕੇ, ਰਾਗ ਵਿਦਿਆ ਦੇ ਮਾਹਿਰ, ਗੁਰਬਾਣੀ ਦੇ ਗਿਆਤਾ ਅਤੇ ਹੋਰ ਗੁਣਵਾਨ ਪ੍ਰਚਾਰਕਾਂ ਦਾ ਇਹਤਰਾਮ, ਉਨ੍ਹਾਂ ਦੇ ਰਹਿਣ-ਸਹਿਣ ਅਤੇ ਉਨ੍ਹਾਂ ਦੇ ਖਾਣੇ ਦਾ ਪ੍ਰਬੰਧ ਬਹੁਤ ਉੱਚ ਕੋਟਿ ਦਾ ਹੋਣਾ ਚਾਹੀਦਾ ਹੈ।

ਲੰਗਰ ਦਾ ਪ੍ਰਸ਼ਾਦਾ, ਹਫਤੇ ਵਿਚ, ਐਤਵਾਰ ਦੁਪਹਿਰ ਨੂੰ ਇੱਕ ਵਾਰ ਛਕਣਾ ਤੇ ਮਹੀਨੇ ਦੇ 30 ਦਿਨ, 90 ਵਕਤ ਉਹੀ ਛਕਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਖਾਸ ਕਰ ਸੈਂਕੜੇ ਲੋਕਾਂ ਲਈ ਤਿਆਰ ਹੋਣ ਵਾਲੇ ਲੰਗਰ ਵਿਚ, ਤੇਲ, ਮਸਾਲੇ ਦੀ ਬਹੁਤਾਤ ਆਮ ਵੀ ਹੈ ਤੇ ਸੁਭਾਵਿਕ ਵੀ। ਸੋ ਪ੍ਰਚਾਰਕ, ਜਿਨ੍ਹਾਂ ਹਰ ਵਕਤ ਇਹੀ ਪ੍ਰਸ਼ਾਦਾ ਛਕਣਾ ਹੈ, ਲਈ, ਖਾਸ ਤੌਰ ਉੱਤੇ ਹਲਕੇ ਤੇ ਪੌਸ਼ਟਿਕ ਭੋਜਨ ਦਾ ਪ੍ਰਬੰਧ ਅਤਿ ਜ਼ਰੂਰੀ ਹੈ, ਤਾਂ ਕਿ ਇਹ ਕੌਮੀ ਪ੍ਰਚਾਰਕ ਆਪਣੀ ਸੇਵਾ ਸਹੀ ਤਰੀਕੇ ਨਾਲ ਨਿਭਾ ਸਕਣ। ਚੰਗੇ ਪ੍ਰਚਾਰਕਾਂ ਦੀ ਕਮੀ ਪਹਿਲਾਂ ਹੀ ਹੈ, ਇੰਝ ਖਾਣ-ਪੀਣ ਦਾ ਸਹੀ ਤਰੀਕਾ ਨਾ ਹੋਣ ਕਾਰਨ, ਬਿਮਾਰੀਆਂ ਦਾ ਸ਼ਿਕਾਰ ਹੋਣ 'ਤੇ ਇਹ ਕਮੀ ਹੋਰ ਵਧੇਗੀ। ਇੱਕ ਕਥਾ ਵਾਚਕ, ਇੱਕੋ ਟੀਮ ਮੈਂਬਰ ਹੋਣ ਕਾਰਨ ਆਪਣੀ ਜ਼ਿੰਦਗੀ ਦਾ ਲੰਬਾ ਹਿੱਸਾ, ਕਥਾ ਕਰ ਸਕਦਾ ਹੈ ਪਰ ਕੀਰਤਨੀ ਜਥਾ, ਇੱਕ ਟੀਮ ਹੋਣ ਕਾਰਨ, ਇੱਕ ਮੈਂਬਰ ਦੇ ਜਾਣ ਨਾਲ, ਮੁੜ ਉਹ ਗੱਲ ਨਹੀਂ ਬਣਦੀ। ਇਸ ਤੋਂ ਵੀ ਵੱਡੀ ਗੱਲ ਕਿ ਕੀਰਤਨੀਆ, ਜੇਕਰ ਗਲਾ ਸਾਥ ਨਾ ਦੇਵੇ, ਤੇ ਚਾਹ ਕੇ ਵੀ ਕੀਰਤਨ ਨਹੀਂ ਕਰ ਸਕਦਾ। ਸੋ ਕਥਾਵਾਚਕਾਂ, ਢਾਡੀਆਂ, ਕੀਰਤਨੀਆਂ ਦੀ ਸਿਹਤ ਦੇ ਨਾਲ ਨਾਲ, ਗਲੇ ਦੇ ਠੀਕ ਰੱਖਣ ਲਈ ਵੀ ਪੁਖ਼ਤਾ ਪ੍ਰਬੰਧ ਚਾਹੀਦੇ ਨੇ। ਯਾਦ ਰਹੇ ਕਿ ਗਲਾ, ਇਨਸਾਨ ਦਾ ਸਭ ਤੋਂ ਨਾਜ਼ੁਕ ਤੇ ਨਰਮ ਭਾਗ ਹੁੰਦਾ ਹੈ ਤੇ ਕੀਰਤਨ, ਕਥਾ, ਵਾਸਤੇ, ਗਲੇ ਦਾ ਤੰਦਰੁਸਤ ਹੋਣਾ, ਬਹੁਤ ਜ਼ਰੂਰੀ ਹੈ। ਮੇਰਾ ਮਕਸਦ ਕਿਸੇ ਕਮੇਟੀ ਦੀ ਨਿੰਦਾ ਕਰਨਾ ਨਹੀਂ, ਬਲਕਿ ਇੱਕ ਕੌਮੀ ਦੁਖਾਂਤ ਵੱਲ ਧਿਆਨ ਦਿਵਾਉਣਾ ਹੈ। ਅਖੀਰ ਵਿਚ ਇੱਕ ਉਦਾਹਰਨ ਸ਼ਾਇਦ ਇਸ ਲੇਖਣੀ ਦਾ ਮਕਸਦ ਸਮਝਾ ਜਾਏ ਕਿ ਮੈਂ ਇੱਕ ਛੋਟਾ ਜਿਹਾ ਵਪਾਰ ਕਰਦਾ ਹਾਂ, ਜੇਕਰ ਮੈਂ ਅੱਜ ਸਵਾਸ ਛੱਡਦਾ ਹਾਂ ਤੇ ਕੱਲ੍ਹ ਮੇਰਾ ਵਪਾਰ ਬੰਦ ਹੁੰਦਾ ਹੈ ਤਾਂ ਬਹੁਤ ਪ੍ਰਭਾਵਿਤ ਹੋਣ ਵਾਲਿਆਂ ਵਿਚ, ਕੇਵਲ ਤੇ ਕੇਵਲ ਮੇਰੇ ਕੋਈ ਪਰਿਵਾਰਕ ਕਰੀਬੀ ਪੰਜ-ਸੱਤ ਮੈਂਬਰ ਮਾਇਕ ਤੌਰ 'ਤੇ ਨੁਕਸਾਨ ਝੱਲਣਗੇ, ਕੋਈ ਦਸ ਵੀਹ ਹੋਰ ਸੱਜਣ ਮਿੱਤਰ, ਰਿਸ਼ਤੇਦਾਰ ਪ੍ਰਭਾਵਿਤ ਹੋਣਗੇ। ਪਰ ਪ੍ਰਚਾਰਕ ਸ਼੍ਰੇਣੀ, ਅਧਿਆਪਕ, ਲੇਖਕ, ਬੁੱਧੀਜੀਵੀ (ਅਸਲੀ), ਚਿੰਤਕ ਅਤੇ ਅਦੀਬ ਲੋਕਾਂ ਦਾ ਵਿਛੋੜਾ, ਕੌਮੀ ਵਿਛੋੜਾ ਵੀ ਹੁੰਦਾ ਹੈ ਤੇ ਕੌਮੀ ਨੁਕਸਾਨ ਵੀ।

# ਕਦੋਂ ਆਏਗਾ ਬਦਲਾਅ?

ਵਿਕਸਿਤ ਦੇਸ਼ਾਂ ਦੇ ਹੁਕਮਰਾਨ ਇਹ ਜਾਣਦੇ ਹਨ ਕਿ ਜਦ ਤੱਕ ਆਮ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣ ਦਾ ਕੰਮ ਇਮਾਨਦਾਰੀ ਨਾਲ ਪੂਰਾ ਨਹੀਂ ਹੁੰਦਾ, ਬਾਕੀ ਸੇਵਾਵਾਂ ਦਾ ਕੋਈ ਅਰਥ ਹੀ ਨਹੀਂ।

ਸਾਡੇ ਦੇਸ਼ 'ਚ ਹਵਾਈ ਅੱਡੇ, ਬੰਦਰਗਾਹਾਂ, ਹਾਈਵੇ ਤੇਜ਼ੀ ਨਾਲ ਆਧੁਨਿਕ ਬਣਾਏ ਜਾ ਰਹੇ ਹਨ ਪਰ ਆਮ ਲੋਕਾਂ ਨੂੰ ਉਸਦਾ ਕੀ ਫਾਇਦਾ ਹੈ? ਉਨ੍ਹਾਂ ਹਾਲਾਤਾਂ ਵਿਚ ਜਦੋਂ ਕਿ ਦੇਸ਼ 'ਚ ਬੁਨਿਆਦੀ ਸਹੂਲਤਾਂ ਦਾ ਬੁਰਾ ਹਾਲ ਹੈ! ਅਸੀਂ ਆਜ਼ਾਦੀ ਦਾ 'ਅੰਮ੍ਰਿਤਕਾਲ' ਮਨਾ ਰਹੇ ਹਾਂ, 75 ਵਰ੍ਹੇ ਪੂਰੇ ਕਰਕੇ, ਪਰ ਆਮ ਲੋਕ ਪਾਣੀ ਲਈ ਵੀ ਤਰਸਦੇ ਹਨ।

ਪਿੱਛੇ ਜਿਹੇ ਕਰੋਨਾ ਕਾਲ 'ਚ ਆਮ ਲੋਕਾਂ ਨੇ ਜੋ ਭੁਗਤਿਆ, ਦਵਾਈਆਂ ਖੁਣੋਂ ਤਾਂ ਮਰੇ ਹੀ, ਮਰਨ ਉਪਰੰਤ ਲਾਸ਼ਾਂ ਜਲਾਉਣ ਦੀ ਥਾਂ, ਦਰਿਆ ਬੁਰਦ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਕਰਨੀਆਂ ਪਈਆਂ। ਆਮ ਲੋਕਾਂ ਨੂੰ ਹਸਪਤਾਲਾਂ 'ਚ ਆਕਸੀਜਨ ਨਹੀਂ ਮਿਲੀ। ਕੀ ਇਹ ਸ਼ਰਮਨਾਕ ਨਹੀਂ ਸੀ?

ਹੁਣੇ ਜਿਹੇ ਇੱਕ ਘਟਨਾ ਬਿਹਾਰ 'ਚ ਵਾਪਰੀ ਹੈ। ਪਟਨਾ ਦੇ ਸਰਕਾਰੀ ਹਸਪਤਾਲ ਦੇ ਬਾਹਰ ਬੁਰੀ ਤਰ੍ਹਾਂ ਜ਼ਖ਼ਮੀ ਇੱਕ 10 ਵਰ੍ਹਿਆਂ ਦੀ ਲੜਕੀ ਪੁੱਜੀ, ਉਹ ਹਸਪਤਾਲ ਦੇ ਬਾਹਰ ਘੰਟਿਆਂ ਬੱਧੀ ਪਈ ਰਹੀ, ਕਿਉਂਕਿ ਹਸਪਤਾਲ ਅੰਦਰ ਕੋਈ ਖਾਲੀ ਬਿਸਤਰਾ ਨਹੀਂ ਸੀ। ਬੱਚੀ ਨਾਲ ਬਲਾਤਕਾਰ ਹੋਇਆ ਸੀ। ਕਿਸੇ ਦਰਿੰਦੇ ਨੇ ਬਲਾਤਕਾਰ ਉਪਰੰਤ ਉਸਦਾ ਗਲ ਕੱਟਣ ਦੀ ਕੋਸ਼ਿਸ਼ ਕੀਤੀ ਸੀ। ਪਟਨਾ ਸਰਕਾਰੀ ਹਸਪਤਾਲ ਵਾਲਿਆਂ ਉਸਦਾ ਇਲਾਜ ਐਮਰਜੰਸੀ 'ਚ ਨਹੀਂ ਕੀਤਾ। ਉਹ ਮੁਜ਼ੱਫਰਪੁਰ ਤੋਂ ਰੈਫਰ ਕੀਤੀ ਗਈ ਸੀ। ਬੱਚੀ ਦੇ ਇਲਾਜ ਤੋਂ ਪਹਿਲਾਂ ਹੀ ਉਸਦੇ ਹਾਲਾਤ ਨਾਜ਼ੁਕ ਹੋ ਚੁੱਕੇ ਸਨ। ਪਟਨਾ ਦਾ ਇਹ ਸਰਕਾਰੀ ਹਸਪਤਾਲ, ਇਸ ਸੂਬੇ ਦਾ ਸਭ ਤੋਂ ਵੱਡਾ ਹਸਪਤਾਲ ਹੈ। ਇਸ ਹਸਪਤਾਲ ਬਾਰੇ 'ਕੈਗ' ਦੀ ਰਿਪੋਰਟ ਬਿਹਾਰ ਵਿਧਾਨ ਸਭਾ 'ਚ ਪੇਸ਼ ਹੋਈ, ਜਿਸ 'ਚ ਦੱਸਿਆ ਗਿਆ ਕਿ 100 ਸਾਲ ਪੁਰਾਣੇ ਇਸ ਹਸਪਤਾਲ 'ਚ ਅੱਧੀਆਂ ਤੋਂ ਜ਼ਿਆਦਾ ਆਕਸੀਜਨ ਮਸ਼ੀਨਾਂ ਕੰਮ ਨਹੀਂ ਕਰ ਰਹੀਆਂ। ਹਸਪਤਾਲ ਦੀਆਂ 94 ਫ਼ੀਸਦੀ ਤੋਂ ਜ਼ਿਆਦਾ ਸੁਵਿਧਾਵਾਂ ਖਸਤਾ ਹਾਲ ਹਨ। ਡਾਕਟਰਾਂ, ਨਰਸਾਂ ਦੀ 36 ਫ਼ੀਸਦੀ ਘਾਟ ਹੈ। ਬਿਹਾਰ ਦੇ ਇੱਕ ਹੋਰ ਮੁਜ਼ੱਫਰਪੁਰ ਹਸਪਤਾਲ ਵਿਚ 2019 'ਚ 150 ਤੋਂ ਜ਼ਿਆਦਾ ਬੱਚੇ ਮਰ ਗਏ ਸਨ, ਇੰਸੇਫੇਲਾਈਟਿਸ ਨਾਲ, ਸਿਰਫ਼ ਇਸ ਲਈ ਕਿ ਹਸਪਤਾਲ 'ਚ ਨਾ ਦਵਾਈ ਸੀ ਨਾ ਹੀ ਡਾਕਟਰ।

ਇਹੋ ਜਿਹੇ ਹਾਲਾਤ ਸਿਹਤ ਸਹੂਲਤਾਂ ਪੱਖੋਂ ਦੇਸ਼ ਦੇ ਸੂਬੇ ਬਿਹਾਰ ਦੇ ਹੀ ਨਹੀਂ ਹਨ, ਸਗੋਂ ਸਿਹਤ ਸਹੂਲਤਾਂ ਦੀ ਬੇਹੱਦ ਕਮੀ ਹੈ ਪੂਰੇ ਦੇਸ਼ ਵਿਚ। ਲੱਖਾਂ ਲੋਕ ਇਲਾਜ ਖੁਣੋਂ ਹਰ ਰੋਜ਼ ਮਰਦੇ ਹਨ। ਇਕਨਾਮਿਕ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ ਭਾਰਤੀ ਪਿੰਡਾਂ ਦੀਆਂ ਕਮਿਊਨਿਟੀ ਹੈਲਥ ਸੈਂਟਰ 'ਚ 82 ਫ਼ੀਸਦੀ ਮਾਹਰ ਡਾਕਟਰਾਂ ਦੀ ਘਾਟ ਹੈ। ਨੈਸ਼ਨਲ ਮੈਡੀਕਲ ਜਨਰਲ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ 10 ਫੀਸਦੀ ਕਮਿਊਨਿਟੀ ਸੈਂਟਰਾਂ 'ਚ ਡਾਕਟਰ ਹੀ ਨਹੀਂ ਹਨ।

ਦੂਜੇ ਪਾਸੇ 'ਕੈਂਸਰ' ਦੇ ਪਸਾਰੇ ਨੇ ਦੇਸ਼ ਨੂੰ ਪੂਰੀ ਤਰ੍ਹਾਂ ਡਰਾਇਆ ਹੋਇਆ ਹੈ। ਕੈਂਸਰ ਪੀੜਤਾਂ ਦੀ ਗਿਣਤੀ ਨਿੱਤ-ਪ੍ਰਤੀ ਵਧਦੀ ਜਾ ਰਹੀ ਹੈ, ਜਿਸ ਦਾ ਇਲਾਜ ਗਰੀਬ ਆਦਮੀ ਦੇ ਵੱਸ ਦੀ ਗੱਲ ਹੀ ਨਹੀਂ। ਸਰਕਾਰ ਦੀਆਂ ਆਯੂਸ਼ਮਾਨ ਅਤੇ ਹੋਰ ਸਕੀਮਾਂ ਆਮ ਆਦਮੀ ਲਈ ਬੇਬਸ ਦਿਖਦੀਆਂ ਹਨ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਆਮ ਆਦਮੀ ਦੀ ਇਨ੍ਹਾਂ ਸਕੀਮਾਂ ਤੱਕ ਪਹੁੰਚ ਹੀ ਨਹੀਂ ਹੈ, ਪਰ ਜੇਕਰ ਕੋਈ ਸਧਾਰਨ ਵਿਅਕਤੀ ਇਨ੍ਹਾਂ ਸਕੀਮਾਂ ਦਾ ਲਾਹਾ ਲੈਣ ਦਾ ਯਤਨ ਕਰਦਾ ਵੀ ਹੈ ਤਾਂ ਪ੍ਰਾਈਵੇਟ ਹਸਪਤਾਲਾਂ 'ਚ ਇਸਦੀ ਲਗਾਤਾਰ ਦੁਰਵਰਤੋਂ ਦੀਆਂ ਖ਼ਬਰਾਂ ਹਨ।

ਗਰੀਬੀ-ਅਮੀਰੀ ਨੇ ਸਿਹਤ ਸਹੂਲਤਾਂ 'ਚ ਪਾੜਾ ਵੱਡਾ ਕੀਤਾ ਹੋਇਆ ਹੈ। ਫਾਈਵ ਸਟਾਰ ਹਸਪਤਾਲਾਂ 'ਚ ਮਹਿੰਗੇ ਇਲਾਜ, ਪੈਸੇ ਪੱਖੋਂ ਸਮਰੱਥ ਵਿਅਕਤੀ ਦੇ ਪਹੁੰਚ ਵਿਚ ਹਨ, ਪਰ ਸਧਾਰਨ ਵਿਅਕਤੀ ਦੀ ਪਹੁੰਚ 'ਚ ਸਰਕਾਰੀ ਹਸਪਤਾਲਾਂ 'ਚ ਪ੍ਰਾਪਤ ਘੱਟੋ-ਘੱਟ ਸਹੂਲਤਾਂ ਤੱਕ ਵੀ ਨਹੀਂ ਹੈ।

ਇਹੋ ਹਾਲ ਸਿੱਖਿਆ ਦੇ ਖੇਤਰ 'ਚ ਹੈ। ਦੇਸ਼ ਦਾ ਆਮ ਨਾਗਰਿਕ ਸੰਵਿਧਾਨਿਕ ਤੌਰ 'ਤੇ ਹਰ ਇੱਕ ਲਈ ਸਿੱਖਿਆ ਦਾ ਅਧਿਕਾਰ ਰੱਖਦਾ ਹੈ, ਪਰ ਸਭ ਲਈ ਬਰਾਬਰ ਦੀ ਸਿੱਖਿਆ ਕਿਥੇ ਗਾਇਬ ਹੈ, ਜੋ ਉਸਦੀ ਪਹੁੰਚ ਤੋਂ ਬਾਹਰੀ ਹੈ। ਫਾਈਵ ਸਟਾਰ ਪਬਲਿਕ ਸਕੂਲ, ਮਹਿੰਗੀਆਂ ਵੱਡੀਆਂ ਪ੍ਰੋਫੈਸ਼ਨਲ ਯੂਨੀਵਰਸਿਟੀਆਂ 'ਚ ਆਮ ਆਦਮੀ ਦਾ ਬੱਚਾ ਸਿੱਖਿਆ ਪ੍ਰਾਪਤ ਨਹੀਂ ਕਰ ਸਕਦਾ। ਸਰਕਾਰੀ ਸਕੂਲ ਅਧਿਆਪਕਾਂ, ਵਿਸ਼ਾ ਅਧਿਆਪਕਾਂ ਅਤੇ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਕਿਥੇ ਪ੍ਰਾਪਤ ਕਰਨਗੇ ਚੰਗੀ ਸਿੱਖਿਆ ਆਮ ਲੋਕਾਂ ਦੇ ਬੱਚੇ? ਕਿਵੇਂ ਮੁਕਾਬਲਾ ਕਰਨਗੇ ਵੱਡੇ ਪਬਲਿਕ ਸਕੂਲਾਂ ਦੇ ਬੱਚਿਆਂ ਦਾ? ਤਦੇ ਇੱਕ ਵੱਡਾ ਪਾੜਾ ਸਿੱਖਿਆ ਖੇਤਰ ਵਿਚ ਵੀ ਉਵੇਂ ਹੀ ਵੱਧ ਰਿਹਾ ਹੈ, ਜਿਵੇਂ ਆਰਥਿਕ ਪੱਖ ਤੋਂ ਦੇਸ਼ ਵਿਚ ਗਰੀਬ-ਅਮੀਰ ਦਾ ਪਾੜਾ ਵੱਧ ਗਿਆ ਹੈ।

ਦੇਸ਼ ਦੇ ਹਾਕਮ ਦੇਸ਼ ਭਾਰਤ ਨੂੰ ਵੱਡੀ ਆਰਥਿਕਤਾ ਬਨਾਉਣ ਵੱਲ ਸੇਧਤ ਹਨ। ਉਹ ਵਿਸ਼ਵ ਗੁਰੂ ਬਨਣ ਲਈ ਪੱਬਾਂ ਭਾਰ ਹਨ। ਪਰ ਕੀ ਹਾਕਮ ਦੇ ਇਹ ਧਿਆਨ ਵਿਚ ਹੈ ਕਿ ਆਮ ਆਦਮੀ ਦੀ ਦੇਸ਼ ਵਿਚ ਪ੍ਰਤੀ ਵਿਅਕਤੀ ਦੀ, ਵਿਸ਼ਵ ਬੈਂਕ ਅਨੁਸਾਰ, ਪ੍ਰਤੀ ਦਿਨ ਖਰਚ ਸੀਮਾ ਸਿਰਫ਼ ਤਿੰਨ ਡਾਲਰ ਹੈ। ਕੀ ਪ੍ਰਤੀ ਵਿਅਕਤੀ ਇਸ ਖਰਚ ਨਾਲ ਮਹਿੰਗਾਈ ਦੇ ਇਸ ਸਮੇਂ 'ਚ ਉਹ ਚੰਗੇਰੀਆਂ ਸਿੱਖਿਆ, ਸਿਹਤ ਸਹੂਲਤਾਂ, ਖਾਣ ਪਾਣ ਅਤੇ ਹੋਰ ਖਰਚੇ ਪੂਰੇ ਕਰ ਸਕਦਾ ਹੈ? ਕੀ ਚੰਗਾ ਜੀਵਨ ਜੀਊਣ ਦੇ ਸਮਰੱਥ ਹੈ?

ਵਿਸ਼ਵ ਬੈਂਕ ਨੇ ਭਾਰਤ ਹੇਠਲੇ-ਮੱਧ-ਵਰਗ ਆਮਦਨ ਵਾਲੇ ਲੋਕਾਂ ਦੀ ਖਰਚ ਸੀਮਾ ਪ੍ਰਤੀ ਵਿਅਕਤੀ 3.65 ਡਾਲਰ ਪ੍ਰਤੀ ਦਿਨ ਤਹਿ ਕੀਤੀ ਹੈ। ਕੀ ਇਸ ਥੋੜੇ ਜਿਹੇ ਖਰਚੇ-ਆਮਦਨ ਦੇ ਹਿਸਾਬ ਨਾਲ ਦੇਸ਼ ਵਿਕਸਤ ਬਣ ਸਕਦਾ ਹੈ ਅਤੇ ਕੀ ਸਿੱਖਿਆ, ਸਿਹਤ ਹਰ ਨਾਗਰਿਕ ਲਈ ਪ੍ਰਦਾਨ ਕੀਤੇ ਬਿਨ੍ਹਾਂ ਕੋਈ ਦੇਸ਼ ਵਿਕਸਤ ਕਹਾ ਸਕਦਾ ਹੈ?

ਸਿੱਖਿਆ ਦੇ ਪੱਧਰ ਦੇ ਹਿਸਾਬ ਨਾਲ 2022-23 ਵਿਚ ਬਿਨ੍ਹਾਂ ਕਿਸੇ ਸਕੂਲ ਸਿੱਖਿਆ ਦੇ 16 ਸਾਲ ਦੀ ਉਮਰ ਤੋਂ ਵੱਧ ਉਮਰ ਦੇ 35.1 ਫ਼ੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਲੇ ਪੱਧਰ 'ਤੇ ਸਨ। ਜਦਕਿ ਸਾਲ 2022-23 ਵਿਚ ਕੁਝ ਕੁ ਪੜ੍ਹੇ-ਲਿਖੇ ਹੇਠਲੇ ਮੱਧ ਵਰਗਾਂ 'ਚ ਗਰੀਬੀ 14.9 ਫ਼ੀਸਦੀ ਹੈ। ਪਰ ਅਸਲ ਤੱਥ ਉਸ ਵੇਲੇ ਸਾਹਮਣੇ ਆਉਂਦੇ ਹਨ, ਜਦੋਂ ਸਰਕਾਰੀ ਤੌਰ 'ਤੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ 'ਸਭ ਲਈ ਭੋਜਨ' ਸਕੀਮ ਅਧੀਨ ਕੁਲ ਆਬਾਦੀ ਲਗਭਗ 140 ਕਰੋੜ ਵਿਚੋਂ 80 ਕਰੋੜ ਤੋਂ ਵੱਧ ਲੋਕਾਂ ਨੂੰ ਅਨਾਜ ਸਰਕਾਰ ਵੱਲੋਂ ਮੁਫ਼ਤ ਮੁਹੱਈਆ ਕੀਤਾ ਜਾਂਦਾ ਹੈ। ਇੱਕ ਹੋਰ ਅੰਦਾਜ਼ੇ ਅਨੁਸਾਰ 20 ਕਰੋੜ ਲੋਕਾਂ ਨੂੰ ਹਰ ਰੋਜ਼ ਮਸਾਂ ਇੱਕ ਡੰਗ ਭੋਜਨ ਮਿਲਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਸਭ ਦੀ ਪਹੁੰਚ ਤੋਂ ਬਾਹਰ ਹੈ, ਜੋ ਮਨੁੱਖ ਦੀ ਬੁਨਿਆਦੀ ਲੋੜ ਹੈ।

ਦੇਸ਼ 'ਚ ਲਗਾਤਾਰ ਤਰੱਕੀ ਅਤੇ ਬਦਲਾਅ ਦੀਆਂ ਗੱਲਾਂ ਹੁੰਦੀਆਂ ਹਨ। ਬਦਲਾਅ ਵਜੋਂ ਦੇਸ਼ 'ਚ ਸੜਕਾਂ ਦੇ ਨਿਰਮਾਣ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੇਖਿਆ, ਪਰਖਿਆ ਅਤੇ ਲਾਗੂ ਕੀਤਾ ਜਾਂਦਾ ਹੈ। ਪਰ ਬੁਨਿਆਦੀ ਤੌਰ 'ਤੇ ਮਨੁੱਖ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ, ਉਸ ਨੂੰ ਸੁੱਖ-ਸਹੂਲਤਾਂ ਦੇਣ ਲਈ ਕੀਤੇ ਯਤਨ ਉਣੇ-ਉਣੇ ਦਿਖਾਈ ਦਿੰਦੇ ਹਨ। ਦੇਸ਼ ਦੇ ਨਿਰਮਾਣ 'ਚ ਵੱਡਾ ਹਿੱਸਾ ਪਾਉਣ ਵਾਲੀ ਅੱਧੀ ਆਬਾਦੀ ਔਰਤਾਂ ਹਾਲੇ ਵੀ ਬੁਰੀ ਤਰ੍ਹਾਂ ਤ੍ਰਿਸਕਾਰਤ ਹਨ। ਉਨ੍ਹਾਂ ਨੂੰ ਬਣਦੇ ਹੱਕ ਤਾਂ ਕੀ ਮਿਲਣੇ ਹਨ, ਉਹ ਹਾਲੇ ਤੱਕ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹਨ। ਰੂੜੀਵਾਦੀ ਸੋਚ ਅੱਜ ਵੀ ਦੇਸ਼ 'ਚ ਭਾਰੂ ਹੈ। ਧਰਮਾਂ ਦਾ ਵਖਰੇਵਾਂ ਅਤੇ ਜਾਤ-ਪਾਤ ਪ੍ਰਥਾ ਨੇ ਦੇਸ਼ ਦੇ ਲੋਕਾਂ ਦੀ ਸੋਚ ਨੂੰ ਜਕੜਿਆ ਹੋਇਆ ਹੈ।

ਨੀਤੀਵਾਨ, ਸਿਆਸਤਦਾਨ, ਜਿਨ੍ਹਾਂ ਨੂੰ ਸਮਾਜ 'ਚ ਬਦਲਾਅ ਲਿਆਉਣ ਦਾ ਧੁਰਾ ਮੰਨਿਆ ਜਾਂਦਾ ਹੈ, ਉਹ ਆਪਣੇ ਸਵਾਰਥੀ ਹਿੱਤਾਂ ਕਾਰਨ 'ਬਦਲਾਅ' ਦੇ ਥਾਂ 'ਦਬਾਅ ' ਦੀ ਨੀਤੀ ਵਰਤ ਰਹੇ ਹਨ। ਬਦਲਾਅ ਲਈ ਲੋਕਾਂ ਦੀ ਸ਼ਮੂਲੀਅਤ ਬਿਨਾ-ਸ਼ੱਕ ਜ਼ਰੂਰੀ ਹੈ, ਪਰ ਸਮਾਜ 'ਚ ਵੰਡੀਆਂ ਪਾ ਕੇ ਇਸ ਬਦਲਾਅ ਨੂੰ ਪੁੱਠਾ ਗੇੜਾ ਦੇ ਕੇ ਰੂੜੀਵਾਦੀ ਸੋਚ ਨੂੰ ਅੱਗੇ ਲਿਆਉਣਾ ਅੱਜ ਅਹਿਮ ਵਰਤਾਰਾ ਹੈ। ਧੱਕਾ, ਧੌਂਸ, ਧੰਨ ਮੁੱਖ ਕਾਰਕ ਬਣ ਗਏ ਹਨ। ਇਹ ਤਿੰਨੋਂ ਬਦਲਾਅ ਲਈ ਵੱਡਾ ਅੜਿੱਕਾ ਹਨ।

ਦੇਸ਼ ਦੇ ਹਾਕਮਾਂ 'ਚ ਬਦਲਾਅ ਬਿਨ੍ਹਾਂ ਸ਼ੱਕ ਲੋਕਤੰਤਰ ਵਿਚ ਵੋਟ ਪ੍ਰਣਾਲੀ ਨਾਲ ਹੋਣਾ ਹੈ, ਪਰ ਵੋਟ-ਪ੍ਰਣਾਲੀ ਜਿਵੇਂ ਦੂਸ਼ਿਤ ਹੋ ਚੁੱਕੀ ਹੈ। ਉਹ ਬਦਲਾਅ 'ਚ ਵੱਡਾ ਅੜਿੱਕਾ ਸਾਬਤ ਹੋ ਰਹੀ ਹੈ। ਸਿਆਸਤ ਦੇ ਨਾਲ ਸਮਾਜਿਕ ਬਦਲਾਅ ਲਈ ਵਿਸ਼ੇਸ਼ ਭੂਮਿਕਾ ਦੇਸ਼ ਜਾਂ ਖਿੱਤੇ ਦੇ ਬੁਨਿਆਦੀ ਸਿਆਣੇ ਲੋਕਾਂ ਕਾਰਨ ਸੰਭਵ ਹੁੰਦੀ ਹੈ, ਪਰ ਜਿਸ ਢੰਗ ਨਾਲ ਉਹ ਡਰ ਅਤੇ ਦਬਾਅ ਹੇਠ ਜ਼ਿੰਦਗੀ ਜੀਊ ਰਹੇ ਹਨ, ਉਸ ਨਾਲ ਉਹ ਬਦਲਾਅ ਲਈ ਅੱਗੇ ਕਿਵੇਂ ਆਉਣਗੇ? ਡਰ ਦਾ ਮਾਹੌਲ, ਵਿਚਾਰਾਂ ਉਤੇ ਬੰਦਸ਼ਾਂ ਬਦਲਾਅ ਲਈ ਵੱਡੀ ਰੁਕਾਵਟ ਸਾਬਤ ਹੋ ਰਹੀਆਂ ਹਨ।

ਅਸਲ ਅਰਥਾਂ 'ਚ ਉਹੀ ਦੇਸ਼ ਵਿਕਸਤ ਹੋ ਸਕਦਾ ਹੈ, ਜੋ ਆਪਣੇ ਨਾਗਰਿਕਾਂ ਨੂੰ ਖੁਸ਼ਹਾਲ ਜੀਵਨ ਦੇ ਸਕਦਾ ਹੈ, ਜਿਹੜਾ ਸਿੱਖਿਆ, ਸਿਹਤ, ਵਾਤਾਵਰਨ, ਖੁਰਾਕੀ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ। ਅੱਜ ਦੇਸ਼ 'ਚ ਨਾ ਸੰਪੂਰਨ ਖੇਤੀ ਹੈ, ਨਾ ਹੀ ਸੰਪੂਰਨ ਰੁਜ਼ਗਾਰ! ਅੱਜ ਦੇਸ਼ ਪੌਸ਼ਟਿਕ ਅਹਾਰ ਤੋਂ ਸੱਖਣਾ ਜ਼ਹਿਰ ਯੁਕਤ ਭੋਜਨ ਖਾਣ ਲਈ ਮਜ਼ਬੂਰ ਹੈ। ਦੇਸ਼ 'ਚ ਪ੍ਰਦੂਸ਼ਣ ਪਸਰਿਆ ਪਿਆ ਹੈ। ਗੰਦਗੀ ਦੇ ਢੇਰ ਹਨ। ਰਸਾਇਣਾਂ ਦੀ ਆਮ ਵਰਤੋਂ ਹੈ। ਇਹੋ ਜਿਹੀ ਸਥਿਤੀ 'ਚ ਬਦਲਾਅ 'ਊਠ ਦੇ ਬੁੱਲ੍ਹ ਹੁਣ ਵੀ ਡਿਗਿਆ ਕਿ ਹੁਣ ਵੀ ਡਿਗਿਆ' ਵਾਂਗਰ ਦਿਸਦਾ ਹੈ।

ਲੋਕ ਬਦਲਾਅ ਭਾਲਦੇ ਹਨ। ਹਰ ਸਿਆਸੀ ਪਾਰਟੀ ਬਦਲਾਅ ਦਾ ਨਾਹਰਾ ਦੇ ਕੇ ਹਾਕਮ ਬਣਨ ਲਈ ਤਤਪਰ ਹੈ। ਸਿਆਸਤਦਾਨਾਂ ਵੱਲੋਂ ਪੇਸ਼ ਕੀਤੀਆਂ ਰਿਆਇਤਾਂ ਨਾਲ ਲੋਕ ਭਰਮ ਜਾਲ 'ਚ ਫਸਦੇ ਹਨ। ਛੋਟੀਆਂ-ਛੋਟੀਆਂ ਰਿਆਇਤਾਂ ਉਨ੍ਹਾਂ ਨੂੰ ਕੁਝ ਸੰਤੁਸ਼ਟੀ ਜਾਂ ਮਾਨਸਿਕ ਆਰਾਮ ਤਾਂ ਦਿੰਦੀਆਂ ਹੋਣਗੀਆਂ, ਪਰ ਜਦੋਂ ਵਿਅਕਤੀ ਬੁਢਾਪੇ 'ਚ ਆਉਂਦਾ ਹੈ ਤਾਂ ਉਸਦੀ ਸਮਾਜਿਕ ਸੁਰੱਖਿਆ ਕਿੱਥੇ ਹੈ? ਆਬਾਦੀ ਦਾ ਕੁਝ ਹਿੱਸਾ ਸਰਕਾਰੀ ਪੈਨਸ਼ਨ ਪ੍ਰਾਪਤ ਕਰਦਾ ਹੈ, ਕੁਝ ਆਬਾਦੀ ਨੂੰ ਨਿਗੂਣੀ ਜਿਹੀ ਬੁਢਾਪਾ ਪੈਨਸ਼ਨ ਮਿਲਦੀ ਹੈ (500 ਰੁਪਏ ਮਹੀਨਾਂ ਤੋਂ 2000 ਮਹੀਨਾ), ਪਰ ਵੱਡੀ ਆਬਾਦੀ ਇਨ੍ਹਾਂ ਸਹੂਲਤਾਂ ਤੋਂ ਵਿਰਵੀ ਹੈ।

ਮਨੁੱਖ ਦਾ ਜੀਵਨ ਮੌਜੂਦਾ ਦੌਰ 'ਚ ਗੁੰਝਲਦਾਰ ਬਣਦਾ ਜਾ ਰਿਹਾ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਟੈਕਨੋਲੋਜੀ ਨੇ ਸੰਸਾਰ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਦਾ ਯਤਨ ਤਾਂ ਕੀਤਾ ਹੈ, ਪਰ ਮਨੁੱਖੀ ਇਕੱਲਤਾ 'ਚ ਵਾਧਾ ਹੋਇਆ ਹੈ, ਮਨੁੱਖ ਇਹੋ ਜਿਹੇ ਬਦਲਾਅ ਦਾ ਨੇੜ-ਭਵਿੱਖ 'ਚ ਸ਼ਾਇਦ ਸਾਰਥੀ ਵੀ ਨਾ ਬਣ ਸਕੇ।

ਪਰ ਅਸਲ ਬਦਲਾਅ ਮਹਾਂਨਗਰਾਂ ਦੇ ਕੁਝ ਹਿੱਸੇ 'ਚ ਬਣੀਆਂ ਗਗਨ ਚੁੰਬੀ ਇਮਾਰਤਾਂ ਨਹੀਂ। ਨਾ ਹੀ ਹਰ ਹੱਥ 'ਚ ਮੋਬਾਇਲ ਨੂੰ ਬਦਲਾਅ ਕਹਿ ਸਕਦੇ ਹਾਂ। ਅਸਲ ਬਦਲਾਅ ਤਾਂ ਮਨੁੱਖੀ ਜ਼ਿੰਦਗੀ ਸਾਵੀਂ-ਪੱਧਰੀ ਬਨਾਉਣ 'ਚ ਹੈ। ਇਸ 'ਚ ਵੱਡਾ ਰੋਲ ਸਰਕਾਰਾਂ ਦਾ ਹੈ। ਸਰਕਾਰਾਂ ਇਸ ਪ੍ਰਤੀ ਅਵੇਸਲੀਆਂ ਹਨ। ਦੇਸ਼ ਭਾਰਤ 'ਚ ਸਰਕਾਰਾਂ ਚਲਾਉਣ ਵਾਲੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਤੌਰ-ਤਰੀਕਿਆਂ 'ਚ ਬਦਲਾਅ ਨਹੀਂ ਹੈ। ਉਹ ਏ.ਸੀ. ਦਫ਼ਤਰਾਂ 'ਚ ਬੈਠ ਸਕੀਮਾਂ ਘੜਦੇ ਹਨ, ਆਪਣੇ 'ਆਕਾ' ਕਾਰਪਰੇਟਾਂ ਨੂੰ ਖੁਸ਼ ਕਰਦੇ ਹਨ, ਵੱਡੇ-ਵੱਡੇ ਨਾਅਰੇ ਵਿਕਸਤ ਕਰਦੇ ਹਨ। ਸਵੇਰ-ਸ਼ਾਮ ਇਨ੍ਹਾਂ ਦਾ ਪ੍ਰਚਾਰ ਕਰਵਾਉਂਦੇ ਹਨ ਅਤੇ ਲੋਕ ਇਸ ਪ੍ਰਚਾਰ ਨਾਲ ਠੱਗੇ ਜਾਂਦੇ ਹਨ।

ਦੇਸ਼ 'ਚ ਬਦਲਾਅ ਉਦੋਂ ਆਏਗਾ, ਜਦੋਂ 'ਦੇਸ਼ ਦਾ ਨੇਤਾ' ਲੋਕਾਂ ਪ੍ਰਤੀ ਇਮਾਨਦਾਰ ਹੋਏਗਾ। ਦੇਸ਼ 'ਚ ਸੁਸ਼ਾਸਨ ਹੋਏਗਾ। ਲੋਕਾਂ ਨੂੰ ਲੋੜੀਂਦੀਆਂ ਸੁੱਖ ਸਹੂਲਤਾਂ ਮਿਲਣਗੀਆਂ। ਹਰ ਇੱਕ ਲਈ ਬਰਾਬਰ ਦੀ ਸਿੱਖਿਆ ਹੋਏਗੀ ਅਤੇ ਹਰ ਇੱਕ ਲਈ ਰੁਜ਼ਗਾਰ ਹੋਏਗਾ। ਬੋਲਣ, ਪੜ੍ਹਨ, ਲਿਖਣ ਦੀ ਆਜ਼ਾਦੀ ਹੋਏਗੀ। ਸਵਰਾਜ ਹੋਏਗਾ।

# ਅਜੋਕੇ ਭਾਰਤ ਦੀ ਵੱਡੀ ਲੋੜ ਹੈ 'ਗੰਗਾ-ਯਮੁਨੀ ਤਹਿਜ਼ੀਬ'

ਭਾਰਤ ਦਾ ਇਤਿਹਾਸ ਇਥੇ ਵੱਸਦੀ ਗੰਗਾ-ਯਮੁਨੀ ਤਹਿਜ਼ੀਬ ਦਾ ਜ਼ਾਮਨ ਹੈ। ਕੋਈ ਵੇਲਾ ਸੀ ਕਿ ਇਥੇ ਗੰਗਾ ਅਤੇ ਯਮੁਨਾ ਦੇ ਕਿਨਾਰੇ ਵੱਸੇ ਰਾਜਾਂ ਵਿਚ ਆਉਂਦੇ ਨਗਰਾਂ ਤੇ ਪਿੰਡਾਂ ਵਿਚ ਵੱਸਦੇ ਸਮੂਹ ਭਾਰਤ ਵਾਸੀ ਆਪੋ-ਆਪਣੇ ਧਰਮ ਵਿਚ ਪੱਕੇ ਰਹਿੰਦੇ ਹੋਏ ਵੀ ਇੱਕ-ਦੂਜੇ ਦੇ ਮਜ਼ਹਬ ਦਾ ਸਤਿਕਾਰ ਕਰਦੇ ਸਨ ਤੇ ਇੱਕ ਦੂਜੇ ਦੀ ਖ਼ੁਸ਼ੀ ਤੇ ਗ਼ਮੀ ਵਿਚ ਸ਼ਰੀਕ ਹੋ ਕੇ ਜਾਂ ਫਿਰ ਇੱਕ ਦੂਜੇ ਦੇ ਦਿਨ-ਤਿਉਹਾਰ ਮਿਲ ਜੁਲ ਕੇ ਮਨਾ ਕੇ, ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਮੁਜ਼ਾਹਰਾ ਕਰਦੇ ਸਨ। ਕੁਝ ਕੁ ਕੱਟੜਵਾਦੀ ਸੋਚ ਵਾਲੇ ਸਿਆਸਤਦਾਨਾਂ ਨੇ ਆਪਣੇ ਸਿਆਸੀ ਮੁਫ਼ਾਦਾਂ ਲਈ ਭਾਵ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਲਈ ਹਿੰਦੁਸਤਾਨ ਦੀ ਅਮੀਰ ਵਿਰਾਸਤ ਦਾ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਹਿੱਸਾ ਆਖੀ ਜਾਂਦੀ 'ਗੰਗਾ-ਯਮੁਨੀ ਤਹਿਜ਼ੀਬ' ਨੂੰ ਤਹਿਸ-ਨਹਿਸ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਹੈ। ਦੋਵਾਂ ਪਾਸਿਆਂ ਤੋਂ ਅਜਿਹੇ ਨਫ਼ਰਤੀ ਬੋਲ-ਕੁਬੋਲ ਬੋਲੇ ਗਏ ਹਨ ਤੇ ਬੋਲੇ ਜਾ ਰਹੇ ਹਨ ਜੋ ਦਿਲਾਂ ਵਿਚ ਮੁਹੱਬਤ ਦੀ ਥਾਂ ਨਫ਼ਰਤ ਪੈਦਾ ਕਰਦੇ ਹੋਏ ਸਮਾਜ ਅੰਦਰ ਭਾਈਚਾਰੇ ਦੀ ਥਾਂ ਦੰਗੇ ਫ਼ਸਾਦ ਦਾ ਮੁੱਢ ਬੰਨ੍ਹ ਰਹੇ ਹਨ। ਇੱਕ ਫ਼ਿਰਕੇ ਵੱਲੋਂ ਦੂਜੇ ਫ਼ਿਰਕੇ ਨੂੰ ਇਸ ਮੁਲਕ ਅੰਦਰ ਰਹਿੰਦਿਆਂ ਹੋਇਆਂ ਵੀ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ ਤੇ ਵਾਰ-ਵਾਰ ਅਜਿਹੇ ਮੁੱਦੇ ਉਭਾਰੇ ਜਾ ਰਹੇ ਹਨ ਜੋ ਇੱਕ ਧਰਮ ਜਾਂ ਵਰਗ ਵਿਸ਼ੇਸ਼ ਨੂੰ ਨਿਸ਼ਾਨਾ ਬਣਾ ਰਹੇ ਹਨ ਤੇ ਦੋਵਾਂ ਮਜ਼ਹਬਾਂ ਦਰਮਿਆਨ ਦੂਰੀਆਂ ਨੂੰ ਨਿਰੰਤਰ ਵਧਾ ਰਹੇ ਹਨ। ਇਨ੍ਹਾਂ ਤਣਾਅਗ੍ਰਸਤ ਹੁੰਦੇ ਜਾ ਰਹੇ ਸਬੰਧਾਂ ਦੇ ਮੱਦੇਨਜ਼ਰ ਗੰਗਾ-ਯਮੁਨੀ ਤਹਿਜ਼ੀਬ ਦੇ ਸੰਕਲਪ ਨੂੰ ਸਮਝਣਾ ਅਤੇ ਇਸਨੂੰ ਬਚਾਉਣ ਲਈ ਸਾਰਥਕ ਅਤੇ ਅਣਥੱਕ ਯਤਨ ਕਰਨਾ ਹੋਰ ਵੀ ਜ਼ਰੂਰੀ ਹੋ ਗਿਆ ਹੈ।

'ਗੰਗਾ ਯਮੁਨੀ ਤਹਿਜ਼ੀਬ' ਦਾ ਲਕਬ ਦਰਅਸਲ ਅਵਧੀ ਬੋਲੀ ਨਾਲ ਜੁੜਿਆ ਹੋਇਆ ਹੈ ਤੇ ਅਵਧ ਦੇ ਨਵਾਬ ਇਸ ਤਹਿਜ਼ੀਬ, ਇਸ ਸੱਭਿਆਚਾਰ ਦੇ ਸਭ ਤੋਂ ਵੱਡੇ ਹਾਫ਼ਿਜ਼ ਭਾਵ ਪਹਿਰੇਦਾਰ ਸਨ। ਅਵਧ ਅਸਲ ਵਿਚ ਉੱਤਰ ਪ੍ਰਦੇਸ਼ ਦੇ ਕੁਝ ਮਹੱਤਵਪੂਰਨ ਨਗਰਾਂ ਨੂੰ ਸ਼ਾਮਿਲ ਕਰ ਕੇ ਗਿਣਿਆ ਜਾਣ ਵਾਲਾ ਇਲਾਕਾ ਸੀ ਜਿਸ ਵਿਚ ਲਖਨਊ, ਅਲਾਹਬਾਦ, ਕਾਨਪੁਰ, ਫ਼ੈਜ਼ਾਬਾਦ ਅਤੇ ਬਨਾਰਸ ਆਦਿ ਵੱਡੇ ਨਗਰ ਸ਼ਾਮਿਲ ਸਨ। ਸਮੇਂ ਦੀ ਬਦਲੀ ਚਾਲ ਅਤੇ ਕੁਝ ਸਿਆਸੀ ਮੁਫ਼ਾਦਾਂ ਕਰਕੇ ਅੱਜ ਫ਼ੈਜ਼ਾਬਾਦ ਨੂੰ ਅਯੁੱਧਿਆ, ਅਲਾਹਬਾਦ ਨੂੰ ਪ੍ਰਯਾਗਰਾਜ ਅਤੇ ਬਨਾਰਸ ਨੂੰ ਵਾਰਾਣਸੀ ਕਿਹਾ ਜਾਂਦਾ ਹੈ। ਮੁਗ਼ਲ ਬਾਦਸ਼ਾਹਾਂ ਜਹਾਂਗੀਰ ਅਤੇ ਅਕਬਰ ਨੂੰ ਇਸ ਗੰਗਾ ਯਮੁਨੀ ਤਹਿਜ਼ੀਬ ਦੇ ਪ੍ਰਮੁੱਖ ਸਰਪ੍ਰਸਤਾਂ ਵਿਚ ਗਿਣਿਆ ਜਾ ਸਕਦਾ ਹੈ। ਇਹ ਦੋਵੇਂ ਬਾਦਸ਼ਾਹ ਮੁਸਲਮਾਨ ਹੁੰਦੇ ਹੋਏ ਵੀ ਆਪਣੇ ਦਰਬਾਰ ਵਿਚ ਹਿੰਦੂ ਵਿਦਵਾਨਾਂ, ਫ਼ਨਕਾਰਾਂ ਤੇ ਯੋਧਿਆਂ ਨੂੰ ਵੱਡੇ ਅਹੁਦੇ ਅਤੇ ਦਿਲੀ ਸਨਮਾਨ ਦਿਆ ਕਰਦੇ ਸਨ। ਇਥੇ ਹੀ ਬੱਸ ਨਹੀਂ ਉਹ 'ਦੀਵਾਲੀ, ਹੋਲੀ, ਰੱਖੜੀ ਅਤੇ ਜਨਮ ਅਸ਼ਟਮੀ' ਆਦਿ ਜਿਹੇ ਹਿੰਦੂ ਤਿਉਹਾਰ ਧੂਮਧਾਮ ਨਾਲ ਮਨਾਇਆ ਕਰਦੇ ਸਨ। ਬਾਦਸ਼ਾਹ ਅਕਬਰ ਵੱਲੋਂ ਸਿੱਖਾਂ ਦੇ ਗੁਰੂ ਘਰ ਵਿਚ ਨਤਮਸਤਕ ਹੋਣ ਅਤੇ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣ ਤੋਂ ਇਲਾਵਾ ਇੱਕ ਹਿੰਦੂ ਮੰਦਰ ਵਿਚ ਸੋਨੇ ਦਾ ਛਤਰ ਚੜ੍ਹਾਉਣ ਆਦਿ ਜਿਹੇ ਵਾਕਿਆਤ ਇਤਿਹਾਸ ਦੇ ਪੰਨ੍ਹਿਆਂ 'ਤੇ ਦਰਜ ਹਨ ਜੋ ਗੰਗਾ-ਯਮੁਨੀ ਤਹਿਜ਼ੀਬ ਦੀ ਸਾਖਿਆਤ ਸ਼ਾਹਦੀ ਭਰਦੇ ਹਨ। ਮਰਾਠਾ ਸਰਦਾਰ ਸ਼ਿਵਾ ਜੀ ਦੇ 'ਹਿੰਦਵੀ ਸਵਰਾਜ' ਵਿਚ ਬਿਨਾ ਕਿਸੇ ਮਜ਼ਹਬੀ ਭੇਦਭਾਵ ਦੇ ਮੁਸਲਮਾਨਾਂ ਨੂੰ ਉੱਚ ਅਹੁਦਿਆਂ 'ਤੇ ਤਾਇਨਾਤ ਕੀਤਾ ਗਿਆ ਸੀ। ਸ਼ਿਵਾ ਜੀ ਦੇ ਨਿੱਜੀ ਅੰਗ ਰੱਖਿਅਕ ਅਤੇ ਦਰਬਾਰ ਦੇ ਸਭ ਤੋਂ ਵਿਸ਼ਵਾਸਯੋਗ ਦਰਬਾਰੀ ਵੀ ਮੁਸਲਮਾਨ ਹੀ ਸਨ। ਪਾਣੀਪਤ ਦੀ ਤੀਜੀ ਲੜਾਈ ਵਿਚ ਮਰਾਠਾ ਫ਼ੌਜਾਂ ਦੀ ਅਗਵਾਈ ਕਰਨ ਵਾਲਾ ਮੁਖ ਜਰਨੈਲ ਮੁਸਲਮਾਨ ਹੀ ਸੀ ਜੋ ਆਪਣੇ ਫ਼ਰਜ਼ ਨੂੰ ਨਿਭਾਉਂਦਿਆਂ ਹੋਇਆਂ ਸ਼ਹੀਦੀ ਜਾਮ ਪੀ ਗਿਆ ਸੀ। ਉਨ੍ਹਾਂ ਤੋਂ ਬਾਅਦ ਵੀ ਸੈਂਕੜੇ ਸਾਲਾਂ ਤੱਕ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਰਲ-ਮਿਲ ਕੇ ਇੱਕ ਦੂਜੇ ਦੇ ਦਿਨ-ਤਿਉਹਾਰ ਵਿਚ ਸ਼ਰੀਕ ਹੋ ਕੇ ਖ਼ੁਸ਼ੀਆਂ ਸਾਂਝੀਆਂ ਕਰਨ ਦੀ ਰਵਾਇਤ ਚਲਦੀ ਰਹੀ ਸੀ ਪਰ ਇਹ ਰਵਾਇਤ ਹੁਣ ਸਹਿਕਦੀ ਹੋਈ ਆਪਣੇ ਆਖ਼ਰੀ ਸਾਹ ਵਰ੍ਹੋਲ ਰਹੀ ਜਾਪਦੀ ਹੈ। ਮੁਲਕ ਦੀ ਆਜ਼ਾਦੀ ਦੀ ਲੜਾਈ ਵਿਚ ਵੀ ਹਿੰਦੂ, ਸਿੱਖ ਅਤੇ ਮੁਸਲਮਾਨ ਦੇਸ਼ ਭਗਤਾਂ ਨੇ ਧਰਮਾਂ ਤੇ ਮਜ਼ਹਬਾਂ ਦੀਆਂ ਦੀਵਾਰਾਂ ਨੂੰ ਤੋੜ ਕੇ ਆਪਣਾ ਭਰਪੂਰ ਯੋਗਦਾਨ ਪਾਇਆ ਸੀ ਪਰ ਹੁਣ ਪਤਾ ਨਹੀਂ ਅਜਿਹਾ ਕਿਉਂ ਪ੍ਰਦਰਸ਼ਿਤ ਤੇ ਪ੍ਰਚਾਰਿਤ ਕੀਤਾ ਜਾ ਰਿਹਾ ਹੈ ਕਿ ਇਹ ਮੁਲਕ ਕੇਵਲ ਇੱਕ ਫ਼ਿਰਕੇ ਦੀ ਹੀ ਜਾਇਦਾਦ ਸੀ ਤੇ ਜਾਇਦਾਦ ਹੈ। ਸਾਨੂੰ ਜਨਾਬ ਰਾਹਤ ਇੰਦੌਰੀ ਦਾ ਇਹ ਸ਼ੇਅਰ ਯਾਦ ਰੱਖਣਾ ਚਾਹੀਦਾ ਹੈ:

ਸਭੀ ਕਾ ਖ਼ੂਨ ਸ਼ਾਮਿਲ ਹੈ ਯਹਾਂ ਕੀ ਮਿੱਟੀ ਮੇਂ
ਕਿਸੀ ਕੇ ਬਾਪ ਕਾ ਹਿੰਦੁਤਸਾਨ ਥੋੜ੍ਹਾ ਹੈ।

ਮੁਗ਼ਲ ਕਾਲ ਦੀ ਚਿੱਤਰਕਲਾ ਅਤੇ ਭਵਨ ਨਿਰਮਾਣ ਕਲਾ ਵਿਚ ਗੰਗਾ-ਯਮੁਨੀ ਤਹਿਜ਼ੀਬ ਦਾ ਖ਼ੂਬਸੂਰਤ ਸੰਗਮ ਵੇਖਣ ਨੂੰ ਮਿਲਦਾ ਹੈ। ਤਾਜ ਮਹਿਲ, ਫ਼ਤਿਹਪੁਰ ਸੀਕਰੀ ਅਤੇ ਹੁਮਾਂਯੂੰ ਦੇ ਮਕਬਰੇ ਆਦਿ ਸਣੇ ਅਸੰਖਾਂ ਹੋਰ ਇਮਾਰਤਾਂ ਦੇ ਗੁੰਬਦ, ਕੰਧ ਚਿੱਤਰ, ਵਰਾਂਡੇ ਅਤੇ ਮੀਨਾਰ ਹਿੰਦੂ ਮੁਸਲਿਮ ਸੱਭਿਆਚਾਰ ਦੇ ਸੁੰਦਰ ਮਿਸ਼ਰਣ ਨੂੰ ਬਾਖ਼ੂਬੀ ਪੇਸ਼ ਕਰਦੇ ਹਨ। ਬਨਾਰਸੀ ਸਾੜ੍ਹੀ ਅਤੇ ਚਿਕਨ ਦੇ ਕੱਪੜੇ 'ਤੇ ਕੀਤੀ ਦਿਲਕਸ਼ ਕਢਾਈ ਵਿਚ ਹਿੰਦੂ ਅਤੇ ਮੁਸਲਿਮ ਸੱਭਿਆਚਾਰਾਂ ਨੂੰ ਦਰਸਾਉਂਦੇ ਡਿਜ਼ਾਇਨ ਗੰਗਾ-ਯਮੁਨੀ ਤਹਿਜ਼ੀਬ ਦੇ ਹੀ ਪ੍ਰਮਾਣ ਹਨ। ਮੁਸਲਮਾਨ ਪਰਿਵਾਰਾਂ ਵਿਚ ਬਣਨ ਵਾਲੇ 'ਬਿਰਆਨੀ' ਅਤੇ 'ਫ਼ਿਰਨੀ' ਜਿਹੇ ਪਕਵਾਨ ਅਤੇ ਹਿੰਦੂ ਘਰਾਂ ਵਿਚ ਬਣਨ ਵਾਲੇ ਖੀਰ ਅਤੇ ਸੇਵੀਆਂ ਜਿਹੇ ਪਕਵਾਨਾਂ ਵਿਚ ਇੱਕ ਦੂਜੇ ਦੇ ਮਜ਼ਹਬ ਤੇ ਸੱਭਿਆਚਾਰ ਦੀ ਖ਼ੁਸ਼ਬੋ ਭਰ ਕੇ ਇੱਕ ਦੂਜੇ ਵਿਚ ਤਕਸੀਮ ਕੀਤੀ ਜਾਂਦੀ ਰਹੀ ਹੈ ਤੇ ਰਾਮ ਲੀਲਾ ਵੇਖਣ ਲਈ ਨਾ ਕੇਵਲ ਮੁਸਲਿਮ ਪਰਿਵਾਰ ਜਾਇਆ ਹੀ ਕਰਦੇ ਸਨ ਸਗੋਂ ਲੋੜ ਪੈਣ 'ਤੇ ਕੋਈ ਨਾ ਕੋਈ ਕਿਰਦਾਰ ਵੀ ਅਦਾ ਕਰ ਲਿਆ ਕਰਦੇ ਸਨ। ਧਰਮਾਂ ਤੇ ਮਜ਼ਹਬਾਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕੇ ਇੱਕ ਦੂਜੇ ਦੇ ਮਜ਼ਹਬ ਨੂੰ ਦਿਲੀ ਸਤਿਕਾਰ ਦੇਣਾ ਹੀ ਗੰਗਾ-ਯਮੁਨੀ ਤਹਿਜ਼ੀਬ ਦਾ ਕੇਂਦਰੀ ਭਾਵ ਸੀ। ਸੂਫ਼ੀ ਸੰਗੀਤ ਅਤੇ ਕੱਵਾਲੀ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਜਜ਼ਬਾਤਾਂ ਦਾ ਸੁੰਦਰ ਸੁਮੇਲ ਵੇਖਣ ਨੂੰ ਮਿਲਦਾ ਹੁੰਦਾ ਸੀ। ਮੁਸ਼ਾਇਰਿਆਂ ਵਿਚ ਹਿੰਦੂ ਅਤੇ ਮੁਸਲਿਮ ਆਪੋ ਆਪਣਾ ਕਲਾਮ ਇੱਕ ਦੂਜੇ ਦਾ ਅਹਿਤਰਾਮ ਕਰਦੇ ਹੋਏ ਬਿਆਨ ਕਰਦੇ ਸਨ ਤੇ ਉਨ੍ਹਾਂ ਸ਼ਾਇਰਾਂ ਦੇ ਤਖ਼ੱਲਸ ਵੀ ਇਸ ਤਹਿਜ਼ੀਬ ਦੀ ਤਰਜਮਾਨੀ ਕਰਿਆ ਕਰਦੇ ਸਨ। ਹੈਦਰਾਬਾਦ ਦੇ ਇਲਾਕੇ ਵਿਚ 'ਇਫ਼ਤਾਰ' ਦੀ ਰਸਮ ਸਮੇਂ ਮੁਸਲਮਾਨ ਭਰਾਵਾਂ ਲਈ ਹਿੰਦੂ ਵੀਰ ਖਜੂਰਾਂ ਅਤੇ ਹੋਰ ਸੁੱਕੇ ਮੇਵੇ ਪਰੋਸਿਆ ਕਰਦੇ ਸਨ ਤੇ ਅਵਧ ਵਿਖੇ ਮੁਹੱਰਮ ਦੇ ਦਿਨਾਂ ਵਿਚ ਮੁਸਲਮਾਨਾਂ ਵੱਲੋਂ 'ਤਾਜੀਏ' ਕੱਢਣ ਲਈ ਵਰਤੇ ਜਾਂਦੇ ਸਾਜ਼ੋ-ਸਾਮਾਨ ਨੂੰ ਤਿਆਰ ਕਰਨ ਦਾ ਕੰਮ ਹਿੰਦੂ ਵੀਰ ਕਰਿਆ ਕਰਦੇ ਸਨ। ਸ਼ੀਆ, ਸੁੰਨੀ ਅਤੇ ਹਿੰਦੂ ਰਲ ਕੇ 'ਬਸੰਤ' ਅਤੇ 'ਨਵਰੋਜ' ਜਿਹੇ ਤਿਉਹਾਰਾਂ ਦਾ ਅਨੰਦ ਮਾਣਿਆ ਕਰਦੇ ਸਨ। ਕਸ਼ਮੀਰੀ ਕਾਲੀਨਾਂ ਉੱਤੇ ਹਿੰਦੂ ਧਰਮ ਦੇ ਚਿੰਨ੍ਹ ਉਕਰਨ ਲੱਗਿਆਂ ਮੁਸਲਿਮ ਕਾਰੀਗਰ ਅਤੇ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤਿਆਰ ਕਰਨ ਲੱਗਿਆਂ ਮੁਸਲਮਾਨ ਮੂਰਤੀ ਘਾੜੇ ਜਾਂ ਕਲਾਕਾਰ ਬੇਹੱਦ ਪ੍ਰੇਮ ਅਤੇ ਸਤਿਕਾਰ ਮਹਿਸੂਸ ਕਰਿਆ ਕਰਦੇ ਸਨ। ਦੋਵਾਂ ਦੇ ਮਨਾਂ ਵਿਚ ਇਕ ਦੂਜੇ ਦੇ ਮਜ਼ਹਬ, ਇਕ ਦੂਜੇ ਦੇ ਪੈਗ਼ੰਬਰਾਂ ਪ੍ਰਤੀ ਆਦਰ ਤੇ ਸਤਿਕਾਰ ਦੇ ਭਾਗ ਹੁੰਦੇ ਸਨ। ਇਹ ਗੁਣ ਵੀ ਗੰਗਾ ਯਮੁਨੀ ਤਹਿਜ਼ੀਬ ਦਾ ਪ੍ਰਤੀਕ ਸੀ। ਹਿੰਦੂ ਵੀਰ ਆਪਣੇ ਮੁਸਲਮਾਨ ਭਰਾਵਾਂ ਅਤੇ ਭੈਣਾਂ ਨੂੰ ਬੜੇ



ਹੀ ਅਦਬ ਨਾਲ 'ਆਦਾਬ' ਅਤੇ ਮੁਸਲਮਾਨ ਆਪਣੇ ਹਿੰਦੂ ਵੀਰਾਂ ਨੂੰ ਸਤਿਕਾਰ ਸਹਿਤ 'ਨਮਸਤੇ' ਆਖ਼ ਦਿਆ ਕਰਦੇ ਸਨ ਜਿਸ ਨਾਲ ਕਿਸੇ ਦਾ ਕੁਝ ਵੀ ਨਹੀਂ ਘਟਦਾ ਸੀ। ਸ਼੍ਰੋਮਣੀ ਭਗਤ ਕਬੀਰ ਜੀ ਨੇ ਤਾਂ ਗੰਗਾ-ਯਮੁਨੀ ਤਹਿਜ਼ੀਬ ਦਾ ਸਿਖਰ ਛੂੰਹਦਿਆਂ ਆਖ਼ ਦਿੱਤਾ ਸੀ

ਕੋਈ ਜਪੇ ਰਹੀਮ ਰਹੀਮ, ਕੋਈ ਜਪੇ ਹੈ ਰਾਮ
ਦਾਸ ਕਬੀਰ ਹੈ ਪ੍ਰੇਮ ਪੁਜਾਰੀ, ਦੋਨੋਂ ਕੋ ਪ੍ਰਣਾਮ।

ਬਰਤਾਨਵੀ ਹਾਕਮਾਂ ਨੇ ਭਾਰਤ ਵਿਚ ਰਾਜ ਕਰਨ ਲਈ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ ਸੀ ਤੇ ਗੰਗਾ-ਯਮੁਨੀ ਤਹਿਜ਼ੀਬ ਨੂੰ ਲਾਂਬੂ ਲਾਉਣ ਦਾ ਕੋਝਾ ਪਾਪ ਖੱਟਿਆ ਸੀ। ਉਨ੍ਹਾਂ ਦੇ ਬਹਿਕਾਵੇ ਵਿਚ ਆ ਕੇ ਇਸ ਤਹਿਜ਼ੀਬ ਨੂੰ ਤਾਰ-ਤਾਰ ਕਰਦਿਆਂ ਮਜ਼ਹਬੀ ਆਧਾਰ 'ਤੇ ਹਿੰਦੁਸਤਾਨ ਦੇ ਦੋ ਟੋਟੇ ਕਰ ਦਿੱਤੇ ਗਏ ਸਨ ਅਤੇ ਨਫ਼ਰਤ ਦੀ ਅੱਗ ਵਿਚ ਕਈ ਹਿੰਦੂ, ਸਿੱਖ ਅਤੇ ਮੁਸਲਮਾਨ ਪਰਿਵਾਰ ਸੜ੍ਹ ਕੇ ਸੁਆਹ ਹੋ ਗਏ ਸਨ। ਧੀਆਂ ਦੀ ਬੇਪੱਤੀ ਕਰ ਕੇ ਮਨੁੱਖਤਾ ਲਹੂ-ਲੁਹਾਣ ਵੀ ਹੋਈ ਸੀ ਤੇ ਸ਼ਰਮਸਾਰ ਵੀ। ਅੰਗਰੇਜ਼ਾਂ ਦੇ ਭਾਰਤ 'ਚੋਂ ਚਲੇ ਜਾਣ ਤੋਂ ਬਾਅਦ ਪਾਕਿਸਤਾਨ ਜਾਣ ਦੀ ਥਾਂ ਹਿੰਦੁਸਤਾਨ ਵਿਚ ਹੀ ਵੱਸ ਜਾਣ ਦਾ ਫ਼ੈਸਲਾ ਕਰਨ ਵਾਲੇ ਮੁਸਲਮਾਨਾਂ ਨੇ ਇੱਕ ਵਾਰ ਮੁੜ ਤੋਂ ਗੰਗਾ -ਯਮੁਨੀ ਤਹਿਜ਼ੀਬ ਨੂੰ ਕਾਇਮ ਰੱਖਦਿਆਂ ਆਪਣੇ ਹਿੰਦੂ ਵੀਰਾਂ ਨਾਲ ਪੂਰੇ ਪ੍ਰੇਮ ਅਤੇ ਅਦਬ ਸਹਿਤ ਵੱਸਣਾ ਸ਼ੁਰੂ ਕਰ ਦਿੱਤਾ ਪਰ ਅੱਜ ਤੋਂ ਚੰਦ ਕੁ ਸਾਲ ਪਹਿਲਾਂ ਇੱਕ ਵਾਰ ਫਿਰ ਤੋਂ ਸਿਆਸੀ ਮੁਫ਼ਾਦਾਂ ਖ਼ਾਤਿਰ ਦੋਵਾਂ ਫ਼ਿਰਕਿਆਂ ਦੇ ਕੁਝ ਰਾਜਨਤੇਾਵਾਂ ਨੇ ਨਫ਼ਰਤੀ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਸਨ ਜਿਸ ਕਰਕੇ ਗੰਗਾ-ਯਮੁਨੀ ਤਹਿਜ਼ੀਬ 'ਤੇ ਹੁਣ ਇਕ ਵਾਰ ਮੁੜ ਖ਼ਤਰੇ ਦੇ ਬੱਦਲ ਮੰਡਰਾਉਣ ਲੱਗ ਪਏ ਹਨ। 'ਅੱਲਾਹ' ਦੇ ਪਵਿੱਤਰ ਨਾਂ 'ਤੇ ਬਣੇ 'ਅਲਾਹਬਾਦ' ਦਾ ਨਾਂ ਫਿਰ ਪ੍ਰਯਾਗਰਾਜ ਕਰ ਦਿੱਤਾ ਗਿਆ ਹੈ। ਸੜਕਾਂ ਅਤੇ ਗਲੀਆਂ ਦੇ ਨਾਂ ਵੀ ਬਦਲੇ ਜਾ ਰਹੇ ਹਨ। ਹਰੇਕ ਮਸਜਿਦ ਹੇਠਾਂ ਇੱਕ ਮੰਦਿਰ ਮੌਜੂਦ ਹੋਣ ਦਾ ਦਾਅਵਾ ਕਰਕੇ ਮਸਜਿਦਾਂ ਦੀ ਖੁਦਾਈ ਤੇ ਜਾਂਚ ਸ਼ੁਰੂ ਕਰਵਾਈ ਜਾ ਰਹੀ ਤੇ ਗੰਗਾ-ਯਮੁਨੀ ਤਹਿਜ਼ੀਬ ਦੇ ਸਾਂਝੇ ਪਾਣੀਆਂ ਨੂੰ ਅੱਡ-ਅੱਡ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਕਿਸੇ ਜਨਤਕ ਸਥਾਨ 'ਤੇ ਨਮਾਜ਼ ਅਦਾ ਕਰਨ ਵਾਲੇ ਸ਼ਖ਼ਸ ਨੂੰ ਮੀਡੀਆ ਵੱਲੋਂ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਉਸ ਨੇ ਦੇਸ਼ ਦਾ ਕੋਈ ਵੱਡਾ ਕਾਨੂੰਨ ਤੋੜ ਕੇ ਬੜਾ ਹੀ 'ਦੇਸ਼ ਧ੍ਰੋਹ' ਵਾਲਾ ਕੰਮ ਕਰ ਦਿੱਤਾ ਹੋਵੇ। ਕੁਝ ਲੋਕ ਇਹ ਭੁੱਲ ਜਾਂਦੇ ਹਨ ਕਿ ਅੱਜ ਵੀ ਉੱਤਰ ਪ੍ਰਦੇਸ਼ ਵਿਖੇ ਮੌਲਾਨਾ ਵਹੀਦੂਦੀਨ ਅੰਸਾਰੀ 'ਚਤੁਰਵੇਦੀ' ਜਿਹੇ ਸ਼ਖ਼ਸ ਮੌਜੂਦ ਹਨ ਜਿਨ੍ਹਾਂ ਨੇ ਮੁਸਲਮਾਨ ਹੁੰਦਿਆਂ ਹੋਇਆਂ ਵੀ ਚਾਰੇ ਵੇਦਾਂ ਅਤੇ ਸਮੂਹ ਪੁਰਾਣਾਂ ਅਤੇ ਉਪਨਿਸ਼ਦਾਂ ਦਾ ਗੂੜ੍ਹਾ ਅਧਿਐਨ ਕੀਤਾ ਹੈ ਤੇ ਕਿਸੇ ਸਨਾਤਨੀ ਹਿੰਦੂ ਤੋਂ ਵੱਧ ਸਨਾਤਨ ਧਰਮ ਬਾਰੇ ਉਹ ਗਿਆਨ ਰੱਖਦੇ ਹਨ। ਉਹ ਗੰਗਾ-ਯਮੁਨੀ ਤਹਿਜ਼ੀਬ ਦੀ ਇਕ ਪਿਆਰੀ ਜਿਹੀ ਤੇ ਜ਼ਿੰਦਾ ਮਿਸਾਲ ਹਨ। ਸੰਨ 1857 ਵਿਚ ਹੋਏ ਗ਼ਦਰ ਨੂੰ ਯਾਦ ਕਰਦਿਆਂ ਮਹਾਨ ਵਿਦਵਾਨ ਅਤੇ ਸੱਚੇ-ਸੁੱਚੇ ਰਾਜਨੇਤਾ ਡਾ. ਮਨਮੋਹਨ ਸਿੰਘ ਨੇ ਸੰਨ 2007 ਵਿਚ ਕਿਹਾ ਸੀ, "ਇਹ ਗ਼ਦਰ, ਹਿੰਦੂ-ਮੁਸਲਿਮ ਏਕਤਾ ਦੀ ਉਸ ਸ਼ਾਨਦਾਰ ਪ੍ਰੰਪਰਾ ਦਾ ਗਵਾਹ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਿਸਾਲ ਬਣ ਚੁੱਕੀ ਹੈ।' 'ਅਜੋਕੇ ਯੁਗ ਵਿਚ ਪੰਜਾਬੀ ਬੋਲੀ ਦੇ ਮਸ਼ਹੂਰ ਪਾਕਿਸਤਾਨੀ ਸ਼ਾਇਰ ਬਾਬਾ ਨਜ਼ਮੀ ਦਾ ਇੱਕ ਸ਼ੇਅਰ ਗੰਗਾ ਯਮੁਨੀ ਤਹਿਜ਼ੀਬ ਵੱਲ ਇਸ਼ਾਰਾ ਕਰਦਿਆਂ ਆਖ਼ਦਾ ਹੈ :

ਮਸਜਿਦ ਮੇਰੀ ਤੂੰ ਕਿਉਂ ਢਾਵੇਂ
ਮੈਂ ਕਿਉਂ ਤੋੜਾਂ ਮੰਦਰ ਨੂੰ
ਆਜਾ ਦੋਵੇਂ ਬਹਿ ਕੇ ਪੜ੍ਹੀਏ,
ਇੱਕ ਦੂਜੇ ਦੇ ਅੰਦਰ ਨੂੰ।
ਸਦੀਆਂ ਵਾਂਗੂੰ ਅੱਜ ਵੀ ਕੁਝ ਨਹੀਂ
ਜਾਣਾ ਮਸਜਿਦ, ਮੰਦਰ ਦਾ
ਲਹੂ ਤੇ ਤੇਰਾ ਮੇਰਾ ਲੱਗਣਾ
ਇੱਕ ਦੂਜੇ ਦੇ ਖ਼ੰਜਰ ਨੂੰ।
ਰੱਬ ਕਰੇ ਤੂੰ ਮੰਦਰ ਵਾਂਗੂੰ
ਵੇਖੇਂ ਮੇਰੀ ਮਸਜਿਦ ਨੂੰ।
ਰਾਮ ਕਰੇ ਮੈਂ ਮਸਜਿਦ ਵਾਂਗੂੰ
ਵੇਖਾਂ ਤੇਰੇ ਮੰਦਰ ਨੂੰ।

# ਸਿੱਕੇ ਦੇ ਦੂਜੇ ਪਾਸੇ ਵਾਲੀ ਔਰਤ

ਔਰਤ ਬਾਰੇ ਲਿਖਿਆ ਮੇਰਾ ਕੋਈ ਵੀ ਲੇਖ ਛਪਣ 'ਤੇ ਵੱਖ-ਵੱਖ ਪ੍ਰਤੀਕਿਰਿਆ ਵਾਲੇ ਪਾਠਕਾਂ ਦੇ ਬਹੁਤ ਫੋਨ ਆਉਂਦੇ ਹਨ, ਜੋ ਕਿ ਸੁਭਾਵਿਕ ਵੀ ਹਨ। ਭਾਵੇਂ ਬਹੁਤੇ ਪਾਠਕ ਲੇਖ ਦੀ ਪ੍ਰਸ਼ੰਸਾ ਕਰਨ ਵਾਲੇ ਹੀ ਹੁੰਦੇ ਹਨ ਪਰ ਕਈ ਪਾਠਕਾਂ ਨੇ ਮੇਰੀ ਲਿਖਤ ਨਾਲ ਸਹਿਮਤ ਨਾ ਹੁੰਦਿਆਂ ਤੌਖਲਾ ਵੀ ਪ੍ਰਗਟਾਉਣਾ ਕਿ ਮੈਂ ਔਰਤ ਦਾ ਸਿਰਫ ਇੱਕ ਪਾਸਾ ਹੀ ਦੇਖਿਆ-ਵਾਚਿਆ ਤੇ ਲਿਖਿਆ ਹੈ। ਸ਼ਾਇਦ ਉਨ੍ਹਾਂ ਨਾਲ ਅਜਿਹਾ ਕੁਝ ਨਾ ਕੁਝ ਵਾਪਰਿਆ ਹੋਵੇ ਜਿਸ ਕਾਰਨ ਉਨ੍ਹਾਂ ਦੀ ਔਰਤਾਂ



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਪ੍ਰਤੀ ਸੋਚ ਇੱਕਪਾਸੜ ਹੋ ਗਈ ਹੋਵੇ। ਕਈ ਪਾਠਕਾਂ ਨੇ ਫੋਨ 'ਤੇ ਕਹਿਣਾ ਵੀ ਕਿ ਤੁਸੀਂ ਸਿੱਕੇ ਦਾ ਇੱਕ ਪਾਸਾ ਦੇਖਿਆ ਹੋਣਾ, ਪਰ ਮੈਂ ਉਨ੍ਹਾਂ ਨਾਲ ਸਹਿਮਤ ਨਾ ਹੋ ਕੇ ਆਪਣੀ ਸੋਚ ਅਨੁਸਾਰ ਹੀ ਔਰਤ ਬਾਬਤ ਉਹੀ ਲਿਖਿਆ ਜੋ ਮੈਂ ਆਪਣੇ ਆਲੇ-ਦੁਆਲੇ ਦੇਖਿਆ-ਵਾਚਿਆ। ਪਰ ਇੱਕ ਸਮੇਂ ਮੈਨੂੰ ਵੀ ਸਿੱਕੇ ਦੇ ਦੂਜੇ ਪਾਸੇ ਵਾਲੀ ਔਰਤ ਦਾ ਰੂਪ ਦੇਖਣ ਨੂੰ ਮਿਲਿਆ, ਜਿਸਦਾ ਜਿਕਰ ਇਸ ਲੇਖ ਰਾਹੀ ਕੀਤਾ ਜਾ ਰਿਹਾ ਹੈ।

ਕਰੀਬ 25 ਕੁ ਸਾਲ ਪਹਿਲਾਂ ਤੋਂ ਗੱਲ ਸ਼ੁਰੂ ਕਰਦੇ ਹਾਂ। ਉਸ ਸਮੇਂ 2 ਜਾਣਕਾਰਾਂ ਜਾਂ ਮਿੱਤਰਾਂ 'ਚੋਂ ਪਹਿਲਾ ਪ੍ਰੇਮ ਵਿਆਹ ਕਰਵਾ ਲੈਂਦਾ ਹੈ। ਉਹ ਕਿਸੇ ਪ੍ਰਾਈਵੇਟ ਫਰਮ 'ਚ ਕੰਮ ਕਰਦਾ ਹੈ ਤੇ ਉਸਦੀ ਘਰਵਾਲੀ ਨਿੱਜੀ ਸਕੂਲ 'ਚ ਪੜ੍ਹਾਉਂਦੀ ਹੈ। ਉਨ੍ਹਾਂ ਦੇ ਘਰ ਪੁੱਤ ਤੇ ਫੇਰ ਧੀ ਦਾ ਜਨਮ ਹੁੰਦਾ ਹੈ। ਦੋਵਾਂ ਦੀ ਮਿਹਨਤ ਸਦਕਾ ਤੰਗੀ ਤੁਰਸ਼ੀ ਦੇ ਚੱਲਦਿਆਂ ਛੋਟਾ ਜਿਹਾ ਘਰ ਵੀ ਬਣ ਜਾਂਦਾ ਹੈ। ਸਮਾਂ ਲੰਘਣ 'ਤੇ ਇੱਕ ਭਿਆਨਕ ਬਿਮਾਰੀ ਦੀ ਗ੍ਰਿਫਤ 'ਚ ਆਉਣ ਕਾਰਨ ਉਸ ਜਾਣਕਾਰ ਦੀ ਮੌਤ ਹੋ ਜਾਂਦੀ ਹੈ। ਉਸਦੀ ਪਤਨੀ ਅਸਹਿ ਸਦਮਾ ਝੱਲਦਿਆਂ ਗਰੀਬੀ ਦੇ ਬਾਵਜੂਦ ਮਿਹਨਤ ਤੇ ਸਿਆਣਪ ਨਾਲ ਆਪਣੇ ਬੱਚੇ ਪਾਲਦੀ ਹੈ। ਉਨ੍ਹਾਂ ਨੂੰ ਪੜ੍ਹਾਉਂਦੀ ਹੈ ਤੇ ਵਾਹ ਲੱਗਦੀ ਆਪਣੇ ਪੈਰਾਂ 'ਤੇ ਵੀ ਕਰ ਦਿੰਦੀ ਹੈ।

ਉਧਰ ਦੂਜਾ ਜਾਣਕਾਰ ਵਿਆਹ ਦੀ ਉਮਰ ਟੱਪਣ ਦੇ ਨੇੜੇ ਪਹੁੰਚ ਕੇ ਵਿਆਹ ਕਰਵਾਉਂਦਾ ਹੈ। ਵਿਆਹ ਤੋਂ ਕੁੱਝ ਮਹੀਨੇ ਬਾਅਦ ਹੀ ਉਨ੍ਹਾਂ ਦਾ ਖੜਕਾ-ਦੜਕਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦੇ ਘਰ ਵੀ 2 ਬੱਚੇ ਪੈਦਾ ਹੁੰਦੇ ਹਨ। ਉਸਦਾ ਕੰਮਕਾਰ ਵਧੀਆ ਹੈ, ਘਰਬਾਰ ਤੇ ਜ਼ਮੀਨ ਜਾਇਦਾਦ ਵੀ ਹੈ ਪਰ ਘਰਵਾਲੀ ਨਾਲ ਤਪਾਕ ਨਹੀਂ ਬਣਦਾ। ਵਿਆਹ ਤੋਂ ਕਈ ਸਾਲਾਂ ਬਾਅਦ ਇੱਕ ਦਿਨ ਮਾਮੂਲੀ ਸਿਰਦਰਦ ਨਾਲ ਉਸ ਦੀ ਵੀ ਮੌਤ ਹੋ ਜਾਂਦੀ ਹੈ। ਸਮੇਂ ਦਾ ਫੇਰਬਦਲ ਐਸਾ ਚੱਲਿਆ ਕਿ ਉਸਦੀ ਪਤਨੀ ਨੂੰ ਉਸਦੀਆਂ ਯਾਦਾਂ ਤੇ 2 ਨਿਸ਼ਾਨੀਆਂ ਸਹਾਰੇ ਆਪਣੀ ਜ਼ਿੰਦਗੀ ਕੱਟਣੀ ਗਵਾਰਾ ਨਹੀਂ ਸੀ। ਆਪਣੇ ਪਤੀ ਦੀ ਮੌਤ ਉਪਰੰਤ ਉਸਦੀ ਜ਼ਮੀਨ ਜਾਇਦਾਦ ਆਪਣੇ ਤੇ ਆਪਣੇ ਬੱਚਿਆਂ ਦੇ ਨਾਂ ਕਰਵਾਉਣ ਲਈ ਕਚਹਿਰੀਆਂ ਦੇ ਚੱਕਰ ਲਾਉਂਦੀ-ਲਾਉਂਦੀ ਉਹ ਆਪ ਉਥੇ ਕੰਮ ਕਰਦੇ ਇੱਕ ਬੰਦੇ ਦੇ ਚੱਕਰਾਂ 'ਚ ਪੈ ਜਾਂਦੀ ਹੈ। ਉਹ ਸ਼ਖਸ ਪਹਿਲਾਂ ਹੀ ਵਿਆਹਿਆ ਹੋਇਆ ਤੇ 2 ਮੁੰਡਿਆਂ ਦਾ ਪਿਉ ਹੈ, ਪਰ ਉਸਦਾ ਆਪਣੀ ਘਰਵਾਲੀ ਨਾਲ ਤਲਾਕ ਦਾ ਮੁਕੱਦਮਾ ਚੱਲਦਾ ਹੈ। ਇੱਜ਼ਤ ਤੇ ਸ਼ਰਮ ਦੀਆਂ ਸਭ ਹੱਦਾਂ ਪਾਰ ਕਰ ਉਹ ਆਪਣੇ ਬੱਚਿਆਂ ਸਮੇਤ ਸ਼ਰ੍ਹੇਆਮ ਉਸ ਨਾਲ ਰਹਿਣ ਲੱਗ ਜਾਂਦੀ ਹੈ। ਜਵਾਨੀ ਦੇ ਜੋਸ਼ ਜਾਂ ਜਿਸਮਾਨੀ ਭੁੱਖ ਕਾਰਨ ਉਹ ਦੋਵੇਂ ਵਕਤੀ ਖ਼ੁਸ਼ੀਆਂ ਤਾਂ ਮਾਣ ਰਹੇ ਸਨ ਪਰ ਉਹ ਇਹ ਦੇਖਣ, ਸੁਣਨ ਜਾਂ ਸਮਝਣ ਤੋਂ ਅਸਮਰੱਥ ਸਨ ਕਿ ਇਸ ਨਾਜਾਇਜ਼ ਰਿਸ਼ਤੇ ਨਾਲ ਉਹ ਦੋਹਾਂ ਦੇ 2-2 ਬੱਚਿਆਂ ਤੇ ਉਸ ਆਦਮੀ ਦੀ ਘਰਵਾਲੀ ਸਮੇਤ 7 ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਸਨ।

ਪਹਿਲੇ ਜਾਣਕਾਰ ਦੀ ਪਤਨੀ ਦੂਜੇ ਜਾਣਕਾਰ ਦੀ ਪਤਨੀ ਦੇ ਇਸ ਕੰਮ ਕਾਰਨ ਕਾਫੀ ਦੁਖੀ ਸੀ। ਉਹ ਅਜਿਹੇ ਕੰਮ ਨੂੰ ਗਲਤ ਸਮਝਦੀ ਸੀ ਜੋ ਕਿ ਹੈ ਵੀ ਗਲਤ ਹੀ। ਫੇਰ ਇਕ ਦਿਨ ਅਚਾਨਕ ਪਹਿਲੇ ਦੀ ਘਰਵਾਲੀ ਆਪਣੀ 17-18 ਸਾਲਾ ਧੀ ਸਮੇਤ ਖੁਦਕੁਸ਼ੀ ਕਰ ਲੈਂਦੀ ਹੈ। ਬਾਅਦ 'ਚ ਪਤਾ ਲੱਗਾ ਕਿ ਉਸ ਔਰਤ ਦੇ ਵੀ ਕਿਸੇ ਆਦਮੀ ਨਾਲ ਸਬੰਧ ਬਣ ਗਏ ਸਨ। ਖਿੜਕਨ ਦੀ ਉਮਰ 'ਚ ਤਾਂ ਉਹ ਸੰਭਲ ਗਈ ਸੀ ਤੇ ਕਿਸੇ ਹੋਰ ਔਰਤ ਵੱਲੋਂ ਕੀਤੇ ਅਜਿਹੇ ਕਾਰੇ ਨੂੰ ਗਲਤ ਸਮਝਦੀ ਸੀ, ਪਰ ਬੱਚੇ ਜਵਾਨ ਹੋ ਜਾਣ 'ਤੇ ਉਸਦਾ ਇਸਤਰਾਂ ਖਿੜਕ ਜਾਣਾ ਸਮਝ ਤੋਂ ਬਾਹਰ ਹੈ। ਖਿੜਕ ਜਾਣਾ ਵੀ ਛੱਡੋ, ਆਪਣੀ ਤੇ ਆਪਣੀ ਧੀ ਦੀ ਜਾਨ ਦੇਣ ਵਰਗਾ ਉਸ ਵੱਲੋਂ ਚੁੱਕਿਆ ਕਦਮ ਵੀ ਕਈ ਸਵਾਲ ਖੜੇ ਕਰਦਾ ਹੈ।

# ਸਮੁਚੇ ਸਿੱਖ ਸਭਿਆਚਾਰ ਨੂੰ ਕਲਾਵੇ ਵਿਚ ਲੈਂਦਾ ਨਾਵਲ – 'ਮਨੁ ਪੰਖੀ ਭਇਓ'

ਪੁਸਤਕ 'ਮਨੁ ਪੰਖੀ ਭਇਓ' (ਪੰਨੇ: 318; ਕੀਮਤ: 475 ਰੁਪਏ; ਚੇਤਨਾ ਪ੍ਰਕਾਸ਼ਨ, ਲੁਧਿਆਣਾ) ਮਨਮੋਹਨ ਦਾ ਤੀਜਾ ਨਾਵਲ ਹੈ। ਪਹਿਲੇ ਨਾਵਲ 'ਨਿਰਵਾਣ' ਅਤੇ 'ਸਹਜ ਗੁਫਾ ਮਹਿ ਆਸਣੁ' ਹਨ। ਇਸ ਨਾਵਲ ਵਿਚ ਵੀ ਲੇਖਕ ਨੇ ਆਪਣੇ ਰਵਾਇਤੀ ਬਿਰਤਾਂਤ ਨੂੰ ਹੋਰ ਵਿਸਥਾਰ ਦਿੱਤਾ ਹੈ। ਮਨਮੋਹਨ ਦੇ ਨਾਵਲ ਪੜ੍ਹਨਾ ਤੇ ਉਸ ਨੂੰ ਆਤਮਸਾਤ ਕਰਨਾ, ਪਾਠਕ ਲਈ ਇੱਕ ਵੰਗਾਰ ਹਨ। ਇੱਕ ਕਾਲ-ਖੰਡ ਦੇ ਸਾਧਾਰਨ ਲੋਕਾਂ ਦੀ ਵਿਥਿਆ, ਸਾਧਾਰਨ ਪਾਠਕਾਂ ਵਾਸਤੇ ਨਹੀਂ ਹੈ। ਸਿੱਧੇ-ਸਾਦੇ ਲੋਕਾਂ ਦੀ ਜੀਵਨ ਸ਼ੈਲੀ ਦੇ ਅਰਥ ਬੜੇ ਡੂੰਘੇ ਹਨ। ਬਿਰਤਾਂਤ ਵਿਚ ਸ਼ਾਇਰੀ ਹੈ, ਗੁਰਬਾਣੀ ਹੈ, ਫ਼ਾਰਸੀ ਦੇ ਸਲੋਕ ਹਨ, ਦੋਹੇ ਹਨ, ਟੱਪੇ ਹਨ, ਕਾਫ਼ੀਆਂ ਹਨ ਤੇ ਇਨ੍ਹਾਂ ਵਿਚ

**ਬਲਦੇਵ ਸਿੰਘ (ਸੜਕਨਾਮਾ)**
**ਫੋਨ: 98147-83069**

ਅਨੇਕਾਂ ਵਾਰ 'ਰਹਾਓ' ਦਾ ਪੜਾਅ ਆਉਂਦਾ ਹੈ, ਜਿੱਥੇ ਪਾਠਕ ਨੂੰ ਠਹਿਰਨ, ਸੋਚਣ ਤੇ ਕਹੀ ਕਥਾ ਨੂੰ ਸਮਝ ਕੇ ਆਪਣੇ ਨਾਲ ਇਕ-ਮਿਕ ਕਰਨ ਦਾ ਸੰਕੇਤ ਹੈ।

ਹਥਲਾ ਨਾਵਲ ਦੇਸ਼ ਦੀ ਵੰਡ ਤੋਂ ਢੇਰ ਸਮਾਂ ਪਹਿਲਾਂ ਦੇ ਲੋਕ ਜੀਵਨ ਤੋਂ ਸ਼ੁਰੂ ਹੁੰਦਾ ਹੈ, ਜਦੋਂ ਨਾ ਦੋ ਕੌਮਾਂ ਦਾ ਕੋਈ ਰੌਲਾ ਸੀ, ਨਾ ਜਾਤ ਬਿਰਾਦਰੀ ਨੂੰ ਇੰਨੀ ਅਹਿਮੀਅਤ ਦਿੱਤੀ ਜਾਂਦੀ ਸੀ। ਕੁਦਰਤ ਦਾ ਜਲੌਅ ਸਭਨਾਂ ਲਈ ਇੱਕ ਸਮਾਨ ਸੀ। 'ਲੌਢਾ ਵੇਲਾ। ਜੰਗਲ ਬੇਲਾ। ਰੁੱਖਾਂ ਦੀ ਸੰਘਣੀ ਝਿੜੀ। ਪੰਛੀਆਂ ਦੀ ਚਹਿਕਾਰ... ਡੁੱਬ ਰਹੇ ਸੂਰਜ ਦੀ ਕੇਸਰੀ ਨੁਹਾਰ ਉਦੋਂ ਨਾ ਸਰਹੱਦ ਦੀ ਸੀਮਾ ਸੀ, ਨਾ ਬਾਰਡਰ ਉਸਾਰੇ ਸਨ'

ਤੇ ਨਾਵਲ ਦਾ ਅੰਤ ਹੁੰਦਾ ਹੈ, 'ਪੱਛਮ ਵੱਲ ਸੂਰਜ ਡੁੱਬ ਰਿਹਾ ਸੀ। ਅਸਮਾਨ 'ਚ ਪੰਛੀ ਆਪਣੇ ਆਲ੍ਹਣਿਆਂ ਨੂੰ ਪਰਤਣੇ ਸ਼ੁਰੂ ਹੋ ਗਏ ਸਨ। ਅਸਮਾਨ 'ਚ ਬੰਦੇ ਦੀ ਬਣਾਈ ਕੋਈ ਸਰਹੱਦ ਤੇ ਸੀਮਾ ਨਹੀਂ ਸੀ, ਪਰ ਸ਼ਾਮ ਪੰਜ ਵਜੇ ਜ਼ਮੀਨ 'ਤੇ ਪਾਕਿਸਤਾਨ-ਭਾਰਤ ਦਰਮਿਆਨ ਉਸਾਰੇ ਗਏ ਬਾਰਡਰ ਨੇ ਬੰਦ ਹੋ ਜਾਣਾ ਸੀ।'

ਉਦੋਂ ਜਦੋਂ ਸਰਹੱਦਾਂ ਨਹੀਂ ਸਨ ਤੇ ਹੁਣ ਜਦ ਸਰਹੱਦਾਂ ਉਸਰ ਗਈਆਂ ਤੇ ਸਮੇਂ ਦੌਰਾਨ ਸਦੀਆਂ ਦਾ ਸਮਾਜਿਕ ਅਤੇ ਰਾਜਨੀਤਕ ਇਤਿਹਾਸ ਹੈ ਤੇ ਇਨ੍ਹਾਂ ਦੇ ਨਾਲ-ਨਾਲ ਕਥਾ ਚਲਦੀ ਹੈ-ਬੋਧਾ, ਬੁਧ ਸਿੰਘ ਉਰਫ਼ ਭਾਈ ਬੁਧ ਸਿੰਘ ਦੀ ਤੇ ਉਸ ਦੇ ਸੰਗੀ ਸਾਥੀਆਂ ਦੀ। ਬੋਧਾ, ਬੁੱਧੂ ਨਹੀਂ ਹੈ, ਉਹ ਬੁੱਧੀਵਾਨ ਹੈ। ਗੁਰਬਾਣੀ ਦਾ ਗਿਆਤਾ ਹੈ, ਗ਼ਾਲਬ, ਆਮੀਰ, ਮੀਰ, ਬੁਲ੍ਹੇਸ਼ਾਹ, ਸ਼ਾਹ ਹੁਸੈਨ, ਬਹਾਦਰ ਸ਼ਾਹ ਜ਼ਫ਼ਰ ਦੀ ਸ਼ਾਇਰੀ ਤੋਂ ਤਾਂ ਭਲੀਭਾਂਤ ਵਾਕਫ਼ ਹੈ ਈ, ਉਹ ਫ਼ਾਰਸੀ ਦੀ ਵੀ ਪੂਰੀ ਸਮਝ ਰੱਖਦਾ ਹੈ। ਸਿਰਫ਼ ਬੋਧਾ ਹੀ ਨਹੀਂ, ਉਸ ਦਾ ਤਾਇਆ, ਸਕੂਲ ਦਾ ਮੁੱਖ ਅਧਿਆਪਕ, ਗੁਰਦੁਆਰੇ ਦਾ ਰਾਗੀ, ਗੁੰਬੀ ਸਭ ਸ਼ੇਅਰੋ-ਸ਼ਾਇਰੀ ਵਿਚ ਮਾਹਰ ਹਨ ਤੇ ਪਾਠਕਾਂ ਨੂੰ ਹੈਰਾਨ ਕਰਦੇ ਹਨ।


ਮਨਮੋਹਨ ਨੇ ਜੇ 'ਸ਼ਬਦ' ਦਾ ਜ਼ਿਕਰ ਕੀਤਾ ਹੈ ਤੇ ਉਸ ਦੀਆਂ ਜੜ੍ਹਾਂ ਤੱਕ ਜਾਣਕਾਰੀ ਦਿੱਤੀ ਹੈ। ਜੇ ਸੰਗੀਤ ਜਾਂ ਗੁਰਮਤਿ ਸੰਗੀਤ ਬਾਰੇ ਗੱਲ ਕੀਤੀ ਹੈ ਤਾਂ ਸੰਗੀਤ ਦੀਆਂ ਵੰਨਗੀਆਂ, ਧੁਨਾਂ, ਸੁਰਾਂ, ਗਾਇਨ ਸ਼ੈਲੀਆਂ ਤੱਕ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ।

'ਅਸ਼ਟਪਦੀ, ਇਸ ਦੇ ਚਾਰ ਭਾਗ ਹੁੰਦੇ ਹਨ, ਉਦਗ੍ਰਹ, ਧਰੁਵ, ਮੇਲਾਪਕ ਤੇ ਅਭੋਗ।... ਹੋਰ ਵੀ ਲੋਕ ਅੰਗ ਵਾਲੀਆਂ ਸ਼ੈਲੀਆਂ ਹੁੰਦੀਆਂ ਨੇ ਜੀਕੁਰ ਛੰਤ, ਅਲਾਹੁਣੀ, ਮੁੰਦਾਵਣੀ, ਅੰਜੁਲੀ, ਘੋੜੀਆਂ, ਵਾਰਾਂ, ਆਰਤੀ ਆਦਿ।' (ਪੰਨਾ 99)

ਵਿਚਾਰ ਗੋਸ਼ਟੀਆਂ ਅਤੇ ਰਿਆਜ਼ ਨਾਲ ਬੋਧਾ ਹੌਲੀ-ਹੌਲੀ ਭਾਈ ਬੁਧ ਸਿੰਘ ਦੀ ਪਦਵੀ ਪਾ ਲੈਂਦਾ ਹੈ।

ਬਿਰਤਾਂਤ ਅੱਗੇ ਤੁਰਦਾ ਬਰਤਾਨੀਆ ਸਰਕਾਰ ਦੀਆਂ ਧੱਕੇਸ਼ਾਹੀਆਂ ਅਤੇ ਸਾਜ਼ਿਸ਼ਾਂ ਵਿਚੋਂ ਦੀ ਗੁਜ਼ਰਦਾ ਬਾਰਾਂ ਦੇ ਸਮਿਆਂ 'ਤੇ ਆ ਪੁੱਜਦਾ ਹੈ ਜਿਸ ਸਮੇਂ ਸ. ਅਜੀਤ ਸਿੰਘ ਨੇ ਕਿਸਾਨਾਂ ਮੁਜ਼ਾਰਿਆਂ ਨਾਲ ਹੁੰਦੇ ਜ਼ੁਲਮਾਂ ਵਿਰੁੱਧ 'ਪਗੜੀ ਸੰਭਾਲ ਜੱਟਾ' ਲਹਿਰ ਚਲਾਈ ਸੀ।

ਸਮੇਂ ਦੇ ਨਾਲ ਬੋਧੇ ਵਿਚ ਚੇਤਨਾ ਆਉਂਦੀ ਹੈ। ਉਹ ਅਖ਼ਬਾਰ ਵੀ ਪੜ੍ਹਦਾ ਹੈ ਤੇ ਰੇਡੀਓ ਵੀ ਸੁਣਦਾ ਹੈ, ਜਿਸ ਨਾਲ




ਉਸ ਨੂੰ ਦੇਸ਼ ਵਿਚ ਹੁੰਦੀ ਰਾਜਨੀਤਕ ਉਥਲ-ਪੁਥਲ ਤੇ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਬਾਰੇ ਪਤਾ ਲਗਦਾ ਰਹਿੰਦਾ ਹੈ। ਚੰਗੇ ਵਿਚਾਰ ਉਹ ਡਾਇਰੀ ਵਿਚ ਵੀ ਲਿਖਦਾ ਹੈ। ਲੜਕੀ ਕੰਮੋ ਨਾਲ ਵੀ ਉਸ ਦਾ ਲਗਾਓ ਹੈ। ਉਸ ਦੀ ਛੋਹ ਨਾਲ ਇੱਕ ਸਾਧਾਰਨ ਜਿਹਾ ਬੰਦਾ ਕਵੀ ਬਣ ਜਾਂਦਾ ਹੈ, ਆਪਣੀ ਡਾਇਰੀ ਵਿਚ ਲਿਖਦਾ ਹੈ: 'ਆਪਣੀਆਂ ਉਂਗਲਾਂ ਸੰਗ ਚੁੰਨੀ ਲਪੇਟਦੀ ਤੂੰ ਖੋਲ੍ਹੇਂ ਸ੍ਰਿਸ਼ਟੀ ਦੇ ਵਲਾਂ ਨੂੰ... ਨਿਹਾਰਦਾ ਮੈਂ ਸਮਾਅ ਜਾਵਾਂ ਪ੍ਰਕਿਰਤੀ ਵਿਚ ਦ੍ਰਿਸ਼ਟੀ ਵਾਂਗ...ਪਾਣੀ 'ਤੇ ਨਹੀਂ ਠਹਿਰਦਾ ਤੇਰਾ ਚਿਹਰਾ...ਝੀਲ ਦੀ ਸਤਹ ਉੱਤੇ ਨ੍ਰਿਤ ਕਰਦਾ ਪਾਣੀ ਦਾ ਉਤਸਵ।'

ਮਨਮੋਹਨ ਜੇ ਸੁਪਨਿਆਂ ਦੀ ਗੱਲ ਕਰਦਾ ਹੈ, ਦੱਸਦਾ ਹੈ, ਸੁਪਨੇ ਤਿੰਨ ਤਰ੍ਹਾਂ ਦੇ ਹੁੰਦੇ ਹਨ। ਖ਼ੁਆਬ-ਏ-ਰਹਿਮਾਨੀ, ਖ਼ੁਆਬ-ਏ-ਸ਼ੈਤਾਨੀ ਤੇ ਖ਼ੁਆਬ-ਏ-ਨਫ਼ਸਾਨੀ।

ਨਾਵਲੀ ਬਿਰਤਾਂਤ ਵਿਚ ਹੋਰ ਵੀ ਬੜਾ ਕੁਝ ਹੈ, ਜੰਨਤ ਬਾਰੇ ਦੋਜ਼ਖ਼ ਬਾਰੇ, ਦੇਵਤਿਆਂ ਬਾਰੇ, ਪੀਰਾਂ ਪੈਗੰਬਰਾਂ ਬਾਰੇ। ਪੂਰੇ ਬਿਰਤਾਂਤ ਵਿਚ ਸ਼ਾਇਰੀ ਤਾਂ ਹੈ ਹੀ। ਕਦੇ ਮਹਿਸੂਸ ਹੁੰਦਾ ਹੈ ਲੇਖਕ ਪ੍ਰਸੰਗ ਅਨੁਸਾਰ ਸ਼ੇਅਰ/ ਬੈਂਤ/ ਕਾਫ਼ੀ ਖੋਜਦਾ ਹੈ, ਕਦੇ ਲਗਦਾ ਹੈ ਲੇਖਕ ਸ਼ੇਅਰ ਮੁਤਾਬਿਕ ਪ੍ਰਸੰਗ ਸਿਰਜਦਾ ਹੈ। ਨਾਲ-ਨਾਲ ਜੀਵਨ ਫਲਸਫ਼ਾ ਵੀ ਤੁਰਦਾ ਹੈ।

ਨਾਵਲ ਆਪਣੇ ਸਮੇਂ ਦੇ ਸਮੁੱਚੇ ਸੱਭਿਆਚਾਰ ਨੂੰ ਕਲਾਵੇ ਵਿਚ ਲੈਂਦਾ ਹੈ। ਨਾਵਲ ਦੀ ਤੋਰ ਬੜੀ ਸਹਿਜ ਅਤੇ ਮਟਕ ਨਾਲ ਤੁਰਦੀ ਹੈ, ਕੋਈ ਕਾਹਲ ਨਹੀਂ। ਬੁਧ ਸਿੰਘ ਦਾ ਕੰਮੋ ਨਾਲ ਵਿਆਹ, ਬੱਚੇ, ਦੇਸ਼ ਦੀ ਵੰਡ ਵੇਲੇ ਬੱਚਿਆਂ ਦਾ ਵਿਛੜਨਾ; ਹਿੰਦੂ, ਸਿੱਖ, ਮੁਸਲਮਾਨ ਭਰਾਵਾਂ ਵਾਂਗ ਰਹਿੰਦੇ-ਵਰਤਦੇ ਅਚਾਨਕ ਦੁਸ਼ਮਣ ਬਣ ਜਾਣਾ। ਉਧਰੋਂ ਬਚ-ਬਚਾ ਕੇ ਸਭ ਕੁਝ ਲੁਟਾ ਕੇ ਅੰਮ੍ਰਿਤਸਰ ਆ ਜਾਣਾ ਤੇ ਇਧਰ ਕਤਲ ਹੋ ਜਾਣਾ, ਫਿਰ ਵਰ੍ਹਿਆਂ ਬਾਅਦ ਬੁਧ ਸਿੰਘ ਤੇ ਕੰਮੋ ਦੇ ਬੱਚਿਆਂ ਦਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ 'ਤੇ ਮਿਲਣਾ, ਇਹ ਸਭ ਦੱਸਣ ਨਾਲ ਨਹੀਂ ਪੜ੍ਹਨ ਨਾਲ ਹੀ ਪਤਾ ਲੱਗੇਗਾ ਕਿ ਸਿਆਸੀ ਚੌਧਰੀਆਂ ਦੀਆਂ ਨੀਤੀਆਂ ਕਾਰਨ ਆਮ ਲੋਕਾਂ ਨੇ ਕਿੰਨਾ ਸੰਤਾਪ ਭੋਗਿਆ। ਬੱਸ ਥੋੜ੍ਹਾ ਜਿਹਾ ਸਬਰ ਰੱਖ ਕੇ ਸਹਿਜ ਨਾਲ ਇਹ ਨਾਵਲ ਪੜ੍ਹਨਾ ਚਾਹੀਦਾ ਹੈ। ਮਨਮੋਹਨ ਦੇ ਮਨ ਨੇ ਪੰਖੀ ਵਾਂਗ ਹੀ ਉਡਾਣ ਭਰੀ ਹੈ।

---

# ਕਹਤੁ ਕਬੀਰ ਸੁਨਹੁ ਰੇ ਸੰਤਹੁ

**ਕਬੀਰ ਜਯੰਤੀ 'ਤੇ ਵਿਸ਼ੇਸ਼**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਭੱਟਾਂ ਅਤੇ ਕੁਝ ਗੁਰਸਿੱਖਾਂ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਭਗਤਾਂ ਵਿਚੋਂ ਭਗਤ ਕਬੀਰ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਿਰੋਮਣੀ ਸਥਾਨ ਦਿੱਤਾ ਹੈ। ਅਰਥਾਤ ਭਗਤ-ਬਾਣੀ ਦੇ ਅੰਤਰਗਤ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਪਹਿਲਾਂ ਦਿੱਤੀ ਹੋਈ ਹੈ। ਆਪ ਦੇ ਜਨਮ, ਦਿਹਾਂਤ ਅਤੇ ਜੀਵਨ ਬਾਰੇ ਵਿਦਵਾਨਾਂ ਵਿਚ ਕਾਫੀ ਮੱਤਭੇਦ ਹਨ, ਪਰ ਤਾਂ ਵੀ ਇੱਕ ਮਾਨਤਾ ਅਨੁਸਾਰ ਆਪ 1398 ਈ. ਵਿਚ ਬਨਾਰਸ ਵਿਖੇ ਪੈਦਾ ਹੋਏ।

ਆਪ ਦੀ ਪਰਵਰਿਸ਼ ਨੀਰੂ ਜੁਲਾਹੇ ਅਤੇ ਮਾਤਾ ਨੀਮਾ ਨੇ ਕੀਤੀ ਅਤੇ ਆਪ ਦਾ ਨਾਂ ਕਬੀਰ ਰੱਖਿਆ। ਕਬੀਰ ਜੀ ਇੱਕ ਗ੍ਰਿਹਸਥੀ ਵਿਅਕਤੀ ਸਨ। ਆਪ ਦੀ ਪਤਨੀ ਦਾ ਨਾਂ ਲੋਈ ਅਤੇ ਪੁੱਤਰ ਦਾ ਨਾਂ ਕਮਾਲ ਸੀ। ਆਪ 120 ਸਾਲ ਦੀ ਉਮਰ ਵਿਚ 1518 ਈ. ਵਿਚ ਮਗਹਰ ਵਿਖੇ ਬ੍ਰਹਮਲੀਨ ਹੋ ਗਏ। ਮਾਤਾ-ਪਿਤਾ ਮੁਸਲਮਾਨ



**ਪ੍ਰੋ. ਨਵ ਸੰਗੀਤ ਸਿੰਘ**
**ਫੋਨ: 94176-92015**

ਹੋਣ ਕਰਕੇ ਉਹ ਕਬੀਰ ਜੀ ਨੂੰ ਮੁਸਲਮਾਨੀ ਮੱਤ ਵੱਲ ਲਾਉਣਾ ਚਾਹੁੰਦੇ ਸਨ। ਪਰ ਕਬੀਰ ਜੀ ਦੀ ਰੁਚੀ ਰਾਮ ਨਾਮ ਜਪਣ ਵੱਲ ਵਧੇਰੇ ਪ੍ਰਬਲ ਸੀ। ਕਬੀਰ ਜੀ ਆਪਣੇ ਘਰ ਵਿਚ ਕੱਪੜਾ ਬੁਣਨ ਦਾ ਕੰਮ ਕਰਦੇ ਸਨ, ਪਰ ਉਸ ਸਮੇਂ ਦਾ ਬ੍ਰਾਹਮਣ-ਵਰਗ ਆਪ ਨੂੰ ਜੁਲਾਹਾ ਹੋਣ ਕਰਕੇ ਸ਼ੂਦਰ ਸਮਝਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ 31 ਰਾਗਾਂ ਵਿਚੋਂ ਕਬੀਰ ਜੀ ਦੀ ਬਾਣੀ 17 ਰਾਗਾਂ ਵਿਚ ਸੰਕਲਿਤ ਹੈ, ਜਿਸ ਵਿਚ ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ ਰਾਗ ਸ਼ਾਮਲ ਹਨ। ਇਸ ਮੁਤਾਬਕ ਆਪ ਦੇ ਕੁੱਲ 225 ਸ਼ਬਦ, ਇੱਕ ਬਾਵਨ ਅੱਖਰੀ, ਇੱਕ ਥਿਤੀ, ਇੱਕ ਸਤਵਾਰਾ ਅਤੇ 243 ਸਲੋਕ ਸੰਕਲਿਤ ਹਨ। ਇਸ ਪ੍ਰਕਾਰ ਆਪ ਦੀ ਬਾਣੀ ਹੋਰ ਸਾਰੇ ਭਗਤ ਕਵੀਆਂ ਨਾਲੋਂ ਵਧੀਕ ਹੈ। ਡਾ. ਜੋਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਤਾਰਨ ਸਿੰਘ ਅਤੇ ਡਾ. ਰਾਜ ਕੁਮਾਰ ਵਰਮਾ ਜਿਹੇ ਵਿਦਵਾਨਾਂ ਦਾ ਮੱਤ ਹੈ ਕਿ ਆਦਿ ਗ੍ਰੰਥ ਵਿਚ ਸ਼ਾਮਲ ਬਾਣੀ ਹੀ ਕਬੀਰ ਜੀ ਦੀ ਅਸਲੀ ਬਾਣੀ ਹੈ, ਜਦ ਕਿ ਕਬੀਰ ਜੀ ਦੀ ਹੋਰ ਥਾਂਵਾਂ 'ਤੇ ਮਿਲਦੀ ਬਾਣੀ ਵਿਚ ਮਿਲਾਵਟ ਦਾ ਅੰਸ਼ ਮਿਲਦਾ ਹੈ।

ਕਬੀਰ ਜੀ ਦਾ ਸਮੁੱਚਾ ਜੀਵਨ ਬਹੁਤ ਹੀ ਪਵਿੱਤਰ ਅਤੇ ਸਿੱਖਿਆਦਾਇਕ ਸੀ। ਉਹ ਆਪਣੇ ਪਿਤਾ ਦੇ ਕੰਮਾਂ ਵਿਚ ਹੱਥ ਵਟਾਉਂਦੇ, ਦਸਾਂ ਨਹੁੰਆਂ ਦੀ ਕਿਰਤ ਕਰਦੇ ਅਤੇ ਪ੍ਰਭੂ ਦੀ ਭਗਤੀ ਲਈ ਵੀ ਸਮਾਂ ਕਢਦੇ। ਆਪ ਦੀ ਬਾਣੀ ਵਿਚ ਫੋਕਟ ਕਰਮ-ਕਾਂਡਾਂ, ਮੂਰਤੀ ਪੂਜਾ ਦੇ ਖੰਡਨ ਦੇ ਨਾਲ-ਨਾਲ ਨੈਤਿਕਤਾ, ਪ੍ਰੇਮ, ਭਗਤੀ, ਨਿਰਭੈਤਾ, ਮਾਇਆ, ਸੰਪਰਦਾਇਕ ਭਾਵਨਾ, ਆਦਿ ਵਿਚਾਰਾਂ ਦੀ ਨਿਸ਼ਾਨਦੇਹੀ ਹੋਈ ਹੈ।

ਕਬੀਰ ਜੀ ਸਾਰੀ ਸ੍ਰਿਸ਼ਟੀ ਨੂੰ ਇੱਕੋ ਪਰਮਜੋਤ ਤੋਂ ਪੈਦਾ ਹੋਈ ਮੰਨਦੇ ਹਨ। ਸਿੱਖ ਧਰਮ ਦੇ ਹੋਰ ਸਾਰੇ ਗੁਰੂਆਂ ਵਾਂਗ ਕਬੀਰ ਜੀ ਵੀ ਸਾਰੇ ਮਨੁੱਖਾਂ ਵਿਚ ਪਰਮਾਤਮਾ ਨੂੰ ਵੇਖਦੇ ਹਨ। ਭਗਤ ਕਬੀਰ ਜੀ ਅਨੁਸਾਰ ਇਹ ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਬਣਾਈ ਹੋਈ ਹੈ ਅਤੇ ਉਹ ਆਪ ਵੀ ਸਾਰੀ ਲੋਕਾਈ ਵਿਚ ਰਮਿਆ ਹੋਇਆ ਹੈ:ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ (ਰਹਾਉ)॥ (ਪੰਨਾ 1349)

ਕਬੀਰ ਜੀ ਨਿਰਭਉ ਤੇ ਨਿਡਰ ਸ਼ਖ਼ਸੀਅਤ ਦੇ ਵਿਅਕਤੀ ਸਨ। ਉਹ ਮਾਨਵ-ਵਿਰੋਧੀ ਰਵਾਇਤਾਂ ਜਾਂ ਪਰਿਪਾਟੀਆਂ ਦੇ ਸਖ਼ਤ ਖ਼ਿਲਾਫ਼ ਸਨ। ਬ੍ਰਾਹਮਣਵਾਦ ਦੀ ਵਰਣ-ਵੰਡ 'ਤੇ ਜਿੰਨੀ ਸ਼ਿੱਦਤ ਨਾਲ ਆਪ ਨੇ ਵਾਰ ਕੀਤਾ, ਉਨਾ ਉੱਤਰੀ ਭਾਰਤ ਦੇ ਕਿਸੇ ਵੀ ਹੋਰ ਸੰਤ-ਮਹਾਤਮਾ ਨੇ ਨਹੀਂ ਕੀਤਾ। ਆਪਣੀ ਬਾਣੀ ਵਿਚ ਉਨ੍ਹਾਂ ਨੇ ਅਖੌਤੀ ਬ੍ਰਾਹਮਣਾਂ ਨੂੰ ਸਿੱਧੇ ਤੌਰ 'ਤੇ ਵੰਗਾਰਿਆ ਹੈ:

ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥



ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ (ਪੰਨਾ 324)

ਕਬੀਰ ਜੀ ਦੇ ਸਮੇਂ ਵਿਚ ਕਈ ਤਰ੍ਹਾਂ ਦੇ ਨਸ਼ਿਆਂ ਨੇ ਲੋਕਾਂ ਨੂੰ ਗ੍ਰਸਿਆ ਹੋਇਆ ਸੀ, ਜੋ ਵਿਅਕਤੀ ਦੇ ਮਨ 'ਤੇ ਬੁਰਾ ਪ੍ਰਭਾਵ ਪਾਉਂਦੇ ਸਨ। ਹਰ ਤਰ੍ਹਾਂ ਦੇ ਨਸ਼ੇ ਵਿਚ ਜ਼ਹਿਰ ਹੁੰਦੀ ਹੈ, ਜੋ ਵਿਅਕਤੀ ਦੇ ਸਰੀਰ ਨੂੰ ਕੁਝ ਸਮੇਂ ਲਈ ਬੇਸੁਰਤ ਕਰ ਕੇ ਉਸ ਤੋਂ ਗਲਤ ਕੰਮ ਕਰਵਾਉਂਦੀ ਹੈ। ਕਬੀਰ ਜੀ ਨੇ ਇਨ੍ਹਾਂ ਨਸ਼ਿਆਂ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਨੂੰ ਆਚਰਣ ਤੋਂ ਡਿੱਗੇ ਹੋਏ ਸਿੱਧ ਕੀਤਾ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ (ਪੰਨਾ 1377)

ਕਬੀਰ-ਬਾਣੀ ਵਿਚ ਡਰ ਜਾਂ ਘਬਰਾਹਟ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ, ਸਗੋਂ ਉਹ ਵਿਅਕਤੀ ਨੂੰ ਸੂਰਮਾ ਬਣਾਉਣਾ ਲੋਚਦੇ ਸਨ, ਜਿਹੜਾ ਜੰਗੇ-ਮੈਦਾਨ ਵਿਚ ਪੁਰਜ਼ਾ-ਪੁਰਜ਼ਾ ਹੋ ਕੇ ਕੱਟਿਆ ਜਾਂਦਾ ਹੈ, ਪਰ ਆਪਣੇ ਧਰਮ ਦੀ ਪਾਲਣਾ ਹਿੱਤ ਪਿੱਠ ਨਹੀਂ ਵਿਖਾਉਂਦਾ। ਅਜਿਹੇ ਬਹਾਦਰ ਹੀ ਰਣਭੂਮੀ ਵਿਚ ਜੂਝ ਮਰਨ ਨੂੰ ਪਹਿਲ ਦਿੰਦੇ ਹਨ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਪੰਨਾ 1105)

ਕਬੀਰ ਜੀ ਮੂਰਤੀ ਪੂਜਾ ਜਿਹੇ ਮਿਥਿਆ ਕਰਮਾਂ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਜੋ ਲੋਕ ਪੱਥਰ ਦੀਆਂ ਮੂਰਤਾਂ ਨੂੰ ਪਰਮਾਤਮਾ ਸਮਝ ਕੇ ਪੂਜਦੇ ਹਨ, ਉਨ੍ਹਾਂ ਦੀ ਸਾਰੀ ਪੂਜਾ ਫ਼ਜ਼ੂਲ ਹੈ। ਇਹ ਗੂੰਗੇ ਪੱਥਰ ਪਰਮਾਤਮਾ ਨਹੀਂ ਹੋ ਸਕਦੇ ਤੇ ਨਾ ਹੀ ਕਿਸੇ ਪੱਥਰ ਦੀ ਮੂਰਤੀ ਵਿਚ ਕੋਈ ਦੈਵੀ-ਸ਼ਕਤੀ ਹੁੰਦੀ ਹੈ। ਕਬੀਰ ਜੀ ਦਾ ਫ਼ੁਰਮਾਨ ਹੈ:

ਜੋ ਪਾਥਰ ਕਉ ਕਹਤੇ ਦੇਵ॥
ਤਾ ਕੀ ਬਿਰਥੀ ਹੋਵੈ ਸੇਵ॥
ਜੋ ਠਾਕੁਰ ਕੀ ਪਾਈਂ ਪਾਇ॥
ਤਿਸ ਕੀ ਘਾਲ ਅਜਾਈ ਜਾਇ॥ (ਪੰਨਾ 1160)

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥
ਭੂਲੀ ਮਾਲਨੀ ਹੈ ਏਉ॥
ਸਤਿਗੁਰੁ ਜਾਗਤਾ ਹੈ ਦੇਉ॥ (ਪੰਨਾ 479)

ਬਨਾਰਸ ਵਿਚ ਰਹਿਣ ਕਰਕੇ ਕਬੀਰ ਜੀ ਨੂੰ ਇਸਲਾਮ ਅਤੇ ਹਿੰਦੂ ਧਰਮ ਵਿਚਲੀ ਕੱਟੜਤਾ ਅਤੇ ਕਰਮ-ਕਾਂਡਾਂ ਬਾਰੇ ਨਿੱਜੀ ਅਤੇ ਡੂੰਘਾ ਅਨੁਭਵ ਸੀ। ਇਸੇ ਕਰਕੇ ਆਪ ਨੇ ਇਨ੍ਹਾਂ ਲੋਕਾਂ ਦੀਆਂ ਗਲਤ ਕਦਰਾਂ-ਕੀਮਤਾਂ ਦੇ ਪਾਜ ਉਧੇੜੇ। ਉਹ ਵਿਅਕਤੀ ਨੂੰ ਬਾਹਰੋਂ ਜਾਂ ਵਿਖਾਵੇ ਵਜੋਂ ਚੰਗਾ ਬਣਾਉਣ ਦੀ ਥਾਂ ਅੰਦਰੂਨੀ ਤੌਰ 'ਤੇ ਸ਼ੁਭ ਅਮਲਾਂ ਵਾਲਾ ਇਨਸਾਨ ਬਣਾਉਣਾ ਚਾਹੁੰਦੇ ਸਨ। ਇਸੇ ਲਈ ਉਹ ਪ੍ਰਭੂ ਨੂੰ ਬਾਹਰੋਂ ਢੂੰਡਣ ਦੀ ਥਾਂ ਅੰਦਰੋਂ ਖੋਜਣ ਦੀ ਪ੍ਰਵਿਰਤੀ ਉੱਤੇ ਜ਼ੋਰ ਦਿੰਦੇ ਸਨ। ਉਨ੍ਹਾਂ ਦੀ ਬਾਣੀ ਵਿਚ ਨਫ਼ਰਤ, ਈਰਖਾ, ਸ਼ੱਕ ਦੀ ਥਾਂ 'ਤੇ ਪਿਆਰ, ਸਹਿਣਸ਼ੀਲਤਾ ਅਤੇ ਸ਼ਰਧਾ ਦੇ ਦੀਦਾਰ ਹੁੰਦੇ ਹਨ। ਇਹ ਸਾਰੇ ਅਜਿਹੇ ਸਦਗੁਣ ਹਨ, ਜਿਨ੍ਹਾਂ ਨੂੰ ਸਦਾਚਾਰਕ ਅਤੇ ਨੈਤਿਕਤਾ ਦੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ।

ਕਬੀਰ ਜੀ ਦੀ ਬਾਣੀ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਕੁਝ ਹੋਰ ਮਹੱਤਵਪੂਰਨ ਸੰਕਲਪ ਹੇਠ ਲਿਖੀਆਂ ਪੰਕਤੀਆਂ ਵਿਚ ਵੇਖੇ ਜਾ ਸਕਦੇ ਹਨ:

ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸ ਕੇਰਾ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰ ਬੂਝਿਆ ਮੀਤੁ ਹਮਾਰਾ ਸੋਇ॥

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥

ਕਬੀਰ ਜੀ ਦੇ ਸਮੇਂ ਵਿਚ ਹਿੰਦੂ, ਮੁਸਲਿਮ, ਬੁੱਧ, ਜੈਨ, ਨਾਥ, ਜੋਗੀ ਆਦਿ ਆਪੋ-ਆਪਣੀ ਥਾਂ ਕਾਰਜਸ਼ੀਲ ਸਨ, ਪਰ ਇਨ੍ਹਾਂ ਦੇ ਆਗੂ ਲੋਕ-ਭਲਾਈ ਦੀ ਥਾਂ ਸੁਆਰਥ ਵਿਚ ਗਲਤਾਨ ਸਨ ਅਤੇ ਕੱਟੜਵਾਦੀ ਵਿਚਾਰਧਾਰਾ ਕਰਕੇ ਇਕ-ਦੂਜੇ ਨੂੰ ਭੰਡ ਰਹੇ ਸਨ। ਅਜਿਹੇ ਮਾਹੌਲ ਵਿਚ ਲੋਕਾਈ ਨੂੰ ਸਦਾਚਾਰਕ ਸਿੱਖਿਆ ਦੇਣੀ ਵਾਕਈ ਜੋਖਮ ਵਾਲਾ ਕਾਰਜ ਸੀ। ਭਗਤ ਕਬੀਰ ਜੀ ਨੇ ਜਨ-ਸਾਧਾਰਨ ਨਾਲ ਸਾਂਝ ਬਣਾ ਕੇ ਲੋਕ-ਕਾਵਿ ਅਤੇ ਲੋਕ-ਭਾਸ਼ਾ ਵਿਚ 'ਬ੍ਰਹਮ ਬੀਚਾਰ' ਕੀਤਾ।

ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਵਡ ਜੋਧਾ ਬਹੁ ਪਰਉਪਕਾਰੀ

ਰਮੇਸ਼ ਬੱਗਾ ਚੋਹਲਾ

ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਲੋਕਾਈ ਨੂੰ ਮਿਆਰੀ, ਪਰਉਪਕਾਰੀ ਅਤੇ ਵਿਹਾਰੀ (ਅਮਲੀ) ਜੀਵਨ ਜਿਉਣ ਦਾ ਉਪਦੇਸ਼ ਦਿੱਤਾ, ਉੱਥੇ ਸਿਰ ਤਲੀ 'ਤੇ ਧਰ ਕੇ ਪ੍ਰੇਮ (ਰੱਬੀ) ਦੀ ਖੇਡ ਖੇਡਣ ਦੀ ਵੰਗਾਰ ਵੀ ਦਿੱਤੀ ਹੈ। ਇਸ ਖੇਡ ਨੂੰ ਖੇਡਣ ਲਈ ਸੰਤ ਸੁਭਾਅ ਦੇ ਨਾਲ-ਨਾਲ ਸਿਪਾਹੀਅਤ (ਜੁਝਾਰੂ ਬਿਰਤੀ) ਨੂੰ ਵੀ ਬਰਾਬਰ ਅਹਿਮੀਅਤ ਦਿੱਤੀ ਗਈ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

ਜੇ ਜੀਵੈ ਪਤਿ ਲੱਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਇਸ ਪਤਿ ਦੀ ਸਲਾਮਤੀ ਹਿੱਤ ਅਤੇ ਸਿੱਖੀ ਨੂੰ ਅਣਖ ਦੀ ਪਾਣ ਚੜ੍ਹਾਈ (ਸ਼ਸਤਰਧਾਰੀ ਹੋ ਕੇ) ਰੱਖਣ ਲਈ ਛੇਵੇਂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗੁਰਿਆਈ ਦੇ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ ਜਿਸ ਨੂੰ ਸਿੱਖ ਇਤਿਹਾਸ ਵਿਚ ਮੀਰੀ ਅਤੇ ਪੀਰੀ ਦਾ ਨਾਮ ਦਿੱਤਾ ਗਿਆ ਹੈ। ਧਰਮ ਅਤੇ ਰਾਜਨੀਤੀ ਦੀ ਇਸ ਨਿਵੇਕਲੀ ਪਰ ਚਿਰਸਥਾਈ ਸਾਂਝ ਨਾਲ ਸਿੱਖ ਧਰਮ ਅਤਿ ਅਣਖੀਲੇ ਅਤੇ ਕ੍ਰਾਂਤੀਕਾਰੀ ਮੋੜ ਵੱਲ ਮੁੜ ਗਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ:

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥
ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥
(1-48-4)

ਪੀੜ੍ਹੀ ਭਾਵੇਂ ਸੋਢੀਆਂ ਦੀ ਹੀ ਸੀ ਅਤੇ ਹੁਕਮ ਵੀ ਪੰਚਮ ਪਾਤਸ਼ਾਹ ਦਾ ਹੀ ਵਰਤ ਰਿਹਾ ਸੀ ਪਰ ਅਭਿਆਸੀ ਰੂਪ ਵਿਚ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਲਾਗੂ ਕਰਨ ਦਾ ਮਾਣ ਛੇਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੀ ਹਿੱਸੇ ਆਉਂਦਾ ਹੈ। ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾ ਕੇ ਜਿਥੇ ਛੇਵੇਂ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੀ ਸੰਤ ਬਲ ਅਤੇ ਰਾਜ ਬਲ ਨਾਲ ਆਪਸੀ ਸਾਂਝ ਪੁਆਈ, ਉੱਥੇ ਸੰਤਾਂ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ। ਕਿਉਂਕਿ ਗੁਰੂ ਸਾਹਿਬ ਦਾ ਦ੍ਰਿੜ ਵਿਸ਼ਵਾਸ ਸੀ ਕਿ ਗੁਰੂ ਨਾਨਕ ਦੇ ਘਰ ਵਿਚ ਸੰਤਤਾਈ ਅਤੇ ਸਿਪਾਹੀਅਤ ਇਕੋ ਹੀ ਸਿੱਕੇ ਦੇ ਦੋ ਪਾਸੇ ਹੋਣਗੇ। ਭਾਵ ਇਕ ਚੰਗਾ ਸੰਤ ਇਕ ਚੰਗਾ ਸਿਪਾਹੀ ਅਤੇ ਇਕ ਚੰਗਾ ਸਿਪਾਹੀ ਇਕ ਚੰਗਾ ਸੰਤ ਸਾਬਤ ਹੋ ਸਕਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਛੇਵੀਂ ਜੋਤ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 21 ਹਾੜ ਸੰਮਤ 1652 ਮੁਤਾਬਕ 19 ਜੂਨ 1595 (ਕੁੱਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵੱਸੇ ਨਗਰ ਵਡਾਲੀ (ਗੁਰੂ ਕੀ) ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ।

ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਦਿਹਾੜੇ ਦੀਆਂ ਜਿਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆਂ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆ ਵਿਚ ਪ੍ਰਮੁੱਖ ਨਾਮ ਪ੍ਰਿਥੀ ਚੰਦ ਦਾ ਸੀ ਜੋ ਪਰਿਵਾਰਕ ਤੌਰ ਤੇ ਗੁਰੂ ਸਾਹਿਬ ਦੇ ਤਾਇਆ ਜੀ ਲੱਗਦੇ ਸਨ। ਗੁਰਗੱਦੀ 'ਤੇ ਕਬਜਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤ ਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ 'ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ ਆਪ ਲਈ ਹੀ ਘਾਤਿਕ ਸਾਬਤ ਹੋ ਗਿਆ। ਇਸ ਤੋਂ ਬਾਅਦ ਪ੍ਰਿਥੀਏ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਫ਼ਨੀਅਰ ਸੱਪ ਨੂੰ ਛੱਡ ਦਿੱਤਾ ਪਰ ਹਰਿਗੋਬਿੰਦ ਜੀ (ਗੁਰੂ ਜੀ) ਉਸ ਵਾਰ 'ਤੋਂ ਵੀ ਬਚ ਗਏ।

ਗੁਰੂ ਅਰਜਨ ਦੇਵ ਜੀ ਜੋ ਸਰਬਤ ਦੇ ਭਲੇ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ ਲਾਹੌਰ ਗਏ ਹੋਏ ਸਨ। ਉਹ ਪਰਿਵਾਰ ਸਮੇਤੇ 1597 ਈ: ਨੂੰ ਵਡਾਲੀ ਗੁਰੂ ਕੀ ਵਿਖੇ ਆ ਗਏ। ਵਡਾਲੀ ਤੋਂ ਗੁਰੂ ਜੀ ਨੂੰ ਅੰਮ੍ਰਿਤਸਰ ਆਉਣਾ ਪਿਆ। ਪ੍ਰਿਥੀ ਚੰਦ ਵੀ ਅੰਮ੍ਰਿਤਸਰ ਵਿਖੇ ਹੀ ਰਹਿੰਦਾ ਸੀ। ਉਸ ਦੀਆਂ ਪਹਿਲੀਆਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ-ਪੱਲੇ ਤਾਂ ਕੁੱਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ। ਇਸ ਵਾਰ ਉਹ ਥੋੜ੍ਹਾ ਜਿਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰੀ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ 'ਤੇ ਤੀਸਰਾ ਹਮਲਾ ਕਰ ਦਿੱਤਾ। ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ-ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਖਿਡਾਵਾ ਕੋਈ ਧੱਕੇਸ਼ਾਹੀ ਕਰਦਾ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੀ ਉੱਥੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਅਤਿ ਨੀਚ ਹਰਕਤ ਦੀ ਕੀਮਤ (ਸੂਲ ਪੈ ਜਾਣ ਕਾਰਨ) ਜਾਨੋਂ ਹੱਥ ਧੋ ਕੇ ਚੁਕਾਉਣੀ ਪਈ।

1605 ਈ: ਦੇ ਅਕਤੂਬਰ ਮਹੀਨੇ ਵਿਚ ਜਹਾਂਗੀਰ ਦੀ ਤਖਤਪੋਸ਼ੀ ਹੋਣ ਨਾਲ ਅਕਬਰ ਵਲੋ ਵੱਖ-ਵੱਖ ਧਰਮਾਂ ਪ੍ਰਤੀ ਅਪਨਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ। ਇਨ੍ਹਾਂ ਕੱਟੜ ਪੰਥੀਆਂ ਨੇ ਗੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਭਰਪੂਰ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁੱਕਵਾ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜੀ ਅਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ। ਕਿਉਂਕਿ ਬਾਬਾ ਬੁੱਢਾ ਜੀ ਨੇ ਆਪਣੀ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗਲ ਹਕੂਮਤ ਨਾਲ ਸਿੱਖਾਂ ਨੂੰ ਦੋ ਹੱਥ ਕਰਨੇ ਹੀ ਪੈਣੈ ਹਨ।

6 ਅਪ੍ਰੈਲ 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗੀ ਹੋ ਕੇ ਆਗਰੇ 'ਤੋਂ ਪੰਜਾਬ ਵੱਲ ਭੱਜ ਪਿਆ। ਤਿੰਨ ਕੁ ਹਫ਼ਤਿਆਂ (27 ਅਪ੍ਰੈਲ) ਬਾਅਦ ਉਹ ਝਨਾ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹੰਦੀ ਅਤੇ ਕੁੱਝ ਹੋਰ ਕੱਟੜ ਪੰਥੀਆਂ ਨੇ ਜਹਾਂਗੀਰ ਦੇ ਕੰਨਾ ਵਿਚ ਗੁਰੂ ਅਰਜਨ ਦੇਵ ਜੀ ਦੇ ਖਿਲਾਫ਼ ਖੁਸਰੋ ਨੂੰ ਸਹਾਇਤਾ ਅਤੇ ਸਹਿਯੋਗ ਦੇਣ ਦੀ ਫੂਕ ਮਾਰ ਦਿੱਤੀ। ਜਹਾਂਗੀਰ ਤੇ ਫੂਕ ਦਾ ਅਜਿਹਾ ਅਸਰ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ।



ਸੰਨ 1606 ਮਈ ਮਹੀਨੇ ਦੇ ਆਖਰੀ ਹਫ਼ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਮੁੱਖੀ ਸਿੱਖਾਂ ਨਾਲ ਤਤਕਾਲੀ ਰਾਜਨੀਤਕ ਹਾਲਤਾਂ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰੇ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਨ ਸਜਾ ਕੇ ਗੁਰਿਆਈ ਦੀ ਜਿੰਮੇਵਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ। ਇਸ ਮੌਕੇ ਹੀ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ ਦੀ) ਪਹਿਨਾਈਆਂ ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ।

ਸ੍ਰੀ ਗੁਰੂ ਹਰਗੋਬਿੰਦ ਜੀ ਦੀ ਵਰੇਸ ਭਾਵੇਂ ਅਜੇ 11 ਕੁ ਸਾਲ ਦੀ ਹੀ ਸੀ ਪਰ ਆਪਣੇ ਦੂਰਦਰਸ਼ਕ ਨਜ਼ਰੀਏ ਸਦਕਾ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਮੁਗਲ ਹਕੂਮਤ ਦੀ ਅਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤੱਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥੱਕ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁੱਖੀ ਕੋਸ਼ਿਸ਼ ਨੂੰ ਅਸਫ਼ਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣ ਲਿਆ। ਇਸ ਰਾਹ 'ਤੇ ਸਫ਼ਲਤਾ ਪੂਰਵਕ ਚੱਲਣ ਲਈ ਉਨ੍ਹਾਂ ਨੇ ਮਸੰਦਾਂ ਰਾਹੀ ਆਪਣੇ ਸਿੱਖਾਂ (ਵਿਸ਼ੇਸ਼ ਕਰਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਦਸਵੰਧ ਦੇ ਨਾਲ ਨਾਲ ਵਧੀਆ ਘੋੜੇ ਅਤੇ ਸ਼ਸਤਰ ਵੀ ਖ੍ਰੀਦ ਕੇ ਭੇਜਿਆ ਕਰਨ।

ਇਸ ਤਰ੍ਹਾਂ ਸਿੱਖਾਂ ਕੋਲ ਜਿਥੇ ਘੋੜਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਉਥੇ ਗੁਰੂਘਰ ਦਾ ਅਸਲਾਖਾਨਾ ਵੀ ਚੰਗਿਆਂ ਸ਼ਸਤਰਾਂ ਨਾਲ ਭਰਪੂਰ ਹੋਣ ਲੱਗ ਪਿਆ। ਘੋੜੇ ਅਤੇ ਹਥਿਆਰ ਜਮਾਂ ਕਰਨ ਦੇ ਨਾਲ-ਨਾਲ ਸਾਹਿਬ ਨੇ ਆਪਣੇ ਸਿਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ 52 ਨਿਪੁੰਨ ਅੰਗ-ਰੱਖਿਅਕਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵੱਧਣ ਲੱਗੀ। ਦੂਰੋਂ-ਨੇੜਿਓ ਕਈ ਗਭਰੂ ਅੰਮ੍ਰਿਤਸਰ ਵਿਖੇ ਆ ਕੇ ਮਹੀਨਿਆਂ ਬੱਧੀ ਪੜਾਅ ਕਰ ਲੈਂਦੇ ਅਤੇ ਮਾਰਸ਼ਲ ਆਰਟ ਦੀ ਸਿਖਲਾਈ ਪ੍ਰਾਪਤ ਕਰਕੇ ਘਰ ਪਰਤ ਜਾਂਦੇ।

ਉਸ ਵਕਤ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ ਰਾਜਿਆਂ-ਮਹਾਂਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਵੰਗਾਰਾਤਮਕ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪਸ਼ਟ ਰੂਪ ਅਖਤਿਆਰ ਕਰ ਗਈ ਜਦੋਂ 1608 ਈ: ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਹੋ ਗਈ। ਇਸ ਉਸਾਰੀ ਦਾ ਅਰਥ ਅਕਾਲ-ਪੁਰਖ ਦਾ ਸਦੀਵੀ ਸਿੰਘਾਸਨ ਕਾਇਮ ਕਰਨਾ ਸੀ। ਅਕਾਲ ਤਖਤ ਦੇ ਸਹਾਮਣੇ ਦੋ ਨਿਸ਼ਾਨ ਸਾਹਿਬ, ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਵਜੋ ਸਥਾਪਿਤ ਕੀਤੇ ਗਏ। ਇਸ ਤਖਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ। ਇਸ ਤੋਂ ਇਲਾਵਾ ਇਸ ਤਖਤ ਦੇ ਸਾਹਮਣੇ ਦੀਵਾਨ ਸਜਾ ਕੇ ਢਾਡੀਆਂ ਦੀਆਂ ਵਾਰਾਂ ਨਾਲ ਸਿੱਖ ਸੰਗਤਾਂ ਵਿਚ ਬੀਰ ਰਸ ਦਾ ਸੰਚਾਰ ਵੀ ਕੀਤਾ ਜਾਂਦਾ ਸੀ। ਇਸ ਬੀਰ-ਰਸੀ ਪ੍ਰਭਾਵ ਸਦਕਾ ਹੀ ਸਿੱਖ ਫੌਜੀਆਂ ਦਾ ਗਿਣਤੀ 500 ਤੱਕ ਪਹੁੰਚ ਗਈ। ਇਸ ਫ਼ੌਜ ਨੂੰ ਪੰਜ ਕਮਾਡਰਾਂ (ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਬਿਧੀ ਚੰਦ, ਭਾਈ ਪੈੜਾ ਅਤੇ ਭਾਈ ਮੋਖਾ ਜੀ) ਦੀ ਕਮਾਂਡ ਹੇਠ ਕਰ ਦਿੱਤਾ ਗਿਆ।

ਜਦੋਂ ਜਹਾਂਗੀਰ ਨੂੰ ਆਗਰਾ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ ਤਾਂ ਇਹ ਸਮਾਂ ਗੁਰੂ ਸਾਹਿਬ ਲਈ ਕੁੱਝ ਟਿਕਾਊਪਨ ਵਾਲਾ ਸਾਬਤ ਹੋਇਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਲਿਆ। ਦੁਆਬੇ ਦੀ ਦਿਸ਼ਾ ਵਿਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ ਸਨ। ਪੈਂਦੇ ਖਾਂ ਵੀ ਇਥੇ ਹੀ ਗੁਰੂ ਕੀ ਫ਼ੌਜ ਵਿਚ ਭਰਤੀ ਹੋਇਆ ਸੀ।

ਦੁਆਬੇ 'ਤੋਂ ਬਾਅਦ ਗੁਰੂ ਜੀ ਆਪਣੇ ਸਾਂਢੂ (ਸਾਂਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇਥੇ ਰਹਿ ਕੇ ਗੁਰੂ ਜੀ ਨੇ ਜਿਥੇ ਲੋੜਵੰਦਾਂ ਦੀ ਸਹਾਇਤਾ ਕੀਤੀ ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ ਘਰ ਪਹੁੰਚਾਇਆ। ਕਸ਼ਮੀਰ ਨੂੰ ਬੇਸ਼ੱਕ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ ਪਰ ਥੁੜ੍ਹਾਂ ਮਾਰੀ ਲੋਕਾਈ ਲਈ ਇਹ ਸਵਰਗੀ ਆਨੰਦ ਕਿਥੋਂ? ਗਿਲਟੀ ਤਾਪ ਦੀ ਤਪਸ਼ ਨਾਲ ਕਸ਼ਮੀਰ ਦਾ ਗਰੀਬ-ਗੁਰਬਾ ਕੁਰਲਾ ਰਿਹਾ ਸੀ। ਇਹ ਕੁਰਲਾਹਟ ਜਦੋਂ ਛੇਵੇਂ ਨਾਨਕ ਤੱਕ ਪਹੁੰਚੀ ਤਾਂ ਦੁਖੀਆਂ ਦਾ ਦਰਦ ਵੰਡਾਉਣ ਲਈ ਉਹ ਕਸ਼ਮੀਰ ਦੀ ਧਰਤੀ ਤੇ ਪਹੁੰਚ ਗਏ। ਦੇਸ਼-ਪ੍ਰਦੇਸ਼ ਤੋਂ ਆਈ ਦਸਵੰਧ ਦੀ ਮਾਇਆ ਵੀ ਰੋਗੀਆਂ ਦੀ ਅਰੋਗਤਾ ਹਿੱਤ ਵਰਤਣੀ ਆਰੰਭ ਕਰ ਦਿੱਤੀ। ਇਸ ਤੋਂ ਇਲਾਵਾ ਗੁਰੂ ਜੀ ਸਿਆਲਕੋਟ ਅਤੇ ਲਾਹੌਰ ਦੀਆਂ ਸੰਗਤਾਂ ਦੀਆਂ ਤਕਲੀਫ਼ਾਂ ਵੀ ਦੂਰ ਕਰਨ ਲਈ ਜਾਇਆ ਕਰਦੇ ਸਨ।

ਗੁਰੂ ਸਾਹਿਬ ਦੀ ਸੇਵਾ-ਭਾਵਨਾ ਅਤੇ ਇਨਸਾਫ਼-ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ (ਖਾਸ ਕਰਕੇ ਮੁਸਲਿਮ ਸਮਾਜ) ਦੇ ਲੋਕ ਵੀ ਗੁਰੂਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਇਹ ਕਿਲ੍ਹਾ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ 'ਤੇ ਬਣਵਾਇਆ ਗਿਆ ਸੀ। ਕਈਆ ਕੈਦੀਆਂ ਦਾ ਜੀਵਨ ਤਾਂ ਇਸ ਕਿਲ੍ਹੇ ਦੀ ਭੇਟ ਹੀ ਚੜ੍ਹ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਕਿਲ੍ਹੇ ਵਿਚ ਗਏ, ਉਨ੍ਹਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆ ਦੇ ਰਾਜੇ ਵੀ ਕੈਦ ਕਟ ਰਹੇ ਸਨ। ਇਨ੍ਹਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ। ਗੁਰੂ ਜੀ ਦੀ ਆਮਦ ਨਾਲ ਇਹ ਮਨਹੂਸ ਕਿਲ੍ਹਾ ਇਕ ਧਰਮਸ਼ਾਲਾ ਦਾ ਰੂਪ ਵਟਾ ਗਿਆ। ਸਵੇਰੇ-ਸ਼ਾਮ ਹੋਣ ਵਾਲੇ ਸਤਿਸੰਗ ਅਤੇ ਧਾਰਮਿਕ ਵਿਚਾਰਾਂ ਨੇ ਕਿਲ੍ਹੇ ਵਿਚਾਲੇ ਵਾਤਾਵਰਣ ਨੂੰ ਹੀ ਬਦਲ ਕੇ ਰੱਖ ਦਿੱਤਾ। ਇਥੋਂ ਤੱਕ ਕਿ ਕਿਲ੍ਹੇ ਦਾ ਦਰੋਗਾ ਹਰੀਦਾਸ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ।

ਇਧਰ ਜਦੋਂ ਸੰਗਤਾਂ ਨੂੰ ਆਪਣੇ ਸੱਚੇ ਪਾਤਸ਼ਾਹ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ, ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਚੌਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਸਾਹਿਬ ਦੀ ਗ੍ਰਿਫਤਾਰੀ ਦੀ ਸਭ ਤੋਂ ਵੱਧ ਖੁਸ਼ੀ ਚੰਦੂ ਨੂੰ ਹੋਈ ਕਿਉਂਕਿ ਉਸ ਨੂੰ ਪਤਾ ਸੀ ਕਿ ਜੇਕਰ ਗੁਰੂ ਜੀ ਬਾਹਰ ਆ ਗਏ ਤਾਂ ਉਸ ਨੂੰ ਆਪਣੇ ਕੀਤੇ ਹੋਏ ਪਾਪ ਦੀ ਸਜ਼ਾ ਜ਼ਰੂਰ ਮਿਲੇਗੀ। ਉਸ ਨੇ ਦਰੋਗੇ ਹਰੀਦਾਸ ਰਾਹੀ ਗੁਰੂ ਸਾਹਿਬ ਨੂੰ ਖਤਮ ਕਰਨ ਦਾ ਨਾਕਾਮ ਜਤਨ ਵੀ ਕੀਤਾ।

ਜਹਾਂਗੀਰ ਜੋਬਨ ਰੁੱਤ 'ਤੋਂ ਹੀ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਵੱਡੀ ਹੋਣ ਨਾਲ ਉਸ ਨੂੰ ਇਹ ਸ਼ੌਕ ਕੁੱਝ ਮਹਿੰਗਾ ਪੈਣ ਲੱਗ ਪਿਆ। ਲੋੜੋਂ ਵੱਧ ਸੇਵਨ ਸਦਕਾ ਉਹ ਸਖਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ-ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਸਿਆਸੀ ਕੈਦੀ ਰਾਜਿਆ ਨੂੰ ਲੱਗਾ ਤਾਂ ਉਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ 'ਸੱਚੇ ਪਾਤਸ਼ਾਹ! ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁੱਟਕਾਰਾ ਦਿਵਾ ਦਿਉਂ।' ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ ਜੇ ਇਨ੍ਹਾਂ ਨਿਰਦੋਸ਼ ਰਾਜਿਆਂ ਨੂੰ ਰਿਹਾ ਕੀਤਾ ਜਾਵੇਗਾ। ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਨ੍ਹਾਂ ਬੰਦ ਕੀਤੇ ਹੋਏ ਸਿਆਸੀ ਰਾਜਿਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ। ਜਿਨ੍ਹਾਂ ਦੀ ਗਿਣਤੀ 52 ਦੱਸੀ ਜਾਂਦੀ ਹੈ। ਇਸੇ ਕਰਕੇ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਹਰਗੋਬਿੰਦ ਜੀ ਧੰਨ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਿਤ ਕੀਤੇ ਸਾਂਝੀਵਾਲਤਾ ਦੇ ਸਿਧਾਂਤ ਦੇ ਪਹਿਰੇਦਾਰ ਵੀ ਸਨ। ਇਸ ਪਹਿਰੇਦਾਰੀ ਦੀ ਗਵਾਹੀ ਲਾਹੌਰ ਦੇ ਰਹਿਣ ਵਾਲੇ ਸ਼ਾਹੀ ਕਾਜੀ ਦੀ ਬੇਟੀ ਬੀਬੀ ਕੌਲਾ ਦੇ ਆਪ ਜੀ ਪ੍ਰਤੀ ਪ੍ਰਗਟਾਏ ਪਿਆਰ ਅਤੇ ਸਤਿਕਾਰ ਤੋਂ ਭਲੀ-ਭਾਂਤ ਮਿਲ ਜਾਂਦੀ ਹੈ। ਗੁਰੂ ਘਰ ਪ੍ਰਤੀ ਬੀਬੀ ਕੌਲਾ ਦਾ ਅਥਾਹ ਪਿਆਰ ਉਸ ਦੇ ਪਿਉਂ 'ਤੋ ਸਹਾਰਿਆ ਨਾ ਗਿਆ ਅਤੇ ਉਸ ਨੇ ਆਪਣੀ ਲਾਡਲੀ ਦੇ ਖਿਲਾਫ਼ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਇਸ ਫ਼ਤਵੇ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਹੀ ਪੰਚਮ ਪਤਾਸ਼ਾਹ ਦੇ ਪਰਮ-ਮਿੱਤਰ ਅਤੇ ਗੁਰੂ ਨਾਨਕ ਦੀ ਸੋਚ ਪ੍ਰਤੀ ਆਸਥਾ ਰੱਖਣ ਵਾਲੇ ਸਾਈਂ ਮੀਆਂ ਮੀਰ ਜੀ ਨੇ ਆਪਣੇ ਖਾਸ ਮੁਰੀਦਾਂ ਦੀ ਮਦਦ ਨਾਲ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਗੁਰੂ ਸਾਹਿਬ ਦੀ ਸ਼ਰਨ ਵਿਚ ਭੇਜ ਦਿੱਤਾ। ਬਾਬੇ ਨਾਨਕ ਦਾ ਦਰ ਸ਼ਰਨ ਆਏ ਦੀ ਹਮੇਸ਼ਾ ਲਾਜ ਰੱਖਦਾ ਆਇਆ ਹੈ ਅਤੇ ਬੀਬੀ ਦੀ ਲਾਜ ਰੱਖਣ ਲਈ ਛੇਵੇਂ ਨਾਨਕ ਨੇ ਉਸ ਦੀ ਰਿਹਾਇਸ਼ ਦਾ ਵੱਖਰਾ ਬੰਦੋਬਸਤ ਕਰ ਦਿੱਤਾ।

ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਲਾਹੌਰ ਤੋ ਕੁੱਝ ਹੱਟ ਕੇ ਬਣਾਉਣਾ ਚਾਹੁੰਦੇ ਸਨ। ਇਸ ਚਾਹਤ ਲਈ ਉਨ੍ਹਾਂ ਨੇ ਆਪਣੇ ਵੱਡੇ ਫਰਜ਼ੰਦ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ ਵਿਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ ਤੇ ਵੱਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ। ਇਹ ਨਗਰ ਸਿੱਖ ਸਮਾਜ ਲਈ ਬਹੁਤ ਹੀ ਮੁਕੱਦਸ ਅਤੇ ਸਤਿਕਾਰ ਵਾਲਾ ਹੈ।

ਗੁਰੂ ਹਰਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਜਿਵੇ ਆਪਣੀ ਫੌਜ ਰੱਖਣਾ, ਨਗਾਰਾ, ਸ਼ਿਕਾਰ ਖੇਡਣਾ ਅਤੇ ਕਲਗੀ ਲਗਾ ਕੇ ਸ੍ਰੀ ਅਕਾਲ ਤਖ਼ਤ 'ਤੇ ਬੈਠਣਾ ਆਦਿ ਮੁਗਲ ਸਰਕਾਰ ਲਈ ਸਿੱਧੀ ਵੰਗਾਰ ਸੀ।

1627 ਈ ਵਿਚ ਜਹਾਂਗੀਰ ਫੌਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ। ਕੱਟੜ ਪੰਥੀ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਉਸਨੇ ਗੈਰ-ਮੁਸਲਿਮ ਭਾਈਚਾਰੇ ਤੇ ਜ਼ਿਆਦਤੀਆਂ ਦਾ ਸਿਲਸਿਲਾ ਆਰੰਭ ਕਰ ਦਿੱਤਾ। ਇਸ ਸਿਲਸਿਲੇ ਨੂੰ ਠੱਲ ਪਾਉਣ ਲਈ ਛੇਵੇਂ ਗੁਰੂ ਨੂੰ ਸਮੇ-ਸਮੇਂ ਕਈ ਜੰਗਜੂ ਕਾਰਵਾਈਆਂ/ਲੜਾਈਆਂ ਵੀ ਕਰਨੀਆ ਪਈਆਂ। ਇਸ ਲੜੀ ਵਜੋ ਉਨ੍ਹਾਂ ਨੂੰ ਰੁਹਲੇ (ਸ੍ਰੀ ਹਰਗੋਬਿੰਦਪੁਰ ਸਾਹਿਬ) ਵਿਖੇ ਪਹਿਲੀ ਲੜਾਈ ਲੜਨੀ ਪਈ।

ਗੁਰੂ ਸਾਹਿਬ ਦੀ ਦੂਸਰੀ ਜੰਗ ਲੌਹਗੜ ਤੋਂ ਲੈ ਕੇ ਅਜੋਕੇ ਖਾਲਸਾ ਕਾਲਜ ਤੱਕ ਹੋਈ। ਇਸ ਲੜਾਈ ਵਿਚ ਗੁਰੂ ਕੀ ਫੌਜ ਨੇ ਵੈਰੀ ਨੂੰ ਕਰਾਰੀ ਹਾਰ ਦਿੱਤੀ। ਇਹ ਸਮਾਂ ਅੱਧ ਅਪ੍ਰੈਲ 1634 ਈ ਦਾ ਹੈ।

ਤੀਸਰੀ ਲੜਾਈ ਮਰਾਝ ਦੇ ਨਜਦੀਕ ਇਕ ਢਾਬ ਉੱਤੇ ਮੋਰਚੇ ਕਾਇਮ ਕਰਕੇ ਲੜੀ ਗਈ। ਜਿਸ ਦਾ ਕਾਰਣ ਭਾਈ ਬਿਧੀ ਚੰਦ ਜੀ ਦੁਆਰਾ ਉਨ੍ਹਾਂ ਦੋ ਘੋੜਿਆ ਨੂੰ ਲਾਹੌਰ ਦੇ ਕਿਲ੍ਹੇ ਵਿਚੋ ਕੱਢ ਕੇ ਗੁਰੂ ਦਰਬਾਰ ਵਿਚ ਅਪੜਾਉਣਾ ਸੀ ਜਿਨ੍ਹਾਂ ਨੂੰ ਕਾਬਲ ਤੋਂ ਆ ਰਹੇ ਸਿੱਖਾਂ ਕੋਲੋ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ। ਇਹ ਸਮਾਂ ਅੱਧ ਦੰਸਬਰ 1634 ਈ ਦਾ ਹੈ।

ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ ਜੋ ਸਿੱਖ ਇਤਿਹਾਸ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖਾਨ ਦੀ ਗੁਰੂ ਘਰ ਨਾਲ ਗਦਾਰੀ ਅਤੇ ਫੌਜਦਾਰ ਕਾਲੇ ਖਾਂ ਦੀ ਬਦਲੇ ਦੀ ਭਾਵਨਾ ਸੀ। ਸੋ ਇਨ੍ਹਾਂ ਦੁਸ਼ਟਾਂ ਨੇ ਮਿਲਵੇ ਰੂਪ ਵਿਚ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਹ ਜੰਗ ਅਪ੍ਰੈਲ ਮਹੀਨੇ ਦੇ ਆਖਰੀ ਹਫ਼ਤੇ 1635 ਈਸਵੀ ਨੂੰ ਲਗਾਤਾਰ ਤਿੰਨ ਦਿਨ ਹੁੰਦਾ ਰਿਹਾ। ਗੁਰੂ ਸਾਹਿਬ ਦੀ ਪੰਜਵੀ ਲੜਾਈ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ 29 ਅਪ੍ਰੈਲ 1635 ਈ: ਨੂੰ ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ 'ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾ ਜਵਾਬ ਦਿੱਤਾ। ਇਸ ਤਰ੍ਹਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ।

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਪੂਰੀ ਹਯਾਤੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾ ਦਿੱਤੀ। ਇਸ ਮਨੋਰਥ ਦੀ ਸਿੱਧੀ ਲਈ ਰੁਕਾਵਟ ਪੈਦਾ ਕਰਨ ਵਾਲੀ ਹਰੇਕ ਧਿਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਗਿਆ। ਜਿਥੇ ਗੁਰੂ ਸਾਹਿਬ ਨੇ ਆਪਣੀ ਕਹਿਣੀ ਅਤੇ ਕਰਣੀ ਵਿਚ ਸਮਤੋਲ ਬਣਾਈ ਰੱਖਿਆ ਉਥੇ ਆਪਣੇ ਵਿਸ਼ਵਾਸ਼ ਪਾਤਰਾਂ ਨੂੰ ਸੇਵਾ ਅਤੇ ਸਿਮਰਨ ਨਾਲ ਵੀ ਜੋੜੀ ਰੱਖਿਆ।

ਆਪਣੀ ਸੰਸਾਰਿਕ ਯਾਤਰਾ ਦੀ ਸੰਪੂਰਤਾ ਨੂੰ ਨੇੜੇ ਜਾਣ ਕੇ ਛੇਵੇ ਸਤਿਗੁਰਾਂ ਨੇ ਗੁਰਗੱਦੀ ਦੀ ਜਿੰਮੇਵਾਰੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ। ਗੁਰਗੱਦੀ ਦੀ ਸੌਂਪਣਾ ਕਰਨ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਸੰਨ 1644 ਨੂੰ ਜੋਤੀ ਜੋਤ ਸਮਾ ਗਏ।

# ਲਾਅਨ ਟੈਨਿਸ ਦੀ ਮਲਕਾ ਸਟੈਫੀ ਗ੍ਰਾਫ



## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਜਰਮਨੀ ਦੀ ਜੰਮਪਲ ਸਟੈਫੀ ਗ੍ਰਾਫ ਟੈਨਿਸ ਦੀ ਮਲਕਾ ਮੰਨੀ ਜਾਂਦੀ ਰਹੀ। ਟੈਨਿਸ ਦੇ ਅੰਬਰ ਵਿਚ ਉਹਦਾ ਨਾਂ ਧਰੂ ਤਾਰੇ ਵਾਂਗ ਲਿਸ਼ਕਦਾ ਰਹੇਗਾ। ਉਸ ਨੇ ਟੈਨਿਸ ਦੇ ਸਾਰੇ ਗਰੈਂਡ ਸਲਾਮ ਟੂਰਨਾਮੈਂਟ ਜਿੱਤੇ ਤੇ ਦੋ ਓਲੰਪਿਕ ਖੇਡਾਂ 'ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ ਤਿੰਨ ਮੈਡਲ ਹਾਸਲ ਕੀਤੇ। ਉਸ ਦੀ ਇਨਾਮੀ ਰਾਸ਼ੀ 2 ਕਰੋੜ ਡਾਲਰਾਂ ਤੋਂ ਟੱਪ ਗਈ ਸੀ ਅਤੇ ਮਾਨ ਸਨਮਾਨਾਂ ਦਾ ਕੋਈ ਅੰਤ ਨਹੀਂ ਰਿਹਾ। ਉਸ ਨੂੰ ਗੁੜ੍ਹਤੀ ਹੀ ਟੈਨਿਸ ਦੀ ਮਿਲੀ ਸੀ। ਉਸ ਦਾ ਬਾਪ ਪੀਟਰ ਗ੍ਰਾਫ ਖ਼ੁਦ ਟੈਨਿਸ ਦਾ ਤਕੜਾ ਖਿਡਾਰੀ ਸੀ ਤੇ ਉਹੀ ਆਪਣੀ ਧੀ ਦਾ ਪਹਿਲਾ ਕੋਚ ਬਣਿਆ। ਸਟੈਫੀ ਨੇ ਤਿੰਨ ਸਾਲ ਦੀ ਉਮਰੇ ਰੈਕਟ ਫੜਨਾ ਸਿੱਖ ਲਿਆ ਸੀ ਤੇ ਚੌਥੇ ਸਾਲ ਟੈਨਿਸ ਖੇਡਣ ਲੱਗ ਪਈ ਸੀ। ਫਿਰ ਉਸ ਨੇ ਏਨੀ ਮਿਹਨਤ ਕੀਤੀ, ਐਨਾ ਮੁੜ੍ਹਕਾ ਵਹਾਇਆ, ਏਨਾ ਸਿਦਕ ਤੇ ਸਿਰੜ ਪਾਲਿਆ ਕਿ 13 ਸਾਲ ਦੀ ਕਿਸ਼ੋਰ ਅਵਸਥਾ ਤੋਂ ਹੀ ਟੈਨਿਸ ਦੇ ਟੂਰਨਾਮੈਂਟ ਜਿੱਤ ਦੀ ਵੀਹਵੀਂ ਸਦੀ ਦੀ ਸਭ ਤੋਂ ਤਕੜੀ ਟੈਨਿਸ ਖਿਡਾਰਨ ਐਲਾਨੀ ਗਈ। ਉਸ ਨੂੰ ਵਿਸ਼ਵ ਪੱਧਰ ਦਾ ਹਰ ਮਾਣ-ਸਨਮਾਨ ਮਿਲਿਆ। ਉਸ ਦਾ ਖੇਡ ਕੈਰੀਅਰ ਨਵੇਂ ਖਿਡਾਰੀਆਂ ਲਈ ਰਾਹ ਦਸੇਰਾ ਤੇ ਖੇਡਾਂ ਦੀ ਦੁਨੀਆ ਲਈ ਚਾਨਣ ਮੁਨਾਰਾ ਹੈ।

ਖੇਡ ਪ੍ਰਤਿਭਾ ਨਾਲ ਰੱਬ ਨੇ ਉਸ ਨੂੰ ਰੰਗ ਰੂਪ ਵੀ ਰੱਜ ਕੇ ਦਿੱਤਾ। ਉਸ ਦਾ ਕੱਦ 5 ਫੁੱਟ 9 ਇੰਚ ਹੈ। ਨੱਕ ਤਿੱਖਾ, ਧੌਣ ਲੰਮੀ, ਅੱਖਾਂ ਬਿੱਲੀਆਂ, ਵਾਲ ਭੂਰੇ ਤੇ ਜੁੱਸਾ ਸਡੌਲ ਹੈ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੀ ਮਾਂ, ਭਰਾ, ਪਤੀ, ਪੁੱਤਰ ਤੇ ਧੀ ਨਾਲ ਅਮਰੀਕਾ ਦੇ ਸ਼ਹਿਰ ਲਾਸ ਵੇਗਸ ਵਿਚ ਪੂਰੇ ਪਰਿਵਾਰ ਨਾਲ ਸੁਖੀ ਵਸਦੀ ਹੈ। ਉਸ ਦਾ ਪਤੀ ਆਂਦਰੇ ਅਗਾਸੀ ਵੀ ਟੈਨਿਸ ਦਾ ਸਟਾਰ ਖਿਡਾਰੀ ਰਿਹਾ ਹੈ ਜਿਸ ਬਾਰੇ ਕਦੇ ਵੱਖਰਾ ਲੇਖ ਲਿਖਿਆ ਜਾਵੇਗਾ।

ਸਟੈਫੀ ਦਾ ਪੂਰਾ ਨਾਂ ਸਟੇਫਾਨੀ ਮਾਰੀਆ ਗ੍ਰਾਫ ਹੈ। ਉਸ ਦਾ ਜਨਮ 14 ਜੂਨ 1969 ਨੂੰ ਪੱਛਮੀ ਜਰਮਨੀ ਦੇ ਸ਼ਹਿਰ ਮਨਹਾਈਮ ਨੇੜੇ ਬਰੂਹਲ ਵਿਚ ਟੈਨਿਸ ਖਿਡਾਰੀ ਪੀਟਰ ਗ੍ਰਾਫ ਦੇ ਘਰ ਹੋਇਆ ਸੀ। ਉਹਦਾ ਪਿਤਾ ਖ਼ੁਦ ਖਿਡਾਰੀ ਰਿਹਾ ਸੀ ਤੇ ਫਿਰ ਸਟੈਫੀ ਦੇ ਚੰਗੇ ਭਾਗਾਂ ਨੂੰ ਟੈਨਿਸ ਦਾ ਕੋਚ ਬਣ ਗਿਆ ਸੀ। ਉਸ ਨੇ ਆਪਣੀ ਧੀ ਨੂੰ ਟੈਨਿਸ ਦੀ ਖਿਡਾਰਨ ਬਣਾਉਣ ਵਿਚ ਸਭ ਤੋਂ ਵੱਧ ਯੋਗਦਾਨ ਪਾਇਆ। ਸਟੈਫੀ ਨੂੰ ਗੇਂਦ ਤੇ ਛੋਟਾ ਰੈਕਿਟ ਪਹਿਲੇ ਖਿਡਾਉਣੇ ਦੇ ਰੂਪ ਵਿਚ ਮਿਲੇ ਸਨ ਜਿਵੇਂ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਨੂੰ ਉਸ ਦੇ ਪਿਤਾ ਵੱਲੋਂ ਛੋਟੀ ਹਾਕੀ ਜਨਮ ਦਿਨ ਦੇ ਖਿਡਾਉਣੇ ਵਜੋਂ ਮਿਲੀ ਸੀ। ਉਸ ਖਿਡਾਉਣੇ ਨੇ ਬਲਬੀਰ ਸਿੰਘ ਨੂੰ ਵਿਸ਼ਵ ਦਾ ਅੱਵਲ ਨੰਬਰ ਹਾਕੀ ਖਿਡਾਰੀ ਬਣਨ ਲਈ ਪ੍ਰੇਰਤ ਕਰ ਦਿੱਤਾ ਸੀ। ਕਮਾਲ ਦੀ ਗੱਲ ਇਹ ਕਿ ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਬਲਬੀਰ ਸਿੰਘ ਦੇ ਕੀਤੇ 5 ਗੋਲਾਂ ਦਾ ਓਲੰਪਿਕ ਰਿਕਾਰਡ ਅਜੇ ਤਕ ਕਾਇਮ ਹੈ!

ਸਟੈਫੀ ਸਿਰਫ਼ ਚਾਰ ਸਾਲ ਦੀ ਹੋਈ ਸੀ ਕਿ ਪਿਤਾ ਨਾਲ ਟੈਨਿਸ ਖੇਡਣ ਲੱਗ ਪਈ ਸੀ। 13 ਸਾਲ ਦੀ ਹੋਈ ਤਾਂ ਪੇਸ਼ਾਵਰ ਖਿਡਾਰਨ ਵਜੋਂ ਟੈਨਿਸ ਦੇ ਟੂਰਨਾਮੈਂਟਾਂ ਵਿਚ ਭਾਗ ਲੈਣ ਲੱਗ ਪਈ। ਉਸ ਨੇ ਪਹਿਲਾ ਪੇਸ਼ਾਵਰਾਨਾ ਮੈਚ 1982 ਵਿਚ ਖੇਡਿਆ। ਉਦੋਂ ਤੋਂ ਉਹਦੀਆਂ ਜਿੱਤਾਂ ਦਾ ਐਸਾ ਦੌਰ ਸ਼ੁਰੂ ਹੋਇਆ ਕਿ ਉਹ 1987 ਵਿਚ ਫਰੈਂਚ ਓਪਨ ਦਾ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤ ਗਈ। ਉਸੇ ਸਾਲ ਉਹ ਵਿਸ਼ਵ ਦੀ ਸਰਬੋਤਮ ਟੈਨਿਸ ਖਿਡਾਰਨ ਐਲਾਨੀ ਗਈ। ਫੇਰ ਤਾਂ ਐਸੀ ਚੱਲ ਸੋ ਚੱਲ ਹੋਈ ਕਿ ਆਏ ਦਿਨ ਉਸ ਨੂੰ ਜਿੱਤਾਂ 'ਤੇ ਜਿੱਤਾਂ ਨਸੀਬ ਹੋਣ ਲੱਗੀਆਂ। ਉਹ ਵਿਸ਼ਵ ਦੀ ਟੈਨਿਸ ਮਲਕਾ ਕਹੀ ਜਾਣ ਲੱਗੀ। ਜਿਧਰ ਵੀ ਜਾਂਦੀ ਹੱਥੀਂ ਛਾਵਾਂ ਹੁੰਦੀਆਂ। ਫਰੈਂਚ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਣ ਪਿੱਛੋਂ ਉਹ ਵਿਸ਼ਵ ਦੀ ਨੰਬਰ 1 ਖਿਡਾਰਨ ਬਣਨ ਦਾ ਖ਼ਿਤਾਬ ਵੀ ਹਾਸਲ ਕਰ ਗਈ।

1988 ਵਿਚ ਸਟੈਫੀ ਗ੍ਰਾਫ ਨੇ ਉਹ ਮਾਅਰਕਾ ਮਾਰਿਆ ਜੋ ਉਸ ਤੋਂ ਪਹਿਲਾਂ ਕਿਸੇ ਤੋਂ ਨਹੀਂ ਸੀ ਵੱਜਾ। ਉਸ ਨੂੰ ਕਹਿੰਦੇ ਹਨ: ਕੈਲੰਡਰ ਗ੍ਰੈਂਡ ਸਲੈਮ। ਉਸ ਵਿਚ ਵਿਸ਼ਵ ਭਰ ਦੇ ਵੱਡੇ ਟੈਨਿਸ ਟੂਰਨਾਮੈਂਟ ਆਸਟ੍ਰੇਲੀਅਨ ਓਪਨ, ਫ੍ਰੈਂਚ ਓਪਨ, ਵਿੰਬਲਡਨ ਤੇ ਯੂ ਐੱਸ ਓਪਨ ਆਦਿ ਆਉਂਦੇ ਹਨ, ਉਹ ਸਾਰੇ ਗਰੈਂਡ ਸਲੈਮ ਉਸ ਨੇ ਜਿੱਤੇ। ਨਾਲ ਲੋਹੜਾ ਇਹ ਮਾਰਿਆ ਕਿ 1988 ਦੀਆਂ ਓਲੰਪਿਕ ਖੇਡਾਂ 'ਚੋਂ ਇਕ ਗੋਲਡ ਤੇ ਇਕ ਬਰਾਂਜ਼ ਮੈਡਲ ਵੀ ਜਿੱਤੇ। ਇਹ ਇਕ ਸਾਧਾਰਨ ਪਰਿਵਾਰ ਵਿਚ ਜੰਮੀ ਪਲੀ ਲੜਕੀ ਦੀ ਪ੍ਰਾਪਤੀ ਸੀ ਨਾ ਕਿ ਸੋਨੇ ਦੇ ਚਮਚੇ ਨਾਲ ਗੁੜ੍ਹਤੀ ਲੈ ਕੇ ਜੰਮੀ ਕਿਸੇ ਅਮੀਰਜ਼ਾਦੀ ਦੀ। ਆਲੇ ਭੋਲੇ ਬਚਪਨ ਤੋਂ ਲੈ ਕੇ ਉਸ ਨੇ ਟੈਨਿਸ ਦੀ ਲੰਮੀ, ਥਕਾਉਣ ਵਾਲੀ ਪਰ ਉਤਸ਼ਾਹ ਭਰੀ ਜੰਗ ਲੜੀ ਸੀ। ਉਹ ਘਰੋਂ ਸਿੱਧੀ ਹਵਾਈ ਅੱਡਿਆਂ 'ਤੇ ਜਾਂਦੀ, ਜਹਾਜ਼ਾਂ 'ਤੇ ਚੜ੍ਹਦੀ ਉਤਰਦੀ, ਸਿੱਧੀ ਟੈਨਿਸ ਦੇ ਮੈਦਾਨਾਂ 'ਚ ਪਹੁੰਚਦੀ ਤੇ ਪ੍ਰੈਕਟਿਸ ਕਰ ਕੇ ਜਾਂ ਟੂਰਨਾਮੈਂਟ ਖੇਡ ਕੇ ਸਿੱਧੀ ਘਰ ਮੁੜਦੀ। ਕੋਈ ਬੁਆਏ ਫ੍ਰੈਂਡ ਨਹੀਂ, ਕੋਈ ਡੇਟਿੰਗ ਨਹੀਂ ਤੇ ਕੋਈ ਵਕਤ ਨਹੀਂ ਜੋ ਫ਼ਜ਼ੂਲ ਗੱਲਾਂ 'ਚ ਗੁਆਇਆ ਜਾਵੇ।

13 ਸਾਲ ਦੀ ਅੱਲ੍ਹੜ ਉਮਰ 'ਚ ਉਸ ਨੇ ਪਹਿਲਾ ਪ੍ਰੋਫੈਸ਼ਨਲ ਮੈਚ ਖੇਡਿਆ, 18 ਸਾਲ ਦੀ ਉਮਰੇ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਿਆ, ਉਸੇ ਸਾਲ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਐਲਾਨੀ ਗਈ, 19ਵੇਂ ਸਾਲ ਦੀ ਉਮਰੇ ਮਹਾਨ ਪ੍ਰਾਪਤੀ ਕੈਲੰਡਰ ਸਲੈਮ ਜਿੱਤਣ ਦੀ ਹੋਈ ਜਿਸ ਨੂੰ 'ਗੋਲਡਨ ਸਲੈਮ' ਵੀ ਕਿਹਾ ਜਾਂਦਾ ਹੈ। ਸਿਓਲ ਦੀਆਂ ਓਲੰਪਿਕ ਖੇਡਾਂ 'ਚ ਸਿੰਗਲਜ਼ ਦਾ ਗੋਲਡ ਤੇ ਡਬਲਜ਼ ਦਾ ਬਰਾਂਜ਼ ਮੈਡਲ ਜਿੱਤ ਕੇ ਉਸ ਨੇ ਪੱਛਮੀ ਜਰਮਨੀ ਦਾ ਮਾਣ ਵਧਾਇਆ। ਫਿਰ ਬਰਲਿਨ ਦੀ ਦੀਵਾਰ ਢਾਹ ਕੇ ਈਸਟ ਜਰਮਨੀ ਤੇ ਵੈਸਟ ਜਰਮਨੀ ਇਕੱਠੇ ਹੋਏ ਤਾਂ 1992 ਵਿਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ 'ਚੋਂ ਸਟੈਫੀ ਗ੍ਰਾਫ ਨੇ ਇਕ ਸਿਲਵਰ ਮੈਡਲ ਜਰਮਨੀ ਦੇ ਨਾਂ 'ਤੇ ਵੀ ਜਿੱਤਿਆ। ਜਰਮਨੀ ਦੀ ਸਿਟੀਜ਼ਨ ਤਾਂ ਉਹ ਜਮਾਂਦਰੂ ਸੀ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਅਮਰੀਕਾ ਵਿਚ ਵਸੇਬੇ ਕਾਰਨ ਉਹ ਅਮਰੀਕਾ ਦੀ ਵੀ ਸਿਟੀਜ਼ਨ ਹੈ।

ਸਟੈਫੀ ਗ੍ਰਾਫ ਦੀਆਂ ਪ੍ਰਾਪਤੀਆਂ ਵੇਖੀਏ ਤਾਂ ਔਰਤ ਦੀ ਸ਼ਕਤੀ, ਸਮਰੱਥਾ ਤੇ ਪ੍ਰਤਿਭਾ ਜਾਣ ਕੇ ਹੈਰਾਨੀ ਹੁੰਦੀ ਹੈ! ਉਸ ਨੇ ਆਪਣੇ ਖੇਡ ਕੈਰੀਅਰ ਵਿਚ 22 ਗ੍ਰੈਂਡ ਸਲੈਮ ਸਿੰਗਲ ਦੇ ਖ਼ਿਤਾਬ ਜਿੱਤੇ ਜੋ ਦੰਗ ਕਰ ਦੇਣ ਵਾਲੇ ਕਾਰਨਾਮੇ ਹਨ। ਇੰਜ ਕਰਦਿਆਂ ਉਸ ਨੇ ਟੈਨਿਸ ਦੀ ਖੇਡ ਵਿਚ ਔਰਤ ਦੀਆਂ ਜਿੱਤਾਂ ਦਾ ਨਵਾਂ ਇਤਿਹਾਸ ਰਚਿਆ। ਉਸ ਨੇ 50-100 ਹਫ਼ਤੇ ਨਹੀਂ, ਪੂਰੇ 377 ਹਫ਼ਤੇ ਵਿਸ਼ਵ ਰੈਂਕਿੰਗ ਵਿਚ ਅੱਵਲ ਨੰਬਰ ਰਹਿਣ ਦਾ ਰਿਕਾਰਡ ਰੱਖਿਆ ਜੋ ਛੇਤੀ ਕੀਤਿਆਂ ਟੁੱਟਣ ਵਾਲਾ ਨਹੀਂ। ਆਸਟ੍ਰੇਲੀਅਨ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਉਸ ਨੇ 4 ਵਾਰ, ਫਰੈਂਚ ਓਪਨ ਦਾ 6 ਵਾਰ, ਵਿੰਬਲਡਨ ਦਾ 7 ਵਾਰ ਤੇ ਯੂਐੱਸ ਓਪਨ ਦਾ 5 ਵਾਰ ਯਾਨੀ ਔਰਤਾਂ ਦੇ ਕੁਲ 22 ਗ੍ਰੈਂਡ ਸਲੈਮ ਅਵਾਰਡ ਜਿੱਤੇ ਜੋ ਮਿੱਟੀ, ਘਾਹ ਤੇ ਪੱਕੇ ਫਰਸ਼ ਵਾਲੇ ਟੈਨਿਸ ਕੋਰਟਾਂ ਉਤੇ ਖੇਡੇ ਜਾਂਦੇ ਰਹੇ। ਸਟੈਫੀ ਹਰ ਤਰ੍ਹਾਂ ਦੇ ਕੋਰਟਾਂ 'ਤੇ ਖੇਡਣ ਵਿਚ ਮਾਹਿਰ ਸੀ।

ਉਹ ਬਚਪਨ ਤੋਂ ਹੀ ਗੰਭੀਰ, ਆਪਣੀ ਖੇਡ 'ਚ ਮਗਨ, ਖਾਧ ਖ਼ੁਰਾਕ ਵੱਲ ਧਿਆਨ ਦੇਣ ਅਤੇ ਅੰਤਰਮੁਖੀ ਸੁਭਾਅ ਦੀ ਲੜਕੀ ਸੀ। ਉਹ ਫਜ਼ੂਲ ਦੀਆਂ ਮਿਲਣੀਆਂ ਤੇ ਬੇਲੋੜੀਆਂ ਬਹਿਸਾਂ 'ਚ ਸਮਾਂ ਨਹੀਂ ਸੀ ਗੁਆਉਂਦੀ। ਹਰ ਵੇਲੇ ਆਪਣੀ ਖੇਡ ਨੂੰ ਹੋਰ ਨਿਖਾਰਨ ਤੇ ਕਮੀਆਂ ਕਮਜ਼ੋਰੀਆਂ ਸੁਧਾਰਨ ਵੱਲ ਧਿਆਨ ਦਿੰਦੀ ਸੀ। ਉਸ ਦਾ ਪਹਿਲਾ ਕੋਚ ਉਹਦਾ ਬਾਪ ਪੀਟਰ ਗ੍ਰਾਫ ਸੀ ਜੋ ਧੀ ਨੂੰ 1986 ਤਕ ਕੋਚਿੰਗ ਦਿੰਦਾ ਰਿਹਾ। 1986 ਤੋਂ 1991 ਤਕ ਉਸ ਨੂੰ ਪਾਵੇਲ ਸਲੋਜ਼ਿਲ ਨੇ ਕੋਚਿੰਗ ਦਿੱਤੀ ਤੇ 1992 ਤੋਂ 1999 ਤਕ ਹੈਂਜ਼ ਗੁੰਥਾਰਟ ਉਹਦਾ ਕੋਚ ਰਿਹਾ। ਉਹ 1982 ਤੋਂ 1999 ਤਕ ਸਤਾਰਾਂ ਸਾਲ ਜਿੱਤ ਮੰਚਾਂ ਦੇ ਚੜ੍ਹਦੀ ਰਹੀ। ਇਨ੍ਹਾਂ ਸਾਲਾਂ ਦੌਰਾਨ ਆਰਾਮ ਉਸ ਨੂੰ ਉਦੋਂ ਹੀ ਮਿਲਦਾ ਜਦੋਂ ਖੇਡਦਿਆਂ ਉਹਦੇ ਕੋਈ ਸੱਟ-ਫੇਟ ਲੱਗਦੀ ਜਾਂ ਮੱਸਲ ਖਿੱਚਿਆ ਜਾਂਦਾ। 17 ਸਾਲਾਂ ਦੇ ਖੇਡ ਜੀਵਨ ਵਿਚ ਉਸ ਨੂੰ ਲੱਖਾਂ ਮੀਲ ਹਵਾਈ ਸਫ਼ਰ ਕਰਨਾ ਪਿਆ ਜਿਸ ਲਈ ਸੈਂਕੜੇ ਹਵਾਈ ਅੱਡਿਆਂ ਤੋਂ ਚੜ੍ਹਨਾ ਉਤਰਨਾ ਪਿਆ। ਖਿਡਾਰੀ, ਸੈਲਾਨੀਆਂ ਵਾਂਗ ਵਿਸ਼ਵ ਦੇ ਸੁੰਦਰ ਸ਼ਹਿਰਾਂ ਤੇ ਨਜ਼ਾਰਿਆਂ ਦੀਆਂ ਸੈਰਾਂ ਨਹੀਂ ਕਰਦੇ ਬਲਕਿ ਖੇਡ ਮੁਕਾਬਲਿਆਂ ਲਈ ਲੰਮੇ ਸਫ਼ਰਾਂ ਦੀਆਂ ਪਰੇਸ਼ਾਨੀਆਂ ਝੱਲਦੇ ਤੇ ਨਾਲ ਦੀ ਨਾਲ ਸਫ਼ਰ ਦੌਰਾਨ ਕਸਰਤਾਂ ਕਰਦੇ ਹੋਏ ਜੁੱਸੇ ਫਿੱਟ ਰੱਖਦੇ ਹਨ।

ਜਿਵੇਂ ਵੱਡੇ ਪਹਿਲਵਾਨਾਂ ਦੇ ਆਪਣੇ ਖ਼ਾਸ ਦਾਅ ਹੁੰਦੇ ਹਨ ਜਿਨ੍ਹਾਂ ਨੂੰ ਵਰਤ ਕੇ ਉਹ ਕੁਸ਼ਤੀਆਂ ਜਿੱਤਦੇ ਹਨ ਉਵੇਂ ਸਟੈਫੀ ਦਾ ਖ਼ਾਸ ਦਾਅ ਉਸ ਦਾ 'ਫੋਰਹੈਂਡ' ਸੀ। ਉਹ ਸਵੀਪਿੰਗ ਫੋਰਹੈਂਡ ਮਾਰ ਕੇ ਮੈਚ ਦਾ ਰੁਖ਼ ਪਲਟ ਦਿੰਦੀ ਸੀ। ਉਸ ਦੀ ਤੇਜ਼ ਦੌੜ, ਮੁੜਨ ਦੀ ਫੁਰਤੀ ਤੇ ਖੇਡ ਦੀ ਸਫ਼ਾਈ ਨੇ ਉਸ ਨੂੰ ਅਦੁੱਤੀ ਖਿਡਾਰਨ ਬਣਾਇਆ। ਮੈਦਾਨ ਵਿਚ ਉਸ ਦੀ ਮੌਜੂਦਗੀ ਖੇਡ ਨੂੰ ਰਚਨਾਤਮਿਕ ਬਣਾਈ ਰੱਖਦੀ ਸੀ ਤੇ ਮੈਚ ਦਾ ਮੁਹਾਣ ਕਿਸੇ ਵੀ ਸਮੇਂ ਆਪਣੇ ਹੱਕ ਵਿਚ ਮੋੜ ਸਕਦੀ ਸੀ। ਉਸ ਦੀ ਸਰਵਿਸ ਕਮਾਲ ਦੀ ਸੀ ਜਿਸ ਦੀ ਸਪੀਡ ਦੰਗ ਕਰ ਦੇਣ ਵਾਲੀ ਹੁੰਦੀ ਸੀ। 1987 ਤੋਂ 1996 ਤਕ ਦੇ 10 ਸਾਲ ਉਸ ਦੀ ਖੇਡ ਦੇ ਸੁਨਹਿਰੀ ਸਾਲ ਸਨ। ਉਦੋਂ ਸੀ ਵੀ ਉਹ ਭਰ ਜੁਆਨ। ਉਸ ਨੇ ਆਪਣੇ ਖੇਡ ਕੈਰੀਅਰ ਦੌਰਾਨ 107 ਸਿੰਗਲਜ਼ ਟਾਈਟਲ ਜਿੱਤੇ ਜੋ ਕਹਿ ਦੇਣੀ ਗੱਲ ਹੈ। ਉਸ ਦਾ ਖੇਡ ਅੰਦਾਜ਼ ਸੰਜਮੀ, ਸੋਚ-ਵਿਚਾਰ ਵਾਲਾ ਤੇ ਤਕਨੀਕੀ ਤੌਰ 'ਤੇ ਸ਼ਾਨਦਾਰ ਸੀ। ਕੋਰਟ ਦੀਆਂ ਬਾਹਰੀ ਲਕੀਰਾਂ ਤਕ ਦੀ ਇੰਚ-ਇੰਚ ਜਗ੍ਹਾ ਅੱਖਾਂ ਮੀਚ ਕੇ ਵੀ ਉਹਦੀ ਨਜ਼ਰ ਵਿਚ ਰਹਿੰਦੀ ਸੀ। ਟੈਨਿਸ ਕੋਰਟ ਦੀਆਂ ਲਕੀਰਾਂ ਜਿਵੇਂ ਧਰਤੀ ਦੀ ਥਾਂ ਉਹਦੇ ਮਨ ਮਸਤਕ ਵਿਚ ਵਾਹੀਆਂ ਹੋਣ!

ਉਹ ਧੀਰਜ ਨਾਲ ਖੇਡਦੀ ਤੇ ਵਾਧੂ ਉਤੇਜਨਾ ਵਿਚ ਨਾ ਆਉਂਦੀ ਸਗੋਂ ਉਹਦੇ ਚਿਹਰੇ 'ਤੇ ਸਦਾ ਸ਼ਾਂਤੀ ਸਮਾਈ ਲੱਗਦੀ। ਉਹਦੀ ਮਿੰਨੀ ਮੁਸਕਾਨ ਦਰਸ਼ਕਾਂ ਨੂੰ ਬੇਹੱਦ ਪਿਆਰੀ ਲੱਗਦੀ। ਉਹ ਭਾਵਨਾਵਾਂ ਦਾ ਬੇਲੋੜਾ ਵਿਖਾਵਾ ਨਹੀਂ ਸੀ ਕਰਦੀ ਤੇ ਵਿਰੋਧੀ ਖਿਡਾਰੀਆਂ 'ਤੇ ਨਿਰਾਰਥਕ ਦਬਾਅ ਨਹੀਂ ਸੀ ਪਾਉਂਦੀ। ਉਹ ਸਹਿਜ ਤੇ ਸੂਹਜ ਨਾਲ ਕੋਰਟ ਵਿਚ ਆਉਂਦੀ। ਨਾ ਜਿੱਤਣ ਵੇਲੇ ਆਫਰਦੀ, ਨਾ ਹਾਰ ਜਾਣ 'ਤੇ ਢੇਰੀ ਢਾਹੁੰਦੀ। ਬੇਲੋੜੀਆਂ ਫੜ੍ਹਾਂ ਮਾਰਨੀਆਂ ਜਾਂ ਬਿਆਨ ਦਾਗਣੇ ਉਹ ਖਿਡਾਰੀ ਦੀ ਕਮਜ਼ੋਰੀ ਸਮਝਦੀ ਸੀ। ਉਸ ਨੂੰ ਫੋਕੀਆਂ ਮੰਨਤਾਂ ਮੁਰਾਦਾਂ ਦੀ ਮੰਨਣ ਦੀ ਥਾਂ ਆਪਣੀ ਖੇਡ ਵਿਚ ਵਿਸ਼ਵਾਸ ਸੀ। ਉਸ ਦਾ ਵਧੇਰੇ ਸਖ਼ਤ ਮੁਕਾਬਲਾ ਮੋਨਿਕਾ ਸੇਲੇਸ ਨਾਲ ਹੁੰਦਾ ਸੀ ਜੋ 1990 ਤੋਂ 1993 ਤਕ ਚੱਲਿਆ। 1993 'ਚ ਮੋਨਿਕਾ ਉਤੇ ਹਮਲਾ ਹੋ ਜਾਣ ਕਰਕੇ ਉਹ ਟੈਨਿਸ ਕੋਰਟ ਤੋਂ ਲਾਂਭੇ ਹੋ ਗਈ ਸੀ। ਫਿਰ ਨਵਰਾਤੀਲੋਵਾ ਤੇ ਸਬਾਤੀਨੀ ਨਾਲ ਉਸ ਦੇ ਗਹਿ-ਗੱਡਵੇਂ ਮੈਚ ਹੁੰਦੇ ਰਹੇ।

ਇਕ ਵਕਤ ਐਸਾ ਵੀ ਆਇਆ ਜਦੋਂ ਉਹ ਆਪਣੀ ਆਮਦਨ ਦਾ ਸਹੀ ਟੈਕਸ ਦੇਣਾ ਖੁੰਝ ਗਈ ਸੀ। ਉਸ ਦਾ ਬਾਪ ਉਹਦੀ ਕਮਾਈ ਦਾ ਮੁੱਢ ਤੋਂ ਹੀ ਵਿੱਤੀ ਮੈਨੇਜਰ ਸੀ ਜਿਸ ਕਰਕੇ ਟੈਕਸ ਤਾਰਨ ਦੀ ਜ਼ਿੰਮੇਵਾਰੀ ਉਹਦੀ ਸੀ। ਉਸ ਦੇ ਕੋਚ ਰਹੇ ਬਾਪ ਉਤੇ ਸਟੈਫੀ ਦੇ ਮੁੱਢਲੇ ਦੌਰ ਦੀ ਕਮਾਈ 'ਤੇ ਟੈਕਸ ਚੋਰੀ ਦਾ ਕੇਸ ਪੈ ਗਿਆ ਜੋ ਸਟੈਫੀ ਲਈ ਬੇਹੱਦ ਪਰੇਸ਼ਾਨੀ ਵਾਲਾ ਸੀ। ਬਾਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਉਤੇ ਟੈਕਸ ਚੋਰੀ ਦਾ ਮੁਕੱਦਮਾ ਚੱਲਿਆ। ਪੀਟਰ ਗ੍ਰਾਫ ਨੂੰ 45 ਮਹੀਨਿਆਂ ਦੀ ਜੇਲ੍ਹ ਮਿਲੀ। ਵਿਸ਼ਵ ਭਰ ਦੀ ਸਨਮਾਨਿਤ ਖਿਡਾਰਨ ਸਟੈਫੀ ਗ੍ਰਾਸ ਨੇ ਅਪੀਲ ਕੀਤੀ ਕਿ ਜੇਲ੍ਹ ਦੀ ਥਾਂ ਜੁਰਮਾਨਾ ਲੈ ਲਓ। ਉਸ ਦੀ ਅਪੀਲ 'ਤੇ 25 ਮਹੀਨਿਆਂ ਦੀ ਜੇਲ੍ਹ ਭੁਗਤਨ ਬਾਅਦ 1997 'ਚ ਕੇਸ ਵਾਪਸ ਲੈ ਲਿਆ ਗਿਆ ਤੇ 13 ਲੱਖ ਡਾਲਰ ਦਾ ਜੁਰਮਾਨਾ ਉਗਰਾਹ ਕੇ ਪੀਟਰ ਗ੍ਰਾਸ ਨੂੰ ਰਿਹਾਅ ਕਰ ਦਿੱਤਾ। ਉਸੇ ਸਾਲ ਸਟੈਫੀ ਗ੍ਰਾਫ ਨੂੰ ਗੋਡਿਆਂ ਤੇ ਬੈਕ ਦੀ ਸਮੱਸਿਆ ਆਈ ਜਿਸ ਕਰਕੇ ਉਹ ਮਾਰਟੀਨਾ ਹਿੰਗੀਸ ਹੱਥੋਂ 1997 ਦਾ ਗਰੈਂਡ ਸਲੈਮ ਟਾਈਟਲ ਹਾਰ ਬੈਠੀ। ਉਸ ਨਾਲ ਉਹਦਾ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਦਾ ਰੈਂਕ ਵੀ ਖੁੱਸ ਗਿਆ।

1999 ਵਿਚ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਸਟੈਫੀ ਗ੍ਰਾਫ ਦੀ ਜ਼ਿੰਦਗੀ ਨੇ ਨਵੀਂ ਕਰਵਟ ਲਈ। ਤਦ ਤਕ ਉਹ ਤੀਹ ਸਾਲਾਂ ਦੀ ਹੋ ਗਈ ਸੀ ਤੇ ਵਿਆਹ ਵੀ ਕਰਾਉਣਾ ਸੀ। ਉਸੇ ਸਾਲ ਉਹ ਟੈਨਿਸ ਦੇ ਸਟਾਰ ਖਿਡਾਰੀ ਆਂਦਰੇ ਅਗਾਸੀ ਦੇ ਸੰਪਰਕ ਵਿਚ ਆਈ ਤੇ ਦੋ ਸਾਲ ਦੇ ਮੇਲ ਗੇਲ ਪਿੱਛੋਂ 22 ਅਕਤੂਬਰ 2001 ਨੂੰ ਦੋਹਾਂ ਨੇ ਵਿਆਹ ਕਰਾ ਲਿਆ। ਦੋਹਾਂ ਦੀਆਂ ਮਾਵਾਂ ਮੌਕੇ ਦੀਆਂ ਗਵਾਹ ਬਣੀਆਂ। ਉਹ ਵਿਆਹ ਖ਼ੁਸ਼ੀਆਂ ਭਰਿਆ ਤੇ ਟਿਕਾਊ ਰਿਹਾ। ਉਨ੍ਹਾਂ ਦੇ ਪਹਿਲਾਂ ਪੁੱਤਰ ਤੇ ਫਿਰ ਧੀ, ਦੋ ਬੱਚੇ ਪੈਦਾ ਹੋਏ ਜੋ ਘਰ ਦੇ ਰੌਸ਼ਨ ਚਿਰਾਗ ਹਨ। ਸਟੈਫੀ ਗਰਾਫ ਤੇ ਆਂਦਰੇ ਅਗਾਸੀ ਖ਼ੂਬਸੂਰਤ ਆਦਰਸ਼ਕ ਜੋੜਾ ਹੈ ਜੋ ਸਮਾਜਿਕ ਕਾਰਜਾਂ ਵਿਚ ਦਿਲਚਸਪੀ ਰੱਖਦਾ ਹੈ। ਉਨ੍ਹਾਂ ਦਾ ਧਿਆਨ ਚੈਰਿਟੀ ਦੇ ਕਾਰਜਾਂ, ਸਰੀਰਕ ਸੰਭਾਲ, ਲੜਕੀਆਂ ਦੀ ਸਿੱਖਿਆ ਤੇ ਖੇਡਾਂ ਵੱਲ ਰਹਿੰਦਾ ਹੈ ਜਿਸ ਵਿਚ ਉਹ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਨ੍ਹਾਂ ਨੇ ਆਪਣੀ ਸੰਸਥਾ 'ਚਿਲਡਰਨ ਫਾਰ ਟੁਮਾਰੋ' ਸਥਾਪਿਤ ਕੀਤੀ ਹੈ ਜੋ ਜ਼ੁਲਮਾਂ ਦੇ ਸਤਾਏ ਤੇ ਸੰਘਰਸ਼ ਵਾਲੇ ਖੇਤਰਾਂ 'ਚੋਂ ਬਚੇ ਬੱਚਿਆਂ ਦੀ ਮਦਦ ਕਰਦੀ ਹੈ।

ਸਟੈਫੀ ਗ੍ਰਾਫ ਦੀਆਂ ਖੇਡ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ 1999 ਵਿਚ ਉਸ ਦਾ ਨਾਂ ਅੰਤਰਰਾਸ਼ਟਰੀ ਟੈਨਿਸ ਹਾਲ ਆਫ਼ ਫੇਮ ਵਿਚ ਸੁਸ਼ੋਭਿਤ ਕੀਤਾ ਗਿਆ। ਉਸ ਨੇ ਟੈਨਿਸ ਦੀ ਖੇਡ ਵਿਚ ਉਸ ਬੁਲੰਦੀ ਨੂੰ ਛੋਹਿਆ ਜੋ ਉਸ ਤੋਂ ਪਹਿਲਾਂ ਨਾ ਕਿਸੇ ਮਰਦ ਤੇ ਨਾ ਕਿਸੇ ਔਰਤ ਨੇ ਛੋਹੀ ਸੀ। ਉਹ ਐਸੀ ਖਿਡਾਰਨ ਵਜੋਂ ਚੇਤੇ ਰਹੇਗੀ ਜਿਸ ਦੀ ਖੇਡ ਪ੍ਰਤਿਭਾ, ਮਾਸੂਮੀਅਤ ਤੇ ਸੁੰਦਰਤਾ ਨੇ ਖੇਡ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕੀਤਾ। ਉਹਦਾ ਜੀਵਨ ਉੱਚੀਆਂ ਤੋਂ ਉੱਚੀਆਂ ਉਡਾਣਾਂ ਭਰਨ ਦੀ ਖੇਡ ਕਥਾ ਹੈ। ਸਟੈਫੀ ਗ੍ਰਾਫ ਦੀ ਵਿਰਾਸਤ ਖੇਡ-ਖ਼ਿਤਾਬਾਂ ਵਿਚ ਨਹੀਂ ਸਗੋਂ ਉਸ ਦੀ ਖੇਡ ਲਗਨ, ਨਿਮਰਤਾ ਤੇ ਸੁਹਿਰਦਤਾ ਵਿਚ ਹੈ। ਉਸ ਦੇ ਖੇਡ ਰਿਕਾਰਡ ਨਵੇਂ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਹਨ ਜੋ ਸੁਨੇਹੇ ਦਿੰਦੇ ਹਨ, ਆਵੇ ਕੋਈ ਨਿੱਤਰੇ!

# ਕਮਾਲ ਦਾ ਕ੍ਰਿਕਟਰ ਵਿਰਾਟ ਕੋਹਲੀ

ਵਿਰਾਟ ਕੋਹਲੀ ਨਾਲ ਜਿੰਨੇ ਮਰਜ਼ੀ ਵਧੀਆ ਵਿਸ਼ੇਸ਼ਣ ਲਾ ਲਓ, ਸਾਰੇ ਜਚ ਜਾਣਗੇ। ਉਹ ਹੈ ਹੀ ਕਮਾਲ ਦਾ ਕ੍ਰਿਕਟਰ! ਕਮਾਲ ਦਾ ਬੱਲੇਬਾਜ਼, ਗੇਂਦਬਾਜ਼, ਕੈਚਬਾਜ਼ ਤੇ ਕੈਪਟਨ। ਉਹ ਏਨੇ ਕ੍ਰਿਕਟ ਮੈਚ ਖੇਡ ਚੁੱਕੈ, ਏਨੇ ਰਿਕਾਰਡ ਰੱਖ ਚੁੱਕੈ ਤੇ ਏਨੀਆਂ ਜਿੱਤਾਂ ਜਿੱਤ ਚੁੱਕੈ ਕਿ ਉਹਦੀ ਵਾਹ-ਵਾਹ ਦਾ ਕੋਈ ਅੰਤ ਨਹੀਂ। ਇਕ ਦਹਾਕੇ 'ਚ ਅੰਤਰਰਾਸ਼ਟਰੀ ਪੱਧਰ 'ਤੇ 20 ਹਜ਼ਾਰ ਤੋਂ ਵੱਧ ਦੌੜਾਂ ਬਣਾਉਣ ਵਾਲਾ ਵਿਸ਼ਵ ਦਾ ਉਹ ਪਹਿਲਾ ਖਿਡਾਰੀ ਹੈ। ਕ੍ਰਿਕਟ ਜਗਤ ਤੋਂ ਬਾਹਰਲੀ ਦੁਨੀਆ ਵਿਚ ਵੀ ਉਹ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਸ ਨੂੰ ਵਿਸ਼ਵ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਹਾਨ ਖਿਡਾਰੀਆਂ 'ਚ ਗਿਣਿਆ ਜਾ ਰਿਹੈ। ਉਸ ਦੀਆਂ ਖੇਡ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਵੱਲੋਂ ਉਸ ਨੂੰ ਅਰਜੁਨ ਅਵਾਰਡ, ਖੇਲ ਰਤਨ ਅਵਾਰਡ ਤੇ ਪਦਮ ਸ੍ਰੀ ਪੁਰਸਕਾਰ ਦਿੱਤੇ ਜਾ ਚੁੱਕੇ ਨੇ। ਸਚਿਨ ਤੇਂਦੁਲਕਰ ਵਾਂਗ ਭਾਰਤ ਰਤਨ ਮਿਲਣਾ ਹੀ ਬਾਕੀ ਹੈ। ਓਲੰਪਿਕ ਖੇਡਾਂ 'ਚ ਗੋਲਡ ਮੈਡਲਾਂ ਦੇ ਗੋਲਡਨ ਹੈਟ ਟ੍ਰਿਕ ਮਾਰਨ ਵਾਲੇ ਹਾਕੀ ਦੇ ਕਿਸੇ ਭਾਰਤੀ ਖਿਡਾਰੀ ਨੂੰ ਤਾਂ ਭਾਵੇਂ ਭਾਰਤ ਰਤਨ ਨਹੀਂ ਮਿਲਿਆ ਪਰ ਕਾਰਪੋਰੇਟਾਂ ਦੀ ਮੁਨਾਫ਼ਾ ਬਖ਼ਸ਼ ਖੇਡ ਕ੍ਰਿਕਟ ਦੇ ਖਿਡਾਰੀ ਕੋਹਲੀ ਨੂੰ ਮਿਲਣ ਦੀ ਪੂਰੀ ਸੰਭਾਵਨਾ ਹੈ।

ਕੋਹਲੀ ਵਿਰਾਟਾਂ ਦਾ ਵਿਰਾਟ ਹੈ ਤੇ ਕੋਹਲੀਆਂ ਦਾ ਕੋਹਲੀ। ਪੁਰਖਿਆਂ ਦੀ ਬੰਸਾਵਲੀ ਵੱਲੋਂ ਉਹ ਪੰਜਾਬੀ ਮੂਲ ਦਾ ਖਿਡਾਰੀ ਹੈ। ਉਹਦੀ ਉਸਤਤ ਵਿਚ ਲੱਖਾਂ ਲਫ਼ਜ਼ ਲਿਖੇ ਗਏ ਨੇ ਤੇ ਬਿਜਲਈ ਮੀਡੀਏ ਤੋਂ ਲੱਖਾਂ ਵਾਰ ਉਹਦਾ ਨਾਂ ਉਚਾਰਿਆ ਜਾ ਚੁੱਕੈ। ਉਸ ਨੇ ਟੈਸਟ ਮੈਚਾਂ ਤੋਂ ਲੈ ਕੇ 20 ਤੇ 50 ਓਵਰਾਂ ਦੇ ਇਕ ਰੋਜ਼ਾ ਮੈਚਾਂ, ਵਰਲਡ ਕੱਪਾਂ, ਚੈਂਪੀਅਨਜ਼ ਟਰਾਫੀਆਂ, ਕ੍ਰਿਕਟ ਲੀਗਾਂ, ਗੱਲ ਕੀ ਹਰ ਤਰ੍ਹਾਂ ਦੇ ਕ੍ਰਿਕਟ ਮੁਕਾਬਲਿਆਂ 'ਚ ਭਾਗ ਲਿਆ ਹੈ। ਉਹਨੇ ਐਨੀਆਂ ਟੀਮਾਂ ਦੀ ਕਪਤਾਨੀ ਕੀਤੀ ਹੈ ਕਿ ਉਸ ਨੂੰ ਕ੍ਰਿਕਟ ਦੇ ਕਪਤਾਨਾਂ ਦਾ ਕਪਤਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ।

ਉਹ ਦਿੱਲੀ ਦਾ ਜੰਮਪਲ ਹੈ। 1947 'ਚ ਦੇਸ਼ ਦੀ ਵੰਡ ਵੇਲੇ ਲੱਖਾਂ ਪੰਜਾਬੀ, ਪੱਛਮੀ ਪੰਜਾਬ 'ਚੋਂ ਉੱਜੜ ਕੇ ਪੂਰਬੀ ਪੰਜਾਬ, ਪੈਪਸੂ ਤੇ ਦਿੱਲੀ ਆਣ ਵਸੇ ਸਨ। ਉਦੋਂ ਰੋਹਤਕ, ਗੁੜਗਾਵਾਂ ਤੇ ਮਹਿੰਦਰਗੜ੍ਹ ਪੂਰਬੀ ਪੰਜਾਬ ਦੇ ਜ਼ਿਲ੍ਹੇ ਸਨ। ਪੱਛਮੀ ਪੰਜਾਬ ਦੇ ਬਸ਼ਿੰਦਿਆਂ ਨਾਲ ਦਿੱਲੀ ਨੂੰ



ਪੰਜਾਬੀਆਂ ਦਾ ਸ਼ਹਿਰ ਹੀ ਮੰਨਿਆ ਜਾਣ ਲੱਗ ਪਿਆ ਸੀ ਤੇ ਦਿੱਲੀ ਦਾ ਮਾਹੌਲ ਲਾਹੌਰ ਵਰਗਾ ਬਣ ਗਿਆ ਸੀ। ਉਦੋਂ ਦਿੱਲੀ ਦੇ ਅੱਧੋਂ ਵੱਧ ਵਾਸੀਆਂ ਦੀ ਮਾਤ ਭਾਸ਼ਾ ਪੰਜਾਬੀ ਸੀ। 1947-48 ਦੌਰਾਨ ਦਿੱਲੀ ਦਾ ਡਿਪਟੀ ਕਮਿਸ਼ਨਰ ਡਾ. ਮਹਿੰਦਰ ਸਿੰਘ ਰੰਧਾਵਾ ਸੀ ਜਿਸ ਨੇ ਪੰਜਾਬੀ ਸ਼ਰਨਾਰਥੀਆਂ ਨੂੰ ਦਿੱਲੀ ਵਸਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ ਪੋਠੋਹਾਰੀਆਂ ਵਿਚ ਹੀ ਵਿਰਾਟ ਕੋਹਲੀ ਦੇ ਵੱਡ-ਵਡੇਰੇ ਦਿੱਲੀ ਪਹੁੰਚੇ ਸਨ।

ਜਿਵੇਂ ਵਿਰਾਟ ਕੋਹਲੀ ਦਾ ਪਿਛੋਕੜ ਰਾਵਲਪਿੰਡੀ ਵੱਲ ਦਾ ਹੈ ਉਵੇਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਹਲੀ ਦਾ ਜਨਮ ਸਥਾਨ ਵੀ ਪਿੰਡ ਗਾਹ ਜ਼ਿਲ੍ਹਾ ਚਕਵਾਲ ਦਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਫਿਲਮੀ ਅਦਾਕਾਰ ਬਲਰਾਜ ਸਾਹਨੀ ਵੀ ਪੋਠੋਹਾਰ ਦੇ ਜੰਮਪਲ ਸਨ। ਉਨ੍ਹਾਂ ਸਭਨਾਂ ਦੀ ਸ਼ੋਭਾ ਦਾ ਕੋਈ ਸਿਰਾ ਨਹੀਂ। ਪੱਛਮੀ ਪੰਜਾਬ ਦੇ ਜਾਏ ਮਿਲਖਾ ਸਿੰਘ ਤੇ ਜਰਨੈਲ ਸਿੰਘ ਵਰਗੇ ਖਿਡਾਰੀ ਅਤੇ ਬਾਲੀਵੁੱਡ ਦੇ ਸਿਤਾਰੇ ਦਲੀਪ ਕੁਮਾਰ ਤੇ ਪ੍ਰਿਥਵੀ ਰਾਜ ਕਪੂਰ ਦਾ ਖ਼ਾਨਦਾਨ ਸਭ ਉਧਰੋਂ ਏਧਰ ਆਏ ਸਨ।

ਕੋਹਲੀ ਪ੍ਰਾਕ੍ਰਿਤ ਦੇ ਸ਼ਬਦ 'ਕੋਹ' ਦਾ ਵਧਵਾਂ ਰੂਪ ਹੈ। ਕੋਹ ਦਾ ਅਰਥ ਹੈ ਪਹਾੜ। ਪੋਠੋਹਾਰ ਦੇ ਨੀਮ ਪਹਾੜੀ ਇਲਾਕਿਆਂ 'ਚ ਵਸਦੇ ਲੋਕ ਕੋਹਲੀ ਅਖਵਾਏ। ਚੜ੍ਹਾਈਆਂ ਚੜ੍ਹਨਾ ਕੋਹਲੀਆਂ ਦਾ ਵਿਰਸਾ ਹੈ। ਵਿਰਾਟ ਕੋਹਲੀ ਨੇ ਕ੍ਰਿਕਟ ਦੇ ਨੀਵੇਂ ਉੱਚੇ ਸਾਰੇ ਪਹਾੜ ਸਰ ਕਰ ਲਏ ਹਨ।

2025 ਵਿਚ ਉਹਦੀ ਟੀਮ ਰੌਇਲ ਚੈਲਿੰਜਰਜ਼ ਬੰਗਲੂਰੂ ਨੇ ਇੰਡੀਅਨ ਪ੍ਰੀਮੀਅਰ ਲੀਗ ਦੀ ਜਿੱਤ ਨਾਲ ਕ੍ਰਿਕਟ ਦਾ ਪਹਾੜ ਸਰ ਕਰ ਕੇ ਉਹਦੀ ਸਾਰੀ ਦੁਨੀਆਂ 'ਚ ਧੰਨ-ਧੰਨ ਕਰਵਾ ਦਿੱਤੀ ਹੈ। ਆਮ ਲੋਕ ਇਸ ਨੂੰ ਵਿਰਾਟ ਕੋਹਲੀ ਦੀ ਸੰਪੂਰਨ ਜਿੱਤ ਤੇ ਉਹਦੀ ਖੇਡ ਦੀ ਸਫਲ ਯਾਤਰਾ ਮੰਨਦੇ ਹਨ। ਵਿਰਾਟ ਕੋਹਲੀ ਦੀ ਸਫਲਤਾ ਸਿਰਫ਼ ਦੌੜਾਂ ਬਣਾਉਣ ਤਕ ਹੀ ਸੀਮਤ ਨਹੀਂ ਬਲਕਿ ਇਕ ਜਾਂਬਾਜ਼ ਖਿਡਾਰੀ ਦੇ ਸਾਲਾਂ-ਬੱਧੀ ਜੂਝਦੇ ਰਹਿਣ ਦੀ ਦਿਲਚਸਪ ਗਾਥਾ ਹੈ। ਪੂਰਾ ਲੇਖ ਕਦੇ ਫੇਰ।

-ਪ੍ਰਿੰ. ਸਰਵਣ ਸਿੰਘ

# ਫ਼ਿਲਮ ਲੋਕ



## ਰੇਸ-4 ਤੋਂ ਬਾਹਰ ਹੋਇਆ ਹਰਸ਼ਵਰਧਨ ਰਾਣੇ

'ਰਿਸ-4' ਦਾ ਦਰਸ਼ਕ ਲੰਮੇ ਸਮੇਂ ਤੋਂ ਇੰਤਜ਼ਾਰ ਕਰ ਰਹੇ ਹਨ। ਇਸ ਦੀ ਸਟਾਰ ਕਾਸਟ ਨੂੰ ਲੈ ਕੇ ਵੱਖ-ਵੱਖ ਨਾਂਅ ਸਾਹਮਣੇ ਆ ਰਹੇ ਹਨ। ਫਿਲਮ ਵਿਚ ਐਕਟਰ ਹਰਸ਼ਵਰਧਨ ਦੇ ਨਾਲ-ਨਾਲ ਅਦਾਕਾਰਾ ਰਕੁਲ ਪ੍ਰੀਤ ਸਿੰਘ ਦੇ ਹੋਣ ਦੀਆਂ ਖ਼ਬਰਾਂ ਵੀ ਇਕ ਲੰਮੇ ਸਮੇਂ ਤੋਂ ਸੁਰਖੀਆਂ ਬਣੀਆਂ ਹੋਈਆਂ ਹਨ। ਪਰ ਫ਼ਿਲਮ ਦੇ ਪ੍ਰੋਡਿਊਸਰ ਰਮੇਸ਼ ਤੌਰਾਨੀ ਨੇ ਇਸ ਬਾਰੇ ਸਾਰੀਆਂ ਅਫ਼ਵਾਹਾਂ 'ਤੇ ਰੋਕ ਲਗਾਉਂਦੇ ਹੋਏ ਹਾਲ ਹੀ ਵਿਚ ਦੱਸਿਆ ਕਿ 'ਰੇਸ-4' ਲਈ ਉਸ ਨੇ ਦੋ ਬਾਲੀਵੁੱਡ ਸਿਤਾਰਿਆਂ ਸੈਫ਼ ਅਲੀ ਖਾਨ ਅਤੇ ਸਿਧਾਰਥ ਮਲਹੋਤਰਾ ਨਾਲ ਚਰਚਾ ਕੀਤੀ ਹੈ, ਜੋ ਹਾਲੇ ਆਪਣੀ ਪਟਕਥਾ ਦੇ ਪੜਾਅ ਵਿਚ ਹੈ। ਸਾਲ 2016 ਵਿਚ ਉਸ ਨੇ ਰੋਮਾਂਟਿਕ ਫ਼ਿਲਮ 'ਸਨਮ ਤੇਰੀ ਕਸਮ' ਜ਼ਰੀਏ ਹਿੰਦੀ ਫ਼ਿਲਮਾਂ ਵਿਚ ਪ੍ਰਵੇਸ਼ ਕੀਤਾ। ਇਸ ਫ਼ਿਲਮ ਵਿਚ ਉਸ ਨੇ ਪਾਕਿਸਤਾਨੀ ਅਦਾਕਾਰਾ ਮਾਵਰਾ ਹਾਕੇਨ ਨਾਲ ਇੰਦਰ ਲਾਲ ਪਰਿਹਾਰ ਦਾ ਕਿਰਦਾਰ ਨਿਭਾਇਆ। ਫ਼ਿਲਮ ਨੇ ਟਿਕਟ ਖਿੜਕੀ 'ਤੇ ਔਸਤ ਪ੍ਰਦਰਸ਼ਨ ਹੀ ਕੀਤਾ ਸੀ ਪਰ ਇਸ ਫ਼ਿਲਮ ਨੇ ਨਾ ਸਿਰਫ਼ ਹਰਸ਼ਵਰਧਨ ਨੂੰ ਪਛਾਣ ਦਿਵਾਈ, ਸਗੋਂ ਇਸ ਲਈ ਉਸ ਨੂੰ ਸਟਾਰਡਸਟ ਐਵਾਰਡ ਫਾਰ ਸੁਪਰ ਸਟਾਰ ਆਫ਼ ਟੁਮਾਰੋ (ਮਰਦ) ਲਈ ਨਾਮਜ਼ਦਗੀ ਵੀ ਮਿਲੀ। ਇਸ ਤੋਂ ਬਾਅਦ ਉਸ ਨੇ ਫ਼ਿਲਮ 'ਤੈਸ਼' ਅਤੇ 'ਹਸੀਨ ਦਿਲਰੁਬਾ' ਵਰਗੀਆਂ ਫ਼ਿਲਮਾਂ ਵਿਚ ਕੰਮ ਕੀਤਾ। ਪਿਛਲੀ ਵਾਰ ਉਹ ਦਿਵਿਆ ਕੁਮਾਰ ਖੋਸਲਾ ਦੀ ਫ਼ਿਲਮ 'ਸਵੀ' ਵਿਚ ਨਜ਼ਰ ਆਏ। ਹੁਣ ਉਸ ਦੇ ਪਾਈਪਲਾਈਨ ਵਿਚ 'ਸਨਮ ਤੇਰੀ ਕਸਮ-2', 'ਕੁਨ ਫਾਇਆ ਕੁਨ', 'ਮਿਰਾਂਡਾ ਬੁਆਏਜ਼' ਅਤੇ 'ਦੀਵਾਨੀਅਤ' ਵਰਗੀਆਂ ਫ਼ਿਲਮਾਂ ਹਨ। 'ਦੀਵਾਨੀਅਤ' ਵਿਚ ਉਸ ਨਾਲ ਸੋਨਮ ਬਾਜਵਾ ਨਜ਼ਰ ਆਵੇਗੀ। ਹਰਸ਼ਵਰਧਨ ਰਾਣੇ ਦਾ ਜਨਮ 16 ਦਸੰਬਰ, 1983 ਨੂੰ ਆਂਧਰਾ ਪ੍ਰਦੇਸ਼ ਵਿਚ ਹੋਇਆ ਪਰ ਉਸ ਦਾ ਪਾਲਣ-ਪੋਸ਼ਣ ਮੱਧ ਪ੍ਰਦੇਸ਼ ਦੇ ਗਵਾਲੀਅਰ ਵਿਚ ਹੋਇਆ। ਉਸ ਦੇ ਪਿਤਾ ਵਿਵੇਕ ਰਾਣੇ ਇਕ ਮਰਾਠੀ ਭਾਬੀ ਡਾਕਟਰ ਸਨ ਅਤੇ ਉਸ ਦੀ ਮਾਂ ਤੇਲਗੂ ਮੂਲ ਦੀ ਇਕ ਸੁਆਣੀ ਹੈ।ਹਰਸ਼ਵਰਧਨ ਨੇ ਦਿੱਲੀ ਦੇ ਸ਼ਹੀਦ ਭਗਤ ਸਿੰਘ ਕਾਲਜ ਤੋਂ ਗ੍ਰੈਜੂਏਸ਼ਨ ਦੀ ਪੜ੍ਹਾਈ ਪੂਰੀ ਕੀਤੀ। ਮੁੰਬਈ ਆ ਕੇ ਉਸ ਨੇ ਬੈਰੀ ਜਾਨ ਐਕਟਿੰਗ ਸਟੂਡੀਓ ਤੋਂ ਅਭਿਨੈ ਦੀ ਰਸਮੀ ਟ੍ਰੇਨਿੰਗ ਵੀ ਲਈ।

ਹਰਸ਼ਵਰਧਨ ਦੀ ਜ਼ਿੰਦਗੀ ਸੰਘਰਸ਼ਾਂ ਨਾਲ ਭਰੀ ਰਹੀ। ਇਕ ਐਕਟਰ ਦੇ ਰੂਪ ਵਿਚ ਸਥਾਪਿਤ ਹੋਣ ਤੋਂ ਪਹਿਲਾਂ ਉਸ ਨੇ ਕਈ ਛੋਟੇ-ਮੋਟੇ ਕੰਮ ਕਰਦੇ ਹੋਏ ਕਾਫ਼ੀ ਸੰਘਰਸ਼ ਕੀਤਾ ਹੈ ਪਰ ਆਖਿਰਕਾਰ ਉਹ ਬਿਨਾਂ ਕਿਸੇ ਫ਼ਿਲਮੀ ਪਿਛੋਕੜ ਜਾਂ ਗਾਡਫਾਦਰ ਦੇ ਆਪਣੀ ਮਿਹਨਤ, ਲਗਨ ਅਤੇ ਪ੍ਰਤਿਭਾ ਦੇ ਦਮ 'ਤੇ ਫ਼ਿਲਮ ਸਨਅਤ ਵਿਚ ਇਕ ਖ਼ਾਸ ਪਛਾਣ ਬਣਾਉਣ ਵਿਚ ਕਾਮਯਾਬ ਹੋ ਗਿਆ। ਟਾਈਮਜ਼ ਆਫ ਇੰਡੀਆ ਨੇ 'ਮਿਸਟ ਡਿਜ਼ਾਇਰੇਬਲ ਮੇਨ' ਸੂਚੀ ਵਿਚ ਹਰਸ਼ਵਰਧਨ ਰਾਣੇ ਨੂੰ 2016 ਤੇ ਲਗਾਤਾਰ ਪੰਜ ਵਾਰ ਸ਼ਾਮਿਲ ਕੀਤਾ।

## ਹੁਣ ਬਾਲੀਵੁੱਡ 'ਚ ਆ ਰਿਹੈ ਅੱਲੂ ਅਰਜੁਨ



8 ਅਪ੍ਰੈਲ, 1982 ਨੂੰ ਚੇਨਈ ਵਿਚ ਪੈਦਾ ਹੋਏ ਅੱਲੂ ਅਰਜੁਨ ਨੂੰ ਦੱਖਣ ਭਾਰਤ ਦੀ ਫਿਲਮ ਸਨਅਤ ਦੇ ਸਭ ਤੋਂ ਸਟਾਈਲਿਸਟ ਸੁਪਰ ਸਟਾਰ ਦਾ ਦਰਜਾ ਦਾਸਿਲ ਹੈ। ਮੂਲ ਰੂਪ ਵਿਚ ਤੇਲਗੂ ਫਿਲਮਾਂ ਦੇ ਸਟਾਰ ਹੋਣ ਦੇ ਬਾਵਜੂਦ ਉਹ ਉਥੋਂ ਦੀਆਂ ਚਾਰੇ ਭਾਸ਼ਾਵਾਂ ਦੀਆਂ 100 ਤੋਂ ਜ਼ਿਆਦਾ ਫਿਲਮਾਂ ਵਿਚ ਕੰਮ ਕਰ ਚੁੱਕੇ ਹਨ।ਇਕ ਫਿਲਮੀ ਪਿਛੋਕੜ ਦਾ ਹੋਣ ਦੀ ਵਜ੍ਹਾ ਕਰਕੇ ਅੱਲੂ ਦਾ ਰੁਝਾਨ ਹਮੇਸ਼ਾ ਹੀ ਫਿਲਮਾਂ ਵੱਲ ਸੀ। ਅੱਲੂ ਅਰਜੁਨ ਦੇ ਦਾਦਾ ਐਲੂ ਰਾਮਲਿੰਗਈਆ ਨੇ ਦੱਖਣ ਦੀਆਂ 1000 ਤੋਂ ਜਿਆਦਾ ਫਿਲਮਾਂ ਵਿਚ ਕੰਮ ਕੀਤਾ ਸੀ। ਉਹ ਤੇਲਗੂ ਫ਼ਿਲਮਾਂ ਦੇ ਬੇਹੱਦ ਪ੍ਰਸਿੱਧ ਐਕਟਰ ਸਨ। ਅੱਲੂ ਅਰਜੁਨ ਦੇ ਪਿਤਾ ਅੱਲੂ ਅਰਵਿੰਦ ਦੱਖਣ ਭਾਰਤੀ ਫ਼ਿਲਮ ਸਨਅਤ ਦੇ ਇਕ ਬੇਹੱਦ ਸਨਮਾਨਿਤ ਫ਼ਿਲਮ ਨਿਰਮਾਤਾ ਹਨ। ਅਤੇ ਉਨ੍ਹਾਂ ਨੇ ਹੁਣ ਤੱਕ ਕਈ ਹਿੱਟ ਫ਼ਿਲਮਾਂ ਬਣਾਈਆਂ ਹਨ।

ਅੱਲੂ ਅਰਜੁਨ ਦੇ ਕਰੀਅਰ ਵਿਚ ਇਕ ਵੱਡਾ ਬਦਲਾਅ ਉਦੋਂ ਆਇਆ ਜਦੋਂ 'ਪੁਸ਼ਪਾ: ਦ ਰਾਈਜ਼' ਵਿਚ ਉਸ ਦੀ ਅਦਾਕਾਰੀ ਨੇ ਉਨ੍ਹਾਂ ਨੂੰ ਇਕ ਨਵੀਂ ਉਚਾਈ 'ਤੇ ਪਹੁੰਚਾ ਦਿੱਤਾ। ਫ਼ਿਲਮ ਵਿਚ ਅੱਲੂ ਅਰਜੁਨ ਵਲੋਂ ਨਿਭਾਇਆ। ਗਿਆ ਪੁਸ਼ਪਰਾਜ ਦਾ ਕਿਰਦਾਰ ਭਾਰਤੀ ਸਿਨੇਮਾ ਵਿਚ ਸਭ ਤੋਂ ਪਸੰਦੀਦਾ ਕਿਰਦਾਰਾਂ ਵਿਚੋਂ ਇਕ ਬਣ ਗਿਆ। ਇਸ ਫ਼ਿਲਮ ਨੇ ਉਸ ਨੂੰ ਗਲੋਬਲ ਪਛਾਣ ਦਿਵਾਈ।

***69ਵੇਂ ਨੈਸ਼ਨਲ ਫ਼ਿਲਮ ਪੁਰਸਕਾਰ ਵਿਚ 'ਪੁਸ਼ਪਾ:ਦ ਰਾਈਜ਼' ਲਈ ਅੱਲੂ ਅਰਜੁਨ ਨੂੰ ਬੈਸਟ ਐਕਟਰ ਪੁਰਸਕਾਰ ਦਿੱਤਾ ਗਿਆ ਹੈ। ਇਹ ਸਨਮਾਨ ਹਾਸਿਲ ਕਰਨ ਵਾਲੇ ਅੱਲੂ ਪਹਿਲੇ ਤੇਲਗੂ ਐਕਟਰ ਹਨ। ਅੱਲੂ ਅਰਜੁਨ, ਹੁਣ ਤੱਕ 5 ਵਾਰ ਬੈਸਟ ਐਕਟਰ ਦੇ ਫ਼ਿਲਮ ਫੇਅਰ ਪੁਰਸਕਾਰ ਹਾਸਿਲ ਕਰ ਚੁੱਕਾ ਹੈ।***

69ਵੇਂ ਨੈਸ਼ਨਲ ਫ਼ਿਲਮ ਪੁਰਸਕਾਰ ਵਿਚ 'ਪੁਸ਼ਪਾ:ਦ ਰਾਈਜ਼' ਲਈ ਅੱਲੂ ਅਰਜੁਨ ਨੂੰ ਬੈਸਟ ਐਕਟਰ ਪੁਰਸਕਾਰ ਦਿੱਤਾ ਗਿਆ ਹੈ। ਇਹ ਸਨਮਾਨ ਹਾਸਿਲ ਕਰਨ ਵਾਲੇ ਅੱਲੂ ਪਹਿਲੇ ਤੇਲਗੂ ਐਕਟਰ ਹਨ। ਅੱਲੂ ਅਰਜੁਨ, ਹੁਣ ਤੱਕ 5 ਵਾਰ ਬੈਸਟ ਐਕਟਰ ਦੇ ਫ਼ਿਲਮ ਫੇਅਰ ਪੁਰਸਕਾਰ ਹਾਸਿਲ ਕਰ ਚੁੱਕਾ ਹੈ।

ਸੁਕੁਮਾਰ ਵਲੋਂ ਨਿਰਦੇਸ਼ਿਤ ਅਤੇ ਮੈਤਰੀ ਮੂਵੀ ਨਿਰਮਾਤਾ ਵਲੋਂ ਪ੍ਰੋਡਿਊਸ ਕੀਤੀ ਗਈ 350 ਕਰੋੜ ਦੇ ਬਜਟ ਵਿਚ ਬਣੀ ਅੱਲੂ ਅਰਜੁਨ ਅਤੇ ਰਸ਼ਮਿਕਾ ਮਦਾਨਾ ਦੀ ਫ਼ਿਲਮ 'ਪੁਸ਼ਪਾ 2: ਦ ਰੂਲ' 15 ਅਗਸਤ, 2024 ਨੂੰ ਰਿਲੀਜ਼ ਹੋਈ ਸੀ। ਇਸ ਵਿਚ ਦਰਸ਼ਕਾਂ ਨੂੰ ਪਹਿਲੇ ਹਿੱਸੇ ਦੇ ਮੁਕਾਬਲੇ ਕਿਤੇ ਜ਼ਿਆਦਾਦਮਦਾਰ ਐਕਸ਼ਨ ਵਾਲੀ ਇਸ ਫਿਲਮ ਦੀ ਪਹਿਲੇ ਦਿਨ ਦੀ 133 ਕਰੋੜ ਦੀ ਕਮਾਈ ਤੋਂ ਅੱਗੇ ਨਿਕਲ ਕੇ ਭਾਰਤ ਦੀ ਹੁਣ ਤੱਕ ਦੀ ਸ਼ੁਰੂਆਤੀ ਦਿਨ 'ਚ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਬਣੀ।

'ਪੁਸ਼ਪਾ 2: ਦ ਰੂਲ'' ਤੋਂ ਬਾਅਦ ਅੱਲੂ ਦੇ ਪ੍ਰਸੰਸਕਾਂ ਦਾ ਦਾਇਰਾ ਲਗਾਤਾਰ ਵਧਦਾ ਜਾ ਰਿਹਾ ਹੈ। ਬਾਲੀਵੁੱਡ ਦੇ ਜੋ ਦਰਸ਼ਕ ਦੱਖਣ ਭਾਰਤ ਦੀਆਂ ਹਨ, ਉਹ ਚਾਹੁੰਦੇ ਹਨ ਕਿ ਅੱਲੂ ਹੁਣ ਬਾਲੀਵੁੱਡ ਦੀਆਂ ਫ਼ਿਲਮਾਂ ਵਿਚ ਵੀ ਕੰਮ ਕਰੇ। ਅੱਲੂ ਉਨ੍ਹਾਂ ਦੀ ਖਵਾਹਿਸ਼ ਦਾ ਸਨਮਾਨ ਕਰਦੇ ਹੋਏ ਬਾਲੀਵੁੱਡ ਦਿਸ ਆਉਣ ਦੀ ਸੋਚ ਰਿਹਾ ਹੈ। ਉਸ ਦੀ ਇਕ ਹਾਂ ਲਈ ਵੱਡੇ ਨਿਰਮਾਤਾ ਇਤਜ਼ਾਰ ਕਰ ਰਹੇ ਅਲੂ ਅਰਜੁਨ ਦੇ ਪ੍ਰਸੰਸਕਾਂ ਲਈ ਹੁਣ ਇਕ ਚੰਗੀ ਖ਼ਬਰ ਆ ਰਹੀ ਹੈ ਕਿ ਉਹ ਛੇਤੀ ਹੀ ਸੰਦੀਪ ਰੈਡੀ ਵੰਗਾ ਅਤੇ ਭੂਸ਼ਨ ਕੁਮਾਰ ਰੀ ਹਿਲਭ ਸੇ ਨਾਲ ਬਾਲੀਵੁੱਡ ਵਿਚ ਦਾਖ਼ਲ ਹੋਣ ਜਾ ਰਿਹਾ ਹੈ।

## ਨਿਕਿਤਾ ਦੱਤਾ ਹੋਈ ਕੋਰੋਨਾ ਪੀੜਤ



ਬੁਰੀ ਖ਼ਬਰ ਕਿ 'ਜਿਊਲ ਥੀਫ਼' ਤੇ 'ਕਬੀਰ ਸਿੰਘ' ਫ਼ਿਲਮਾਂ ਵਾਲੀ ਅਭਿਨੇਤਰੀ ਨਿਕਿਤਾ ਦੱਤਾ ਨੂੰ ਹੁਣੇ ਜਿਹੇ ਪਰਤੇ ਨਾ-ਮੁਰਾਦ 'ਕੋਰੋਨਾ' ਨੇ ਆਪਣਾ ਸ਼ਿਕਾਰ ਬਣਾ ਲਿਆ ਹੈ। ਵਿਚਾਰੀ 'ਕੋਵਿਡ-19 ਨਾਲ ਕਰਾਹ ਰਹੀ ਨਿਕਿਤਾ ਨੇ ਇੰਸਟਾਗ੍ਰਾਮ 'ਤੇ ਆਪਣੇ ਚਹੇਤਿਆਂ ਨੂੰ ਆਪਣੀ ਸਿਹਤ ਦਾ ਬੁਲੇਟਿਨ ਆਪ ਹੀ ਜਾਰੀ ਕੀਤਾ ਹੈ। ਉਸ ਦੱਸਿਆ ਕਿ ਤੁਹਾਡੀ ਪਿਆਰੀ ਨਿਕਿਤਾ ਦੱਤਾ ਦੇ ਨਾਲ ਉਸ ਦੀ ਪਿਆਰੀ ਮੰਮੀ ਵੀ 'ਕੋਰੋਨਾ' ਦਾ ਸ਼ਿਕਾਰ ਹੋ ਗਈ ਹੈ।ਇਹ ਨਿਕਿਤਾ ਦੇ ਸ਼ਬਦ ਹਨ, ਜਿਸ 'ਚ ਕਿਹਾ ਗਿਆ ਕਿ ਇਹ ਬਿਨ ਸੱਦਿਆ ਪ੍ਰਾਹੁਣਾ ਆ ਗਿਆ ਹੈ ਸਾਡੇ ਘਰੇ ਪਰ ਜਲਦੀ ਹੀ ਇਸ ਨੂੰ ਬਾਏ-ਬਾਏ ਕਹਾਂਗੇ ਤੇ ਤਦ ਤੱਕ ਮੈਂ ਮੰਮੀ ਘਰੇ ਕੁਆਰਨਟਾਈਨ 'ਚ ਜਾ ਰਹੇ ਹਾਂ, ਤੁਸੀਂ ਬਚ ਕੇ ਰਹਿਣਾ, ਜਲਦੀ ਮਿਲੇਂਗੇ। ਉਸ ਦੀ ਸਹੇਲੀ ਦੀ ਸਹੇਲੀ ਸ਼ਿਲਪਾ ਸਿਰੋਢਕਰ ਵੀ ਕੋਰੋਨਾ ਦੀ ਸ਼ਿਕਾਰ ਬਣ ਚੁੱਕੀ ਹੈ ਤੇ ਨਿਕਿਤਾ ਨੇ ਤੰਦਰੁਸਤ ਹੋਣ ਤੱਕ ਸਾਰੇ ਪ੍ਰਾਜੈਕਟ ਫਿਲਹਾਲ ਟਾਲ ਦਿੱਤੇ ਹਨ। 'ਫੈਮਿਨਾ ਮਿਸ ਇੰਡੀਆ' ਰਹੀ ਦੱਤਾ ਨੇ 'ਲੇਕਰ ਹਮ ਦੀਵਾਨਾ ਦਿਲ' . ਨਾਲ ਫ਼ਿਲਮ ਨਗਰੀ 'ਚ ਪ੍ਰਵੇਸ ਕੀਤਾ ਸੀ।

ਦਿੱਲੀ ਦੇ ਪੰਜਾਬੀ ਪਰਿਵਾਰ ਦੀ ਜੰਮਪਲ ਨਿਕਿਤਾ ਦੱਤਾ ਨੇ ' ਜੀ-ਟੀ.ਵੀ. 'ਤੇ ਵੀ ਆਪਣੀ ਵਧੀਆ ਪਹਿਚਾਣ ਬਣਾਈ। ਉਹ ਨੌਜਵਾਨ ਅਭਿਨੇਤਰੀਆਂ 'ਚ ਅੱਡ ਜਿਹੀ ਦਿਸਦੀ ਹੈ ਤੇ ਪਿਆਰੀ ਲਗਦੀ ਹੈ, ਫ਼ਿਲਮੀ ਪੰਡਿਤਾਂ ਨੇ ਇਹ ਗੱਲ ਆਖੀ ਸੀ। ਪਹਿਲਾਂ ਜਦ 'ਕੋਰੋਨਾ' ਨਵਾਂ-ਨਵਾਂ ਆਇਆ ਸੀ, ਤਦ ਉਸ ਨੇ 'ਹੇਮਕੁੰਟ ਫਾਊਂਡੇਸ਼ਨ ਨਾਲ ਲੋਕਾਂ ਦੀ ਸੇਵਾ ਵੀ ਕੀਤੀ ਸੀ। 'ਮਾਲਾਬਾਰ ਗੋਲਡ' ਦੀ ਉਹ 'ਬਰਾਂਡ ਅੰਬੈਸਡਰ' ਵੀ ਹੈ। 'ਰਾਕੇਟ ਗੈਂਗ', 'ਡਾਂਗ', 'ਡਿਬੁਕ', 'ਦਾ ਬਿਗ ਬੁਲ', 'ਮਸਕਾ' ਤੇ 'ਸੋਨਾ' ਫ਼ਿਲਮਾਂ ਕਰ ਚੁੱਕੀ ਨਿਕਿਤਾ ਦੱਤਾ ਦੀ ਇਕ ਕੁ ਸਾਲ ਪਹਿਲਾਂ ਆਈ ਮਰਾਠੀ ਫ਼ਿਲਮ 'ਘਰਾਟ ਗਣਪਤੀ' ਵੀ ਚੰਗੀ ਰਹੀ ਸੀ। 'ਗਹਿਨਾ ਚੋਰ' ਉਸ ਦੀ ਨਵੀਂ ਹਿੰਦੀ ਫ਼ਿਲਮ ਹੈ। ਇਕ ਹੋਰ ਫ਼ਿਲਮ 'ਗੁਲ ਗੁਲੇ ਬਕਾਵਲੀ' ਵੀ ਉਹ ਕਰ ਰਹੀ ਹੈ। ਬਿਹਾਰ ਚੈਪਟਰ ਟੀ.ਵੀ. 'ਤੇ ਆਇਆ ਤਾਂ ਉਸ ਦਾ ਕਿਰਦਾਰ ਤਨੂ ਲੋਡਾ ਸਭ ਨੂੰ ਪਿਆਰਾ ਲੱਗਿਆ।

ਇਸ ਸਾਲ 'ਇਕ ਰਾਸ਼ਟਰ ਕਾ ਜਾਗਰਣ ਨਾਲ ਉਹ ਟੀ.ਵੀ.. 'ਤੇ ਆਈ ਹੈ। ਅਪਾਰਸ਼ਕਤੀ ਖੁਰਾਨਾ ਦੇ ਵੀਡੀਓ ਗੀਤ 'ਨੀਂਦਰਾਂ ਨਹੀਂ ਆਉਂਦੀਆਂ' ਦੀ ਮੁੱਖ ਮਾਡਲ ਰਹੀ ਨਿਕਿਤਾ ਦੱਤਾ ਨੇ ਕਿਹਾ ਕਿ ਜਜ਼ਬਾਤ ਹਨ ਕਿ ਉਹ ਕਿਸੇ ਪਾਕਿਸਤਾਨੀ ਕਲਾਕਾਰ ਦਾ ਨਾਂਅ ਸੁਣਨਾ ਪਸੰਦ ਨਹੀਂ ਕਰ ਸਕਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਉਹ ਦੇਖਣਾ ਚਾਹੁੰਦੀ ਹੈ। ਹੋਸ਼ਿਆਰ ਨਿਕਿਤਾ ਦੱਤਾ ਨੇ ਕਿਹਾ ਕਿ ਝੂਠ ਹਰ ਥਾਂ 'ਤੇ ਹੈ, ਤੁਸੀਂ ਟੀ.ਵੀ. ਪੱਤਰਕਾਰ ਝੂਠੀਆਂ ਖ਼ਬਰਾਂ ਦਿੰਦੇ ਹੈ, ਇਹੀ ਹਾਲ ਬਾਲੀਵੁੱਡ ਦਾ ਹੈ। ਗ਼ਲਤੀਆਂ ਹਰ ਥਾਂ ਹੁੰਦੀਆਂ ਹਨ ਪਰ ਇਸ ਦਾ ਮਤਲਬ ਨਹੀਂ ਕਿ ਗ਼ਲਤੀ ਤੇ ਗ਼ਲਤੀ ਤੁਸੀਂ ਕਰਦੇ ਰਹੋ, ਉਸ ਨੇ ਕਿਹਾ ਕਿ ਆਖਿਰ 'ਚ ਫਿਰ ਕਿਹਾ ਕਿ 'ਕੋਰੋਨਾ' ਤੋਂ ਬਚਣਾ ਆਪਣੇ ਹੱਥ ਹੈ, ਸਾਵਧਾਨੀਆਂ ਵਰਤਦੇ ਰਹਿਣਾ, ਕੁਆਰਨਟਾਈਨ ਭਾਵ ਅਲਹਿਦਾ ਰਹਿਣ ਦਾ ਸਮਾਂ ਖਤਮ ਹੋਣ 'ਤੇ ਫਿਰ ਟੈਸਟ ਕਰਵਾ ਕੇ ਮਿਲਾਂਗੀ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 776 Vereda ct San Jose CA 95123
2. 8455 Peachtree Ave Newark CA 94560
3. 2125 Neptune Rd Livermore CA 94550
4. 2169 Charger Dr San Jose CA 95131
5. 9550 Appaloosa Pl Elk Grove CA 95624
6. 9810 Bobcat Ct Gilroy CA 95020
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 106 Coralflower Ln, San Ramon, CA 94582

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20